ਸ਼ੁੱਕਰਵਾਰ, 26 ਅਪ੍ਰੈਲ, 2024
14 ਵਿਸਾਖ { ਨਾਨਕਸ਼ਾਹੀ 556 / ਬਿਕਰਮੀ 2081 }
ਜਿਲਦ/VOL. : 72
ਅੰਕ/NO. : 326

# ਨਵਾਂ ਜ਼ਮਾਨਾ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

DAILY NAWAN ZAMANA • FRIDAY, 26 APRIL, 2024 ਜਲੰਧਰ nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12


## ਅਮਰੀਕਾ ਵੱਲੋਂ ਯੂਕਰੇਨ ਨੂੰ ਹੋਰ ਹਥਿਆਰ

**ਵਾਸ਼ਿੰਗਟਨ :** ਰੂਸ ਅਤੇ ਯੂਕਰੇਨ ਵਿਚਾਲੇ ਲੰਮੇ ਸਮੇਂ ਤੋਂ ਚੱਲ ਰਹੇ ਯੁੱਧ ਦੇ ਬਾਵਜੂਦ ਅਮਰੀਕਾ ਨੇ ਵੀਰਵਾਰ ਯੂਕਰੇਨ ਨੂੰ ਹਥਿਆਰ ਅਤੇ ਗੋਲਾ-ਬਾਰੂਦ ਭੇਜਣਾ ਸ਼ੁਰੂ ਕਰ ਦਿੱਤਾ ਅਤੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਚੀਨ, ਈਰਾਨ ਅਤੇ ਉੱਤਰੀ ਕੋਰੀਆ 'ਤੇ ਰੂਸ ਦੀ ਮਦਦ ਕਰਨ ਦਾ ਦੋਸ਼ ਲਗਾਇਆ। ਬਾਇਡਨ ਨੇ ਯੂਕਰੇਨ ਅਤੇ ਇਜ਼ਰਾਈਲ ਨੂੰ ਸਹਾਇਤਾ ਪ੍ਰਦਾਨ ਕਰਨ ਅਤੇ ਤਾਇਵਾਨ ਸਮੇਤ ਭਾਰਤ ਤੇ ਪ੍ਰਸ਼ਾਂਤ ਖੇਤਰ 'ਚ ਅਮਰੀਕਾ ਅਤੇ ਉਸ ਦੇ ਸਹਿਯੋਗੀਆਂ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ 95.3 ਅਰਬ ਅਮਰੀਕੀ ਡਾਲਰ ਦੇ ਸਹਾਇਤਾ ਪੈਕੇਜ ਨਾਲ ਸੰਬੰਧਤ ਬਿੱਲ 'ਤੇ ਦਸਤਖਤ ਕੀਤੇ ਹਨ।

## ਰੂਸ ਵੱਲੋਂ ਮਤਾ ਵੀਟੋ

**ਸੰਯੁਕਤ ਰਾਸ਼ਟਰ :** ਰੂਸ ਨੇ ਸੰਯੁਕਤ ਰਾਸ਼ਟਰ ਅਤੇ ਜਾਪਾਨ ਵੱਲੋਂ ਪੁਲਾੜ 'ਚ ਖਤਰਨਾਕ ਪ੍ਰਮਾਣੂ ਹਥਿਆਰਾਂ ਨੂੰ ਤਾਇਨਾਤ ਕਰਨ 'ਤੇ ਸਾਰੇ ਦੇਸ਼ਾਂ 'ਤੇ ਪਾਬੰਦੀ ਲਾਉਣ ਦੇ ਮਤੇ ਨੂੰ ਵੀਟੋ ਕਰ ਦਿੱਤਾ। 15 ਮੈਂਬਰੀ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ 'ਚ 13 ਦੇਸ਼ਾਂ ਨੇ ਮਤੇ ਦੇ ਹੱਕ 'ਚ ਵੋਟਿੰਗ ਕੀਤੀ, ਜਦਕਿ ਰੂਸ ਨੇ ਇਸ ਦਾ ਵਿਰੋਧ ਕੀਤਾ ਅਤੇ ਚੀਨ ਗੈਰ-ਹਾਜ਼ਰ ਰਿਹਾ। ਰੂਸ ਨੇ ਇਸ ਮਤੇ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਦਿਆਂ ਮਤਾ ਰੱਦ ਕੀਤਾ ਤੇ ਕਿਹਾ ਕਿ ਇਹ ਮਤਾ ਪੁਲਾੜ 'ਚ ਹਰ ਤਰ੍ਹਾਂ ਦੇ ਹਥਿਆਰਾਂ 'ਤੇ ਪਾਬੰਦੀ ਲਗਾਉਣ ਦੇ ਸਮਰਥ ਨਹੀਂ ਹੈ।

## ਸਾਂਸਦ ਪਤੀ ਖਿਲਾਫ ਬਗਾਵਤ



**ਇਟਾਵਾ :** ਯੂ ਪੀ ਦੇ ਇਟਾਵਾ ਲੋਕ ਸਭਾ ਹਲਕੇ 'ਚ ਮ੍ਰਿਦੁਲਾ ਕਠੇਰੀਆ ਨੇ ਆਪਣੇ ਪਤੀ ਅਤੇ ਭਾਜਪਾ ਦੇ ਉਮੀਦਵਾਰ ਮੌਜੂਦਾ ਸੰਸਦ ਮੈਂਬਰ ਰਾਮ ਸ਼ੰਕਰ ਖਿਲਾਫ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਦਾ ਫੈਸਲਾ ਕੀਤਾ ਹੈ। 2019 ਦੀਆਂ ਲੋਕ ਸਭਾ ਚੋਣਾਂ 'ਚ ਵੀ ਮ੍ਰਿਦੁਲਾ ਨੇ ਪਰਚਾ ਦਾਖਲ ਕੀਤਾ ਸੀ, ਪਰ ਬਾਅਦ 'ਚ ਵਾਪਸ ਲੈ ਲਿਆ ਸੀ। ਹਲਕੇ 'ਚ 13 ਮਈ ਨੂੰ ਚੋਣਾਂ ਹੋਣੀਆਂ ਹਨ।

## ਤਮੰਨਾ ਭਾਟੀਆ ਨੂੰ ਸੰਮਨ



**ਮੁੰਬਈ :** ਮਹਾਰਾਸ਼ਟਰ ਪੁਲਸ ਦੇ ਸਾਈਬਰ ਸੈੱਲ ਨੇ ਅਭਿਨੇਤਰੀ ਤਮੰਨਾ ਭਾਟੀਆ ਨੂੰ ਮਹਾਂਦੇਵ ਆਨਲਾਈਨ ਗੇਮਿੰਗ ਅਤੇ ਸੱਟੇਬਾਜ਼ੀ ਐਪਲੀਕੇਸ਼ਨ ਦੀ ਸਹਾਇਕ ਐਪ 'ਤੇ ਆਈ ਪੀ ਐੱਲ ਮੈਚ ਦੇਖਣ ਦੇ ਕਥਿਤ ਪ੍ਰਚਾਰ ਦੇ ਮਾਮਲੇ 'ਚ 29 ਅਪ੍ਰੈਲ ਨੂੰ ਪੇਸ਼ ਹੋਣ ਦਾ ਸੰਮਨ ਜਾਰੀ ਕੀਤਾ ਹੈ।

## ਫੌਜੀ ਜਹਾਜ਼ ਤਬਾਹ



**ਜੈਸਲਮੇਰ :** ਭਾਰਤੀ ਹਵਾਈ ਫੌਜ ਦਾ ਰਿਮੋਟਲੀ ਪਾਇਲੇਟਿਡ ਏਅਰਕ੍ਰਾਫਟ ਵੀਰਵਾਰ ਜੈਸਲਮੇਰ ਜ਼ਿਲ੍ਹੇ ਦੇ ਪਿਥਲਾ ਪਿੰਡ ਕੋਲ ਹਾਦਸੇ ਦਾ ਸ਼ਿਕਾਰ ਹੋ ਕੇ ਖੇਤ ਵਿਚ ਡਿੱਗ ਗਿਆ। ਹਵਾਈ ਫੌਜ ਮੁਤਾਬਕ ਇਸ ਹਾਦਸੇ 'ਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ।

## ਰਾਜੂ ਸ਼ੂਟਰ ਸਣੇ 4 ਕਾਬੂ

**ਤਰਨ ਤਾਰਨ :** ਕੁਝ ਦਿਨ ਪਹਿਲਾਂ ਇੱਥੋਂ ਦੇ ਸਿਵਲ ਹਸਪਤਾਲ 'ਚੋਂ ਫਰਾਰ ਹੋਏ ਗੈਂਗਸਟਰ ਚਰਨਜੀਤ ਸਿੰਘ ਉਰਫ ਰਾਜੂ ਸ਼ੂਟਰ ਵਾਸੀ ਸੰਘਾ ਅਤੇ ਉਸ ਨੂੰ ਫਰਾਰ ਕਰਵਾ ਕੇ ਲੈ ਜਾਣ ਵਾਲੇ ਪੰਜ ਮੈਂਬਰੀ ਗਰੋਹ ਦੇ ਤਿੰਨ ਮੈਂਬਰਾਂ ਨੂੰ ਐਂਟੀ ਗੈਂਗਸਟਰ ਟਾਸਕ ਫੋਰਸ ਨੇ ਵੀਰਵਾਰ ਕਾਬੂ ਕਰ ਲਿਆ ਹੈ। ਫੋਰਸ ਦੇ ਅਧਿਕਾਰੀ ਨੇ ਦੱਸਿਆ ਕਿ ਰਾਜੂ ਸ਼ੂਟਰ ਤੋਂ ਇਲਾਵਾ ਤਰਨ ਤਾਰਨ ਦੇ ਮੁਹੱਲਾ ਜਸਵੰਤ ਸਿੰਘ ਦੇ ਅੰਮ੍ਰਿਤਪਾਲ ਸਿੰਘ, ਪਿੱਦੀ ਪਿੰਡ ਦੇ ਜਸ਼ਨਪ੍ਰੀਤ ਸਿੰਘ ਅਤੇ ਬਚੜੇ ਪਿੰਡ ਦੇ ਗੁਲਾਬ ਸਿੰਘ ਨੂੰ ਫੜਿਆ ਗਿਆ ਹੈ। ਪਿੰਡ ਅਲਾਦੀਨਪੁਰ ਦੇ ਜੋਧਬੀਰ ਸਿੰਘ ਅਤੇ ਜੋਧਪੁਰ ਪਿੰਡ ਦੇ ਜਸ਼ਨਪ੍ਰੀਤ ਸਿੰਘ ਦੀ ਗ੍ਰਿਫਤਾਰੀ ਬਾਕੀ ਹੈ।

## ਈ ਡੀ ਦੀ ਨਜ਼ਰ 'ਚ ਮੁੱਖ ਸਾਜ਼ਿਸ਼ਘਾੜਾ



**ਨਵੀਂ ਦਿੱਲੀ :** ਈ ਡੀ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਆਬਕਾਰੀ ਨੀਤੀ ਘਪਲੇ ਦੇ ਮੁੱਖ ਸਾਜ਼ਿਸ਼ਘਾੜੇ ਹਨ। ਈ ਡੀ ਨੇ 734 ਸਫਿਆਂ ਦੇ ਹਲਫਨਾਮੇ 'ਚ ਦਾਅਵਾ ਕੀਤਾ ਕਿ ਕੇਜਰੀਵਾਲ ਨੇ ਆਪਣੇ ਮੰਤਰੀਆਂ ਅਤੇ ਆਮ ਆਦਮੀ ਪਾਰਟੀ ਦੇ ਨੇਤਾਵਾਂ ਨਾਲ ਮਿਲ ਕੇ ਇਹ ਘਪਲਾ ਕੀਤਾ ਅਤੇ ਆਬਕਾਰੀ ਨੀਤੀ 'ਚ ਦਿੱਤੇ ਲਾਭ ਦੇ ਬਦਲੇ ਸ਼ਰਾਬ ਕਾਰੋਬਾਰੀਆਂ ਤੋਂ ਰਿਸ਼ਵਤ ਮੰਗਣ 'ਚ ਵੀ ਸ਼ਾਮਲ ਸੀ।

## ਸੁਰਜੀਤ ਸਿੰਘ ਮਿਨਹਾਸ ਦਾ ਦੇਹਾਂਤ



**ਜਲੰਧਰ :** ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਤੇ ਸੀਨੀਅਰ ਅਕਾਲੀ ਆਗੂ ਸੁਰਜੀਤ ਸਿੰਘ ਮਿਨਹਾਸ ਦਾ ਦੇਹਾਂਤ ਹੋ ਗਿਆ। ਉਹ ਸ਼੍ਰੋਮਣੀ ਅਕਾਲੀ ਦਲ ਵੱਲੋਂ ਆਦਮਪੁਰ ਤੋਂ ਜਿੱਤ ਕੇ 2 ਜੂਨ 1986 ਤੋਂ 15 ਮਾਰਚ 1992 ਤੱਕ ਸਪੀਕਰ ਰਹੇ ਸਨ।

# ਭਾਸ਼ਣ ਮੋਦੀ ਤੇ ਰਾਹੁਲ ਨੇ ਕੀਤੇ ਪਰ ਨੋਟਿਸ ਨੱਢਾ ਤੇ ਖੜਗੇ ਨੂੰ



**ਨਵੀਂ ਦਿੱਲੀ :** ਚੋਣ ਕਮਿਸ਼ਨ ਨੇ ਸਟਾਰ ਪ੍ਰਚਾਰਕਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਰਾਹੁਲ ਗਾਂਧੀ ਵੱਲੋਂ ਚੋਣ ਜ਼ਾਬਤੇ ਦੀ ਉਲੰਘਣਾ ਦੀਆਂ ਸ਼ਿਕਾਇਤਾਂ 'ਤੇ ਅਸਾਧਾਰਨ ਢੰਗ ਨਾਲ ਵੀਰਵਾਰ ਭਾਜਪਾ ਪ੍ਰਧਾਨ ਜੇ ਪੀ ਨੱਢਾ ਤੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੂੰ ਨੋਟਿਸ ਜਾਰੀ ਕਰਕੇ 29 ਅਪ੍ਰੈਲ ਦੇ ਸਵੇਰੇ 11 ਵਜੇ ਤੱਕ ਜਵਾਬ ਮੰਗਿਆ ਹੈ। ਸ਼ਿਕਾਇਤਾਂ ਵਿਚ ਕਿਹਾ ਗਿਆ ਸੀ ਕਿ ਇਹ ਆਗੂ ਧਰਮ, ਜਾਤ, ਭਾਈਚਾਰੇ ਤੇ ਭਾਸ਼ਾ ਦੇ ਆਧਾਰ 'ਤੇ ਲੋਕਾਂ ਨੂੰ ਵੰਡਣ ਤੇ ਨਫਰਤ ਫੈਲਾਉਣ ਦਾ ਕੰਮ ਕਰ ਰਹੇ ਹਨ। ਹੁਣ ਤੱਕ ਰਵਾਇਤ ਇਹ ਰਹੀ ਹੈ ਕਿ ਨੋਟਿਸ ਸੰਬੰਧਤ ਆਗੂ ਜਾਂ ਉਮੀਦਵਾਰ ਨੂੰ ਜਾਰੀ ਹੁੰਦੇ ਆਏ ਹਨ। ਪਿਛਲੇ ਦਿਨੀਂ ਕਮਿਸ਼ਨ ਨੇ ਭਾਜਪਾ ਦੇ ਦਿਲੀਪ ਘੋਸ਼, ਕਾਂਗਰਸ ਦੇ ਰਣਦੀਪ ਸਿੰਘ ਸੂਰਜੇਵਾਲਾ, ਸੁਪ੍ਰਿਆ ਸ਼੍ਰੀਨੇਤ ਤੇ ਆਪ ਦੀ ਆਤਿਸ਼ੀ ਨੂੰ ਨੋਟਿਸ ਜਾਰੀ ਕੀਤੇ ਸਨ।

ਮੋਦੀ ਨੇ 21 ਅਪ੍ਰੈਲ ਨੂੰ ਰਾਜਸਥਾਨ ਦੇ ਬਾਂਸਵਾੜਾ ਦੀ ਰੈਲੀ ਵਿਚ ਕਿਹਾ ਸੀ ਕਿ ਜੇ ਕਾਂਗਰਸ ਸੱਤਾ ਵਿਚ ਆਈ ਤਾਂ ਸੰਪਤੀ ਨੂੰ ਜ਼ਿਆਦਾ ਬੱਚੇ ਪੈਦਾ ਕਰਨ ਵਾਲਿਆਂ 'ਚ ਵੰਡ ਦੇਵੇਗੀ। ਇਸ ਖਿਲਾਫ ਕਾਂਗਰਸ ਤੇ ਮਾਰਕਸੀ ਪਾਰਟੀ ਨੇ ਚੋਣ ਕਮਿਸ਼ਨ ਕੋਲ ਸ਼ਿਕਾਇਤ ਕੀਤੀ ਸੀ।

ਰਾਹੁਲ ਗਾਂਧੀ ਨੇ 18 ਅਪ੍ਰੈਲ ਨੂੰ ਕੇਰਲਾ ਦੀ ਚੋਣ ਵਿਚ ਗਰੀਬੀ ਵਧਣ ਦੀ ਗੱਲ ਕਹੀ ਸੀ। ਉਨ੍ਹਾ ਕਿਹਾ ਸੀ ਕਿ 22 ਲੋਕ ਭਾਰਤ ਦੇ 70 ਕਰੋੜ ਲੋਕਾਂ ਨਾਲੋਂ ਵੱਧ ਅਮੀਰ ਹਨ। ਜੇ ਉਨ੍ਹਾ ਦੀ ਸਰਕਾਰ ਬਣੀ ਤਾਂ ਗਰੀਬੀ ਇਕ ਝਟਕੇ ਵਿਚ ਖਤਮ ਹੋ ਜਾਵੇਗੀ। ਭਾਜਪਾ ਨੇ ਸ਼ਿਕਾਇਤ ਕੀਤੀ ਸੀ ਕਿ ਮੋਦੀ ਰਾਜ ਵਿਚ ਕਰੀਬ 25 ਕਰੋੜ ਲੋਕ ਗਰੀਬੀ ਦੀ ਰੇਖਾ ਤੋਂ ਉੱਪਰ ਉੱਠੇ ਹਨ, ਰਾਹੁਲ ਝੂਠਾ ਦਾਅਵਾ ਕਰ ਰਹੇ ਹਨ। ਚੋਣ ਕਮਿਸ਼ਨ ਨੇ ਸਟਾਰ ਪ੍ਰਚਾਰਕਾਂ ਦੀ ਫੌਜ ਉਤਾਰਨ ਲਈ ਪਹਿਲੀ ਨਜ਼ਰ ਵਿਚ ਪਾਰਟੀ ਪ੍ਰਧਾਨਾਂ ਨੂੰ ਹੀ ਜ਼ਿੰਮੇਵਾਰ ਮੰਨਿਆ ਹੈ। ਕਮਿਸ਼ਨ ਨੇ ਕਿਹਾ ਹੈ— ਆਪਣੇ ਉਮੀਦਵਾਰਾਂ ਦੇ ਕੰਮ ਲਈ ਸਿਆਸੀ ਪਾਰਟੀਆਂ ਨੂੰ ਹੀ ਪਹਿਲੀ ਜ਼ਿੰਮੇਵਾਰੀ ਚੁੱਕਣੀ ਚਾਹੀਦੀ, ਖਾਸ ਤੌਰ 'ਤੇ ਸਟਾਰ ਪ੍ਰਚਾਰਕਾਂ ਦੇ ਮਾਮਲੇ ਵਿਚ। ਉੱਚੇ ਅਹੁਦਿਆਂ 'ਤੇ ਬੈਠੇ ਲੋਕਾਂ ਦੇ ਭਾਸ਼ਣਾਂ ਦਾ ਅਸਰ ਵਧੇਰੇ ਗੰਭੀਰ ਹੁੰਦਾ ਹੈ। ਚੋਣ ਕਮਿਸ਼ਨ ਨੇ 5 ਅਪ੍ਰੈਲ ਨੂੰ ਆਪ ਆਗੂ ਤੇ ਦਿੱਲੀ ਦੀ ਮੰਤਰੀ ਆਤਿਸ਼ੀ ਸਿੰਘ ਨੂੰ ਵੀ ਨੋਟਿਸ ਜਾਰੀ ਕੀਤਾ ਸੀ, ਜਿਸ ਨੇ ਕਿਹਾ ਸੀ ਕਿ ਉਸ ਨੂੰ ਭਾਜਪਾ ਵਿਚ ਸ਼ਾਮਲ ਹੋਣ ਲਈ ਪੇਸ਼ਕਸ਼ ਕੀਤੀ ਗਈ ਸੀ ਤੇ ਅਜਿਹਾ ਨਾ ਕਰਨ 'ਤੇ ਜੇਲ੍ਹ ਜਾਣ ਦੀ ਧਮਕੀ ਦਿੱਤੀ ਗਈ ਸੀ।

## ਸ਼ਾਨਦਾਰ ਸਵਾਗਤ



**ਚੇਨਈ :** ਟੋਰਾਂਟੋ 'ਚ ਕੈਂਡੀਡੇਟਸ ਸ਼ਤਰੰਜ ਟੂਰਨਾਮੈਂਟ ਜਿੱਤ ਕੇ ਇਤਿਹਾਸ ਰਚਣ ਵਾਲੇ 17 ਸਾਲਾ ਗ੍ਰੈਂਡਮਾਸਟਰ ਡੀ ਗੁਕੇਸ਼ ਦਾ ਇੱਥੇ ਪੁੱਜਣ 'ਤੇ ਸ਼ਾਨਦਾਰ ਸਵਾਗਤ ਕੀਤਾ ਗਿਆ। ਗੁਕੇਸ਼ ਦੇ ਸਕੂਲ ਵੇਲਾਮਲ ਵਿਦਿਆਲਿਆ ਦੇ ਸੈਂਕੜੇ ਵਿਦਿਆਰਥੀ ਉਸ ਦੀ ਫਲਾਈਟ ਦੇ ਆਉਣ ਤੋਂ ਘੰਟਾ ਪਹਿਲਾਂ ਏਅਰਪੋਰਟ 'ਤੇ ਕਤਾਰ 'ਚ ਖੜ੍ਹੇ ਸਨ। ਉਨ੍ਹਾਂ ਤੋਂ ਇਲਾਵਾ ਵੱਡੀ ਗਿਣਤੀ 'ਚ ਪ੍ਰਸੰਸਕ ਵੀ ਮੌਜੂਦ ਸਨ। ਗੁਕੇਸ਼ ਵੀਰਵਾਰ ਤੜਕੇ 3 ਵਜੇ ਏਅਰਪੋਰਟ ਤੋਂ ਬਾਹਰ ਆਇਆ ਤਾਂ ਭੀੜ ਨੇ ਉਸ ਨੂੰ ਘੇਰ ਲਿਆ। ਉਸ ਨੂੰ ਹਾਰ ਪਾਏ ਗਏ।


## ਪੰਜਾਬ 'ਚ ਮੀਂਹ ਤੇ ਗੜੇਮਾਰੀ ਦੀ ਭਵਿੱਖਬਾਣੀ

**ਨਵੀਂ ਦਿੱਲੀ :** ਦੇਸ਼ ਦੇ ਕਈ ਹਿੱਸਿਆਂ 'ਚ ਚੱਲ ਰਹੀ ਭਿਆਨਕ ਗਰਮੀ ਵਿਚਕਾਰ ਮੌਸਮ ਵਿਭਾਗ ਨੇ ਰਾਹਤ ਦੀ ਖਬਰ ਦਿੱਤੀ ਹੈ। ਉਸ ਨੇ ਕਿਹਾ ਕਿ 26 ਤੋਂ 28 ਅਪ੍ਰੈਲ ਤੱਕ ਉੱਤਰ-ਪੱਛਮੀ ਭਾਰਤ 'ਚ ਬਿਜਲੀ ਅਤੇ ਗਰਜ ਨਾਲ ਮੀਂਹ ਪੈਣ ਦੀ ਸੰਭਾਵਨਾ ਹੈ। 27 ਅਤੇ 28 ਅਪ੍ਰੈਲ ਨੂੰ ਉੱਤਰ-ਪੂਰਬੀ ਭਾਰਤ 'ਚ ਤੇਜ਼ ਹਵਾਵਾਂ ਨਾਲ ਭਾਰੀ ਮੀਂਹ ਪੈ ਸਕਦਾ ਹੈ। ਮੌਸਮ ਵਿਭਾਗ ਨੇ ਕਿਹਾ ਕਿ 26 ਅਤੇ 27 ਅਪ੍ਰੈਲ ਨੂੰ ਜੰਮੂ-ਕਸ਼ਮੀਰ, ਲੱਦਾਖ, ਪੰਜਾਬ ਅਤੇ ਹਰਿਆਣਾ 'ਚ ਕਈ ਥਾਵਾਂ 'ਤੇ ਗੜੇਮਾਰੀ, ਹਨੇਰੀ ਅਤੇ ਬਿਜਲੀ ਡਿੱਗਣ ਦੀ ਸੰਭਾਵਨਾ ਹੈ। ਇਸ ਦੇ ਨਾਲ ਹੀ 27 ਅਪ੍ਰੈਲ ਨੂੰ ਹਿਮਾਚਲ 'ਚ ਕਈ ਥਾਵਾਂ 'ਤੇ ਤੇਜ਼ ਹਨੇਰੀ ਨਾਲ ਮੀਂਹ ਪੈ ਸਕਦਾ ਹੈ।

## ਮੋਦੀ ਨੂੰ ਪਤਾ ਲੱਗ ਗਿਐ ਕਿ ਚੋਣਾਂ ਹੱਥੋਂ ਨਿਕਲ ਗਈਆਂ : ਰਾਹੁਲ

**ਨਵੀਂ ਦਿੱਲੀ :** ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਵੀਰਵਾਰ ਦਾਅਵਾ ਕੀਤਾ ਕਿ ਉਨ੍ਹਾ ਦੀ ਪਾਰਟੀ ਦੀ ਗਾਰੰਟੀ ਅਤੇ 'ਮੋਦੀ ਦੀ ਗਾਰੰਟੀ' ਵਿੱਚ ਸਪੱਸ਼ਟ ਅੰਤਰ ਹੈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਾਣਦੇ ਹਨ ਕਿ ਲੋਕ ਸਭਾ ਚੋਣਾਂ ਉਨ੍ਹਾਂ ਦੇ ਹੱਥੋਂ ਨਿਕਲ ਚੁੱਕੀਆਂ ਹਨ। ਰਾਹੁਲ ਗਾਂਧੀ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਪੋਸਟ ਪਾ ਕੇ ਕਿਹਾ—ਮੋਦੀ ਦੀ ਗਾਰੰਟੀ ਦਾ ਮਤਲਬ ਅਡਾਨੀਆਂ ਦੀ ਸਰਕਾਰ ਹੈ, ਦੇਸ਼ ਦੀ ਦੌਲਤ ਅਰਬਪਤੀਆਂ ਦੀ ਜੇਬ 'ਚ ਹੈ, ਲੁੱਟ-ਖੋਹ ਕਰਨ ਵਾਲਾ ਗਰੋਹ, ਚੰਦੇ ਦਾ ਧੰਦਾ ਕਰਨ ਵਾਲਾ ਵਸੂਲੀ ਗੈਂਗ, ਸੰਵਿਧਾਨ ਅਤੇ ਲੋਕਤੰਤਰ ਖਤਮ ਹੋ ਗਿਆ ਹੈ, ਕਿਸਾਨ ਪੈਸੇ-ਪੈਸੇ ਨੂੰ ਤਰਸ ਰਿਹੈ। ਰਾਹੁਲ ਨੇ ਕਿਹਾ ਕਿ ਦੋਵਾਂ ਗਾਰੰਟੀਆਂ 'ਚ ਫਰਕ ਸਪੱਸ਼ਟ ਹੈ। ਕਾਂਗਰਸ ਨੇਤਾ ਨੇ ਕਿਹਾ ਕਿ ਕਾਂਗਰਸ ਭਾਰਤ 'ਚ ਕਰੋੜਾਂ ਲੋਕਾਂ ਨੂੰ ਲਖਪਤੀ ਬਣਾਏਗੀ ਅਤੇ ਮੋਦੀ ਜੀ ਜਾਣਦੇ ਹਨ ਕਿ ਚੋਣਾਂ ਉਨ੍ਹਾ ਦੇ ਹੱਥੋਂ ਨਿਕਲ ਚੁੱਕੀਆਂ ਹਨ।

# ਦੂਜੇ ਗੇੜ ਦੀ ਪੋਲਿੰਗ ਅੱਜ



**ਨਵੀਂ ਦਿੱਲੀ :** ਲੋਕ ਸਭਾ ਚੋਣਾਂ ਦੇ ਦੂਜੇ ਗੇੜ 'ਚ ਸ਼ੁੱਕਰਵਾਰ ਨੂੰ 13 ਸੂਬਿਆਂ ਦੀਆਂ 89 ਸੀਟਾਂ 'ਤੇ ਵੋਟਿੰਗ ਹੋਵੇਗੀ। ਇਨ੍ਹਾਂ ਵਿਚ ਕੇਰਲਾ ਦੀ ਵਾਇਨਾਡ ਸੀਟ ਵੀ ਸ਼ਾਮਲ ਹੈ, ਜਿੱਥੋਂ ਰਾਹੁਲ ਗਾਂਧੀ ਲਗਾਤਾਰ ਦੂਜੀ ਵਾਰ ਚੋਣ ਲੜ ਰਹੇ ਹਨ। ਕੇਰਲਾ ਦੀਆਂ ਸਾਰੀਆਂ 20 ਸੀਟਾਂ ਤੋਂ ਇਲਾਵਾ ਕਰਨਾਟਕ ਦੀਆਂ 28 ਸੀਟਾਂ 'ਚੋਂ 14, ਰਾਜਸਥਾਨ 'ਚ 13, ਮਹਾਰਾਸ਼ਟਰ ਅਤੇ ਯੂ ਪੀ ਦੀਆਂ 8-8 ਸੀਟਾਂ, ਮੱਧ ਪ੍ਰਦੇਸ਼ ਦੀਆਂ 7, ਅਸਾਮ ਅਤੇ ਬਿਹਾਰ ਦੀਆਂ 5-5, ਛੱਤੀਸਗੜ੍ਹ ਅਤੇ ਪੱਛਮੀ ਬੰਗਾਲ ਦੀਆਂ 3-3, ਮਨੀਪੁਰ, ਤ੍ਰਿਪੁਰਾ ਅਤੇ ਜੰਮੂ-ਕਸ਼ਮੀਰ ਦੀ ਇੱਕ-ਇੱਕ ਸੀਟ 'ਤੇ ਪੋਲਿੰਗ ਹੋਵੇਗੀ।

## ਦਿੱਲੀ ਦੇ ਮੇਅਰ ਦੀ ਚੋਣ ਮੁਲਤਵੀ

**ਨਵੀਂ ਦਿੱਲੀ :** ਦਿੱਲੀ ਨਗਰ ਨਿਗਮ ਦੇ ਮੇਅਰ ਤੇ ਡਿਪਟੀ ਮੇਅਰ ਦੀ ਚੋਣ ਸ਼ੁੱਕਰਵਾਰ ਹੋਣ ਵਾਲੀ ਚੋਣ ਮੁਲਤਵੀ ਹੋ ਗਈ ਹੈ। ਲੈਫਟੀਨੈਂਟ ਗਵਰਨਰ ਵੀ ਕੇ ਸਕਸੈਨਾ ਨੇ ਨਗਰ ਨਿਗਮ ਦੇ ਕਮਿਸ਼ਨਰ ਨੂੰ ਲਿਖਿਆ ਕਿ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਜੇਲ੍ਹ ਵਿਚ ਹੋਣ ਕਾਰਨ ਉਹ ਪ੍ਰਸ਼ਾਸਕ ਹੋਣ ਦੇ ਨਾਤੇ ਪ੍ਰੀਜ਼ਾਈਡਿੰਗ ਅਫਸਰ ਨਿਯੁਕਤ ਕਰਨ ਦੀ ਪੁਜ਼ੀਸ਼ਨ ਵਿਚ ਨਹੀਂ ਹਨ। ਨਵੀਂ ਚੋਣ ਤਕ ਵਰਤਮਾਨ ਮੇਅਰ ਤੇ ਡਿਪਟੀ ਮੇਅਰ ਹੀ ਕੰਮ ਕਰਨਗੇ। ਇਸ ਤਰ੍ਹਾਂ ਕੇਜਰੀਵਾਲ ਦੇ ਜੇਲ੍ਹ ਵਿਚ ਰਹਿਣ ਤਕ ਚੋਣ ਨਹੀਂ ਹੋ ਸਕੇਗੀ।

ਆਪ ਦੇ ਨਗਰ ਨਿਗਮ ਮਾਮਲਿਆਂ ਦੇ ਇੰਚਾਰਜ ਦੁਰਗੇਸ਼ ਪਾਠਕ ਨੇ ਦੋਸ਼ ਲਾਇਆ ਹੈ ਕਿ ਚੋਣ ਕਮਿਸ਼ਨ ਵੱਲੋਂ ਚੋਣ ਕਰਾਉਣ ਦੀ ਮਨਜ਼ੂਰੀ ਦੇ ਬਾਵਜੂਦ ਭਾਜਪਾ ਨੇ ਚੋਣ ਮੁਲਤਵੀ ਕਰਵਾ ਦਿੱਤੀ ਹੈ। ਉਨ੍ਹਾ ਕਿਹਾ ਕਿ ਅਜਿਹੀਆਂ ਕਈ ਮਿਸਾਲਾਂ ਹਨ ਕਿ ਲੈਫਟੀਨੈਂਟ ਗਵਰਨਰ ਨੇ ਮੁੱਖ ਮੰਤਰੀ ਦੀ ਸਲਾਹ ਨਹੀਂ ਮੰਨੀ। ਇਸ ਮਾਮਲੇ ਵਿਚ ਸਲਾਹ ਲੈਣ ਦਾ ਬਹਾਨਾ ਬਣਾ ਦਿੱਤਾ ਹੈ।

## ਵਿਕਰਮਜੀਤ, ਕਰਮਜੀਤ ਕੌਰ ਤੇ ਬਿੱਟੂ ਨੂੰ ਵਾਈ ਕੈਟੇਗਰੀ ਦੀ ਸੁਰੱਖਿਆ



**ਨਵੀਂ ਦਿੱਲੀ :** ਕੇਂਦਰ ਸਰਕਾਰ ਨੇ ਫਿਲੌਰ ਤੋਂ ਕਾਂਗਰਸ ਵਿਧਾਇਕ ਵਿਕਰਮਜੀਤ ਸਿੰਘ ਚੌਧਰੀ, ਉਸਦੀ ਮਾਤਾ ਕਰਮਜੀਤ ਕੌਰ ਤੇ ਤੇਜਿੰਦਰ ਸਿੰਘ ਬਿੱਟੂ ਨੂੰ ਵਾਈ ਕੈਟੇਗਰੀ ਦੀ ਸੁਰੱਖਿਆ ਮੁਹੱਈਆ ਕਰਾਈ ਹੈ। ਕਰਮਜੀਤ ਕੌਰ ਤੇ ਬਿੱਟੂ ਪਿਛਲੇ ਦਿਨੀਂ ਭਾਜਪਾ ਵਿਚ ਸ਼ਾਮਲ ਹੋ ਗਏ ਸਨ ਜਦਕਿ ਕਾਂਗਰਸ ਨੇ ਵਿਕਰਮਜੀਤ ਨੂੰ ਪਾਰਟੀ ਵਿਰੋਧੀਆਂ ਸਰਗਰਮੀਆਂ ਕਾਰਨ ਮੁਅੱਤਲ ਕਰ ਦਿੱਤਾ ਹੈ।

ਉਸਨੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਜਲੰਧਰ ਲੋਕ ਸਭਾ ਹਲਕੇ ਤੋਂ ਉਮੀਦਵਾਰ ਬਣਾਉਣ ਦਾ ਵਿਰੋਧ ਕੀਤਾ ਹੈ। ਕੇਂਦਰੀ ਇੰਟੈਲੀਜੈਂਸ ਏਜੰਸੀਆਂ ਨੇ ਇਨ੍ਹਾਂ ਨੂੰ ਜਾਨ ਦਾ ਖਤਰਾ ਦੱਸਿਆ ਹੈ। ਕੇਂਦਰੀ ਗ੍ਰਿਹ ਮੰਤਰਾਲੇ ਨੇ ਸੀ ਆਰ ਪੀ ਨੂੰ ਹਦਾਇਤ ਕੀਤੀ ਹੈ ਕਿ ਇਨ੍ਹਾਂ ਨੂੰ ਸੁਰੱਖਿਆ ਮੁਹੱਈਆ ਕਰਵਾਈ ਜਾਵੇ।

## ਇਜ਼ਰਾਈਲੀ-ਅਮਰੀਕੀ ਬੰਦੀ ਵੱਲੋਂ ਇਜ਼ਰਾਈਲ 'ਤੇ ਮਦਦ ਨਾ ਕਰਨ ਦਾ ਦੋਸ਼

**ਯੇਰੂਸ਼ਲਮ :** ਹਮਾਸ ਨੇ ਵੀਡੀਓ ਜਾਰੀ ਕੀਤਾ ਹੈ, ਜਿਸ 'ਚ ਉਸ ਵੱਲੋਂ ਬੰਦੀ ਬਣਾਏ ਲੋਕਾਂ 'ਚ ਪ੍ਰਮੁੱਖ ਇਜ਼ਰਾਈਲੀ-ਅਮਰੀਕੀ ਵਿਅਕਤੀ ਦਿਖਾਈ ਦੇ ਰਿਹਾ ਹੈ। ਪਿਛਲੇ ਸਾਲ 7 ਅਕਤੂਬਰ ਨੂੰ ਗਾਜ਼ਾ ਪੱਟੀ ਤੋਂ ਲੜਾਕਿਆਂ ਨੇ ਇਜ਼ਰਾਈਲ 'ਤੇ ਹਮਲਾ ਕਰਕੇ ਵੱਡੀ ਗਿਣਤੀ 'ਚ ਲੋਕਾਂ ਨੂੰ ਬੰਦੀ ਬਣਾ ਲਿਆ ਸੀ, ਉਦੋਂ ਤੋਂ ਇਜ਼ਰਾਈਲ ਅਤੇ ਹਮਾਸ ਵਿਚਾਲੇ ਜੰਗ ਚੱਲ ਰਹੀ ਹੈ। ਹਮਾਸ ਵੱਲੋਂ ਜਾਰੀ ਵੀਡੀਓ 'ਚ ਇਜ਼ਰਾਈਲੀ-ਅਮਰੀਕੀ ਹੇਰਸ ਗੋਲਡਬਰਗ-ਪੋਲਿਨ ਦਿਖਾਈ ਦੇ ਰਿਹਾ ਹੈ ਤੇ ਉਹ ਸਰਕਾਰ 'ਤੇ ਬੰਦੀਆਂ ਦੀ ਰਿਹਾਈ ਲਈ ਕੁਝ ਨਾ ਕਰਨ ਦਾ ਦੋਸ਼ ਲਾਉਂਦਾ ਨਜ਼ਰ ਆ ਰਿਹਾ ਹੈ।

ਪਿਛਲੇ ਸਾਲ ਉਸ ਨੂੰ ਬੰਦੀ ਬਣਾਏ ਜਾਣ ਤੋਂ ਬਾਅਦ ਇਹ ਪਹਿਲੀ ਵਾਰ ਹੈ ਕਿ ਪੋਲਿਨ ਦੇ ਜ਼ਿੰਦਾ ਹੋਣ ਦੇ ਸੰਕੇਤ ਮਿਲੇ ਹਨ। ਇਸ ਵੀਡੀਓ ਦੇ ਜਾਰੀ ਹੋਣ ਤੋਂ ਬਾਅਦ ਲੋਕਾਂ 'ਚ ਰੋਸ ਹੈ ਅਤੇ ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਹੈ ਕਿ ਬੰਦੀਆਂ ਨੂੰ ਜਲਦ ਤੋਂ ਜਲਦ ਰਿਹਾਅ ਕਰਵਾਉਣ ਲਈ ਠੋਸ ਕਦਮ ਚੁੱਕੇ ਜਾਣ। ਵੀਡੀਓ 'ਚ ਪੋਲਿਨ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਇਜ਼ਰਾਈਲੀ ਬੰਬਾਰੀ 'ਚ 70 ਬੰਦੀ ਮਾਰੇ ਗਏ ਸਨ।

# ਕਰਾਚੀ ਦੀ ਮੁਟਿਆਰ ਨੂੰ ਭਾਰਤੀ ਬਜ਼ੁਰਗ ਦਾ ਦਿਲ ਲਾਇਆ



**ਜਲੰਧਰ :** ਪਾਕਿਸਤਾਨ ਦੀ 19 ਸਾਲਾ ਆਇਸ਼ਾ ਰਸ਼ਨ ਨੂੰ ਬੀਤੇ ਦਿਨੀਂ ਬ੍ਰੇਨ ਡੈੱਡ 69 ਸਾਲਾ ਭਾਰਤੀ ਮਰੀਜ਼ ਦਾ ਦਿਲ ਲਾਇਆ ਗਿਆ। ਮਰੀਜ਼ ਨੂੰ ਚੇਨਈ ਤੋਂ ਦਿੱਲੀ ਲਿਆਂਦਾ ਗਿਆ ਸੀ। ਆਇਸ਼ਾ ਦਿਲ ਵਿਚ ਨੁਕਸ ਕਾਰਨ 2019 ਵਿਚ ਭਾਰਤ ਆਈ ਸੀ ਤੇ ਅਦਯਾਰ ਦੇ ਮਲਾਰ ਹਸਪਤਾਲ ਦੇ ਡਾ. ਕੇ ਆਰ ਬਾਲਕ੍ਰਿਸ਼ਨਨ ਨੇ ਦਿਲ ਬਦਲਣ ਦੀ ਸਲਾਹ ਦਿੱਤੀ ਸੀ। ਦਿਲ ਨਾ ਮਿਲਣ ਕਾਰਨ ਉਸਦੇ ਖੱਬੇ ਪਾਸੇ ਪੁਰਜ਼ਾ ਪਾ ਕੇ ਉਸਨੂੰ ਵਾਪਸ ਭੇਜ ਦਿੱਤਾ ਗਿਆ ਸੀ। 2023 ਵਿਚ ਉਸਦੇ ਦਿਲ ਦਾ ਸੱਜਾ ਪਾਸਾ ਵੀ ਕੰਮ ਕਰਨੋਂ ਹਟ ਗਿਆ। ਪਿਛਲੇ ਦਿਨੀਂ ਦਿਲ ਦਾ ਪ੍ਰਬੰਧ ਹੋਣ 'ਤੇ ਉਸਦਾ ਦਿਲ ਬਦਲ ਦਿੱਤਾ ਗਿਆ। ਉਸਨੇ ਕਿਹਾ ਕਿ ਉਹ ਹੁਣ ਆਸਾਨੀ ਨਾਲ ਸਾਹ ਲੈ ਸਕਦੀ ਹੈ ਅਤੇ ਕਰਾਚੀ ਵਿਚ ਪੜ੍ਹਾਈ ਪੂਰੀ ਕਰਕੇ ਫੈਸ਼ਨ ਡਿਜ਼ਾਈਨਰ ਬਣਨਾ ਚਾਹੁੰਦੀ ਹੈ।

## ਜੇਲ੍ਹ 'ਚ ਕੇਜਰੀਵਾਲ ਦੀ ਜਾਸੂਸੀ : ਸੰਜੈ ਸਿੰਘ



**ਨਵੀਂ ਦਿੱਲੀ :** ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਸੰਜੈ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਲਿਖ ਕੇ ਤਿਹਾੜ ਜੇਲ੍ਹ 'ਚ ਮੁੱਖ ਮੰਤਰੀ ਕੇਜਰੀਵਾਲ ਦੀ ਜਾਸੂਸੀ ਕਰਨ ਦਾ ਦੋਸ਼ ਲਗਾਇਆ ਹੈ। ਉਨ੍ਹਾ ਕਿਹਾ ਕਿ ਦਿੱਲੀ ਦੇ ਚੁਣੇ ਹੋਏ ਮੁੱਖ ਮੰਤਰੀ ਨਾਲ ਜੋ ਕੁਝ ਹੋ ਰਿਹਾ ਹੈ, ਉਹ ਬੇਹੱਦ ਦੁਖਦ ਹੈ। ਪੂਰੇ ਦਿੱਲੀ ਦੇ ਲੋਕ ਡੂੰਘੇ ਸਦਮੇ 'ਚ ਹਨ। ਜੇਲ੍ਹ ਕੇਜਰੀਵਾਲ ਲਈ ਤਸੀਹੇ ਦੀ ਕੋਠੀ ਬਣ ਗਈ ਹੈ। ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਪੀ ਐੱਮ ਓ ਅਤੇ ਐੱਲ ਜੀ ਸਾਹਬ ਵੱਲੋਂ ਸੀ ਸੀ ਟੀ ਵੀ ਕੈਮਰਿਆਂ ਰਾਹੀਂ ਕੇਜਰੀਵਾਲ 'ਤੇ 24 ਘੰਟੇ ਨਜ਼ਰ ਰੱਖੀ ਜਾ ਰਹੀ ਹੈ।

## ਕੈਨੇਡਾ 'ਚ ਪੰਜਾਬੀ ਨੌਜਵਾਨ ਕਤਲ



**ਅਮਰਗੜ੍ਹ :** ਕੈਨੇਡਾ ਦੇ ਸ਼ਹਿਰ ਸਰੀ 'ਚ ਪਿੰਡ ਤੋਲਾਵਾਲ ਦੇ ਕੁਲਵਿੰਦਰ ਸਿੰਘ (28) ਨੂੰ ਕਤਲ ਕਰ ਦਿੱਤਾ ਗਿਆ। ਉਹ 4 ਸਾਲ ਪਹਿਲਾਂ ਸਟੱਡੀ ਵੀਜ਼ੇ 'ਤੇ ਕੈਨੇਡਾ ਗਿਆ ਸੀ ਤੇ ਪੀ ਆਰ ਹੋ ਕੇ ਪਲੰਬਰ ਦਾ ਕੰਮ ਕਰਦਾ ਸੀ। ਬੁੱਧਵਾਰ ਰਾਤ ਉਸ ਨੇ ਆਪਣੀ ਮਾਤਾ ਬੀਰਪਾਲ ਕੌਰ ਨਾਲ ਗੱਲ ਵੀ ਕੀਤੀ, ਪਰ ਕੁਝ ਘੰਟੇ ਮਗਰੋਂ ਹੀ ਕੁਲਵਿੰਦਰ ਸਿੰਘ ਦੇ ਛੋਟੇ ਭਰਾ ਗੁਰਮੀਤ ਸਿੰਘ, ਜੋ ਸਟੱਡੀ ਵੀਜ਼ੇ 'ਤੇ ਉੱਥੇ ਗਿਆ ਹੋਇਆ ਹੈ, ਦਾ ਫੋਨ ਆ ਗਿਆ ਕਿ ਭਰਾ ਨੂੰ ਕਿਸੇ ਨੇ ਛੁਰਾ ਮਾਰ ਦਿੱਤਾ ਹੈ ਤੇ ਉਸ ਦੀ ਮੌਤ ਹੋ ਗਈ ਹੈ। ਦੱਸਿਆ ਜਾਂਦਾ ਹੈ ਕਿ ਉਹ 23 ਅਪ੍ਰੈਲ ਦੀ ਸ਼ਾਮ ਨੂੰ ਵੈਨਕੂਵਰ ਦੇ ਵ੍ਹਾਈਟ ਰੌਕ 'ਤੇ ਆਪਣੀ ਦੋਸਤ ਨਾਲ ਘੁੰਮਣ ਗਿਆ ਤਾਂ ਇੱਕ ਸਿਰਫਿਰੇ ਨੇ ਉਸ ਦੇ ਛੁਰਾ ਮਾਰ ਦਿੱਤਾ।

## ਤਿੱਬਤੀ ਜਲਾਵਤਨ ਸਰਕਾਰ ਦੀ ਚੀਨ ਨਾਲ ਪਰਦੇ ਪਿੱਛੇ ਗੱਲਬਾਤ

**ਧਰਮਸ਼ਾਲਾ :** ਤਿੱਬਤ ਦੀ ਜਲਾਵਤਨ ਸਰਕਾਰ ਅਤੇ ਚੀਨ ਵਿਚਾਲੇ ਪਰਦੇ ਦੇ ਪਿੱਛੇ ਗੱਲਬਾਤ ਚੱਲ ਰਹੀ ਹੈ, ਜਿਸ ਤੋਂ ਸੰਕੇਤ ਮਿਲਦੇ ਹਨ ਕਿ ਦੋਵਾਂ ਧਿਰਾਂ ਵਿਚਾਲੇ ਦਹਾਕੇ ਤੋਂ ਵੱਧ ਸਮੇਂ ਤੋਂ ਬੰਦ ਪਈ ਗੱਲਬਾਤ ਦੀ ਪ੍ਰਕਿਰਿਆ ਮੁੜ ਸ਼ੁਰੂ ਹੋ ਸਕਦੀ ਹੈ। ਤਿੱਬਤ 'ਚ ਚੀਨ ਵਿਰੋਧੀ ਪ੍ਰਦਰਸ਼ਨ ਅਤੇ ਬੁੱਧ ਧਰਮ ਪ੍ਰਤੀ ਚੀਨ ਦੀ ਕੱਟੜਪੰਥੀ ਪਹੁੰਚ ਨੇ ਦੋਵਾਂ ਧਿਰਾਂ ਦਰਮਿਆਨ ਰਸਮੀ ਗੱਲਬਾਤ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਰੋਕ ਦਿੱਤਾ ਸੀ। ਪੇਨਪਾ ਸ਼ੇਰਿੰਗ, ਸਿਕਯੋਂਗ ਜਾਂ ਤਿੱਬਤ ਦੀ ਜਲਾਵਤਨ ਸਰਕਾਰ ਦੇ ਰਾਜਨੀਤਕ ਮੁਖੀ ਨੇ ਗੈਰਰਸਮੀ ਗੱਲਬਾਤ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਉਨ੍ਹਾ ਦੇ ਵਾਰਤਾਕਾਰ ਚੀਨ ਦੇ ਲੋਕਾਂ ਨਾਲ ਗੱਲ ਕਰ ਰਹੇ ਸਨ, ਪਰ ਕਿਸੇ ਸਮਝੌਤੇ 'ਤੇ ਪਹੁੰਚਣ ਦੀ ਕੋਈ ਤੁਰੰਤ ਉਮੀਦ ਨਹੀਂ।

# ਜਲੰਧਰ ਦਾ ਮੁੰਡਾ ਛਾ ਗਿਆ



**ਜਲੰਧਰ :** ਰਚਿਤ ਅਗਰਵਾਲ ਨੇ ਜੇ ਈ ਮੇਨ ਪ੍ਰੀਖਿਆ 'ਚ 100 ਫੀਸਦੀ ਅੰਕ ਪ੍ਰਾਪਤ ਕਰਕੇ ਦੇਸ਼ ਭਰ 'ਚੋਂ 25ਵਾਂ ਰੈਂਕ ਅਤੇ ਸੂਬੇ ਭਰ 'ਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਰਚਿਤ ਦੇ ਪਿਤਾ ਨੀਰਜ ਅਗਰਵਾਲ ਸੈਂਟਰੀ ਟਾਇਲ ਕਾਰੋਬਾਰੀ ਹਨ ਤੇ ਮਾਤਾ ਗੀਤੂ ਅਗਰਵਾਲ ਘਰ 'ਚ ਟਿਊਸ਼ਨ ਪੜ੍ਹਾਉਣ ਦਾ ਕੰਮ ਕਰਦੇ ਹਨ। ਸੰਸਕ੍ਰਿਤੀ ਕੇ ਐੱਮ ਵੀ ਸਕੂਲ ਦੇ ਵਿਦਿਆਰਥੀ ਰਚਿਤ ਨੇ ਦੱਸਿਆ ਕਿ ਉਹ ਸਕੂਲ ਤੋਂ ਇਲਾਵਾ 7-8 ਘੰਟੇ ਤਿਆਰੀ ਕਰਦਾ ਸੀ। ਉਸ ਨੇ ਦੱਸਿਆ ਕਿ ਉਹ ਸੋਸ਼ਲ ਮੀਡੀਆ ਦੀ ਬਿਲਕੁਲ ਹੀ ਵਰਤੋਂ ਨਹੀਂ ਕਰਦਾ, ਪਰ ਉਸ ਨੂੰ ਤਰੋਤਾਜ਼ਾ ਹੋਣ ਲਈ ਯੂਟਿਊਬ ਅਤੇ ਗਾਣੇ ਸੁਣਨਾ ਤੇ ਸੈਰ ਕਰਨਾ ਪਸੰਦ ਹੈ। ਵਿਹਲੇ ਸਮੇਂ ਉਸ ਨੂੰ ਨਾਵਲ ਪੜ੍ਹਨ ਦਾ ਵੀ ਸ਼ੌਕ ਹੈ। ਉਹ ਤੈਰਾਕੀ ਵੀ ਕਰਦਾ ਹੈ।

## ਬਸਪਾ ਦੇ ਦੋ ਹੋਰ ਉਮੀਦਵਾਰ



**ਜਲੰਧਰ :** ਬਸਪਾ ਨੇ ਲੋਕ ਸਭਾ ਫਤਿਹਗੜ੍ਹ ਸਾਹਿਬ ਤੋਂ ਕੁਲਵੰਤ ਸਿੰਘ ਮਹਤੋ ਅਤੇ ਬਠਿੰਡਾ ਤੋਂ ਲਖਵੀਰ ਸਿੰਘ ਨਿੱਕਾ ਨੂੰ ਉਮੀਦਵਾਰ ਐਲਾਨਿਆ ਹੈ।

ਨਿੱਕਾ ਜ਼ਿਲ੍ਹਾ ਪ੍ਰਧਾਨ ਅਤੇ ਤਲਵੰਡੀ ਸਾਬੋ ਵਿਧਾਨ ਸਭਾ ਨਾਲ ਸੰਬੰਧਤ ਮਜ਼ਬੀ ਸਿੱਖ ਭਾਈਚਾਰੇ ਦੇ ਆਗੂ ਹਨ। ਮਹਤੋ ਸੂਬਾ ਸਕੱਤਰ ਵਜੋਂ ਦੋ ਸਾਲਾਂ ਤੋਂ ਫਤਿਹਗੜ੍ਹ ਸਾਹਿਬ ਹਲਕੇ ਦੇ ਇੰਚਾਰਜ ਵਜੋਂ ਕੰਮ ਕਰ ਰਹੇ ਸਨ। ਪਾਰਟੀ ਇਸ ਤੋਂ ਪਹਿਲਾਂ 7 ਉਮੀਦਵਾਰ ਐਲਾਨ ਚੁੱਕੀ ਹੈ।

## ਅੱਜ-ਨਾਮਾ

ਸਭ ਦਾ ਲੱਗਾ ਧਿਆਨ ਪਿਆ ਚੋਣ ਵੰਨੀਂ,
ਏਧਰ ਹੀ ਲਾਈ ਹੈ ਅੱਖ ਸਰਕਾਰ ਬੇਲੀ।
ਮਹਿਕਮਾ ਪੁਲਸ ਵੀ ਚੋਣ ਡਿਊਟੀਆਂ 'ਤੇ,
ਕਰੀ ਬਦਮਾਸ਼ ਜਾਂਦੇ ਥਾਂ-ਥਾਂ ਮਾਰ ਬੇਲੀ।
ਨਸ਼ੇੜੀ ਟੋਲਿਆਂ ਦੀ ਗਿਣਤੀ ਬੜੀ ਭਾਰੀ,
ਪੁੱਟੋ ਜਦ ਇੱਟ ਤੇ ਮਿਲਣ ਹਜ਼ਾਰ ਬੇਲੀ।
ਜਦੋਂ ਕਦੀ ਅੱਧ-ਪਚੱਧੇ ਵੀ ਜਾਣ ਪਕੜੇ,
ਜ਼ਮਾਨਤੀ ਹੁੰਦਾ ਈ ਨਾਲ ਤਿਆਰ ਬੇਲੀ।
ਨੇਮਾਂ-ਕਾਨੂੰਨਾਂ ਦੀ ਉਨ੍ਹਾਂ ਦੀ ਸਮਝ ਪੂਰੀ,
ਅੱਗੋਂ ਪੁਲਸ ਨੂੰ ਨਿਯਮ ਸਿਖਾਉਣ ਬੇਲੀ।
ਦਿਨ ਦੂਜੇ ਇਉਂ ਜੇਲ੍ਹ ਤੋਂ ਮੁੜੇ ਆਉਂਦੇ,
ਜਿੱਦਾਂ ਚੱਕਰ ਹੀ ਗਏ ਸੀ ਲਾਉਣ ਬੇਲੀ।

-ਤੀਸ ਮਾਰ ਖਾਂ

# ਅਕਾਲੀਆਂ ਤੇ ਕਾਂਗਰਸੀਆਂ ਨੇ ਪੰਜਾਬ ਨੂੰ ਕਰਜ਼ਾਈ ਕੀਤਾ : ਮਾਨ

**ਗੁਰਦਾਸਪੁਰ/ਧਾਰੀਵਾਲ (ਜਨਕ ਮਹਾਜਨ/ਮਨਦੀਪ ਵਿੱਕੀ)**



ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਉਮੀਦਵਾਰ ਸ਼ੈਰੀ ਕਲਸੀ ਦੇ ਹੱਕ ਵਿਚ ਚੋਣ ਜਲਸੇ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਵਿਚ ਜ਼ਿਆਦਾਤਰ ਲੋਕ ਸਭਾ ਸੀਟਾਂ 'ਤੇ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਪਾਰਟੀ ਦਾ ਕਬਜ਼ਾ ਹੈ। ਅਕਾਲੀ ਦਲ ਅਤੇ ਕਾਂਗਰਸ ਪਾਰਟੀ ਨੇ ਆਪਣੇ ਰਾਜ ਅੰਦਰ ਪੰਜਾਬ ਅੰਦਰ ਭਾਰੀ ਕਰਜ਼ੇ ਦੀ ਪੰਡ ਚਾੜ੍ਹੀ ਹੈ, ਜਿਸ ਦਾ ਖਮਿਆਜ਼ਾ ਹੁਣ ਪੰਜਾਬ ਦੇ ਲੋਕ ਭੁਗਤ ਰਹੇ ਹਨ। ਉਨ੍ਹਾ ਕਿਹਾ ਕਿ ਇਨ੍ਹਾਂ ਦੋਵਾਂ ਪਾਰਟੀਆਂ ਦੇ ਗਲਤ ਫੈਸਲਿਆਂ ਨੇ ਪੰਜਾਬ ਨੂੰ ਕਰਜ਼ਾਈ ਕੀਤਾ। ਉਨ੍ਹਾ ਕਿਹਾ ਕਿ ਇਨ੍ਹਾਂ ਪਾਰਟੀਆਂ ਦੇ ਰਾਜ ਅੰਦਰ ਸੂਬੇ ਦੀ ਹਾਲਤ ਦਿਨੋਂ-ਦਿਨ ਪਤਲੀ ਹੁੰਦੀ ਗਈ, ਪਰ ਮੌਕੇ ਦੀਆਂ ਸਰਕਾਰਾਂ ਨੇ ਆਪਣੇ ਭਲੇ ਦੇ ਸਿਵਾਏ ਕੁਝ ਨਹੀਂ ਕੀਤਾ। ਉਨ੍ਹਾ ਕਿਹਾ ਕਿ ਇਨ੍ਹਾਂ ਪਾਰਟੀਆਂ ਦੇ ਰਾਜ ਅੰਦਰ ਹੀ ਸੂਬੇ ਵਿਚ ਨਸ਼ੇ ਦੇ ਸੌਦਾਗਰ, ਬੇਰੁਜ਼ਗਾਰੀ, ਕੇਬਲ ਮਾਫੀਆ, ਮਾਈਨਿੰਗ ਮਾਫ਼ੀਆ, ਟਰਾਂਸਪੋਰਟ ਮਾਫ਼ੀਆ ਪੈਦਾ ਹੋਇਆ। ਜਦੋਂ ਦੀ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਹੱਥ ਪੰਜਾਬ ਦੀ ਕਮਾਨ ਆਈ ਹੈ, ਉਦੋਂ ਤੋਂ ਸੂਬਾ ਪੰਜਾਬ ਹੌਲੀ-ਹੌਲੀ ਲੀਹਾਂ 'ਤੇ ਆ ਰਿਹਾ ਹੈ। ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਵਿਰਾਸਤ ਵਿਚ ਮਿਲੇ ਕਰਜ਼ੇ ਨੂੰ ਵਿਆਜ ਸਮੇਤ ਵਾਪਸ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਲਈ ਸਾਡੀ ਸਰਕਾਰ ਨੇ ਪਹਿਲਕਦਮੀ ਕਰਕੇ ਟੋਲ ਫ਼ਰੀ ਨੰਬਰ ਜਾਰੀ ਕਰਕੇ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰੀਆਂ ਨੂੰ ਕਾਬੂ ਕਰਕੇ ਜੇਲ੍ਹ ਦੀਆਂ ਸ਼ਲਾਖਾਂ ਪਿੱਛੇ ਡੱਕਿਆ। ਉਨ੍ਹਾ ਕਿਹਾ ਕਿ ਜੇਕਰ ਗੁਰਦਾਸਪੁਰ ਤੋਂ ਸ਼ੈਰੀ ਕਲਸੀ ਜਿੱਤਦੇ ਹਨ ਤਾਂ ਗੁਰਦਾਸਪੁਰ ਸ਼ਹਿਰ ਅੰਦਰ ਸਭ ਤੋਂ ਪਹਿਲਾਂ ਇਕ ਵੱਡੀ ਇੰਡਸਟਰੀ ਲਿਆਂਦੀ ਜਾਵੇਗੀ।

# ਚੋਰੀ ਦੇ ਗਹਿਣਿਆਂ ਨਾਲ 2 ਮਹਿਲਾਵਾਂ ਸਣੇ 3 ਗ੍ਰਿਫਤਾਰ

**ਜਲੰਧਰ (ਸ਼ੈਲੀ ਐਲਬਰਟ)**

ਜਲੰਧਰ ਕਮਿਸ਼ਨਰੇਟ ਪੁਲਸ ਨੇ ਚੋਰੀਆਂ ਕਰਨ ਵਾਲੇ ਇੱਕ ਗਰੋਹ ਨੂੰ ਕਾਬੂ ਕਰਕੇ ਉਨ੍ਹਾਂ ਕੋਲੋਂ ਕੀਮਤੀ ਸਮਾਨ ਬਰਾਮਦ ਕੀਤਾ ਹੈ। ਪੁਲਸ ਕਮਿਸ਼ਨਰ ਸਵਪਨ ਸ਼ਰਮਾ ਨੇ ਦੱਸਿਆ ਕਿ ਲਲਿਤ ਸੇਠ ਪੁੱਤਰ ਸਤਿਆ ਸੇਠ ਵਾਸੀ ਅਰਬਨ ਅਸਟੇਟ ਫੇਜ਼ 1, ਜਲੰਧਰ ਨੇ ਸ਼ਿਕਾਇਤ ਕੀਤੀ ਸੀ ਕਿ ਉਹ 13 ਅਪ੍ਰੈਲ ਨੂੰ ਦਵਾਰਕਾ, ਦਿੱਲੀ ਵਿਖੇ ਆਪਣੀ ਧੀ ਨੂੰ ਦਾਖਲ ਕਰਵਾਉਣ ਗਿਆ ਸੀ ਅਤੇ ਘਰ ਪਰਤਣ ਤੋਂ ਬਾਅਦ ਉਸ ਨੇ ਦੇਖਿਆ ਕਿ ਮੁੱਖ ਦਰਵਾਜ਼ੇ ਦਾ ਤਾਲਾ ਅਤੇ ਕੁੰਡੀ ਟੁੱਟੀ ਹੋਈ ਸੀ ਅਤੇ ਸੋਨੇ, ਚਾਂਦੀ ਦੇ ਗਹਿਣੇ ਅਤੇ 1,00,000 ਰੁਪਏ ਗਾਇਬ ਪਾਏ ਗਏ। ਥਾਣਾ ਡਵੀਜ਼ਨ 7 ਨੇ ਅਣਪਛਾਤੇ ਵਿਅਕਤੀਆਂ ਵਿਰੁੱਧ ਐੱਫ ਆਈ ਆਰ ਦਰਜ ਕੀਤੀ। ਸਵਪਨ ਸ਼ਰਮਾ ਨੇ ਦੱਸਿਆ ਕਿ ਉਸ ਉਪਰੰਤ ਪੁਲਸ ਨੂੰ ਸ਼ਮਸ਼ਾਨਘਾਟ, ਸੁਭਾਨਾ ਮੋੜ ਤੇ ਜਲੰਧਰ ਨੇੜੇ ਇੱਕ ਚੋਰੀ ਸੰਬੰਧੀ ਇਤਲਾਹ ਮਿਲੀ ਸੀ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਮਨਜੀਤ ਲਾਲ ਉਰਫ਼ ਮਨੂੰ, ਜੋ ਕਿ ਇੱਕ ਆਦਤਨ ਅਪਰਾਧੀ ਸੀ, 'ਤੇ ਸ਼ੱਕ ਹੋਇਆ। ਪੁਲਸ ਨੇ ਚੋਰੀ ਦੀ ਐਕਟਿਵਾ ਵੇਚਣ ਦੀ ਕੋਸ਼ਿਸ਼ ਕਰ ਰਹੇ ਮਨੂੰ ਨੂੰ ਕਾਬੂ ਕਰਕੇ ਉਸ ਕੋਲੋਂ 90,000 ਰੁਪਏ ਦੀ ਨਕਦੀ ਅਤੇ ਕੁਝ ਸੋਨੇ-ਚਾਂਦੀ ਦੇ ਗਹਿਣੇ ਬਰਾਮਦ ਕੀਤੇ। ਮਨੂੰ ਤੋਂ ਪੁੱਛਗਿੱਛ ਤੋਂ ਬਾਅਦ ਸੰਦੀਪ ਕੌਰ ਉਰਫ਼ ਪ੍ਰਿਆ ਤੇ ਡੌਲੀ ਰਾਣੀ ਨੂੰ ਗ੍ਰਿਫਤਾਰ ਕੀਤਾ ਗਿਆ, ਜਦੋਂ ਉਹ ਚੋਰੀ ਕੀਤੇ ਸੋਨੇ ਦੇ ਗਹਿਣੇ ਵੇਚਣ ਦੀ ਕੋਸ਼ਿਸ਼ ਕਰ ਰਹੀਆਂ ਸਨ। ਮੁਲਜ਼ਮਾਂ ਵਿੱਚੋਂ ਮਨਜੀਤ ਲਾਲ ਖ਼ਿਲਾਫ਼ ਐੱਨ ਡੀ ਪੀ ਐਸ ਐਕਟ, ਚੋਰੀ ਅਤੇ ਆਬਕਾਰੀ ਐਕਟ ਸਮੇਤ ਕਈ ਐੱਫ ਆਈ ਆਰ ਦਰਜ ਹਨ, ਜਦੋਂਕਿ ਦੋ ਦਾ ਪਹਿਲਾਂ ਕੋਈ ਅਪਰਾਧਿਕ ਪਿਛੋਕੜ ਨਹੀਂ ਸੀ।

## ਵਿਸ਼ਵ ਮਲੇਰੀਆ ਦਿਵਸ ਮਨਾਇਆ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਸਿੰਘ ਡੱਟੀ)**-ਸਿਵਲ ਸਰਜਨ ਸੰਗਰੂਰ ਡਾਕਟਰ ਕਿਰਪਾਲ ਸਿੰਘ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਸਿਵਲ ਹਸਪਤਾਲ ਦੇ ਐੱਸ ਐੱਮ ਓ ਡਾਕਟਰ ਸੰਜੇ ਕਾਮਰਾ ਦੀ ਅਗਵਾਈ ਵਿਚ ਹੋਲ ਮੈਰੀ ਸਕੂਲ ਅਤੇ ਮਾਡਲ ਬੇਸਿਕ ਸਕੂਲ ਵਿੱਚ ਵਿਸ਼ਵ ਮਲੇਰੀਆ ਦਿਵਸ ਦੇ ਸਬੰਧ ਵਿੱਚ ਐਕਟੀਵਿਟੀ ਕੀਤੀ।ਬੱਚਿਆਂ ਵਿੱਚ ਪੋਸਟਰ ਮੇਕਿੰਗ ਮੁਕਾਬਲੇ ਕਰਾਏ ਗਏ ਅਤੇ ਇਨਾਮ ਦਿੱਤੇ ਗਏ।ਕੁਲਦੀਪ ਗਰਗੀ ਵੱਲੋਂ ਬੱਚਿਆਂ ਨੂੰ ਮਲੇਰੀਆ ਬੁਖਾਰ ਅਤੇ ਡੇਂਗੂ ਬੁਖਾਰ ਵਾਰੇ ਜਾਣਕਾਰੀ ਦਿੱਤੀ ਗਈ।ਮੱਛਰ ਦਾ ਲਾਰਵਾ ਸਾਫ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ।ਘਰਾਂ ਦੇ ਨੇੜੇ ਤੇ ਘਰਾਂ ਦੇ ਵਿੱਚ ਸਾਫ ਪਾਣੀ ਨਾ ਖੜਾ ਹੋਣ ਦਿੱਤਾ ਜਾਵੇ। ਸਵੇਰੇ ਅਤੇ ਸ਼ਾਮ ਵੇਲੇ ਪੂਰੀਆਂ ਬਾਹਾਂ ਤੇ ਲੱਤਾਂ ਨੂੰ ਢਕਣ ਵਾਲੇ ਕੱਪੜੇ ਹੀ ਪਾਏ ਜਾਣ।ਉਨ੍ਹਾਂ ਕਿਹਾ ਕਿ ਤੇਜ਼ ਬੁਖਾਰ, ਸਿਰਦਰਦ, ਮਾਸ਼ਪੇਸ਼ੀਆਂ 'ਚ ਦਰਦ ਆਦਿ ਇਸ ਦੇ ਮੁੱਖ ਲੱਛਣ ਹਨ।

## ਐਡਵੋਕੇਟ ਝੂੰਦਾਂ ਨੇ ਕੀਤੀ ਛਾਜਲੀ 'ਚ ਚੋਣ ਮੀਟਿੰਗ, ਢੀਂਡਸਾ ਤੇ ਬਰਨਾਲਾ ਗਰੁੱਪ ਰਹੇ ਗਾਇਬ



**ਦਿੜ੍ਹਬਾ (ਜਸਵੀਰ ਲਾਡੀ)**-ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਹਲਕੇ ਦੇ ਸਭ ਤੋਂ ਵੱਡੇ ਪਿੰਡ ਛਾਜਲੀ ਸ਼ਹੀਦ ਊਧਮ ਸਿੰਘ ਪਾਰਕ ਵਿਖੇ ਚੋਣ ਮੁਹਿੰਮ ਸ਼ੁਰੂ ਕਰਦਿਆਂ ਹਲਕਾ ਇੰਚਾਰਜ ਗੁਲਜ਼ਾਰ ਮੂਨਕ ਤੇ ਉਪਿੰਦਰ ਸਿੰਘ ਹਨੀ ਸਰਕਲ ਪ੍ਰਧਾਨ ਦੀ ਯੋਗ ਅਗਵਾਈ ਹੇਠ ਇੱਕ ਵਰਕਰ ਮੀਟਿੰਗ ਕੀਤੀ ਗਈ।ਮੀਟਿੰਗ ਨੂੰ ਲੋਕ ਸਭਾ ਹਲਕਾ ਸੰਗਰੂਰ ਤੋਂ ਉਮੀਦਵਾਰ ਐਡਵੋਕੇਟ ਇਕਬਾਲ ਸਿੰਘ ਝੂੰਦਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਤੇ ਪੰਥ ਨੂੰ ਬਚਾਉਣ ਲਈ ਸ਼੍ਰੋਮਣੀ ਅਕਾਲੀ ਦਲ ਹੀ ਇੱਕੋ-ਇੱਕ ਖੇਤਰੀ ਪਾਰਟੀ ਹੈ, ਜੋ ਪੰਜਾਬ ਦੇ ਲੋਕਾਂ ਦੀਆ ਸਮੱਸਿਆਵਾਂ ਹੱਲ ਕਰ ਸਕਦੀ ਹੈ, ਕਿਉਂਕਿ ਬਾਕੀ ਪਾਰਟੀਆਂ ਦੇ ਦਿੱਲੀ ਤੋਂ ਫੈਸਲਾ ਹੋਕੇ ਆਉਂਦੇ ਹਨ।ਅਕਾਲੀ ਦਲ ਹੀ ਗੁਰਧਾਮਾਂ ਵਿੱਚ ਕੇਂਦਰ ਸਰਕਾਰ ਦਾ ਦਖਲ ਅਤੇ ਕਾਲੇ ਕਾਨੂੰਨ ਨੂੰ ਰੋਕਣ ਲਈ ਵਚਨਬੱਧ ਹੈ।ਭਗਵੰਤ ਮਾਨ ਬਾਰੇ ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਦੀ ਕਣਕ ਮੰਡੀਆਂ ਵਿੱਚ ਰੁਲ਼ ਰਹੀ ਹੈ ਕੋਈ ਪ੍ਰਬੰਧ ਨਹੀਂ ਹੈ ਤੇ ਆਪ ਬਾਹਰਲੇ ਸੂਬਿਆਂ ਵਿੱਚ ਚੋਣ ਪ੍ਰਚਾਰ ਕਰ ਰਿਹਾ ਹੈ। ਸਾਡੀ ਸਰਕਾਰ ਵੇਲੇ ਕਿਸਾਨਾਂ ਦੀਆਂ ਫ਼ਸਲਾਂ ਦਾ ਧਿਆਨ ਰੱਖਦਿਆਂ ਪਹਿਲਾਂ ਹੀ ਪੁਖ਼ਤਾ ਪ੍ਰਬੰਧ ਕੀਤੇ ਜਾਂਦੇ ਸਨ।ਆਪ ਵਾਲਿਆਂ ਪੰਜਾਬ ਦੇ ਲੋਕਾਂ ਤੇ ਐਨ.ਐਸ.ਏ. ਵਰਗੇ ਕਾਲੇ ਕਾਨੂੰਨ ਲਾਕੇ ਜੇਲ੍ਹਾਂ ਵਿੱਚ ਬੰਦ ਕੀਤਾ ਜਾ ਰਿਹਾ ਹੈ।ਕਾਂਗਰਸ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰੇ ਬਾਰੇ ਲੋਕਾਂ ਨੂੰ ਕਿਹਾ ਕਿ ਪੰਜਾਬ ਤੇ ਸਿੱਖਾਂ ਦੀ ਦੁਸ਼ਮਣ ਪਾਰਟੀ ਦੇ ਉਮੀਦਵਾਰ ਨੂੰ ਸੰਗਰੂਰ ਹਲਕਾ ਦੇ ਲੋਕ ਮੂੰਹ ਨਹੀਂ ਲਾਉਣਗੇ।ਸਿਮਰਨਜੀਤ ਸਿੰਘ ਮਾਨ ਬਾਰੇ ਉਨ੍ਹਾਂ ਕਿਹਾ ਕਿ ਜਿਸ ਨੂੰ ਆਪਣੇ ਸ਼ਹੀਦਾਂ ਦਾ ਸਤਿਕਾਰ ਨਹੀਂ ਕਰਨਾ ਆਉਂਦਾ, ਉਹ ਆਪਣੇ ਸੂਬੇ ਦਾ ਵਿਕਾਸ ਕੀ ਕਰੇਗਾ?

## ਪਰਉਪਕਾਰ ਦੇ ਜੀਵੰਤ ਰੂਪ ਨੂੰ ਦਰਸਾਉਂਦਾ ਹੈ ਮਾਨਵ ਏਕਤਾ ਦਿਵਸ



**ਸਮਾਣਾ/ਦਿੱਲੀ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸੰਤ ਨਿਰੰਕਾਰੀ ਸਤਿਸੰਗ ਭਵਨ ਵਿਖੇ ਹੋਏ ਮਾਨਵ ਏਕਤਾ ਦਿਵਸ ਮੌਕੇ ਸੰਯੋਜਕ ਸੁਰਿੰਦਰ ਸਿੰਘ ਐਡਵੋਕੇਟ ਨੇ ਦੱਸਿਆ ਕਿ ਕਿ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਨੇ ਫਰਮਾਇਆ ਹੈ ਕਿ ਨਿਰੰਕਾਰ ਪ੍ਰਭੂ ਨੇ ਸਾਨੂੰ ਜੋ ਇਹ ਮਨੁੱਖੀ ਜੀਵਨ ਦਿੱਤਾ ਹੈ, ਇਸਦਾ ਹਰ ਪਲ ਮਾਨਵਤਾ ਨੂੰ ਸਮਰਪਤ ਹੋਣਾ ਚਾਹੀਦਾ ਹੈ। ਜਦੋਂ ਸਾਡੇ ਹਿਰਦੇ ਵਿੱਚ ਪਰਉਪਕਾਰ ਦੀ ਅਜਿਹੀ ਸੁੰਦਰ ਭਾਵਨਾ ਪੈਦਾ ਹੁੰਦੀ ਹੈ, ਤਾਂ ਅਸਲ ਵਿੱਚ ਸਮੁੱਚੀ ਮਾਨਵਤਾ ਸਾਨੂੰ ਆਪਣੀ ਪ੍ਰਤੀਤ ਹੋਣ ਲੱਗਦੀ ਹੈ।ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਨੇ ਮਾਨਵ ਏਕਤਾ ਦਿਵਸ ਮੌਕੇ ਸਮੂਹ ਸੰਗਤਾਂ ਨੂੰ ਸੰਬੋਧਨ ਕਰਦਿਆਂ ਕੀਤਾ ਮਾਨਵ ਏਕਤਾ ਦਿਵਸ ਦਾ ਪਵਿੱਤਰ ਅਵਸਰ ਬਾਬਾ ਗੁਰਬਚਨ ਸਿੰਘ ਜੀ ਦੀ ਮਾਨਵਤਾ ਪ੍ਰਤੀ ਸੱਚੀ ਸੇਵਾ ਨੂੰ ਸਮਰਪਿਤ ਹੈ, ਜਿਸ ਤੋਂ ਨਿਰੰਕਾਰੀ ਜਗਤ ਦਾ ਹਰ ਸ਼ਰਧਾਲੂ ਦੁਆਰਾ ਪ੍ਰੇਰਨਾ ਲੈ ਰਿਹਾ ਹੈ। ਨਿਰੰਕਾਰੀ ਮਿਸ਼ਨ ਵੱਲੋਂ ਪੂਰੇ ਭਾਰਤ ਵਿੱਚ ਲਗਭਗ 207 ਥਾਵਾਂ 'ਤੇ ਖ਼ੂਨਦਾਨ ਕੈਂਪਾਂ ਦੀ ਲੜੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਲਗਭਗ 50,000 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ।ਇਸ ਤੋਂ ਇਲਾਵਾ ਗਰਾਊਂਡ ਨੰਬਰ 2 ਨਿਰੰਕਾਰੀ ਚੌਕ ਬੁਰਾੜੀ, ਦਿੱਲੀ ਵਿਖੇ ਲਗਾਏ ਗਏ ਖ਼ੂਨਦਾਨ ਕੈਂਪ ਵਿਚ ਸਾਰੇ ਖ਼ੂਨਦਾਨੀਆਂ ਨੇ ਉਤਸ਼ਾਹ ਅਤੇ ਸਵੈ-ਇੱਛਾ ਨਾਲ ਲਗਭਗ 1500 ਯੂਨਿਟ ਖ਼ੂਨਦਾਨ ਕੀਤਾ।ਇਸ ਮੌਕੇ ਨਿਰੰਕਾਰੀ ਰਾਜਪਿਤਾ ਰਮਿਤ ਜੀ ਨੇ ਵੀ ਖ਼ੂਨਦਾਨ ਕੀਤਾ, ਜੋ ਕਿ ਬਿਨਾਂ ਸ਼ੱਕ ਮਿਸ਼ਨ ਦੇ ਸ਼ਰਧਾਲੂਆਂ ਤੇ ਨੌਜਵਾਨ ਸੇਵਾਦਾਰਾਂ ਲਈ ਪ੍ਰੇਰਨਾ ਸਰੋਤ ਸੀ।

## ਮੋਦੀ ਸਰਕਾਰ ਨੇ ਦੇਸ਼ ਅੰਦਰ ਇੱਕ ਮਜਬੂਤ ਤੇ ਸੁਰੱਖਿਅਤ ਮਾਹੌਲ ਬਣਾਇਆ : ਦਾਤੇਵਾਸ



**ਬੁਢਲਾਡਾ (ਅਸ਼ੋਕ ਲਾਕੜਾ)**-ਕਾਕਾ ਅਮਰਿੰਦਰ ਸਿੰਘ ਦਾਤੇਵਾਸ ਨੇ ਭਾਜਪਾ ਪੰਜਾਬ ਦੇ ਇੰਚਾਰਜ ਅਤੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੈ ਰੂਪਾਨੀ ਤੇ ਸੰਗਠਨ ਮੰਤਰੀ ਪੰਜਾਬ ਵੱਲੋਂ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਰਾਕੇਸ਼ ਕੁਮਾਰ ਜੈਨ ਦੀ ਅਗਵਾਈ ਵਿੱਚ ਭਾਜਪਾ ਵਿੱਚ ਜਲੰਧਰ ਵਿਖੇ ਸ਼ਾਮਲ ਕੀਤਾ ਗਿਆ।ਉਨ੍ਹਾਂ ਦਾ ਕਹਿਣਾ ਹੈ ਕਿ ਭਾਜਪਾ ਦੀਆਂ ਨੀਤੀਆਂ ਦੇਸ਼ ਪੱਖੀ ਨਾਲ ਸਹਿਮਤ ਹੁੰਦੇ ਹੋਏ ਉਹ ਭਾਜਪਾ ਵਿੱਚ ਸ਼ਾਮਲ ਹੋਏ ਹਨ।ਕਾਕਾ ਅਮਰਿੰਦਰ ਸਿੰਘ ਦਾਤੇਵਾਸ ਨੇ ਸਮਾਜ ਦੇ ਕਾਰਜਾਂ ਵਿੱਚ ਨਿਰਪੱਖ ਹੋ ਕੇ ਆਪਣਾ ਯੋਗਦਾਨ ਲਗਾਤਾਰ ਪਾ ਰਹੇ ਹਨ।ਬੇਸ਼ੱਕ ਉਹ ਕਿਸੇ ਗਰੀਬ ਲੋੜਵੰਦ ਬੱਚੇ ਨੂੰ ਪੜ੍ਹਾਉਣ ਦਾ ਮਾਮਲਾ ਹੋਵੇ ਜਾਂ ਕਿਸੇ ਲੋੜਵੰਦ ਵਿਅਕਤੀ ਦੀ ਆਰਥਿਕ ਪੱਖੋਂ ਸਹਾਇਤਾ ਕਰਨੀ ਹੋਵੇ ਤਾਂ ਉਨ੍ਹਾਂ ਨੇ ਉਹ ਸੇਵਾ ਮੋਹਰੀ ਹੋ ਕੇ ਕੀਤੀ ਹੈ।ਕਾਕਾ ਅਮਰਿੰਦਰ ਸਿੰਘ ਦਾਤੇਵਾਸ ਨੇ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਦੇਸ਼ ਅੰਦਰ ਇੱਕ ਮਜਬੂਤ ਅਤੇ ਸੁਰੱਖਿਅਤ ਮਾਹੌਲ ਬਣਾਇਆ ਹੈ, ਜਿਸ ਨਾਲ ਹਰ ਵਰਗ ਨੂੰ ਤਰਜੀਹ ਮਿਲੀ ਹੈ।ਕਾਕਾ ਅਮਰਿੰਦਰ ਸਿੰਘ ਦੇ ਭਾਜਪਾ ਵਿੱਚ ਸ਼ਾਮਲ ਹੋਣ 'ਤੇ ਸਾਬਕਾ ਸੰਸਦੀ ਸਕੱਤਰ ਜਗਦੀਪ ਸਿੰਘ ਨਕੱਈ, ਸਾਬਕਾ ਵਿਧਾਇਕ ਪ੍ਰੇਮ ਮਿੱਤਲ ਮਾਨਸਾ, ਹਲਕਾ ਸਰਦੂਲਗੜ੍ਹ ਦੇ ਇੰਚਾਰਜ ਅਮਰਜੀਤ ਸਿੰਘ ਕਟੋਦੀਆ ਤੇ ਪ੍ਰਦੀਪ ਸਿੰਘ ਨੇ ਭਰਵਾਂ ਸਵਾਗਤ ਕੀਤਾ।

## ਬੀਬੀ ਸਾਹੋਕੇ ਨੇ ਲਿਆ ਟਿਕਟ ਮਿਲਣ ਮਗਰੋਂ ਕਾਂਗਰਸੀਆਂ ਤੋਂ ਆਸ਼ੀਰਵਾਦ



**ਮੋਗਾ (ਇਕਬਾਲ ਸਿੰਘ ਖਹਿਰਾ)**- ਲੋਕ ਸਭਾ ਹਲਕਾ ਫ਼ਰੀਦਕੋਟ ਤੋਂ ਕਾਂਗਰਸ ਪਾਰਟੀ ਦੀ ਟਿਕਟ ਤੇ ਚੋਣ ਲੜ ਰਹੇ ਜ਼ਿਲ੍ਹਾ ਪ੍ਰੀਸ਼ਦ ਮੋਗਾ ਦੇ ਸਾਬਕਾ ਚੇਅਰਪਰਸਨ ਬੀਬੀ ਅਮਰਜੀਤ ਕੌਰ ਸਾਹੋਕੇ ਨੇ ਪਾਰਟੀ ਵੱਲੋਂ ਟਿਕਟ ਦਾ ਐਲਾਨ ਹੋਣ ਮਗਰੋਂ ਆਪਣੇ ਪਤੀ ਤੇ ਹਲਕਾ ਇੰਚਾਰਜ ਵਿਧਾਨ ਸਭਾ ਹਲਕਾ ਨਿਹਾਲ ਸਿੰਘ ਵਾਲਾ ਭੁਪਿੰਦਰ ਸਿੰਘ ਸਾਹੋਕੇ ਨਾਲ ਕਾਂਗਰਸ ਪਾਰਟੀ ਦੇ ਹਲਕਾ ਮੋਗਾ ਨਾਲ ਸਬੰਧਿਤ ਟਕਸਾਲੀ ਕਾਂਗਰਸੀ ਆਗੂਆਂ ਤੋਂ ਘਰ-ਘਰ ਜਾ ਕੇ ਆਸ਼ੀਰਵਾਦ ਪ੍ਰਾਪਤ ਕੀਤਾ। ਸਭ ਕਾਂਗਰਸੀ ਆਗੂਆਂ ਨੇ ਏਕੇ ਨਾਲ ਬੀਬੀ ਸਾਹੋਕੇ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ। ਬੀਬੀ ਅਮਰਜੀਤ ਕੌਰ ਸਾਹੋਕੇ ਨੇ ਸਾਬਕਾ ਮੰਤਰੀ ਡਾ. ਮਾਲਤੀ ਥਾਪਰ, ਹਲਕਾ ਇੰਚਾਰਜ ਮੋਗਾ ਮਾਲਵਿਕਾ ਸੂਦ, ਨਗਰ ਸੁਧਾਰ ਟਰੱਸਟ ਮੋਗਾ ਦੇ ਸਾਬਕਾ ਚੇਅਰਮੈਨ ਵਿਨੋਦ ਬਾਂਸਲ, ਨਗਰ ਨਿਗਮ ਮੋਗਾ ਦੇ ਸਾਬਕਾ ਮੇਅਰ ਨਿਤਿਕਾ ਭੱਲਾ ਨਾਲ ਘਰ-ਘਰ ਜਾ ਕੇ ਮੀਟਿੰਗਾਂ ਕੀਤੀਆਂ ਤੇ ਸਹਿਯੋਗ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਤੁਸੀ ਕਾਂਗਰਸ ਪਾਰਟੀ ਦੇ ਪਰਿਵਾਰ ਦੇ ਸੀਨੀਅਰ ਮੈਂਬਰ ਹੋ, ਤੁਸੀਂ ਹੀ ਚੋਣ ਲੜਨੀ ਹੈ। ਉਨ੍ਹਾਂ ਕਿਹਾ ਕਿ ਹਲਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਮੈਂ ਹਲਕੇ ਵਿਚੋਂ ਫ਼ਰੀਦਕੋਟ ਦੀ 'ਧੀ' ਤੇ ਮੋਗਾ ਦੀ 'ਨੂੰਹ' ਹਾਂ ਤੇ ਸਾਡੇ ਪਰਵਾਰ ਦੀ ਲੋਕ ਸੇਵਾ ਨੂੰ ਸਭ ਜਾਣਦੇ ਹੋ, ਜਦੋਂਕਿ ਆਪ ਤੇ ਭਾਜਪਾ ਦੇ ਉਮੀਦਵਾਰ ਹਲਕੇ ਤੋਂ ਬਾਹਰੀ ਹਨ।

## ਤਰੁਣ ਜੈਨ (ਕਾਲਾ) ਜੈਨ ਭਾਈਚਾਰੇ ਦੇ ਬਿਨਾਂ ਮੁਕਾਬਲਾ ਪ੍ਰਧਾਨ ਬਣੇ



**ਜਗਰਾਉਂ (ਅਮਿਤ ਖੰਨਾ)**-ਸ਼੍ਰੀ ਰੂਪ ਚੰਦ ਜੈਨ ਐਸ.ਐਸ. ਜੈਨ ਭਾਈਚਾਰਾ ਰਜਿ: ਤਰੁਣ ਜੈਨ (ਕਾਲਾ) ਨੂੰ ਸਮਰਪਣ ਭਾਵਨਾ ਨਾਲ ਨਵਾਂ ਪ੍ਰਧਾਨ ਚੁਣਿਆ ਗਿਆ ਹੈ। ਜ਼ਿਕਰਯੋਗ ਹੈ ਕਿ ਉਨ੍ਹਾਂ ਦੇ ਖਿਲਾਫ਼ ਕਿਸੇ ਹੋਰ ਮੈਂਬਰ ਨੇ ਨਾਮਜ਼ਦਗੀ ਫਾਰਮ ਨਹੀਂ ਭਰੇ ਸਨ, ਜਿਸ ਕਾਰਨ ਤਰੁਣ ਜੈਨ ਨੂੰ ਬਿਨਾਂ ਕਿਸੇ ਵਿਰੋਧ ਦੇ ਦੋ ਸਾਲਾਂ ਲਈ ਜੈਨ ਭਾਈਚਾਰੇ ਦਾ ਨਵਾਂ ਪ੍ਰਧਾਨ ਚੁਣ ਲਿਆ ਗਿਆ ਹੈ।ਇਹ ਚੋਣਾਂ ਮਹਿੰਦਰਪਾਲ ਜੈਨ ਐਸ.ਐਸ ਜੈਨ ਮਹਾਸਭਾ ਉੱਤਰੀ, ਮੁੱਖ ਚੋਣ ਕਮਿਸ਼ਨਰ ਤੇ ਸਹਾਇਕ ਵਿਨੀਤ ਕੁਮਾਰ ਜੈਨ ਦੀ ਦੇਖ-ਰੇਖ ਹੇਠ ਕਰਾਈਆਂ ਗਈਆਂ।ਕਮਿਊਨਿਟੀ ਮੈਂਬਰਾਂ ਨੇ ਤਰੁਣ ਜੈਨ ਨੂੰ ਸ਼੍ਰੀ ਰੂਪ ਚੰਦ ਜੀ ਮਹਾਰਾਜ ਦੀ ਸਮਾਧੀ ਸਥਲ 'ਤੇ ਵਧਾਈ ਦਿੱਤੀ ਅਤੇ ਇਸ ਮੌਕੇ 'ਤੇ ਤਰੁਣ ਜੈਨ ਨੇ ਲਗਾਤਾਰ ਸਹਿਯੋਗ ਦੇਣ ਲਈ ਮੈਂਬਰਾਂ ਦਾ ਧੰਨਵਾਦ ਕੀਤਾ।ਉਨ੍ਹਾਂ ਵਾਅਦਾ ਕੀਤਾ ਕਿ ਉਹ ਸਮਾਜ ਦੀ ਤਰੱਕੀ ਤੇ ਸੁਧਾਰ ਲਈ ਅਣਥੱਕ ਮਿਹਨਤ ਕਰਨਗੇ ਅਤੇ ਉਨ੍ਹਾਂ ਦੀ ਮੱਦਦ ਲਈ ਹਮੇਸ਼ਾ ਤਿਆਰ ਰਹਿਣਗੇ।ਭਾਈਚਾਰੇ ਦੇ ਲੋਕਾਂ ਨੇ ਨਵੇਂ ਪ੍ਰਧਾਨ ਦਾ ਨਿੱਘਾ ਸਵਾਗਤ ਕੀਤਾ ਤੇ ਉਨ੍ਹਾਂ 'ਤੇ ਭਰੋਸਾ ਪ੍ਰਗਟਾਇਆ।ਉਨ੍ਹਾਂ ਨੇ ਉਸ ਨੂੰ ਇੱਕ ਇਮਾਨਦਾਰ ਤੇ ਯੋਗ ਵਿਅਕਤੀ ਕਿਹਾ ਅਤੇ ਸਮਾਜ ਪ੍ਰਤੀ ਆਪਣੇ ਫ਼ਰਜ਼ਾਂ ਵਿੱਚ ਹਮੇਸ਼ਾ ਸਮਰਪਤ ਰਹਿਣ ਲਈ ਉਸਦੀ ਪ੍ਰਸ਼ੰਸਾ ਕੀਤੀ।

## ਝੋਨੇ ਦੀ ਪੂਸਾ 44 ਕਿਸਮ ਸਬੰਧੀ ਸਥਿਤੀ ਸਪੱਸ਼ਟ ਕਰੇ ਸਰਕਾਰ : ਕਮਾਲਪੁਰਾ/ਚੱਕ ਭਾਈ ਕਾ



**ਜਗਰਾਉਂ (ਸੰਜੀਵ ਅਰੋੜਾ)**-ਪੰਜਾਬ ਦੀ ਮੁੱਖ ਮੰਤਰੀ ਵੱਲੋਂ ਝੋਨੇ ਦੀ ਖਰੀਦ ਦੇ ਪਿਛਲੇ ਸੀਜ਼ਨ ਦੌਰਾਨ ਝੋਨੇ ਦੀ ਪੂਸਾ 44 ਕਿਸਮ ਨੂੰ ਨਾ ਖਰੀਦਣ ਦਾ ਬਿਆਨ ਜਾਰੀ ਕੀਤਾ ਗਿਆ ਸੀ, ਜਦਕਿ ਛੇ ਮਹੀਨੇ ਬੀਤ ਜਾਣ ਦੇ ਬਾਵਜੂਦ ਸਰਕਾਰ ਦਾ ਖੇਤੀਬਾੜੀ ਵਿਭਾਗ ਅੱਜ ਤੱਕ ਇਸ ਸਬੰਧੀ ਸਥਿਤੀ ਸਪੱਸ਼ਟ ਕਰਨ ਵਿੱਚ ਨਾਕਾਮ ਸਾਬਤ ਹੋਇਆ ਹੈ। ਇਸ ਸਮੇਂ ਪੰਜਾਬ ਭਰ ਦੇ ਕਿਸਾਨ ਦੁਬਿਧਾ ਵਿੱਚ ਹਨ ਕਿ ਸਰਕਾਰ ਕਿਹੜੀ ਝੋਨੇ ਦੀ ਕਿਸਮ ਖਰੀਦੇਗੀ ਜਾਂ ਕਦੋਂ ਤੋਂ ਝੋਨੇ ਵਾਲੀ ਨਿਰਵਿਘਨ ਬਿਜਲੀ ਸਪਲਾਈ ਚਾਲੂ ਹੋਵੇਗੀ ਤੇ ਸ਼ੈਲਰ ਮਾਲਕ ਪੀ ਆਰ 126 ਕਿਸਮ ਨੂੰ ਲੈਣ ਲਈ ਸਾਫ ਤੌਰ 'ਤੇ ਮਨਾਹੀ ਕਰ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਜ਼ਿਲ੍ਹਾ ਪ੍ਰਧਾਨ ਮਾਸਟਰ ਮਹਿੰਦਰ ਸਿੰਘ ਕਮਾਲਪੁਰਾ ਤੇ ਜ਼ਿਲ੍ਹਾ ਮੀਤ ਪ੍ਰਧਾਨ ਹਰਬਖਸ਼ੀਸ਼ ਸਿੰਘ ਰਾਏ ਚੱਕ ਭਾਈ ਕਾ ਨੇ ਸਾਂਝੇ ਰੂਪ ਵਿੱਚ ਕੀਤਾ। ਕਿਸਾਨ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਅਪ੍ਰੈਲ ਮਹੀਨੇ 'ਚ ਹੀ ਝੋਨੇ ਲਈ ਮਿਲਣ ਵਾਲੀ ਨਿਰਵਿਘਨ ਬਿਜਲੀ ਸਪਲਾਈ ਦੀ ਸਮਾਂ ਸਾਰਨੀ ਜਾਰੀ ਕੀਤੀ ਜਾਵੇ ਤਾਂ ਕਿਸਾਨ ਉਸ ਸਮੇਂ ਦੇ ਹਿਸਾਬ ਨਾਲ ਝੋਨੇ ਦੀਆ ਪਨੀਰੀਆਂ ਬੀਜ ਸਕਨ, ਕਿਉਂਕਿ ਸਰਕਾਰ ਵੱਲੋਂ ਝੋਨਾ ਬੀਜਣ ਸਮੇਂ ਜਿੰਨ੍ਹਾਂ ਲੇਟ ਕਰਵਾਇਆ ਜਾਂਦਾ ਉਨ੍ਹਾਂ ਹੀ ਪੱਕਣ ਸਮੇਂ ਨਮੀਂ ਨਾ ਜਾਣ ਦਾ ਕਾਰਨ ਬਣਦਾ ਹੈ। ਇਸ ਸਮੇਂ ਬਲਾਕ ਜਗਰਾਉ ਪ੍ਰਧਾਨ ਹਰਚੰਦ ਸਿੰਘ ਢੋਲਣ, ਪ੍ਰਧਾਨ ਸਾਧੂ ਸਿੰਘ ਲੱਖਾ,ਪ੍ਰਧਾਨ ਦਰਸ਼ਨ ਸਿੰਘ ਜਲਾਲਦੀਵਾਲ,ਪ੍ਰਧਾਨ ਮਨਮੋਹਣ ਸਿੰਘ ਬੱਸੀਆ, ਚਮਕੌਰ ਸਿੰਘ ਮਾਨ ਜਲਾਲਦੀਵਾਲ, ਕੁਲਵੰਤ ਸਿੰਘ, ਪ੍ਰਧਾਨ ਸਾਧੂ ਸਿੰਘ ਚੱਕ ਭਾਈ ਕਾ, ਬਲਵਿੰਦਰ ਸਿੰਘ ਰਾਏ ਤੇ ਕੁਲਵੰਤ ਸਿੰਘ ਸੋਹਲ ਚੱਕ ਭਾਈ ਕਾ ਆਦਿ ਆਗੂ ਹਾਜ਼ਰ ਸਨ।

## ਜਨਤਾ ਦਾ ਸਰਬਪੱਖੀ ਵਿਕਾਸ ਸਾਡੀ ਪਹਿਲ : ਡਾ. ਤੰਵਰ



**ਸਿਰਸਾ (ਸੁਰਿੰਦਰ ਪਾਲ ਸਿੰਘ)** ਕਾਲਾਂਵਾਲੀ ਹਲਕੇ ਦੇ ਦੌਰੇ ਦੌਰਾਨ ਭਾਜਪਾ ਉਮੀਦਵਾਰ ਅਸ਼ੋਕ ਤੰਵਰ ਵੱਲੋਂ ਬਲਾਕ ਸਮਿਤੀ ਬੜਾਗੁੜਾ ਦੀ ਚੇਅਰਮੈਨ ਬੀਬਾ ਮਨਜੀਤ ਕੌਰ ਸਰਾਂ ਦੇ ਗ੍ਰਹਿ ਮੰਡੀ ਕਾਲਾਂਵਾਲੀ ਦੀ ਜਗੀਰ ਕਲੋਨੀ ਵਿਖੇ ਪੁੱਜੇ। ਵਰਕਰਾਂ ਨੂੰ ਸੰਬੋਧਨ ਕਰਦੇ ਕਿਹਾ ਕਿ ਸਿਰਸਾ ਜ਼ਿਲ੍ਹੇ ਸਮੇਤ ਮੰਡੀ ਕਾਲਾਂਵਾਲੀ ਦਾ ਵਿਕਾਸ ਮੇਰੀ ਪਹਿਲ ਹੋਵੇਗੀ। ਉਨ੍ਹਾਂ ਕਿਹਾ ਕਿ ਵਿਕਸਿਤ ਭਾਰਤ ਯਾਤਰਾ ਦੌਰਾਨ ਨਵੀਆਂ ਉਪਲਬਧੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੇ 10 ਸਾਲਾਂ ਦੇ ਰਾਜ ਵਿੱਚ ਜਨਤਾ ਦਾ ਸਰਬਪੱਖੀ ਵਿਕਾਸ ਹੋਇਆ ਹੈ। ਉਨਾ ਕਿਹਾ ਕਿ ਭਾਰਤੀ ਜਨਤਾ ਪਾਰਟੀ ਬੂਥ ਲੈਵਲ ਤੇ ਸੰਗਠਤ ਰੂਪ ਵਿੱਚ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਾਡੇ ਵਿਰੋਧੀਆਂ ਨੂੰ ਹਾਲੇ ਤੱਕ ਯੋਗ ਉਮੀਦਵਾਰ ਨਹੀਂ ਲੱਭ ਸਕੇ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਡਬਲ ਇੰਜਨ ਦੀ ਸਰਕਾਰ ਬਣਾਉਣ ਨਾਲ ਦੇਸ਼ ਦਾ ਸਰਪੱਖੀ ਵਿਕਾਸ ਹੋਵੇਗਾ। ਕਾਲਾਂਵਾਲੀ ਦੇ ਸਾਬਕਾ ਵਿਧਾਇਕ ਬਲਕੌਰ ਸਿੰਘ ਨੇ ਕਿਹਾ ਕਿ ਇਹ ਸਮਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਯੋਗ ਅਗਵਾਈ ਵਿਚ ਦੇਸ਼ ਨੂੰ ਅੱਗੇ ਵਧਾਉਣ ਦਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਚਾਹੁੰਦੇ ਹਨ ਕਿ ਭਾਰਤ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਜਾਵੇ।

ਪੱਤਰਕਾਰਾਂ ਵੱਲੋਂ ਪੁੱਛੇ ਪਾਰਟੀ ਬਦਲਣ ਅਤੇ ਕਿਸਾਨੀ ਵਿਰੋਧ ਦੇ ਸਵਾਲਾਂ 'ਤੇ ਡਾ. ਤੰਵਰ ਗੋਲਮੋਲ ਉਤਰ ਦਿੰਦੇ ਨਜ਼ਰ ਆਏ।

## ਜ਼ਿਲ੍ਹਾ ਪ੍ਰਸ਼ਾਸਨ ਨੇ ਪੀੜਤ ਗੀਤਾ ਨੂੰ ਹਸਪਤਾਲ ਪਹੁੰਚਾਇਆ

### ਇਲਾਜ ਦਾ ਸਾਰਾ ਖਰਚ ਚੁੱਕੇਗਾ ਜ਼ਿਲ੍ਹਾ ਪ੍ਰਸ਼ਾਸਨ : ਐੱਸ ਡੀ ਐੱਮ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**- ਜ਼ਿਲ੍ਹਾ ਪ੍ਰਸ਼ਾਸਨ ਨੇ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਦੀ ਅਗਵਾਈ ਹੇਠ ਬਿਰਧ ਤੇ ਲੋੜਵੰਦ ਔਰਤ, ਜਿਸਦਾ ਉਸਦੇ ਪਤੀ ਤੇ ਪਰਿਵਾਰ ਵੱਲੋਂ ਇਲਾਜ ਨਹੀਂ ਕਰਾਇਆ ਜਾ ਰਿਹਾ ਸੀ, ਨੂੰ ਹਸਪਤਾਲ ਦਾਖਲ ਕਰਵਾ ਕੇ ਉਸ ਦਾ ਇਲਾਜ ਸ਼ੁਰੂ ਕਰਾਇਆ।ਉਪ ਮੰਡਲ ਮੈਜਿਸਟ੍ਰੇਟ ਫਿਰੋਜ਼ਪੁਰ ਡਾ. ਚਾਰੂਮਿਤਾ ਸ਼ੇਖਰ ਨੇ ਦੱਸਿਆ ਕਿ ਫਿਰੋਜ਼ਪੁਰ ਸ਼ਹਿਰ ਦੀ ਰਹਿਣ ਵਾਲੀ ਗੀਤਾ ਉਮਰ 58 ਸਾਲ ਪਤਨੀ ਕੇਵਲ ਕਿਸ਼ਨ ਜੋ ਕਿ ਬਿਮਾਰੀ ਦੀ ਹਾਲਤ ਵਿੱਚ ਘਰ ਅੰਦਰ ਰਹਿ ਰਹੀ ਹੈ ਤੇ ਉਸ ਦੇ ਪਤੀ ਨੇ ਹੋਰ ਵਿਆਹ ਕਰਾਇਆ ਹੋਇਆ ਹੈ, ਜੋ ਉਸ ਦੀ ਦੇਖਭਾਲ ਨਹੀਂ ਕਰਦਾ ਸੀ ਤੇ ਸ਼ੂਗਰ ਕਾਰਨ ਉਸ ਦੀ ਹਾਲਤ ਬਹੁਤ ਖਰਾਬ ਸੀ, ਜਿਸ ਬਾਰੇ ਉਨ੍ਹਾਂ ਦੇ ਗੁਆਂਢੀ ਨੇ ਵੀਡੀਓ ਬਣਾ ਕੇ ਪ੍ਰਸ਼ਾਸਨ ਤੱਕ ਪਹੁੰਚਾਈ ਹੈ, ਜਿਸ 'ਤੇ ਫੌਰੀ ਕਾਰਵਾਈ ਕਰਦਿਆਂ ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੀੜਤ ਗੀਤਾ ਨੂੰ ਪ੍ਰਾਈਵੇਟ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ ਹੈ।ਐੱਸਡੀਐੱਮ ਨੇ ਦੱਸਿਆ ਕਿ ਪੀੜ੍ਹਤ ਗੀਤਾ ਦੀ ਹਾਲਤ ਨੂੰ ਦੇਖਦਿਆਂ ਉਸ ਨੂੰ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ ਹੈ ਅਤੇ ਉਸ ਦੇ ਇਲਾਜ ਦਾ ਸਾਰਾ ਖਰਚਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤਾ ਜਾਵੇਗਾ।ਉਨ੍ਹਾਂ ਨੇ ਇਸ ਔਰਤ ਦੇ ਪਤੀ ਕੇਵਲ ਕਿਸ਼ਨ ਨਾਲ ਰਾਬਤਾ ਕੀਤਾ ਹੈ ਤੇ ਉਸ ਨੇ ਆਪਣੀ ਗਲਤੀ ਮੰਨਦਿਆਂ ਮੁਆਫ਼ੀ ਮੰਗੀ ਹੈ ਅਤੇ ਅੱਗੇ ਤੋਂ ਆਪਣੀ ਪਤਨੀ ਗੀਤਾ ਦਾ ਧਿਆਨ ਰੱਖਣ ਦਾ ਵਾਅਦਾ ਕੀਤਾ ਹੈ।ਉਨ੍ਹਾਂ ਕਿਹਾ ਕਿ ਉਹ ਪੀੜ੍ਹਤ ਗੀਤਾ ਦੇ ਚੰਗੀ ਸਿਹਤ ਦੀ ਕਾਮਨਾ ਕਰਦਿਆਂ ਬਾਗੀ ਹਸਪਤਾਲ ਵਿਖੇ ਡਾਕਟਰਾਂ ਨੂੰ ਉਸ ਦਾ ਚੰਗੀ ਵਧੀਆ ਇਲਾਜ ਕਰਨ ਲਈ ਕਿਹਾ ਹੈ।

## ਗਿਆਨ ਸਿੰਘ ਕੰਵਲ ਯਾਦਗਾਰੀ ਐਵਾਰਡ ਮਾ. ਮਨਜੀਤ ਸਿੰਘ ਵੱਸੀ ਦੀ ਝੋਲੀ



**ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)** ਰਣਜੀਤ ਪੰਜਾਬੀ ਸਾਹਿਤ ਸਭਾ (ਰਜਿ:) ਅੰਮ੍ਰਿਤਸਰ ਵੱਲੋਂ ਪੰਜਾਬੀ ਮਾਂ ਬੋਲੀ ਨੂੰ ਸਮਰਪਤ ਕਰਾਏ ਇੱਕ ਸਾਹਿਤਕ ਸਮਾਗਮ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਕਰਾਇਆ ਗਿਆ। ਇਸ ਮੌਕੇ ਮਰਹੂਮ ਸ਼ਾਇਰ ਗਿਆਨ ਸਿੰਘ ਕੰਵਲ ਯਾਦਗਾਰੀ ਐਵਾਰਡ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਖਜ਼ਾਨਚੀ ਮਾ. ਮਨਜੀਤ ਸਿੰਘ ਵੱਸੀ ਨੂੰ ਦਿੱਤਾ ਗਿਆ।

ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ: ਸ਼ੇਲਿੰਦਰਜੀਤ ਸਿੰਘ ਰਾਜਨ, ਡਾ. ਧਰਮ ਸਿੰਘ, ਜਸਵੰਤ ਸਿੰਘ ਕੈਲਵੀ, ਡਾ. ਹੀਰਾ ਸਿੰਘ ਅਤੇ ਡਾ: ਗਿਆਨ ਸਿੰਘ ਘਈ ਆਦਿ ਸ਼ੁਸ਼ੋਭਿਤ ਹੋਏ। ਇਸ ਮੌਕੇ ਸੁਰਿੰਦਰ ਸਿੰਘ ਚੋਹਕਾ ਨੂੰ ਅਜੀਤ ਸਿੰਘ ਆਸ ਪੁਰਸਕਾਰ, ਤਰਸੇਮ ਸਿੰਘ ਭੰਗੂ ਨੂੰ ਨਾਨਕ ਸਿੰਘ ਪੁਰਸਕਾਰ ਸੁਲਤਾਨ ਭਾਰਤੀ ਨੂੰ ਦੇਵ ਦਰਦ ਪੁਰਸਕਾਰ, ਸੁੱਚਾ ਸਿੰਘ ਰੰਧਾਵਾ ਨੂੰ ਬਲਵੰਤ ਸਿੰਘ ਤੇਗ ਪੁਰਸਕਾਰ, ਅਤਰ ਸਿੰਘ ਤਰਸਿੱਕਾ ਨੂੰ ਤਲਵਿੰਦਰ ਸਿੰਘ ਪੁਰਸਕਾਰ, ਹਰਿੰਦਰ ਸਿੰਘ ਨੂੰ ਗੁਰਸ਼ਰਨ ਸਿੰਘ ਬੱਬਰ ਪੁਰਸਕਾਰ, ਕੀਰਤ ਪ੍ਰਤਾਪ ਸਿੰਘ ਪੰਨੂੰ ਨੂੰ ਹਰਬੰਸ ਸਿੰਘ ਨਾਗੀ ਪੁਰਸਕਾਰ, ਮਰਕਸਪਾਲ ਗੁਮਟਾਲਾ ਨੂੰ ਭਾਅ ਜੀ ਗੁਰਸ਼ਰਨ ਸਿੰਘ ਪੁਰਸਕਾਰ, ਗੁਰਜੀਤ ਕੌਰ ਅਜਨਾਲਾ ਨੂੰ ਅੰਮ੍ਰਿਤਾ ਪ੍ਰੀਤਮ ਪੁਰਸਕਾਰ ਦੇ ਕੇ ਸਨਮਾਨਤ ਕੀਤਾ ਗਿਆ। ਮੰਚ ਸੰਚਾਲਨ ਦੇ ਫਰਜ ਧਰਮਿੰਦਰ ਔਲਖ ਨੇ ਨਿਭਾਇਆ। ਇਸ ਮੌਕੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਸ਼ੇਲਿੰਦਰਜੀਤ ਸਿੰਘ ਰਾਜਨ, ਮੱਖਣ ਸਿੰਘ ਭੈਣੀਵਾਲਾ, ਜਸਪਾਲ ਸਿੰਘ ਧੂਲਕਾ, ਸਕੱਤਰ ਸਿੰਘ ਪੁਰੇਵਲ, ਮਨਜੀਤ ਸਿੰਘ ਵੱਸੀ, ਸੂਬੇਦਾਰ ਹਰਜਿੰਦਰ ਸਿੰਘ ਨਿਝਰ, ਰਮਨਦੀਪ ਸਿੰਘ ਵੱਸੀ, ਰਾਜਵਿੰਦਰ ਕੌਰ ਰਾਜ, ਜਤਿੰਦਰਪਾਲ ਕੌਰ ਭਿੰਡਰ, ਸੁਰਿੰਦਰ ਖਿਲਚੀਆਂ ਆਦਿ ਨੇ ਸ਼ਮੂਲੀਅਤ ਕੀਤੀ।

## ਹੋਲੀ ਹਾਰਟ ਸਕੂਲ ਅਜੀਤਵਾਲ 'ਚ ਵੋਟਰ ਜਾਗਰੂਕਤਾ ਸਲੋਗਨ ਮੁਕਾਬਲਾ ਕਰਾਇਆ



**ਅਜੀਤਵਾਲ (ਨਛੱਤਰ ਸੰਧੂ)**-ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਵੋਟਰ ਜਾਗਰੂਕਤਾ ਸਲੋਗਨ ਮੁਕਾਬਲੇ ਕਰਾਏ ਗਏ।ਇਸ ਸਮੇਂ ਸਕੂਲ ਅਧਿਆਪਕਾਂ ਨੇ ਦੱਸਿਆ ਕਿ ਚੋਣ ਕਮਿਸ਼ਨਰ ਦੀਆਂ ਹਦਾਇਤਾਂ ਅਨੁਸਾਰ ਇਸ ਵਾਰ 70 ਪਾਰ ਦੇ ਨਾਰੇ ਨੂੰ ਅਸਲੀ ਜਾਮਾ ਪਹਿਨਾਉਣ ਲਈ ਵੋਟਰਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ।ਇਸ ਲਈ ਸਕੂਲ ਵਿੱਚ ਵੋਟਰ ਸਲੋਗਨ ਮੁਕਾਬਲੇ ਕਰਾਏ ਗਏ, ਜਿਸ ਵਿੱਚ ਵਿਦਿਆਰਥੀਆਂ ਨੇ ਵਧ-ਚੜ੍ਹ ਕੇ ਹਿੱਸਾ ਲਿਆ।ਬਾਰ੍ਹਵੀਂ ਕਲਾਸ ਦੀਆਂ ਵਿਦਿਆਰਥਣਾਂ ਕੋਮਲਪ੍ਰੀਤ ਕੌਰ, ਮੁਸਕਾਨ, ਹਮਰੀਤ ਕੌਰ, ਸਿਮਰਨਜੀਤ ਨੇ ਰਾਈਟਿੰਗ ਸਲੋਗਨ ਮੁਕਾਬਲੇ ਵਿੱਚ ਵਧੀਆ ਪ੍ਰਦਰਸ਼ਨ ਕੀਤਾ, ਜਿਸ ਦਾ ਮਕਸਦ ਵੋਟਰਾਂ ਨੂੰ ਵੋਟ ਪਾਉਣ ਲਈ ਜਾਗਰੂਕ ਕਰਨਾ ਸੀ।ਇਸ ਸਮੇਂ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੈਆ ਪਲਤਾ ਅਤੇ ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਨੇ ਵਿਦਿਆਰਥੀਆ ਦੇ ਇਸ ਮੁਹਿੰਮ ਵਿੱਚ ਭਾਗ ਲੈਣ ਦੀ ਸ਼ਲਾਘਾ ਕੀਤੀ।

## ਪਾਦਰੀ ਸੈਮੂਅਲ ਭੱਟੀ ਨੇ ਵਿਦਿਆਰਥੀਆਂ ਦਾ ਕੀਤਾ ਸਨਮਾਨ



**ਮੋਗਾ (ਇਕਬਾਲ ਸਿੰਘ ਖਹਿਰਾ)**-ਪਿੰਡ ਡਗਰ ਵਿਖੇ ਸਕੂਲੀ ਵਿੱਦਿਆ ਵਿੱਚ ਅੱਵਲ ਰਹਿਣ ਵਾਲੇ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ। ਪਾਦਰੀ ਸੈਮੂਅਲ ਭੱਟੀ ਨੇ ਕਿਹਾ ਕਿ ਮਾਪਿਆਂ ਨੂੰ ਬੱਚਿਆਂ ਦੀ ਉਚੇਰੀ ਸਿੱਖਿਆ ਦੇਣ ਲਈ ਵਿਸ਼ੇਸ਼ ਧਿਆਨ ਦੇਣ ਅਪੀਲ ਕਰਦਿਆਂ ਕਿਹਾ ਕਿ ਬੱਚਿਆਂ ਦੇ ਹੱਥਾਂ ਵਿੱਚ ਕਲਮ ਫ਼ੜਾ ਉਨ੍ਹਾਂ ਨੂੰ ਨਸ਼ਿਆਂ ਦਾ ਤਿਆਗ ਕਰਕੇ ਚੰਗੇ ਸਮਾਜ ਦੀ ਸਿਰਜਣਾ ਕਰਨ ਲਈ ਕਿਹਾ। 90% ਪ੍ਰਤੀਸ਼ਤ ਤੋਂ ਉਪਰ ਨੰਬਰ ਲੈਣ ਵਾਲੇ ਬੱਚਿਆਂ ਸ਼ੌਰੀਆ ਸੋਲੇਮਾਨ, ਅਲੀਸ਼ਾ ਪੌਲ, ਜੰਨਤ, ਜੈਸਮੀਨ, 80% ਪ੍ਰਤੀਸ਼ਤ ਤੋ ਉਪਰ ਅਸ਼ਮੀਤ ਕੌਰ, ਐਸ਼ਮੀਨ, ਸੈਮਸਨ ਪੌਲ, ਸਿਮਰਨ ਭੱਟੀ ਨੂੰ ਚਰਚ ਵੱਲੋਂ ਕਾਪੀਆਂ ਕਿਤਾਬਾਂ ਦੇ ਕੇ ਸਨਮਾਨਤ ਕੀਤਾ ਗਿਆ।

## ਅੱਖਾਂ ਦੇ ਕੈਂਪ 'ਚ 320 ਮਰੀਜ਼ਾਂ ਦੀ ਕੀਤੀ ਮੁਫ਼ਤ ਜਾਂਚ



**ਜਲੰਧਰ :** ਤਖ਼ਤ ਸ੍ਰੀ ਪਟਨਾ ਸਾਹਿਬ ਨੇ ਆਯੁਰਵੈਦਿਕ ਤਰੀਕੇ ਰਾਹੀਂ ਅੱਖਾਂ ਦਾ ਇਲਾਜ ਕਰਨ ਵਾਲੇ ਬਰੇਲੀ ਦੇ ਬਾਬੂ ਆਈ ਹਸਪਤਾਲ ਦੇ ਆਯੁਰਵੈਦਿਕ ਐਮ.ਡੀ. ਯੂ.ਪੀ.ਰਤਨ ਪ੍ਰੋ. ਡਾ. ਮਹਿੰਦਰ ਸਿੰਘ ਬਾਸੂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਤੇ ਭਾਰਤ ਰਤਨ ਦੀ ਮੰਗ ਕੀਤੀ ਹੈ। ਇਸ ਤੋਂ ਪਹਿਲਾਂ ਵੀ ਤਖ਼ਤ ਸੱਚਖੰਡ ਹਜ਼ੂਰ ਸਾਹਿਬ ਨਾਂਦੇੜ ਤੋਂ ਡਾ. ਬਾਸੂ ਨੂੰ ਭਾਰਤ ਰਤਨ ਦੀ ਮੰਗ ਚੁੱਕੀ ਗਈ ਹੈ। ਡਾ. ਮਹਿੰਦਰ ਸਿੰਘ ਬਾਸੂ ਬਿਹਾਰ ਦੇ ਗ਼ਰੀਬ ਮੀਜ਼ਾਂ ਦੇ ਮੁਫ਼ਤ ਇਲਾਜ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਤਖ਼ਤ ਸ੍ਰੀ ਹਰਮੰਦਰ ਜੀ ਪਟਨਾ ਸਾਹਿਬ ਦੀ ਸਰਪ੍ਰਸਤੀ ਹੇਠ ਅੱਖਾਂ ਦਾ ਮੁਫ਼ਤ ਕੈਂਪ ਲਾਇਆ, ਜਿੱਥੇ ਅੱਖਾਂ ਦਾ ਵਿਸ਼ੇਸ਼ ਕੈਂਪ ਲਾਇਆ ਤੇ 320 ਮਰੀਜ਼ਾਂ ਦੀ ਅੱਖਾਂ ਦੀ ਮੁਫ਼ਤ ਜਾਂਚ ਕੀਤੀ। ਬਿਨਾਂ ਅਪ੍ਰੇਸ਼ਨ ਮੋਤੀਆਬਿੰਦ ਦਾ ਇਲਾਰ ਕਰਕੇ ਪਿਛਲੇ 42 ਸਾਲ ਤੋਂ ਉਹ ਬਿਨਾਂ ਕਿਸੇ ਮਾੜੇ ਪ੍ਰਭਾਵ ਦੇ ਸਫ਼ਲਤਾਪੂਰਵਕ ਇਲਾਜ ਕਰ ਰਹੇ ਹਨ। ਹੁਣ ਤੱਕ ਪੂਰੀ ਦੁਨੀਆ ਵਿੱਚ ਰੈਟੀਨਾ ਦਾ ਕੋਈ ਇਲਾਜ ਨਹੀਂ, ਪਜ ਡਾ. ਬਾਸੂ ਨੇ ਇਹ ਸੰਭਵ ਕਰ ਦਿਖਾਇਆ।

## ਡੀ ਸੀ ਵੱਲੋਂ ਕਣਕ ਦੀ ਖਰੀਦ ਦਾ ਜਾਇਜ਼ਾ ਲੈਣ ਲਈ ਲਲਤੋਂ ਤੇ ਜੋਧਾਂ ਦੀਆਂ ਦਾਣਾ ਮੰਡੀਆਂ ਦਾ ਦੌਰਾ



**ਜਗਰਾਉਂ (ਨਛੱਤਰ ਸੰਧੂ)**-ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਵੱਲੋਂ ਲੁਧਿਆਣਾ ਪੱਛਮੀ ਸਬ-ਡਵੀਜ਼ਨ ਅਧੀਨ ਆਉਂਦੀਆਂ ਲਲਤੋਂ ਤੇ ਜੋਧਾਂ ਵਰਗੀਆਂ ਵੱਖ-ਵੱਖ ਅਨਾਜ ਮੰਡੀਆਂ ਦਾ ਦੌਰਾ ਕਰਕੇ ਕਣਕ ਦੀ ਚੱਲ ਰਹੀ ਖਰੀਦ ਪ੍ਰਕਿਰਿਆ ਦਾ ਜਾਇਜ਼ਾ ਲਿਆ।ਦੌਰੇ ਦੌਰਾਨ ਡਿਪਟੀ ਕਮਿਸ਼ਨਰ ਸਾਹਨੀ ਨੇ ਮੰਡੀਆਂ ਵਿੱਚੋਂ ਅਨਾਜ ਦੀ ਚੱਲ ਰਹੀ ਖਰੀਦ ਅਤੇ ਲਿਫਟਿੰਗ ਸਬੰਧੀ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨਾਲ ਵਿਸਥਾਰਪੂਰਵਕ ਗੱਲਬਾਤ ਕੀਤੀ। ਉਨ੍ਹਾਂ ਅਧਿਕਾਰੀਆਂ/ਕ੍ਰਮਚਾਰੀਆਂ ਨੂੰ ਹਾੜੀ ਦੇ ਇਸ ਸੀਜ਼ਨ ਦੌਰਾਨ ਕਣਕ ਦੀ ਸੁਚਾਰੂ ਤੇ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਉਣ ਲਈ ਵੀ ਹਦਾਇਤਾਂ ਦਿੱਤੀਆਂ।ਡਿਪਟੀ ਕਮਿਸ਼ਨਰ ਨੇ ਮੰਡੀਆਂ ਵਿੱਚ ਹਾਜ਼ਰ ਕਿਸਾਨਾਂ ਨਾਲ ਵੀ ਮੀਟਿੰਗ ਕਰਕੇ ਚੱਲ ਰਹੇ ਖਰੀਦ ਕਾਰਜਾਂ ਬਾਰੇ ਜਾਣਕਾਰੀ ਲਈ। ਕਿਸਾਨਾਂ ਨੇ ਆਪਣੀ ਫ਼ਸਲ ਦੀ ਖ਼ਰੀਦ ਲਈ ਪ੍ਰਸ਼ਾਸਨ ਵੱਲੋਂ ਕੀਤੇ ਪ੍ਰਬੰਧਾਂ 'ਤੇ ਪੂਰੀ ਤਸੱਲੀ ਦਾ ਪ੍ਰਗਟਾਵਾ ਕੀਤਾ।ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਮੰਡੀਆਂ ਵਿੱਚੋਂ ਇੱਕ-ਇੱਕ ਦਾਣਾ ਚੁੱਕਣ ਲਈ ਪ੍ਰਸ਼ਾਸਨ ਦੀ ਦ੍ਰਿੜ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਜ਼ਿਲ੍ਹੇ ਵਿੱਚ ਖਰੀਦ ਕਾਰਜ ਬਹੁਤ ਹੀ ਸੁਚਾਰੂ ਢੰਗ ਨਾਲ ਚੱਲ ਰਹੇ ਹਨ।

## ਹੰਸ ਰਾਜ ਹੰਸ ਵੋਟਰਾਂ ਨੂੰ ਵੋਟ ਪਾਉਣ ਦੀ ਅਪੀਲ ਕਰਨ 'ਚ ਹੋਏ ਕਾਮਯਾਬ



**ਭਗਤਾ ਭਾਈ ਕਾ (ਰਾਜੀਵ ਗੋਇਲ)**

ਲੋਕ ਸਭਾ ਹਲਕਾ ਫ਼ਰੀਦਕੋਟ ਤੋਂ ਭਾਜਪਾ ਉਮੀਦਵਾਰ ਹੰਸ ਰਾਜ ਹੰਸ ਦਾ ਭਾਵੇਂ ਹੀ ਕਿਸਾਨਾਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ, ਪਰ ਇਸ ਵਿਰੋਧ ਦੇ ਬਾਵਜੂਦ ਉਹ ਭਾਜਪਾ ਆਗੂ ਗੁਰਬਿੰਦਰ ਸਿੱਧੂ ਦੇ ਗ੍ਰਹਿ ਵਿਖੇ ਵੋਟਰਾਂ ਨੂੰ ਵੋਟ ਪਾਉਣ ਦੀ ਅਪੀਲ ਕਰਨ ਵਿੱਚ ਕਾਮਯਾਬ ਰਹੇ। ਇਸ ਮੌਕੇ ਪੁਲਸ ਪ੍ਰਸ਼ਾਸਨ ਵੱਲੋਂ ਪੁਖਤਾ ਇੰਤਜ਼ਾਮ ਕੀਤੇ ਗਏ ਸਨ ਤਾਂ ਜੁ ਕਿਸਾਨ ਹੰਸ ਰਾਜ ਹੰਸ ਦਾ ਵਿਰੋਧ ਨਾ ਕਰ ਸਕਣ ਅਤੇ ਨਾਲ ਹੀ ਕੋਈ ਅਣਸੁਖਾਵੀਂ ਘਟਨਾ ਵੀ ਨਾ ਵਾਪਰ ਸਕੇ। ਇਸ ਗੱਲ ਦੀ ਭਿਣਕ ਕਿਸਾਨ ਯੂਨੀਅਨ ਨੂੰ ਪਈ ਤਾਂ ਉਨ੍ਹਾਂ ਵੱਲੋਂ ਮੇਨ ਸੜਕ ਦੀ ਇੱਕ ਸਾਇਡ 'ਤੇ ਧਰਨਾ ਲਾ ਦਿੱਤਾ ਗਿਆ, ਪਰ ਪ੍ਰਸ਼ਾਸਨ ਵੱਲੋਂ ਕਿਸੇ ਵੀ ਤਰ੍ਹਾਂ ਦੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਪੂਰੀ ਤਰ੍ਹਾਂ ਬੈਰੀਕੈਡਿੰਗ ਕੀਤੀ ਗਈ ਸੀ। ਜਿਉਂ ਹੀ ਦੇਰ ਸ਼ਾਮ ਹੰਸ ਰਾਜ ਹੰਸ ਦੀਆਂ ਗੱਡੀਆਂ ਦਾ ਕਾਫ਼ਲਾ ਭਗਤਾ ਦੇ ਗ੍ਰਹਿ ਵੱਲ ਨੂੰ ਵਧਿਆ, ਕਿਸਾਨਾਂ ਵੱਲੋਂ ਨਾਅਰੇਬਾਜੀ ਸ਼ੁਰੂ ਕਰ ਦਿੱਤੀ ਗਈ। ਪ੍ਰਸ਼ਾਸਨ ਦੀ ਸਖਤੀ ਕਾਰਨ ਭਾਜਪਾ ਉਮੀਦਵਾਰ ਆਪਣੇ ਟਿਕਾਣੇ 'ਤੇ ਪਹੁੰਚਣ ਵਿੱਚ ਸਫ਼ਲ ਰਹੇ। ਇਸ ਮੌਕੇ ਭਾਜਪਾ ਉਮੀਦਵਾਰ ਹੰਸ ਰਾਜ ਹੰਸ ਵੱਲੋਂ ਜਿੱਥੇ ਇਕੱਤਰ ਹੋਏ ਵੋਟਰਾਂ ਨੂੰ ਇਸ ਵਾਰ ਬੀ.ਜੇ.ਪੀ ਨੂੰ ਵੋਟ ਦਿੱਤੇ ਜਾਣ ਦੀ ਅਪੀਲ ਕੀਤੀ ਗਈ, ਉੱਥੇ ਹੀ ਆਪਣੀ ਕਲਾ ਦੇ ਮਾਧਿਅਮ ਰਾਹੀਂ 'ਧੀਆਂ ਨੂੰ ਕੁੱਖਾਂ ਵਿੱਚ ਨਾ ਮਾਰਨ' ਦੀ ਸਲਾਹ ਵੀ ਦਿੱਤੀ ਗਈ।

## ਜਥੇਬੰਦੀਆਂ ਦਾ ਵਫ਼ਦ ਠੇਕੇਦਾਰ ਖਿਲਾਫ਼ ਖੁੱਡੀਆਂ ਨੂੰ ਮਿਲਿਆ



**ਮਾਨਸਾ (ਆਤਮਾ ਸਿੰਘ ਪਮਾਰ)**-ਮਾਰਕੀਟ ਕਮੇਟੀ ਅਧੀਨ ਸਬਜ਼ੀ ਮੰਡੀ ਦੇ ਠੇਕੇਦਾਰ ਵੱਲੋਂ ਬਗੈਰ ਕਿਸੇ ਕਾਰਨ ਤੋਂ ਸਬਜ਼ੀ ਵਿਕਰੇਤਾਵਾਂ, ਆਟੋ ਰਿਕਸ਼ਾ, ਮੋਟਰਸਾਈਕਲ, ਟਰੈਕਟਰ ਰੇਹੜਾ ਤੇ ਖੱਚਰ ਰੇਹੜਾ ਯੂਨੀਅਨ ਦੇ ਆਗੂਆਂ ਤੇ ਵਰਕਰਾਂ ਨੂੰ ਤੰਗ ਪ੍ਰੇਸ਼ਾਨ ਕਰਕੇ ਜਬਰੀ ਵਸੂਲੀਆਂ ਕਰ ਰਿਹਾ ਹੈ। ਇਸ ਤੋਂ ਇਲਾਵਾ ਜਦੋਂ ਵੀ ਕੋਈ ਸਬਜ਼ੀ ਖਰੀਦਣ ਵਾਲਾ ਆਉਂਦਾ ਹੈ ਤਾਂ ਉਸ ਦਾ ਵਹੀਕਲ ਵੀ ਘੇਰ ਲਿਆ ਜਾਂਦਾ ਹੈ। ਜਥੇਬੰਦੀ ਦੇ ਆਗੂਆਂ ਨੇ ਸਪੱਸ਼ਟ ਕੀਤਾ ਕਿ ਉਹ ਨਿਯਮਾਂ ਮੁਤਾਬਕ ਪਰਚੀ ਕਟਵਾਉਣ ਲਈ ਤਿਆਰ ਹਨ, ਪ੍ਰੰਤੂ ਧੱਕੇਸ਼ਾਹੀ ਹਰਗਿਜ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਆਗੂਆਂ ਨੇ ਦੱਸਿਆ ਕਿ ਜੇਕਰ ਕੋਈ ਰੇਹੜੀ ਫੜੀ ਵਾਲਾ ਕਿਸੇ ਬਿਮਾਰੀ ਜਾਂ ਹੋਰ ਕਾਰਨ ਕਰਕੇ ਰੇਹੜੀ ਨਹੀਂ ਲਾਉਂਦਾ ਫਿਰ ਵੀ ਵਸੂਲੀ ਕੀਤੀ ਜਾਂਦੀ ਹੈ, ਇਸ ਸਮੱਸਿਆ ਨੂੰ ਲੈ ਕੇ ਜਥੇਬੰਦੀਆਂ ਦਾ ਇੱਕ ਵਫਦ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਤੇ ਬਠਿੰਡਾ ਤੋਂ ਲੋਕ ਸਭਾ ਦੇ ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਨੂੰ ਉਨ੍ਹਾਂ ਦੇ ਮਾਨਸਾ ਦੌਰੇ ਦੌਰਾਨ ਮਿਲਿਆ ਤੇ ਇੱਕ ਮੰਗ ਪੱਤਰ ਵੀ ਸੌਂਪਿਆ ਗਿਆ। ਖੁੱਡੀਆਂ ਨੇ ਵਫ਼ਦ ਨੂੰ ਧਿਆਨ ਨਾਲ ਸੁਣ ਕੇ ਚੋਣਾਂ ਤੋਂ ਬਾਅਦ ਇਸ ਮਸਲੇ ਦਾ ਸਥਾਈ ਹੱਲ ਕੱਢਣ ਦਾ ਵਿਸ਼ਵਾਸ ਦਿਵਾਇਆ।

## ਦੇਸ਼ ਭਗਤ ਕਾਲਜ ਦੇ ਮੈਨੇਜਮੈਂਟ ਵਿਭਾਗ ਦੇ ਵਿਦਿਆਰਥੀਆਂ ਲਈ ਕਰਾਇਆ ਪ੍ਰਸ਼ਨ-ਉੱਤਰ ਮੁਕਾਬਲਾ



**ਮੋਗਾ, (ਇਕਬਾਲ ਸਿੰਘ ਖਹਿਰਾ)** ਦੇਸ਼ ਭਗਤ ਫਾਊਂਡੇਸ਼ਨ ਗਰੁੱਪ ਆਫ਼ ਇੰਸਟੀਚਿਊਸ਼ਨਜ ਵਿਖੇ ਮੈਨੇਜਮੈਂਟ ਵਿਭਾਗ ਦੁਆਰਾ ਇੱਕ ਪ੍ਰਸ਼ਨ ਉੱਤਰ ਮੁਕਾਬਲਾ ਕਰਾਇਆ ਗਿਆ। ਇਸ ਮੁਕਾਬਲੇ ਵਿੱਚ ਤਿੰਨ ਟੀਮਾਂ ਬਣਾਈਆਂ ਗਈਆਂ, ਜਿਸ ਵਿੱਚ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੁਕਾਬਲੇ 'ਚ ਵਿਦਿਆਰਥੀਆਂ ਤੋਂ ਉਨ੍ਹਾਂ ਦੇ ਵਿਸ਼ੇ ਨਾਲ ਤੇ ਪੰਜਾਬੀ ਸੱਭਿਆਚਾਰ ਨਾਲ ਸੰਬੰਧਿਤ ਪ੍ਰਸ਼ਨ-ਉੱਤਰ ਪੁੱਛੇ ਗਏ। ਇਸ ਮੁਕਾਬਲੇ ਵਿੱਚ ਤਿੰਨੋਂ ਟੀਮਾਂ ਨੇ ਬਹੁਤ ਹੀ ਵਧੀਆ ਪ੍ਰਦਰਸ਼ਨ ਕੀਤਾ। ਇਸ ਮੁਕਾਬਲੇ ਵਿੱਚ ਮਨਰਾਜਦੀਪ ਕੌਰ, ਰਣਦੀਪ ਕੌਰ ਤੇ ਸੁਖਦੀਪ ਕੌਰ ਦੀ ਟੀਮ ਬੀ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਕਾਲਜ ਦੇ ਪ੍ਰਧਾਨ ਅਸ਼ੋਕ ਗੁਪਤਾ, ਚੇਅਰਮੈਨ ਡਾ. ਜੋਰਾ ਸਿੰਘ, ਡਾਇਰੈਕਟਰ ਅਨੁਜ ਗੁਪਤਾ, ਡਾਇਰੈਕਟਰ ਦਵਿੰਦਰਪਾਲ ਸਿੰਘ, ਡਾਇਰੈਕਟਰ ਗੌਰਵ ਗੁਪਤਾ ਤੇ ਪ੍ਰਿੰਸੀਪਲ ਡਾ. ਸਵਰਨਜੀਤ ਸਿੰਘ ਨੇ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਵਿਦਿਆਰਥੀਆਂ ਲਈ ਅਜਿਹੇ ਮੁਕਾਬਲੇ ਕਰਾਉਣ ਨਾਲ ਉਨ੍ਹਾਂ ਦੀ ਜਾਣਕਾਰੀ ਵਿੱਚ ਵਾਧਾ ਹੁੰਦਾ ਹੈ।

## ਸ਼੍ਰੀਮਦ ਭਾਗਵਤ ਕਥਾ ਦੇ ਪ੍ਰਭਾਵ ਕਾਰਨ ਮਾੜਾ ਸਮਾਂ ਵੀ ਕੱਟਿਆ ਜਾ ਸਕਦੈ : ਪੰ. ਭਰਤ ਦ੍ਵਿਵੇਦੀ

**ਫ਼ਤਿਹਗੜ੍ਹ ਚੂੜੀਆਂ (ਜਸਦੇਵ ਮਾਨ)** ਗੋਪਾਲ ਗਊਸ਼ਾਲਾ ਕਮੇਟੀ ਵੱਲੋਂ 21 ਅਪ੍ਰੈਲ ਤੋਂ ਮੰਦਰ ਤਲਾਬ ਵਾਲਾ ਵਿੱਚ ਪ੍ਰਧਾਨ ਪਵਨ ਚੌਹਾਨ ਤੇ ਉੱਪ ਪ੍ਰਧਾਨ ਰਿੱਕੀ ਭਾਰਦਵਾਜ ਦੀ ਰਹਿਨੁਮਾਈ ਹੇਠ ਕਰਵਾਈ ਜਾ ਰਹੀ ਸ਼੍ਰੀਮਦ ਭਾਗਵਤ ਕਥਾ ਵਿੱਚ ਲਗਾਤਾਰ ਸ਼ਹਿਰ ਨਿਵਾਸੀਆਂ ਵੱਲੋਂ ਸ਼ਰਧਾ ਨਾਲ ਵੱਡੀ ਗਿਣਤੀ 'ਚ ਸ਼ਿਰਕਤ ਕੀਤੀ ਜਾ ਰਹੀ ਹੈ।ਇਹ ਕਥਾ 27 ਅਪ੍ਰੈਲ ਤੱਕ ਲਗਾਤਾਰ ਚੱਲੇਗੀ। ਸ਼੍ਰੀਮਦ ਭਾਗਵਤ ਕਥਾ 'ਚ ਕਥਾਵਾਚਕ ਪੰ. ਭਰਤ ਦ੍ਵਿਵੇਦੀ ਨੇ ਕਿਹਾ ਕਿ ਕਲਯੁੱਗ ਵਿੱਚ ਪ੍ਰਮਾਤਮਾ ਦੀ ਪ੍ਰਾਪਤੀ ਦਾ ਇੱਕੋ-ਇੱਕ ਸਾਧਨ ਸ਼੍ਰੀਮਦ ਭਾਗਵਤ ਕਥਾ ਹੈ।ਉਨ੍ਹਾਂ ਕਿਹਾ ਕਿ ਜੇਕਰ ਤੁਸੀਂ ਆਪਣੇ ਜੀਵਨ 'ਚ ਭਗਤੀ ਦੇ ਮਾਰਗ 'ਤੇ ਚੱਲਦੇ ਹੋ ਤਾਂ ਜੀਵਨ ਅਨੰਦਮਈ ਹੋਵੇਗਾ।

ਉਨ੍ਹਾਂ ਕਿਹਾ ਕਿ ਕਲਯੁੱਗ 'ਚ ਲੋਕਾਂ ਕੋਲ ਸਮੇਂ ਦੀ ਕਮੀ ਹੈ।ਸਤਿਯੁਗ 'ਚ ਹਰ ਕੋਈ ਭਗਵਾਨ ਦੀ ਪ੍ਰਾਪਤੀ ਲਈ ਯੱਗ ਕਰਦਾ ਸੀ ਪਰ ਹੁਣ ਸਮੇਂ ਦੀ ਕਮੀ ਕਾਰਨ ਲੋਕ ਯੱਗ ਨਹੀਂ ਕਰਦੇ।ਉਨ੍ਹਾਂ ਕਿਹਾ ਕਿ ਸ਼੍ਰੀਮਦ ਭਾਗਵਤ ਕਥਾ ਦੇ ਪ੍ਰਭਾਵ ਕਾਰਨ ਮਾੜਾ ਸਮਾਂ ਵੀ ਕੱਟਿਆ ਜਾ ਸਕਦਾ ਹੈ, ਜਿਸ ਲਈ ਸਾਨੂੰ ਆਪਣੇ ਜੀਵਨ ਵਿੱਚ ਭਗਤੀ ਭਾਵਨਾਵਾਂ ਨੂੰ ਅਪਨਾਉਣਾ ਚਾਹੀਦਾ ਹੈ।ਕਥਾ ਦੀ ਸ਼ੁਰੂਆਤ ਗੁਰੂ ਵੰਦਨਾ ਤੇ ਹਨੂੰਮਾਨ ਚਾਲੀਸਾ ਨਾਲ ਕੀਤੀ ਗਈ।


**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)**

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ, 2002 {54 ਆਫ 2002}) ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਸੈਕਸ਼ਨ 13 (12) ਨਾਲ ਪੜ੍ਹੇ ਜਾਂਦੇ ਨਿਯਮ 9 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ ਮਿਤੀ 05.01.2024 ਨੂੰ ਜਾਰੀ ਡਿਮਾਂਡ ਨੋਟਿਸ ਰਾਹੀਂ ਕਰਜ਼ਦਾਰ 1. ਸ੍ਰੀ ਸੋਨੂੰ ਪੁੱਤਰ ਰੂਪ ਲਾਲ ਵਾਸੀ ਪਿੰਡ ਥੰਮੂਵਾਲ, ਸੰਢਾਂਵਾਲ, ਜਲੰਧਰ, ਪੰਜਾਬ -144703, 2. ਸ੍ਰੀ ਰਾਜੂ ਪੁੱਤਰ ਰੂਪ ਲਾਲ, ਪਿੰਡ ਥੰਮੂਵਾਲ, ਸੰਢਾਂਵਾਲ, ਜਲੰਧਰ, ਪੰਜਾਬ -144703 (ਕਰਜ਼ਦਾਰ ਵਜੋਂ ਹਵਾਲਾ) ਅਤੇ ਗਰੰਟਰ 3. ਸ੍ਰੀ ਸੁਖਚੈਨ ਸਿੰਘ ਪੁੱਤਰ ਸ੍ਰੀ ਬਲਵਿੰਦਰ ਸਿੰਘ ਵਾਸੀ ਪਿੰਡ ਥੰਮੂਵਾਲ, ਸੰਢਾਂਵਾਲ, ਜਲੰਧਰ, ਪੰਜਾਬ -144703 (ਗਰੰਟਰ ਵਜੋਂ ਨਾਮਜ਼ਦ) ਨੂੰ ਐੱਚ ਐੱਲ/05461100056 ਰਾਹੀਂ ਬਕਾਇਆ ਰਕਮ 14,77,542.80 ਰੁਪਏ ਇਸ ਨੋਟਿਸ ਦੇ ਪ੍ਰਕਾਸ਼ਿਤ ਹੋਣ ਤੋਂ ਬਾਅਦ 60 ਦਿਨਾਂ ਦੇ ਅੰਦਰ-ਅੰਦਰ ਅਦਾ ਕਰਨ ਲਈ ਕਿਹਾ ਜਾਂਦਾ ਹੈ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰ, ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਸੈਕਸ਼ਨ 13 (4) ਨਾਲ ਪੜ੍ਹੇ ਜਾਂਦੇ ਨਿਯਮ 9 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਐੱਚ ਐੱਲ/05461100056 'ਚ ਰੁਪਏ 14,77,542.80 ਸਮੇਤ 01.01.2024 ਤੋਂ ਭਵਿੱਖੀ ਵਿਆਜ ਵਸੂਲ ਕੀਤੀ ਜਾਵੇਗੀ।

**ਅਚੱਲ ਜਾਇਦਾਦ ਦਾ ਵੇਰਵਾ**

ਪ੍ਰਾਇਮਰੀ ਸਕਿਉਰਿਟੀ : ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਨੰ: 2020-21/177/1/1531 ਮਿਤੀ 18.02.2022 ਅਨੁਸਾਰ ਸ੍ਰੀ ਸੋਨੂੰ ਪੁੱਤਰ ਸ੍ਰੀ ਰੂਪ ਲਾਲ ਦੀ ਮਲਕੀਅਤ ਜਾਇਦਾਦ ਰਕਬਾ 15 ਮਰਲੇ ਜੋ ਕਿ ਥੰਮੂਵਾਲ ਹਦਬਸਤ ਨੰ: 278, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਵਿਖੇ ਸਥਿਤ ਨਾਲ ਸੰਬੰਧਤ ਸਭ ਕੁਝ।

ਮਿਤੀ 24.04.2024, ਸਥਾਨ : ਜਲੰਧਰ — (ਅਧਿਕਾਰਤ ਅਫਸਰ)



**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)**

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ, 2002 {54 ਆਫ 2002}) ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਸੈਕਸ਼ਨ 13 (12) ਨਾਲ ਪੜ੍ਹੇ ਜਾਂਦੇ ਨਿਯਮ 9 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ ਮਿਤੀ 05.01.2024 ਨੂੰ ਜਾਰੀ ਡਿਮਾਂਡ ਨੋਟਿਸ ਰਾਹੀਂ ਕਰਜ਼ਦਾਰ 1. ਸ੍ਰੀ ਬਲਵਿੰਦਰ ਸਿੰਘ ਪੁੱਤਰ ਸ੍ਰੀ ਕੇਹਰ ਸਿੰਘ ਵਾਸੀ ਪਿੰਡ ਥੰਮੂਵਾਲ, ਸੰਢਾਂਵਾਲ, ਜਲੰਧਰ, ਪੰਜਾਬ -144703, 2. ਸ੍ਰੀ ਕੇਹਰ ਸਿੰਘ ਪੁੱਤਰ ਸਾਹਿਬ ਸਿੰਘ , ਪਿੰਡ ਥੰਮੂਵਾਲ, ਸੰਢਾਂਵਾਲ, ਜਲੰਧਰ, ਪੰਜਾਬ -144703 (ਕਰਜ਼ਦਾਰ ਵਜੋਂ ਹਵਾਲਾ) ਅਤੇ ਗਰੰਟਰ 3. ਸ੍ਰੀ ਸੁਖਚੈਨ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਪਿੰਡ ਥੰਮੂਵਾਲ, ਸੰਢਾਂਵਾਲ, ਜਲੰਧਰ, ਪੰਜਾਬ -144703 ਨੂੰ ਐੱਚ ਐੱਲ/05461100055 ਰਾਹੀਂ ਬਕਾਇਆ ਰਕਮ 15,91,001.10 ਰੁਪਏ ਇਸ ਨੋਟਿਸ ਦੇ ਪ੍ਰਕਾਸ਼ਿਤ ਹੋਣ ਤੋਂ ਬਾਅਦ 60 ਦਿਨਾਂ ਦੇ ਅੰਦਰ ਅੰਦਰ ਅਦਾ ਕਰਨ ਲਈ ਕਿਹਾ ਜਾਂਦਾ ਹੈ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰ, ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਸੈਕਸ਼ਨ 13 (4) ਨਾਲ ਪੜ੍ਹੇ ਜਾਂਦੇ ਨਿਯਮ 9 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਐੱਚ ਐੱਲ/05461100055 'ਚ ਰੁਪਏ 15,91,001.10 ਸਮੇਤ 01.01.2024 ਤੋਂ ਭਵਿੱਖੀ ਵਿਆਜ ਵਸੂਲ ਕੀਤੀ ਜਾਵੇਗੀ।

**ਅਚੱਲ ਜਾਇਦਾਦ ਦਾ ਵੇਰਵਾ**

ਪ੍ਰਾਇਮਰੀ ਸਕਿਉਰਿਟੀ : ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਨੰ: 2022-23/177/1/1248 ਮਿਤੀ 06.12.2022 ਅਨੁਸਾਰ ਸ੍ਰੀ ਬਲਵਿੰਦਰ ਸਿੰਘ ਪੁੱਤਰ ਕੇਹਰ ਸਿੰਘ ਦੀ ਮਲਕੀਅਤ ਜਾਇਦਾਦ ਰਕਬਾ 5 ਮਰਲੇ ਪਿੰਡ ਥੰਮੂਵਾਲ, ਤਹਿਸੀਲ ਸ਼ਾਹਕੋਟ ਵਿਖੇ ਸਥਿਤ ਨਾਲ ਸੰਬੰਧਤ ਸਭ ਕੁਝ।

ਮਿਤੀ 24.04.2024, ਸਥਾਨ : ਜਲੰਧਰ — (ਅਧਿਕਾਰਤ ਅਫਸਰ)



**AXIS BANK LTD.** ਸਰਫੇਸੀ ਐਕਟ 2002 ਤਹਿਤ ਕਬਜ਼ਾ ਨੋਟਿਸ

ਰਿਟੇਲ ਐੱਸਟ ਸੈਂਟਰ : ਐਕਸਿਸ ਬੈਂਕ ਲਿਮ: ਦੂਜੀ ਮੰਜ਼ਲ, ਜਾਇਦਾਦ 7-ਈ, ਮਿਉਂਸਪਲ 3903/1142/16, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001, ਕਾਰਪੋਰੇਟ ਦਫਤਰ : "ਐਕਸਿਸ ਹਾਊਸ", ਬਲਾਕ-ਬੀ, ਬੰਬੇ ਡਾਈਂਗ ਮਿਲਜ਼ ਕੰਪਾਊਂਡ, ਪਾਂਡੁਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫਤਰ : "ਤ੍ਰਿਸ਼ੂਲ" ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਟੈਂਪਲ, ਲਾਅ ਗਾਰਡਨ, ਐਲਿਸਬ੍ਰਿਜ, ਅਹਿਮਦਾਬਾਦ-380006

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜੇਸ਼ਨ, ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ 2002 ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਕਰਜ਼ਦਾਰਾਂ ਨੂੰ ਉਕਤ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਨੋਟਿਸ 'ਚ ਦਰਸਾਈ ਰਕਮ ਜਮ੍ਹਾਂ ਕਰਾਉਣ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸੀ। ਕਰਜ਼ਦਾਰ ਰਕਮ ਦੀ ਅਦਾਇਗੀ 'ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਸੈਕਸ਼ਨ 13 (4) ਅਤੇ ਉਕਤ ਨਿਯਮ ਦੇ ਨਿਯਮ 8 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਦਰਜ ਮਿਤੀਆਂ ਨੂੰ ਹੇਠਾਂ ਦਰਜ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ 'ਤੇ ਐਕਸਿਸ ਬੈਂਕ ਲਿ. ਵੱਲੋਂ ਵਸੂਲੀ ਕੀਤੀ ਜਾਵੇਗੀ।

| ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ | ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਭੌਤਿਕ ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਕਮ (ਰੁ.) |
|---|---|---|---|---|
| 1. ਸ੍ਰੀ ਅਮਰਿੰਦਰ ਪਾਲ ਸਿੰਘ ਪੁੱਤਰ ਸਰਦੂਲ ਸਿੰਘ ਅਤੇ 2. ਸ੍ਰੀਮਤੀ ਗੁਰਮੀਤ ਕੌਰ ਪਤਨੀ ਅਮਰਿੰਦਰ ਪਾਲ ਸਿੰਘ ਦੋਵੇਂ ਵਾਸੀ ਮਕਾਨ ਨੰ. 822, ਗਲੀ ਨੰ. 8, ਗੁਰਬਖ਼ਸ਼ ਕਾਲੋਨੀ, ਜ਼ਿਲ੍ਹਾ ਪਟਿਆਲਾ, ਪੰਜਾਬ 147001, ਨਾਲ ਹੀ : ਮਕਾਨ ਨੰ. 822, ਗਲੀ ਨੰ. 9, ਗੁਰਬਖ਼ਸ਼ ਕਾਲੋਨੀ, ਜ਼ਿਲ੍ਹਾ ਪਟਿਆਲਾ, ਪੰਜਾਬ-147001, ਨਾਲ ਹੀ : ਸ੍ਰੀ ਅਮਰਿੰਦਰ ਪਾਲ ਸਿੰਘ ਪੁੱਤਰ ਸਰਦੂਲ ਸਿੰਘ, ਮਕਾਨ ਨੰ. ਈ ਡਬਲਯੂ ਐੱਸ 5732, ਅਰਬਨ ਅਸਟੇਟ, ਫੇਜ਼-2, ਪਟਿਆਲਾ, ਤਹਿ. ਅਤੇ ਜ਼ਿਲ੍ਹਾ ਪਟਿਆਲਾ-147001, ਨਾਲ ਹੀ ਸ੍ਰੀ ਅਮਰਿੰਦਰ ਪਾਲ ਸਿੰਘ ਪੁੱਤਰ ਸਰਦੂਲ ਸਿੰਘ ਮਾਲਕ ਮੈਸਰਜ਼ ਪੰਜਾਬੀ ਤੜਕਾ ਰੈਸਟੋਰੈਂਟ, ਮਕਾਨ ਨੰ. 822, ਮੇਨ ਬਜ਼ਾਰ ਗੁਰਬਖ਼ਸ਼ ਕਾਲੋਨੀ, ਜ਼ਿਲ੍ਹਾ ਪਟਿਆਲਾ, ਪੰਜਾਬ 147001, ਕਰਜ਼ਾ ਖਾਤਾ ਨੰ. ਐੱਲ ਪੀ ਆਰ 019504787501 | ਬੈਨਾਮਾ ਵਸੀਕਾ ਨੰ. 9704 ਮਿਤੀ 17/09/2010 ਅਨੁਸਾਰ ਗੁਰਮੀਤ ਕੌਰ ਪਤਨੀ ਅਮਰਿੰਦਰ ਪਾਲ ਸਿੰਘ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ/ ਮਕਾਨ ਨੰ. ਈ ਡਬਲਯੂ ਐੱਸ 5732 ਰਕਬਾ 40.5 ਵਰਗ ਗਜ਼ ਅਰਬਨ ਅਸਟੇਟ, ਫੇਜ਼-2 ਪਟਿਆਲਾ, ਤਹਿ. ਅਤੇ ਜ਼ਿਲ੍ਹਾ ਪਟਿਆਲਾ ਵਿਖੇ ਸਥਿਤ ਨਾਲ ਸੰਬੰਧਤ ਸਭ ਕੁਝ। ਹੱਦਾਂ : (ਬੈਨਾਮੇ ਅਨੁਸਾਰ) ਪੂਰਬ : ਈ ਡਬਲਯੂ ਐੱਸ 5804, ਪੱਛਮ : ਸੜਕ, ਉੱਤਰ : ਈ ਡਬਲਯੂ ਐੱਸ 5833, ਦੱਖਣ : ਈ ਡਬਲਯੂ ਐੱਸ 5837 | 04 ਜੂਨ 2022 | 23 ਅਪ੍ਰੈਲ 2024 | ਰੁ. 977623/- (ਰੁਪਏ ਨੌਂ ਲੱਖ ਸਤੱਤਰ ਹਜ਼ਾਰ ਛੇ ਸੌ ਤੇਈ ਕੇਵਲ) |

ਉਕਤ ਦਰਜ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਾਰੰਟਰਾਂ ਨੂੰ ਰਕਮ ਦੀ ਅਦਾਇਗੀ ਲਈ 30 ਦਿਨਾਂ ਦਾ ਨੋਟਿਸ ਦਿੱਤਾ ਜਾਂਦਾ ਹੈ। ਨਹੀਂ ਤਾਂ ਰਹਿਣ ਕੀਤੀ ਜਾਇਦਾਦ ਇਸ ਨੋਟਿਸ ਦੀ ਪ੍ਰਕਾਸ਼ਨਾ ਤੋਂ 30 ਦਿਨਾਂ ਦਾ ਸਮਾਂ ਖਤਮ ਹੋ ਜਾਣ 'ਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਤੇ 9 ਦੀਆਂ ਵਿਵਸਥਾਵਾਂ ਅਨੁਸਾਰ ਵੇਚ ਦਿੱਤੀ ਜਾਵੇਗੀ।

ਮਿਤੀ : 26.04.2024, ਸਥਾਨ : ਪਟਿਆਲਾ ਪੰਜਾਬ — ਸਹੀ/- (ਅਧਿਕਾਰਤ ਅਫਸਰ), ਐਕਸਿਸ ਬੈਂਕ ਲਿਮਟਿਡ



**ਉੱਤਰ ਰੇਲਵੇ**

**ਈ-ਨੀਲਾਮੀ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਨਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜ਼ਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-WVM24-5 | 07.04.2024 ਨੂੰ 11:00 ਵਜੇ | ਰੇਲਵੇ ਸਟੇਸ਼ਨ ਫਰੀਦਕੋਟ, ਫਿਲੌਰ, ਕਠੂਆ, ਫਿਰੋਜ਼ਪੁਰ ਕੈਂਟ ਪਠਾਨਕੋਟ ਕੈਂਟ, ਜੰਮੂ ਤਵੀ ਅਤੇ ਉਧਮਪੁਰ ਤੇ ਵਾਟਰ ਵੇਡਿੰਗ ਮਸ਼ੀਨਾਂ ਦੇ ਪ੍ਰਾਵਧਾਨ ਅਤੇ ਸੰਚਾਲਨ ਦੇ ਲਈ ਠੇਕੇ ਦਾ ਅਲਾਟਮੈਂਟ। |
| EAFZR-WVM24-6 | 09.04.2024 ਨੂੰ 12:30 ਵਜੇ | ਰੇਲਵੇ ਸਟੇਸ਼ਨ ਅੰਮ੍ਰਿਤਸਰ ਤੇ ਵਾਟਰ ਵੇਡਿੰਗ ਮਸ਼ੀਨਾਂ ਦੇ ਪ੍ਰਾਵਧਾਨ ਅਤੇ ਸੰਚਾਲਨ ਦੇ ਲਈ ਠੇਕੇ ਦਾ ਅਲਾਟਮੈਂਟ। |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ।

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ — 1243/24



ਨਵਾਂ ਜ਼ਮਾਨਾ — ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਕਾਦੀਆਂ ਪੁਲਸ ਵੱਲੋਂ 24 ਘੰਟੇ ਅੰਦਰ ਕਤਲ ਦੇ ਦੋਸ਼ੀ ਕੀਤੇ ਗ੍ਰਿਫ਼ਤਾਰ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-** ਕਾਦੀਆਂ ਪੁਲਸ ਨੇ 22 ਅਪ੍ਰੈਲ ਨੂੰ ਬਾਲਮੀਕ ਮੁਹੱਲਾ ਕਾਦੀਆਂ ਵਿੱਚ ਸਾਹਿਲ ਦੀ ਹੋਈ ਮੌਤ ਬਾਰੇ ਪ੍ਰੈਸ ਕਾਨਫਰੰਸ ਕਰ ਕੇ ਸੱਚ ਦਾ ਪਰਦਾ ਫ਼ਾਸ਼ ਕੀਤਾ ਹੈ। ਰਾਜੇਸ਼ ਕੱਕੜ ਡੀ ਐਸ ਪੀ ਕਾਦੀਆਂ ਨੇ ਸਥਾਨਕ ਐਸ ਐਚ ਓ ਬਲਵਿੰਦਰ ਸਿੰਘ ਦੀ ਮੌਜੂਦਗੀ ਵਿੱਚ ਪ੍ਰੈਸ ਕਾਨਫਰੰਸ ਕਰਦਿਆਂ ਦੱਸਿਆ ਕਿ ਐਸ ਐਸ ਪੀ ਬਟਾਲਾ ਅਸ਼ਵਨੀ ਗੋਟਿਆਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਪਤਾਨ ਪੁਲਸ ਰਮਨਿੰਦਰ ਸਿੰਘ ਦੀ ਨਿਗਰਾਨੀ ਹੇਠ ਇੰਸਪੈਕਟਰ ਬਲਵਿੰਦਰ ਸਿੰਘ ਸੰਧੂ ਮੁੱਖ ਅਫ਼ਸਰ ਥਾਣਾ ਕਾਦੀਆਂ ਦੀ ਟੀਮ ਨੇ ਅਸਲ ਕਾਤਲਾਂ ਨੂੰ ਕਾਬੂ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਇਸ ਕੇਸ ਬਾਰੇ ਜੀਤਾ ਪੁੱਤਰ ਸ਼ਿਆਮ ਵਾਸੀ ਬਾਲਮੀਕ ਮੁਹੱਲਾ ਕਾਦੀਆਂ ਨੇ ਬਿਆਨ ਲਿਖਾਇਆ ਸੀ ਕਿ 21 ਅਪ੍ਰੈਲ 2024 ਨੂੰ ਉਸ ਦੇ ਬੇਟੇ ਸਾਹਿਲ ਨੂੰ ਵਿਸ਼ਾਲ ਉਰਫ਼ ਬੁੱਡਾ ਪੁੱਤਰ ਧਰਮ ਲਾਲ ਵਾਸੀ ਬਾਲਮੀਕ ਮੁਹੱਲਾ ਕਾਦੀਆਂ, ਸੁਮਿਤ ਪੁੱਤਰ ਅਸ਼ੋਕ ਕੁਮਾਰ ਵਾਸੀ ਬਾਲਮੀਕ ਮੁਹੱਲਾ ਕਾਦੀਆਂ, ਜੋਜੀ, ਐਮੀ ਅਤੇ ਪਵਿੱਤਰ ਵਾਸੀਆਨ ਗੋਤ ਖੁਰਦ ਥਾਣਾ ਕਾਹਨੂੰਵਾਨ ਜੋ ਆਵਾਜ਼ ਮਾਰ ਕੇ ਘਰੋਂ ਲੈ ਗਏ ਸਨ, ਇਨ੍ਹਾਂ ਦਾ ਮੁੰਦਈ ਦੇ ਲੜਕੇ ਸਾਹਿਲ ਨਾਲ ਪੈਸਿਆਂ ਦਾ ਲੈਣ ਦੇਣ ਸੀ। ਜੋ ਘਰ ਵਾਪਸ ਨਹੀਂ ਆਇਆ। 22 ਅਪ੍ਰੈਲ ਨੂੰ ਡੋਗਰਾ ਧਰਮ ਕੰਡਾ ਨਾਲਾ



ਬਟਾਲਾ ਰੋਡ ਕਾਦੀਆਂ ਤੋਂ ਉਸ ਦੇ ਲੜਕੇ ਦੀ ਲਾਸ਼ ਮਿਲੀ ਜਿਸ ਦੇ ਨੱਕ ਵਿੱਚੋਂ ਖ਼ੂਨ ਨਿਕਲਿਆ ਹੋਇਆ ਸੀ। ਪੁਲਸ ਨੇ ਇਸ ਮਾਮਲੇ ਦੀ ਡੂੰਘਾਈ ਨਾਲ ਤਫ਼ਤੀਸ਼ ਅਮਲ ਵਿੱਚ ਲਿਆਂਦੀ। ਦੌਰਾਨੇ ਤਫ਼ਤੀਸ਼ ਇਹ ਗੱਲ ਸਾਹਮਣੇ ਆਈ ਕਿ ਮ੍ਰਿਤਕ ਸਾਹਿਲ ਨੂੰ ਉਸ ਦੇ ਸਾਥੀ ਵਿਸ਼ਾਲ ਉਰਫ਼ ਬੁੱਡਾ ਪੁੱਤਰ ਸੋਹਣ ਲਾਲ ਵਾਸੀ ਬਾਲਮੀਕ ਮੁਹੱਲਾ ਕਾਦੀਆਂ, ਸੁਮਿਤ ਪੁੱਤਰ ਅਸ਼ੋਕ ਕੁਮਾਰ ਵਾਸੀ ਬਾਲਮੀਕ ਮੁਹੱਲਾ ਕਾਦੀਆਂ, ਜੋਜੀ, ਐਮੀ ਅਤੇ ਪਵਿੱਤਰ ਵਾਸੀਆਨ ਗੋਤ ਖੁਰਦ ਥਾਣਾ ਕਾਹਨੂੰਵਾਨ ਆਵਾਜ਼ ਮਾਰ ਕੇ ਤਾਂ ਸਾਹਿਲ ਨੂੰ ਕੋਲ ਬੁਲਾਇਆ ਗਿਆ। ਅਮ੍ਰਿਤਪਾਲ ਸਿੰਘ, ਮਨਜੀਤ ਸਿੰਘ ਅਤੇ ਪਵਿੱਤਰ ਨੇ ਵਿਸ਼ਾਲ ਅਤੇ ਸੁਮਿਤ ਨੂੰ ਹੈਰੋਇਨ ਦਿੱਤੀ। ਵਿਸ਼ਾਲ ਨੇ ਮ੍ਰਿਤਕ ਸਾਹਿਲ ਨੂੰ ਪੀਣ ਲਈ ਦਿੱਤੀ। ਮ੍ਰਿਤਕ ਅਤੇ ਉਸ ਦੇ ਸਾਥੀ ਚਲੇ ਗਏ। ਮ੍ਰਿਤਕ ਉਸ ਦਿਨ ਹੀ ਬਾਲਮੀਕ ਮੁਹੱਲੇ ਵਿੱਚ ਰਹਿਣ ਵਾਲੇ ਬੱਬੀ ਉਰਫ਼ ਪੱਪੀ ਪੁੱਤਰ ਰਾਜੂ ਵਾਸੀ ਬਾਲਮੀਕ ਮੁਹੱਲਾ ਕਾਦੀਆਂ ਦੇ ਘਰ ਚਲਾ ਗਿਆ। ਜਿੱਥੇ ਸਾਹਿਲ ਨੂੰ ਬੱਬੀ ਉਰਫ਼ ਪੱਪੀ ਨੂੰ ਹੈਰੋਇਨ ਦਾ ਟੀਕਾ ਲਾਇਆ। ਜਿਸ ਨਾਲ ਸਾਹਿਲ ਦੀ ਮੌਤ ਹੋ ਗਈ। ਸਾਹਿਲ ਦੇ ਬਾਰੇ ਬੱਬੀ ਅਤੇ ਉਸ ਦੇ ਪਰਵਾਰ ਨੇ ਇਸ ਬਾਰੇ ਮੁੰਦਈ ਦੇ ਘਰ ਇਤਲਾਹ ਨਹੀਂ ਦਿੱਤੀ। ਅਤੇ ਉਸੇ ਦਿਨ ਮਿਤੀ 21 ਅਪ੍ਰੈਲ ਦੀ ਦਰਮਿਆਨੀ ਰਾਤ ਨੂੰ ਮ੍ਰਿਤਕ ਸਾਹਿਲ ਨੂੰ ਕੰਪੜੇ ਵਿੱਚ ਲਪੇਟ ਕੇ ਲਾਸ਼ ਖੁਰਦ ਬੁਰਦ ਕਰਨ ਲਈ ਸਾਈਕਲ ਵਾਲੀ ਰੇਹੜੀ ਵਿੱਚ ਪਾ ਕੇ ਬਟਾਲਾ ਰੋਡ ਕਾਦੀਆਂ ਨੇੜੇ ਡੋਗਰਾ ਧਰਮ ਕੰਡਾ ਲਾਗੇ ਨਾਲੇ ਵਿੱਚ ਸੁੱਟ ਆਏ। ਇਸ ਸਬੰਧੀ ਮੁੰਦਈ ਜੀਤਾ ਨੇ ਆਪਣਾ ਬਿਆਨ ਲਿਖਾਇਆ। ਪੁਲਸ ਨੇ ਮੁੱਖ ਦੋਸ਼ੀ ਬੱਬੀ ਉਰਫ਼ ਪੱਪੀ ਪੁੱਤਰ ਰਾਜੂ, ਰਾਜੂ ਪੁੱਤਰ ਰਸ਼ੀਦ ਮਸੀਹ, ਮਾਤਾ ਰਾਣੀ ਪਤਨੀ ਰਾਜੂ ਵਾਸੀਆਨ ਬਾਲਮੀਕ ਮੁਹੱਲਾ ਕਾਦੀਆਂ, ਅਮ੍ਰਿਤਪਾਲ ਸਿੰਘ ਉਰਫ਼ ਐਮੀ ਪੁੱਤਰ ਸੁਖਦੇਵ ਸਿੰਘ ਵਾਸੀ ਨਾਨੋਵਾਲ ਜੀਂਦੜ ਥਾਣਾ ਡੇਰੀ ਮੀਆਂ ਖਾਂ, ਮਨਜੀਤ ਸਿੰਘ ਉਰਫ਼ ਜੋਜੀ ਪੁੱਤਰ ਅਜਮੇਰ ਸਿੰਘ ਵਾਸੀ ਗੋਤ ਖੁਰਦ ਥਾਣਾ ਕਾਹਨੂੰਵਾਨ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਪ੍ਰਾਪਤ ਕੀਤੀ। ਡੀ ਐਸ ਪੀ ਕਾਦੀਆਂ ਰਾਜੇਸ਼ ਕੱਕੜ ਨੇ ਕਿਹਾ ਹੈ ਕਿ ਬਾਕੀ ਦੇ ਰਹਿੰਦੇ ਦੋਸ਼ੀਆਂ ਨੂੰ ਵੀ ਜਲਦੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਇਲਾਕੇ ਵਿੱਚ ਕਿਸੇ ਵੀ ਨਸ਼ਾ ਵੇਚਣ ਵਾਲੇ ਨੂੰ ਨਹੀਂ ਬਖ਼ਸ਼ਿਆ ਜਾਵੇਗਾ। ਜੋ ਵੀ ਦੋਸ਼ੀ ਪਾਏ ਜਾਣਗੇ ਉਨ੍ਹਾਂ ਨੂੰ ਸਖ਼ਤ ਕਾਨੂੰਨੀ ਸਜ਼ਾ ਦਿਵਾਈ ਜਾਵੇਗੀ।

# ਗੁਰਦੁਆਰਾ ਨਾਨਕਮਤਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ ਤੰਗ-ਪ੍ਰੇਸ਼ਾਨ ਨਾ ਕਰੇ ਉੱਤਰਾਖੰਡ ਸਰਕਾਰ : ਧਾਮੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗੁਰਦੁਆਰਾ ਸ੍ਰੀ ਨਾਨਕਮਤਾ ਸਾਹਿਬ ਵਿਖੇ ਬਾਬਾ ਤਰਸੇਮ ਸਿੰਘ ਦੇ ਕਤਲ ਮਾਮਲੇ ਵਿੱਚ ਸਥਾਨਕ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ ਤੰਗ ਪ੍ਰੇਸ਼ਾਨ ਕੀਤੇ ਜਾਣ ਦਾ ਨੋਟਿਸ ਲੈਂਦਿਆਂ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੂੰ ਮਾਮਲੇ ਵਿਚ ਗੁਰਦੁਆਰਾ ਕਮੇਟੀ ਨੂੰ ਪੁਲਸ ਪ੍ਰਸ਼ਾਸਨ ਵੱਲੋਂ ਤੰਗ ਪ੍ਰੇਸ਼ਾਨ ਕਰਨ ਤੋਂ ਰੋਕਣ ਅਤੇ ਸਿੱਖ ਭਾਵਨਾਵਾਂ ਨੂੰ ਸਮਝਣ ਦੀ ਅਪੀਲ ਕੀਤੀ ਹੈ।

ਉਨ੍ਹਾਂ ਕਿਹਾ ਕਿ ਬਾਬਾ ਤਰਸੇਮ ਸਿੰਘ ਦਾ ਕਤਲ ਬੇਹੱਦ ਦੁਖਦਾਈ ਹੈ ਪ੍ਰੰਤੂ ਇਸ ਮਾਮਲੇ ਵਿੱਚ ਧੁਰੀ ਹੋਈ ਕਮੇਟੀ ਦੇ ਪ੍ਰਧਾਨ ਅਤੇ ਗੁਰਦੁਆਰਾ ਪ੍ਰਬੰਧਕਾਂ ਨੂੰ ਨਿਸ਼ਾਨੇ 'ਤੇ ਲੈਣਾ ਠੀਕ ਨਹੀਂ ਹੈ। ਉਨ੍ਹਾਂ ਉੱਤਰਾਖੰਡ ਦੇ ਮੁੱਖ ਮੰਤਰੀ ਨੂੰ ਇਤਿਹਾਸਕ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ ਪ੍ਰੇਸ਼ਾਨ ਕਰਨ ਵਾਲੀਆਂ ਪੁਲਸ ਪ੍ਰਸ਼ਾਸਨ ਦੀਆਂ ਹਰਕਤਾਂ 'ਤੇ ਰੋਕ ਲਾਉਣ ਲਈ ਆਖਿਆ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਗੁਰਦੁਆਰਾ ਸ੍ਰੀ ਨਾਨਕਮਤਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਬਹੁ ਗਿਣਤੀ ਮੈਂਬਰਾਂ ਨੇ ਸ਼੍ਰੋਮਣੀ ਕਮੇਟੀ ਨੂੰ ਸਾਂਝੇ ਤੌਰ 'ਤੇ ਪੱਤਰ ਲਿਖ ਕੇ ਇਹ ਖਦਸ਼ਾ ਪ੍ਰਗਟਾਇਆ ਹੈ ਕਿ ਸਰਕਾਰ ਬਾਬਾ ਤਰਸੇਮ ਸਿੰਘ ਕਤਲ ਮਾਮਲੇ ਦੀ ਆੜ ਵਿਚ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣ ਲਈ ਕੋਸ਼ਿਸ਼ ਕਰ ਰਹੀ ਹੈ। ਜੇਕਰ ਅਜਿਹਾ ਹੈ ਤਾਂ ਸਿੱਖ ਕੌਮ ਇਸ ਨੂੰ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸ੍ਰੀ ਨਾਨਕਮਤਾ ਸਾਹਿਬ ਦੀ ਚੁਣੀ ਹੋਈ ਪ੍ਰਬੰਧਕ ਕਮੇਟੀ ਸੰਗਤ ਦੀਆਂ ਭਾਵਨਾਵਾਂ ਦੀ ਤਰਜਮਾਨ ਹੈ, ਜਿਸ ਵਿੱਚ ਸਰਕਾਰੀ ਦਖਲ ਅੰਦਾਜ਼ੀ ਤੁਰੰਤ ਰੋਕੀ ਜਾਵੇ। ਬਾਬਾ ਤਰਸੇਮ ਸਿੰਘ ਕਤਲ ਵਿੱਚ ਕਿਸੇ ਵੀ ਬੇਗੁਨਾਹ ਤੇ ਬੇਕਸੂਰ ਨੂੰ ਤੰਗ ਪ੍ਰੇਸ਼ਾਨ ਨਾ ਕੀਤਾ ਜਾਵੇ। ਧਾਮੀ ਨੇ ਕਿਹਾ ਕਿ ਸੰਵਿਧਾਨਕ ਤੌਰ 'ਤੇ ਉੱਤਰਾਖੰਡ ਸੂਬੇ ਦੇ ਮੁਖੀ ਹੁੰਦਿਆਂ ਮੁੱਖ ਮੰਤਰੀ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਿੱਖ ਮਸਲਿਆਂ ਦੀ ਸੰਜੀਦਗੀ ਨੂੰ ਸਮਝਣ ਅਤੇ ਤੁਰੰਤ ਆਦੇਸ਼ ਕਰਨ ਕਿ ਗੁਰਦੁਆਰਾ ਸ੍ਰੀ ਨਾਨਕਮਤਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਕਿਸੇ ਵੀ ਆਗੂ ਨੂੰ ਬੇਲੋੜਾ ਪ੍ਰੇਸ਼ਾਨ ਨਾ ਕੀਤਾ ਜਾਵੇ।

## ਸੇਫ਼ ਸਕੂਲ ਵਾਹਨ ਯੋਜਨਾ ਤਹਿਤ ਸਕੂਲਾਂ 'ਚ ਲਗਾਏ ਗਏ ਜਾਗਰੂਕ ਕੈਂਪ

**ਫਿਲੌਰ (ਨਿਰਮਲ)-** ਮਾਣਯੋਗ ਸੀਨੀਅਰ ਕਪਤਾਨ ਪੁਲਸ ਅੰਕੁਰ ਗੁਪਤਾ ਆਈ ਪੀ ਐਸ ਜਲੰਧਰ ਦਿਹਾਤੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਦਾ ਮੈਂਟ ਜੋਸਫ ਕਾਨਵੈਂਟ ਸਕੂਲ, ਡੀ ਏ ਵੀ ਸਕੂਲ, ਅਤੇ ਸੇਂਟ ਥਾਮਸ ਸਕੂਲ ਫਿਲੌਰ ਦੇ ਸਕੂਲੀ ਬੱਸ ਦੇ ਡਰਾਇਵਰਾਂ, ਵਿਦਿਆਰਥੀਆਂ ਅਤੇ ਹੈਲਪਰ ਵੀਰਾਂ ਨੂੰ ਸੇਫ਼ ਸਕੂਲ ਵਾਹਨ ਯੋਜਨਾ ਬਾਰੇ ਜਾਗਰੂਕ ਕੀਤਾ ਅਤੇ ਡਰਾਇਵਰ ਵੀਰਾਂ ਨੂੰ ਨਸ਼ਾ ਨਾ ਕਰਕੇ ਗੱਡੀ ਚਲਾਉਣ ਦੀ ਨਸੀਹਤ ਦਿੱਤੀ ਗਈ। ਇਸ ਮੌਕੇ ਸੀਟ ਬੈਲਟ ਦੀ ਵਰਤੋਂ ਕਰਨ, ਸਕਿਓਰਿਟੀ ਨੰਬਰ ਪਲੇਟਾਂ ਲਗਵਾਉਣ ਅਤੇ ਓਵਰ ਸਪੀਡ ਵਹੀਕਲ ਨਾ ਚਲਾਉਣ, ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਅਤੇ ਡਰਾਈਵਿੰਗ ਸੰਬੰਧੀ, ਵਹੀਕਲਾਂ ਦੇ ਦਸਤਾਵੇਜ਼ ਪੂਰੇ ਰੱਖਣ ਬਾਰੇ ਜਾਗਰੂਕ ਕੀਤਾ ਗਿਆ। ਟਰੈਫਿਕ ਐਜੂਕੇਸ਼ਨ ਸੈੱਲ ਦੇ ਇੰਚਾਰਜ ਐੱਸ ਆਈ ਸੁੱਖਜਿੰਦਰ ਸਿੰਘ ਵੱਲੋਂ ਡਰਾਇਵਰ ਵੀਰਾਂ ਨੂੰ ਸੰਬੋਧਨ ਕੀਤਾ ਗਿਆ।ਇਸ ਮੌਕੇ ਹੈਡ ਕਾਂਸਟੇਬਲ ਜਸਵੀਰ ਸਿੰਘ ਟਰੈਫਿਕ ਐਜੂਕੇਸ਼ਨ ਸੈਲ ਜਲੰਧਰ ਦਿਹਾਤੀ, ਪ੍ਰਿੰਸੀਪਲ ਸਮੇਤ ਅਧਿਆਪਕ ਸਾਹਿਬਾਨ ਹਾਜ਼ਰ ਸਨ।

## ਫੁੱਟਬਾਲ ਮੁਕਾਬਲਿਆਂ 'ਚੋਂ ਲਾਲਪੁਰਾ ਟੀਮ ਦੀ ਝੰਡੀ

**ਅਜਨਾਲਾ :** ਅਜਨਾਲਾ ਸ਼ਹਿਰ ਨੇੜਲੇ ਕੌਮਾਂਤਰੀ ਸਰਹੱਦੀ ਨਗਰ ਜਗਦੇਵ ਖੁਰਦ ਵਿਖੇ ਬਾਹੀਨ ਸਪੋਰਟਸ ਕਲੱਬ ਵੱਲੋਂ ਕਰਵਾਏ ਗਏ 37ਵੇਂ ਸਾਲਾਨਾ ਬ੍ਰਧਮ ਗਿਆਨੀ ਬਾਬਾ ਕਰਨ ਦਾਸ ਜੀ ਯਾਦਗਾਰੀ ਓਪਨ ਫੁੱਟਬਾਲ ਖੇਡ ਮੁਕਾਬਲਿਆਂ ਦੌਰਾਨ ਲਾਲਪੁਰਾ ਫੁਟਬਾਲ ਟੀਮ ਨੇ ਆਪਣੀ ਨਿਕਟ ਵਿਰੋਧੀ ਜਗਦੇਵ ਖੁਰਦ ਦੀ ਟੀਮ ਨੂੰ ਫਸਵੇਂ ਮੁਕਾਬਲੇ 'ਚ ਚਿੱਤ ਕਰਕੇ ਜੇਤੂ ਝੰਡੀ ਗੱਡੀ।ਜੇਤੂ ਟੀਮਾਂ 'ਚ ਇਨਾਮ ਵੰਡਣ ਲਈ ਕਰਵਾਏ ਗਏ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਕਲੱਬ ਦੇ ਫਾਊਂਡਰ ਪ੍ਰਧਾਨ, ਉੱਘੇ ਖੇਡ ਪ੍ਰਮੋਟਰ ਤੇ ਸਮਾਜ ਸੇਵੀ ਪ੍ਰਿੰਸੀਪਲ ਸਰਬਜੀਤ ਸਿੰਘ ਗਿੱਲ, ਪਿੰਡ ਦੇ ਸਰਪੰਚ ਮਾਸਟਰ ਬਲਵਿੰਦਰ ਸਿੰਘ ਗਿੱਲ, ਸਾਬਕਾ ਸਰਪੰਚ ਮਨਜੀਤ ਸਿੰਘ ਤੇ ਨਹਿਰੂ ਯੁਵਾ ਕੇਂਦਰ ਦੇ ਰਹੇ ਸੁਬਾਈ ਕੋਆਰਡੀਨੇਟਰ ਬਿਕਰਮਜੀਤ ਸਿੰਘ ਗਿੱਲ ਨੇ ਆਪਣੇ-ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਇਨਾਮ ਵੰਡ ਸਮਾਗਮ 'ਚ ਮਾਸਟਰ ਰਛਪਾਲ ਸਿੰਘ, ਜਸਪਾਲ ਸਿੰਘ, ਗੁਰਪ੍ਰੀਤ ਸਿੰਘ ਲਾਡੀ, ਜੋਗਿੰਦਰ ਸਿੰਘ, ਰਜਿੰਦਰ ਸਿੰਘ, ਪ੍ਰਿਤਪਾਲ ਸਿੰਘ, ਜਸਜੀਤ ਸਿੰਘ, ਹਰਕਰਨ ਸਿੰਘ, ਲਾਲਾ, ਸਾਹਿਬ ਮਸੀਹ ਆਦਿ ਖੇਡ ਪ੍ਰਮੋਟਰ ਵਿਸ਼ੇਸ਼ ਮਹਿਮਾਨ ਵਜੋਂ ਮੌਜੂਦ ਸਨ।



# ਦੇਸ਼ ਨੂੰ ਫਿਰਕੂ-ਫਾਸ਼ੀਵਾਦੀ ਤਾਕਤਾਂ ਤੋਂ ਵੱਡਾ ਖਤਰਾ : ਪਾਸਲਾ



**ਅਜਨਾਲਾ :** ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਦੇ ਸੱਦੇ 'ਤੇ ਪਾਰਟੀ ਦੇ ਸਥਾਨਕ ਦਫ਼ਤਰ ਵਿਖੇ ਇਕੱਠੇ ਹੋਏ ਸੈਂਕੜੇ ਪਾਰਟੀ ਆਗੂਆਂ, ਕਾਰਕੁਨਾਂ ਤੇ ਸਮਰਥਕਾਂ ਦੇ ਖਚਾਖਚ ਭਰੇ ਇਕੱਠ ਨੂੰ ਸੰਬੋਧਨ ਕਰਦਿਆਂ ਕਾ. ਮੰਗਤ ਰਾਮ ਪਾਸਲਾ ਕੌਮੀ ਜਨਰਲ ਸਕੱਤਰ ਆਰ.ਐਮ.ਪੀ.ਆਈ. ਨੇ ਕਿਹਾ ਕਿ ਇਸ ਵੇਲੇ ਦੇਸ਼ ਨੂੰ ਫਿਰਕੂ-ਫਾਸ਼ੀਵਾਦੀ ਤਾਕਤਾਂ ਤੋਂ ਵੱਡਾ ਖਤਰਾ ਹੈ , ਦੇਸ਼ 'ਚ ਆਰ ਐੱਸ ਐਸ ਦੀ ਵਿਚਾਰਧਾਰਾ ਤੇ ਕੰਮ ਕਰਦੀ ਭਾਜਪਾ ਦੀ ਮੋਦੀ ਸਰਕਾਰ ਦਾ ਅਸਲ ਇਰਾਦਾ ਇਹ ਹੈ ਕਿ ਦੇਸ਼ ਦਾ ਧਰਮਨਿਰਪੱਖ, ਲੋਕ ਰਾਜੀ ਤੇ ਫੈਡਰਲ ਢਾਂਚੇ ਨੂੰ ਤਬਾਹ ਕਰਕੇ ਇੱਕ ਕੱਟੜ ਧਰਮ ਅਧਾਰਤ, ਗੈਰ ਲੋਕਰਾਜੀ ਵਿਵਸਥਾ ਕਾਇਮ ਕੀਤੀ ਜਾਵੇ। ਸਾਥੀ ਪਾਸਲਾ ਨੇ ਅੱਗੇ ਦੱਸਿਆ ਕਿ ਇਸ ਅਵਸਥਾ 'ਚ ਧਾਰਮਿਕ ਘੱਟ ਗਿਣਤੀਆਂ, ਦਲਿਤਾਂ, ਔਰਤਾਂ ਅਤੇ ਸਾਂਝੀ ਵਿਚਾਰਧਾਰਾ ਰੱਖਣ ਵਾਲੇ ਹੀ ਫਾਸ਼ੀਵਾਦੀ ਦੇ ਕਹਿਰ ਦਾ ਸ਼ਿਕਾਰ ਨਹੀਂ ਹੋਣਗੇ ਬਲਕਿ ਦੇਸ਼ ਦੀ ਹਿੰਦੂ ਬਹੁ ਸੰਖਿਅਕ ਲੋਕ ਵੀ ਅਜਿਹੇ ਧਾਰਮਿਕ ਕੱਟੜਵਾਦੀ ਰਾਜ ਦੀ ਕਾਰਪੋਰੇਟ ਲੁੱਟ -ਖਸੁੱਟ ਵਾਲੀ ਅਵਸਥਾ ਦਾ ਵੀ ਦੁੱਖ ਭੋਗਣਗੇ । ਮਾਰਕਸੀ ਆਗੂ ਪਾਸਲਾ ਨੇ ਅੱਗੇ ਦੱਸਿਆ ਕਿ ਅਜਿਹੀ ਅਵਸਥਾ 'ਚ ਪਾਰਟੀ ਨੇ ਫੈਸਲਾ ਕੀਤਾ ਹੈ ਕਿ ਸੰਵਿਧਾਨ ਤੇ ਜਮੂਹਰੀਅਤ ਦੀ ਰਾਖੀ ਲਈ ਇੰਡੀਆ ਗੱਠਜੋੜ ਨੂੰ ਜਿਤਾਉਣ ਲਈ ਕੋਈ ਕਸਰ ਬਾਕੀ ਨਾ ਛੱਡੀ ਜਾਵੇ। ਪਾਰਟੀ ਨੇ ਅਜਿਹੀ ਵਿਚਾਰਧਾਰਾ ਨੂੰ ਪਿੰਡ-ਪਿੰਡ ਘਰ -ਘਰ ਪਹੁੰਚਾਉਣ ਲਈ 22 ਸਫ਼ੇ ਦਾ ਪੈਂਫਲਿਟ ਜਾਰੀ ਕੀਤਾ ਹੈ। ਸਾਥੀ ਪਾਸਲਾ ਦੇ ਨਾਲ ਆਏ ਪਾਰਟੀ ਦੇ ਕੇਂਦਰੀ ਕਮੇਟੀ ਮੈਂਬਰ ਕਾ. ਗੁਰਨਾਮ ਸਿੰਘ ਦਾਉਦ ਨੇ ਇਸ ਮੌਕੇ ਕਿਹਾ ਕਿ ਆਰ ਐੱਸ ਐਸ -ਬੀ ਜੇ ਪੀ ਦੀ ਸਰਕਾਰ ਹਜਾਰਾਂ ਸਾਲ ਪੁਰਾਣੀ ਮਨੂਵਾਦੀ ਵਿਵਸਥਾ ਲਿਆਉਣਾ ਚਾਹੁੰਦੀ ਹੈ। ਇਸ ਮੌਕੇ ਸੰਯੁਕਤ ਕਿਸਾਨ ਮੋਰਚੇ ਦੇ ਪ੍ਰਮੁੱਖ ਆਗੂ ਤੇ ਜਮੂਹਰੀ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਨੇ ਵੀ ਅਜਿਹਾ ਹੀ ਫੈਸਲਾ ਲਿਆ ਹੈ ਕਿ ਬੀ ਜੇ ਪੀ ਤੇ ਇਸ ਦੀਆਂ ਇਤਿਹਾਦੀ ਪਾਰਟੀਆਂ ਨੂੰ ਚੋਣਾਂ ਸਮੇਂ ਆਪਣਾ ਸਵਾਲਨਾਮੇ ਸਬੰਧੀ ਪੁੱਛਿਆ ਜਾਵੇ ਅਤੇ ਵੋਟ ਦੀ ਚੋਟ ਨਾਲ ਇਸ ਕਿਸਾਨ ਤੇ ਮਜ਼ਦੂਰ ਵਿਰੋਧੀ ਕੇਂਦਰ ਸਰਕਾਰ ਨੂੰ ਚਲਦਾ ਕੀਤਾ ਜਾਵੇ। ਇਸ ਮਹਾਂ ਪੰਚਾਇਤ ਵਿੱਚ ਆਰ.ਐਮ.ਪੀ.ਆਈ . ਅਜਨਾਲਾ ਦੇ ਪ੍ਰਧਾਨ ਸੀਤਲ ਸਿੰਘ ਤਲਵੰਡੀ, ਸਕੱਤਰ ਸੁਰਜੀਤ ਸਿੰਘ ਦੁਧਰਾਏ, ਤੇ ਵਿੱਤ ਸਕੱਤਰ ਗੁਰਨਾਮ ਸਿੰਘ ਉਮਰਪੁਰਾ ਤੋਂ ਇਲਾਵਾ ਪਾਰਟੀ ਆਗੂਆਂ ਵਿਰਸਾ ਸਿੰਘ ਟਪਿਆਲਾ, ਅਮਰਜੀਤ ਸਿੰਘ ਭੀਲੋਵਾਲ, ਟਹਿਲ ਸਿੰਘ ਚੇਤਨਪੁਰਾ, ਤਰਸੇਮ ਸਿੰਘ ਕਾਮਲਪੁਰਾ, ਬਲਕਾਰ ਸਿੰਘ ਗੁੱਲਗੜ੍ਹ, ਸੁਰਜੀਤ ਸਿੰਘ ਭੂਰੇਗਿੱਲ, ਅਜੀਤ ਕੌਰ ਕੋਟਰਜਾਦਾ, ਸਤਵਿੰਦਰ ਸਿੰਘ ਓਠੀਆਂ, ਬੇਅੰਤ ਸਿੰਘ ਮੱਲੂਨੰਗਲ, ਜੰਗ ਬਹਾਦਰ ਸਿੰਘ ਮਟੀਆ, ਗੁਰਮੀਤ ਸਿੰਘ ਤੇ ਰਜਿੰਦਰ ਸਿੰਘ ਭਲਾ ਪਿੰਡ, ਪ੍ਰੋ.ਮਲਕ ਸਿੰਘ ਗੁਰਾਲਾ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਆਗੂ ਜੱਗਾ ਸਿੰਘ ਡੱਲਾ - ਸੁੱਚਾ ਸਿੰਘ ਘੋਗਾ ਤੇ ਗਾਇਕ ਗੁਰਪਾਲ ਗਿੱਲ ਸੈਦਪੁਰ ਨੇ ਵੀ ਵਿਚਾਰ ਤੇ ਸਵਾਲ ਜਵਾਬ ਰੱਖੇ।

# ਖ਼ਾਲਸਾ ਸਕੂਲ ਦੀ ਵਿਦਿਆਰਥਣ ਸੁਖਮਨਪ੍ਰੀਤ ਕੌਰ ਨੂੰ ਧਾਰਮਿਕ ਪ੍ਰੀਖਿਆ 'ਚ ਪਹਿਲਾ ਸਥਾਨ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੂਰੇ ਭਾਰਤ ਦੀਆਂ ਵਿੱਦਿਅਕ ਸੰਸਥਾਵਾਂ (ਸਕੂਲਾਂ ਅਤੇ ਕਾਲਜਾਂ) ਦੇ ਵਿਦਿਆਰਥੀਆਂ ਨੂੰ ਗੁਰਬਾਣੀ ਅਤੇ ਗੁਰ ਇਤਿਹਾਸ ਨਾਲ ਜੋੜਨ ਲਈ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਦੁਆਰਾ ਪੂਰੇ ਭਾਰਤ ਅੰਦਰ ਵੱਖ ਵੱਖ ਸੂਬਿਆਂ ਵਿੱਚ ਹਰ ਸਾਲ ਧਾਰਮਿਕ ਪ੍ਰੀਖਿਆ ਲਈ ਜਾਂਦੀ ਹੈ। ਇਹ ਪ੍ਰੀਖਿਆ ਦੋ ਭਾਗਾਂ (ਦਰਜਾ ਪਹਿਲਾ ਤੇ ਦਰਜਾ ਦੂਜਾ) ਵਿੱਚ ਲਈ ਜਾਂਦੀ ਹੈ। ਸ਼੍ਰੋਮਣੀ ਕਮੇਟੀ ਵਲੋਂ ਸਾਲ 2023-24 ਵਿੱਚ ਦਰਜਾ ਪਹਿਲਾ ਅਤੇ ਦੂਜਾ ਦੀ ਪੂਰੇ ਭਾਰਤ ਵਿੱਚ ਲਈ ਗਈ ਧਾਰਮਿਕ ਪ੍ਰੀਖਿਆ ਵਿੱਚ ਕੁੱਲ 43,803 ਬੱਚਿਆਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ 1549 ਵਿਦਿਆਰਥੀ ਆਪਣਾ ਨਾਂਅ ਮੈਰਿਟ ਲਿਸਟ ਵਿੱਚ ਦਰਜ ਕਰਵਾ ਕੇ ਵਜ਼ੀਫੇ ਦੇ ਹੱਕਦਾਰ ਬਣੇ ਹਨ। ਇਸ ਧਾਰਮਿਕ ਪ੍ਰੀਖਿਆ ਵਿੱਚ ਬਾਬਾ ਅਜੈ ਸਿੰਘ ਖਾਲਸਾ ਪਬਲਿਕ ਸਕੂਲ ਗੁਰਦਾਸ ਨੰਗਲ ਦੀ ਵਿਦਿਆਰਥਣ ਸੁਖਮਨਪ੍ਰੀਤ ਕੌਰ (ਜਮਾਤ ਅੱਠਵੀਂ) ਸਪੁੱਤਰੀ ਗੁਰਮੀਤ ਸਿੰਘ/ਕੁਲਵਿੰਦਰ ਕੌਰ, ਵਾਸੀ ਪਿੰਡ ਹੇਮਰਾਜਪੁਰ ਨੇ ਦਰਜਾ ਪਹਿਲਾ ਦੀ ਪ੍ਰੀਖਿਆ ਵਿੱਚ ਸਾਰੇ ਭਾਰਤ ਵਿੱਚੋਂ ਮੈਰਿਟ ਵਿੱਚ ਰਹਿ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਬਾਬਾ ਅਜੈ ਸਿੰਘ ਖਾਲਸਾ ਪਬਲਿਕ ਸਕੂਲ ਗੁਰਦਾਸ ਨੰਗਲ ਸਕੂਲ ਦੇ ਪ੍ਰਿੰਸੀਪਲ ਸਰਬਜੀਤ ਕੌਰ ਨੇ ਦੱਸਿਆ ਸ਼੍ਰੋਮਣੀ ਕਮੇਟੀ ਵਲੋਂ ਇਸ ਪ੍ਰੀਖਿਆ ਵਿੱਚ ਮੈਰਿਟ ਪ੍ਰਾਪਤ ਵਿਦਿਆਰਥੀਆਂ ਵਿੱਚੋਂ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਕ੍ਰਮਵਾਰ 5100 ਰੁਪਏ, 4100 ਰੁਪਏ ਅਤੇ 3100 ਰੁਪਏ ਵਜ਼ੀਫਾ ਦਿੱਤਾ ਜਾਵੇਗਾ ਅਤੇ ਬਾਕੀ ਮੈਰਿਟ ਪ੍ਰਾਪਤ ਪਹਿਲਾ ਦਰਜਾ ਪ੍ਰੀਖਿਆ ਦੇ ਹਰੇਕ ਵਿਦਿਆਰਥੀ ਨੂੰ 1100 ਰੁਪਏ, ਦੂਜੇ ਦਰਜੇ ਦੀ ਪ੍ਰੀਖਿਆ 'ਚ ਮੈਰਿਟ ਪ੍ਰਾਪਤ ਹਰੇਕ ਵਿਦਿਆਰਥੀ ਨੂੰ 2100 ਰੁਪਏ ਵਜ਼ੀਫਾ ਮਿਲੇਗਾ। ਪ੍ਰਿੰਸੀਪਲ ਸਰਬਜੀਤ ਕੌਰ ਨੇ ਵਿਦਿਆਰਥਣ ਸੁਖਮਨਪ੍ਰੀਤ ਕੌਰ ਤੇ ਉਸ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ। ਧਰਮ ਪ੍ਰਚਾਰ ਕਮੇਟੀ ਦੇ ਮੁਲਾਜ਼ਮਾਂ ਨੇ ਵੀ ਸਕੂਲ ਦੇ ਪ੍ਰਿੰਸੀਪਲ ਸਰਬਜੀਤ ਕੌਰ, ਵਿਦਿਆਰਥਣ ਸੁਖਮਨਪ੍ਰੀਤ ਕੌਰ ਤੇ ਉਸ ਦੇ ਮਾਤਾ-ਪਿਤਾ ਅਤੇ ਸਕੂਲ ਦੇ ਸਮੂਹ ਅਧਿਆਪਕਾਂ ਨੂੰ ਵਧਾਈ ਦਿੱਤੀ ਹੈ।



## ਆਰੀਆ ਸਮਾਜ ਮੰਦਰ 'ਚ 2 ਰੋਜ਼ਾ ਧਾਰਮਿਕ ਸਮਾਗਮ

**ਅਜਨਾਲਾ :** ਸਥਾਨਕ ਸ਼ਹਿਰ ਅਜਨਾਲਾ ਦੇ ਆਰੀਆ ਸਮਾਜ ਮੰਦਰ ਵਿਚ ਦੋ ਦਿਨ 27 ਅਤੇ 28 ਅਪ੍ਰੈਲ ਨੂੰ ਦੋ ਰੋਜ਼ਾ ਧਾਰਮਿਕ ਸਮਾਗਮ ਕਰਵਾਇਆ ਜਾਵੇਗਾ। ਜਿਸ ਵਿਚ ਆਰੀਆ ਜਗਤ ਦੇ ਪ੍ਰਸਿੱਧ ਵਿਦਵਾਨ ਪੰਡਿਤ ਵਿਜੈ ਸ਼ਾਸਤਰੀ ਅਤੇ ਸੰਗੀਤ ਰਤਨ ਪੰਡਿਤ ਸੁਰਿੰਦਰ ਜਲੰਧਰ ਵਾਲੇ ਆਪਣੀ ਮਧੁਰ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਆਰੀਆ ਸਮਾਜ ਮੰਦਰ ਅਜਨਾਲਾ ਦੇ ਪੰਡਿਤ ਮੁਕੇਸ਼ ਸ਼ਾਸਤਰੀ ਨੇ ਦੱਸਿਆ ਕਿ ਮੁੱਖ ਮਹਿਮਾਨ ਅਸ਼ੋਕ ਪਰੁਥੀ (ਰਜਿਸਟਰਾਰ ਆਰੀਆ ਵਿਧੀਆਂ ਸਭਾ ਪੰਜਾਬ) ਅਤੇ ਸੁਦੇਸ਼ ਆਰੀਆ ਰਤਨ ਮੰਤਰੀ ਆਰੀਆ ਪ੍ਰਤੀਨਿਧੀ ਸਭਾ ਪੰਜਾਬ ਹੋਣਗੇ। ਵਿਸਵ ਸ਼ਾਂਤੀ ਹੇਤੂ ਹਵਨ ਯੱਗ ਵੀ ਕਰਵਾਇਆ ਜਾਵੇਗਾ। ਇਸ ਮੌਕੇ ਲੰਗਰ ਭੰਡਾਰਾ ਵੀ ਅਤੁੱਟ ਵਰਤਾਇਆ ਜਾਵੇਗਾ। ਇਸ ਮੌਕੇ ਆਰੀਆ ਸਮਾਜ ਮੰਦਰ ਅਜਨਾਲਾ ਦੇ ਪ੍ਰਧਾਨ ਬਾਊ ਵਿਜੈ ਕੁਮਾਰ ਵਾਂਸਲ, ਅਸ਼ੋਕ ਕੁਮਾਰ ਸ਼ਰਮਾ, ਯੁਵਰਾਜ ਸਿੰਘ, ਸ਼ਮਸ਼ੇਰ ਸਿੰਘ ਸ਼ੇਰਾ ਅਜਨਾਲਾ, ਰਾਜ ਕੁਮਾਰ ਤ੍ਰੇਹਣ, ਮਨੀਸ਼ ਉੱਪਲ, ਰਾਜੇਸ਼ ਕੁਮਾਰ, ਬੱਬਲ ਅਜਨਾਲਾ, ਪ੍ਰੇਮ ਕੁਮਾਰ ਅਨੰਦ ਆਦਿ ਹਾਜ਼ਰ ਸਨ।

## ਸ਼ਿਵ ਮੰਦਰ 'ਚ ਮਨਾਈ ਹਨੂੰਮਾਨ ਜੈਅੰਤੀ

**ਕਲਾਨੌਰ, (ਮਨਦੀਪ ਕੋਹਲੀ )-** ਕਲਾਨੌਰ ਵਿੱਚ ਸ਼ਿਵ ਮੰਦਰ, ਸ੍ਰੀ ਬਾਬਾ ਲਾਲ ਦਿਆਲ ਮੰਦਰ, ਕਾਲੀ ਮਾਤਾ ਮੰਦਰ, ਸ਼ਾਹਣੀ ਮਾਤਾ ਮੰਦਰ ਆਦਿ ਵਿੱਚ ਵੀ ਸ੍ਰੀ ਹਨੂੰਮਾਨ ਜੈਅੰਤੀ ਦਾ ਤਿਉਹਾਰ ਮਨਾਇਆ ਗਿਆ। ਕਲਾਨੌਰ ਦੇ ਪ੍ਰਾਚੀਨ ਸ਼ਿਵ ਮੰਦਰ ਵਿੱਚ ਸ੍ਰੀ ਹਨੂੰਮਾਨ ਦਾ ਜਨਮ ਦਿਨ ਕੇਕ ਕੱਟ ਕੇ ਮਨਾਇਆ ਗਿਆ । ਇਸ ਤੋਂ ਇਲਾਵਾ ਦੀਵੇ ਜਗਾ ਕੇ ਦੀਵਿਆਂ ਨਾਲ ਸੀਤਾ ਰਾਮ ਲਿਖਿਆ ਗਿਆ। ਇਸ ਮੌਕੇ ਸਭ ਤੋਂ ਪਹਿਲਾਂ ਸੁੰਦਰ ਕਾਂਡ ਦਾ ਪਾਠ ਕੀਤਾ ਗਿਆ। ਹਨੂੰਮਾਨ ਚਾਲੀਸਾ ਪੜ੍ਹਿਆ ਗਿਆ। ਰਾਮ ਭਗਤਾਂ ਵੱਲੋਂ ਹਨੂੰਮਾਨ ਦੇ ਅਤੇ ਸ੍ਰੀ ਰਾਮ ਦੇ ਭਜਨਾਂ ਦਾ ਗੁਣਗਾਨ ਕੀਤਾ ਗਿਆ। ਇਸ ਮੌਕੇ ਵਿਜੇ ਸੇਠੀ, ਸੁਰਿੰਦਰ ਵਰਮਾ, ਜੀਆ ਲਾਲ ਵਰਮਾ, ਵਿਜੇ ਸਿਆਲ, ਸ਼ੈਰੀ ਸਿੰਘ, ਗੋਪੀ ਬਲਹੋਤਰਾ, ਫਾਰਮਾਸਿਸਟ ਪੰਕਜ ਜੋਸ਼ਸ਼ੀ, ਕਰਨ ਅਗਰਵਾਲ, ਜਨਕ ਰਾਜ ਭਾਰਲ, ਕਾਲਾ ਬਡਿਆਲ, ਗਗਨ ਤਲਵਾਰ ਤੋਂ ਇਲਾਵਾ ਕਲਾਨੌਰ ਦੀ ਸੰਗਤ ਹਾਜ਼ਰ ਸੀ। ਇਸ ਮੌਕੇ ਆਲੂ ਪੂਰੀ ਦਾ ਲੰਗਰ ਅਤੇ ਵੱਖ-ਵੱਖ ਤਰ੍ਹਾਂ ਦੀਆਂ ਮਠਿਆਈਆਂ ਵੀ ਸੰਗਤਾਂ ਵਿੱਚ ਵੰਡੀਆਂ ਗਈਆਂ ।

## ਮਲੇਰੀਆ ਦਿਵਸ ਮਨਾਇਆ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੀਨੀਅਰ ਮੈਡੀਕਲ ਅਫਸਰ ਗੀਤਾਂਜਲੀ ਨਿਰਦੇਸ਼ਾਂ ਅਨੁਸਾਰ ਨਵਾਂਸ਼ਹਿਰ ਇੰਸਪੈਕਟਰ ਰਾਜਿੰਦਰ ਸਿੰਘ ਗੁਰਚਰਨ ਪ੍ਰਸ਼ਾਦ ਪ੍ਰਦੀਪ ਕੁਮਾਰ ਸਮਾਰਟ ਹਾਈ ਸਕੂਲ ਪਿੰਡ ਮਹਾਲੋ ਵਿਖੇ ਵਿਸ਼ਵ ਮਲੇਰੀਆ ਦਿਵਸ ਮਨਾਇਆ ਗਿਆ। ਇਸ ਮੌਕੇ ਹੈਲਥ ਇੰਸਪੈਕਟਰ ਰਾਜਿੰਦਰ ਸਿੰਘ ਵਲੋਂ ਨਾਗਰਿਕਾਂ ਨੂੰ ਮਲੇਰੀਆ ਦੇ ਲੱਛਣਾਂ ਅਤੇ ਬਚਾਅ ਬਾਰੇ ਜਾਗਰੂਕ ਕੀਤਾ ਉਨ੍ਹਾਂ ਕਿਹਾ ਕਿ ਸਾਨੂੰ ਮਲੇਰੀਆ ਪ੍ਰਤੀ ਚੌਕਸ ਰਹਿਣਾ ਚਾਹੀਦਾ ਹੈ। ਉਨ੍ਹਾਂ ਮਲੇਰੀਆ ਬੁਖਾਰ ਦੇ ਲੱਛਣ, ਬਚਾਅ ਤੇ ਇਲਾਜ ਪ੍ਰਬੰਧਨ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਲੇਰੀਆ ਬੁਖਾਰ ਮਾਦਾ ਐਨਫਲੀਜ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਜੇਕਰ ਕਿਸੇ ਵੀ ਵਿਅਕਤੀ ਨੂੰ ਮਲੇਰੀਆ ਬੁਖਾਰ ਦੇ ਲੱਛਣ ਮਹਿਸੂਸ ਹੁੰਦੇ ਹਨ ਤਾਂ ਤੁਰੰਤ ਨੇੜੇ ਦੀ ਸਰਕਾਰੀ ਸਿਹਤ ਸੰਸਥਾ ਵਿਖੇ ਆਪਣੀ ਜਾਂਚ ਕਰਵਾਉਣੀ ਚਾਹੀਦੀ ਹੈ।

## ਸੰਧਵਾਂ ਵੱਲੋਂ ਸੁਰਜੀਤ ਸਿੰਘ ਮਿਨਹਾਸ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

**ਚੰਡੀਗੜ੍ਹ (ਗੁਰਜੀਤ ਬਿੱਲਾ)** ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਸੁਰਜੀਤ ਸਿੰਘ ਮਿਨਹਾਸ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਇੱਥੋਂ ਜਾਰੀ ਬਿਆਨ ਵਿੱਚ ਵਿਧਾਨ ਸਭਾ ਸਪੀਕਰ ਨੇ ਕਿਹਾ ਕਿ ਸੁਰਜੀਤ ਸਿੰਘ ਮਿਨਹਾਸ ਨੇ ਪੰਜਾਬ ਦੇ ਸੰਸਦੀ ਮਾਮਲਿਆਂ ਅਤੇ ਸਿੰਜਾਈ ਤੇ ਬਿਜਲੀ ਵਿਭਾਗਾਂ ਦੇ ਰਾਜ ਮੰਤਰੀ ਦੇ ਤੌਰ 'ਤੇ ਆਪਣੀਆਂ ਸੇਵਾਵਾਂ ਨਿਭਾਈਆਂ ਸਨ। ਉਨ੍ਹਾਂ ਕਿਹਾ ਕਿ ਮਿਨਹਾਸ 02 ਜੂਨ, 1986 ਨੂੰ ਪੰਜਾਬ ਵਿਧਾਨ ਸਭਾ ਦੇ ਸਪੀਕਰ ਚੁਣੇ ਗਏ। ਉਹ ਵੱਖ-ਵੱਖ ਰਾਜਨੀਤਿਕ ਅੰਦੋਲਨਾਂ ਵਿੱਚ ਸ਼ਾਮਲ ਰਹੇ ਅਤੇ ਉਨ੍ਹਾਂ ਨੇ ਵੱਖ-ਵੱਖ ਰਾਜਨੀਤਿਕ, ਧਾਰਮਿਕ ਅਤੇ ਵਿੱਦਿਅਕ ਕਾਨਫਰੰਸਾਂ ਵਿੱਚ ਹਿੱਸਾ ਲਿਆ। ਸੰਧਵਾਂ ਨੇ ਕਿਹਾ ਕਿ ਮਿਨਹਾਸ ਵੱਲੋਂ ਪੰਜਾਬ ਦੇ ਲੋਕਾਂ ਅਤੇ ਸੂਬੇ ਦੀ ਭਲਾਈ ਲਈ ਨਿਭਾਈਆਂ ਗਈਆਂ ਯਾਦਗਾਰੀ ਸੇਵਾਵਾਂ ਕਰਕੇ ਹਮੇਸ਼ਾ ਸਤਿਕਾਰ ਸਹਿਤ ਯਾਦ ਰੱਖਿਆ ਜਾਵੇਗਾ।ਸਪੀਕਰ ਨੇ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਬਖ਼ਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।

# ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਮੰਡਲ ਦੀ ਮੀਟਿੰਗ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)-** ਪਾਵਰਕਾਮ ਤੇ ਟਰਾਂਸਕੋ ਪੈਨੋਸ਼ਨਰਜ ਯੂਨੀਅਨ ਪੰਜਾਬ ਦੇ ਮੰਡਲ ਯੂਨਿਟ ਧਾਰੀਵਾਲ ਦੀ ਮੀਟਿੰਗ 132 ਕੇਵੀ ਸਬ ਸਟੇਸ਼ਨ ਧਾਰੀਵਾਲ ਵਿਖੇ ਹਰਕਿਰਪਾਲ ਸਿੰਘ ਸੋਹਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸਰਕਲ ਪ੍ਰਧਾਨ ਹਜਾਰਾ ਸਿੰਘ ਗਿੱਲ ਉਚੇਚੇ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਦੀ ਕਾਰਵਾਈ ਪ੍ਰੈਸ਼ ਨੂੰ ਜ਼ਾਰੀ ਕਰਦਿਆਂ ਪ੍ਰਧਾਨ ਹਜਾਰਾ ਸਿੰਘ ਗਿੱਲ ਤੇ ਸਕੱਤਰ ਮਹਿੰਦਰ ਸਿੰਘ ਨੇ ਕਿਹਾ



ਕਿ ਪੰਜਾਬ ਸਰਕਾਰ ਮੁਲਾਜ਼ਮਾਂ ਤੇ ਪੈਨਸਨਰਾਂ ਦੀਆਂ ਹੱਕੀ ਮੰਗਾਂ ਪ੍ਰਤੀ ਟਾਲਮਟੋਲ ਦੀ ਨੀਤੀ ਉਪਰ ਚੱਲ ਕੇ ਡੰਗ ਟਪਾ ਰਹੀ ਹੈ ਅਤੇ ਹਰ ਮਹੀਨੇ ਕਰਜੇ ਉਧਾਰ ਲੈ ਕੇ ਮੁਫਤ ਸਹੂਲਤਾਂ ਉੱਪਰ ਖਰਚ ਕਰਕੇ ਪੰਜਾਬ ਸਰਕਾਰ ਅਤੇ ਪੰਜਾਬ ਦੇ ਲੋਕਾਂ ਨੂੰ ਕਰਜਾਈ ਕਰ ਰਹੀ ਹੈ। ਪ੍ਰੰਤੂ ਮੁਲਾਜ਼ਮਾਂ ਤੇ ਪੈਨਸਨਰਾਂ ਦੇ ਕਰੋੜਾਂ ਰੁਪਏ ਬਕਾਏ ਦਾ ਭੁਗਤਾਨ ਨਾ ਕਰਕੇ ਉਸ ਉੱਪਰ ਬਣਦੇ ਵਿਆਜ ਨੂੰ ਵੀ ਹੜੱਪ ਕਰ ਰਹੀ ਹੈ। ਇਸ ਮੌਕੇ ਬੁਲਾਰਿਆਂ ਨੇ ਪੰਜਾਬ ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਸਰਕਾਰ ਮੁਲਾਜਮਾਂ ਪੈਨਸ਼ਨਰਾਂ ਦੇ ਮਸਲੇ ਤੁਰੰਤ ਹੱਲ ਕਰੇ ਤੇ ਬਾਕੀ ਮਸਲੇ ਚੋਣ ਕਮਿਸ਼ਨਰ ਦੀ ਪ੍ਰਵਾਨਗੀ ਨਾਲ ਹੱਲ ਕਰੇ, ਨਹੀਂ ਤਾਂ ਪਾਰਲੀਮੈਂਟ ਚੋਣਾਂ ਦੌਰਾਨ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਰੋਹ ਦਾ ਸਾਹਮਣਾ ਕਰਨ ਨੂੰ ਤਿਆਰ ਰਹੇ। ਮੀਟਿੰਗ ਵਿੱਚ ਸਰਕਲ ਪ੍ਰਧਾਨ ਹਜਾਰਾ ਸਿੰਘ ਗਿੱਲ, ਸਕੱਤਰ ਮਹਿੰਦਰ ਸਿੰਘ, ਖਜਾਨਚੀ ਹਰਦੀਪ ਸਿੰਘ ਖੈਹਿਰਾ, ਸੀਨੀਅਰ ਮੀਤ ਪ੍ਰਧਾਨ ਕੁਲਵੰਤ ਸਿੰਘ, ਸੀਨੀਅਰ ਮੀਤ ਪ੍ਰਧਾਨ ਕੁਲਵੰਤ ਸਿੰਘ ਸੱਗੂ, ਗੁਰਬਚਨ ਸਿੰਘ, ਤਰਸੇਮ ਸਿੰਘ ਅਠਵਾਲ, ਅਰਜਨਜੀਤ ਸਿੰਘ, ਵਜੀਰ ਸਿੰਘ ਸੁਖਵਿੰਦਰ ਸਿੰਘ ਸਿੰਦਾ, ਸੱਤਪਾਲ ਸਿੰਘ, ਸਤਨਾਮ ਸਿੰਘ ਕਲੇਰ, ਦਰਸਨ ਸਿੰਘ, ਸਵਿੰਦਰ ਸਿੰਘ, ਨਰੇਸ਼ ਕੁਮਾਰ, ਹਰਭਜਨ ਸਿੰਘ (ਸੁਪਰਡੈਂਟ), ਵਰਿੰਦਰ ਸਿੰਘ, ਵਰਿੰਦਰ ਕੁਮਾਰ, ਜਸਵੰਤ ਸਿੰਘ, ਸਵਰਨ ਮਸੀਹ, ਸਰੂਪ ਸਿੰਘ ਆਦਿ ਹਾਜਰ ਸਨ।

# ਪਬਲਿਕ ਸਕੂਲ ਝਬਾਲ ਨੂੰ ਬੈੱਸਟ ਇਨਫ੍ਰਾਸਟਰਕਚਰ ਲਈ ਤੇ ਦੋ ਅਧਿਆਪਕਾਂ ਨੂੰ ਬੈਸਟ ਟੀਚਿੰਗ ਲਈ ਐਵਾਰਡ

**ਝਬਾਲ (ਹਰਜਿੰਦਰ ਸੋਨੀ)-** ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਡਾਕਟਰ ਇੰਦਰਬੀਰ ਸਿੰਘ ਨਿੱਜਰ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਨੂੰ ਬੈਸਟ ਇਨਫ੍ਰਾਸਟਰਕਚਰ ਲਈ ਅਤੇ



ਸਕੂਲ ਦੇ ਦੋ ਅਧਿਆਪਕਾਂ ਮਨਜਿੰਦਰ ਕੌਰ ਨੂੰ (ਡਿਜੀਟਲ ਟੈਕਨਾਲੋਜੀ) ਅਤੇ ਕਜਨਪ੍ਰੀਤ ਸਿੰਘ ਨੂੰ (ਸੋਸ਼ਲ ਕੰਟਰੀਬਿਊਸ਼ਨ) ਦੇ ਖੇਤਰ ਵਿੱਚ ਪਾਏ ਯੋਗਦਾਨ ਲਈ 'ਰਾਮ ਇਕਬਾਲ ਐਕਸੀਲੈਂਸ ਐਵਾਰਡ 2024' ਨਾਲ ਸਨਮਾਨਿਤ ਕੀਤਾ ਗਿਆ। ਇਹ ਇਨਾਮ ਵੰਡ ਸਮਾਰੋਹ 21 ਅਪ੍ਰੈਲ ਨੂੰ ਸੈਂਟਰਲ ਸੀਨੀਅਰ ਸੈਕੰਡਰੀ ਸਕੂਲ ਪੱਟੀ ਵਿਖੇ ਆਯੋਜਿਤ ਕੀਤਾ ਗਿਆ ਸੀ ।ਇਸ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਡਾਕਟਰ ਆਰ.ਪੀ.ਐੱਸ. ਬੇਦੀ (ਡੀਨ ਆਫ਼ ਇੰਦਰ ਕੁਮਾਰ ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ , ਕਪੂਰਥਲਾ) ਅਤੇ ਲਾਲਜੀਤ ਸਿੰਘ ਭੁੱਲਰ (ਕੈਬਨਿਟ ਮੰਤਰੀ, ਪੰਜਾਬ ) ਨੇ ਸ਼ਿਰਕਤ ਕੀਤੀ ਸੀ। ਸਵੇਰ ਦੀ ਸਭਾ ਵਿੱਚ ਵੀ ਸਕੂਲ ਦੇ ਪ੍ਰਿੰਸੀਪਲ ਵੱਲੋਂ ਇਨ੍ਹਾਂ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਇਸ ਮੌਕੇ ਵੱਖ-ਵੱਖ ਪ੍ਰੀਖਿਆਵਾਂ ਵਿੱਚੋਂ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਹਿਸਾਬ ਓਲੰਪੀਆਡ ਪ੍ਰੀਖਿਆ ਵਿੱਚ 267 ਬੱਚਿਆਂ ਨੇ ਭਾਗ ਲਿਆ ਜਿਨ੍ਹਾਂ ਵਿੱਚੋਂ 84 ਵਿਦਿਆਰਥੀਆਂ ਨੇ ਗੋਲਡ ਮੈਡਲ ਆਫ਼ ਐਕਸੀਲੈਂਸ ਅਤੇ 24 ਵਿਦਿਆਰਥੀਆਂ ਨੇ ਗੋਲਡ ਮੈਡਲ ਆਫ਼ ਡਿਸਟਿੰਕਸ਼ਨ ਹਾਸਲ ਕੀਤੇ। 80 ਵਿਦਿਆਰਥੀਆਂ ਨੇ ਦੂਜੇ ਲੈਵਲ ਦਾ ਪੇਪਰ ਪਾਸ ਕੀਤਾ ।ਸਾਇੰਸ ਓਲੰਪੀਆਡ ਪ੍ਰੀਖਿਆ ਵਿੱਚ 38 ਵਿਦਿਆਰਥੀਆਂ ਨੇ ਭਾਗ ਲਿਆ, ਜਿਹਨਾਂ ਵਿੱਚੋਂ 9 ਵਿਦਿਆਰਥੀਆਂ ਨੇ ਗੋਲਡ ਮੈਡਲ ਆਫ਼ ਐਕਸੀਲੈਂਸ ਪ੍ਰਾਪਤ ਕੀਤੇ ।ਕਾਮਰਸ ਓਲੰਪੀਆਡ ਪ੍ਰੀਖਿਆ ਵਿੱਚ 44 ਬੱਚਿਆਂ ਨੇ ਭਾਗ ਲਿਆ ਜਿਨ੍ਹਾਂ ਵਿੱਚੋਂ 5 ਵਿਦਿਆਰਥੀਆਂ ਨੇ ਗੋਲਡ ਮੈਡਲ ਹਾਸਲ ਕੀਤੇ । ਸਕੂਲ ਦੇ ਪ੍ਰਿੰਸੀਪਲ ਅਨੂਰੀਤ ਬਾਵਾ, ਹੈੱਡਮਿਸਟ੍ਰੈੱਸ ਸਿਮਰਪ੍ਰੀਤ ਕੌਰ ਅਤੇ ਸੀਨੀਅਰ ਅਧਿਆਪਕਾਵਾਂ ਵੱਲੋਂ ਬੱਚਿਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ । ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਸੇਠੀ, ਜਤਿੰਦਰਬੀਰ ਸਿੰਘ ਬਹਿਲ ਅਤੇ ਪ੍ਰਿੰਸੀਪਲ ਅਨੂਰੀਤ ਬਾਵਾ ਨੇ ਵਿਦਿਆਰਥੀਆਂ ਨੂੰ ਇਸ ਸ਼ਾਨਦਾਰ ਸਫ਼ਲਤਾ ਦੀ ਵਧਾਈ ਦਿੰਦਿਆਂ ਅੱਗੇ ਤੋਂ ਹੋਰ ਮਿਹਨਤ ਕਰਕੇ ਬੁਲੰਦੀਆਂ ਨੂੰ ਛੂਹਣ, ਮਾਪਿਆਂ ਤੇ ਸਕੂਲ ਦਾ ਨਾਂਅ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ।

# ਕਾਂਗਰਸ ਤੇ ਉਸ ਦੇ ਸਹਿਯੋਗੀ ਦਲਾਂ ਦੀ ਨਜ਼ਰ ਆਮ ਲੋਕਾਂ ਦੀ ਕਮਾਈ ਤੇ ਜਾਇਦਾਦ 'ਤੇ : ਹੀਰਾ ਵਾਲੀਆ

**ਬਟਾਲ (ਤਰਲੋਕ ਬੱਗਾ)-** ਹੁਣ ਕਾਂਗਰਸ ਫਿਰ ਤੋਂ ਇਕ ਵਾਰ ਤੁਸ਼ਟੀਕਰਨ ਦੇ ਆਧਾਰ 'ਤੇ ਅੱਗੇ ਵਧਣਾ ਚਾਹੁੰਦੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਹੀਰਾ ਵਾਲੀਆ ਨੇ ਆਪਣੇ ਦਫ਼ਤਰ ਵਿਖੇ ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਕੀਤਾ। ਹੀਰਾ ਵਾਲੀਆ ਨੇ ਕਿਹਾ ਕਿ ਕਾਂਗਰਸ ਅਤੇ ਇੰਡੀਆ ਗਠਬੰਧਨ ਦੀ ਨਜ਼ਰ ਹੁਣ ਤੁਹਾਡੀ ਕਮਾਈ 'ਤੇ ਹੈ। ਤੁਹਾਡੀ ਜਾਇਦਾਦ 'ਤੇ ਹੈ। ਤੁਹਾਡੀ ਜਾਇਦਾਦ 'ਤੇ ਕਾਂਗਰਸ ਆਪਣਾ ਪੰਜਾ ਮਾਰਨਾ ਚਾਹੁੰਦੀ ਹੈ ਕਿਸ ਦੇ ਕੋਲ ਕਿੰਨੀ ਪ੍ਰਾਪਰਟੀ ਹੈ, ਕਿਸ ਦੇ ਕੋਲ ਕਿੰਨਾ ਧਨ ਹੈ, ਕਿਸ ਦੇ ਕੋਲ ਕਿੰਨੇ ਮਕਾਨ ਹੈ, ਕਾਂਗਰਸ ਸਰਕਾਰ ਉਸ ਦੀ ਜਾਂਚ ਕਰੇਗੀ। ਇਹ ਜੋ ਜਾਇਦਾਦ ਹੈ ਉਨ੍ਹਾਂ ਨੂੰ ਸਰਕਾਰ ਆਪਣੇ ਕਬਜ਼ੇ ਵਿਚ ਲੈ ਕੇ ਸਾਰਿਆਂ ਨੂੰ ਵੰਡ ਦੇਵੇਗੀ। ਜੋ ਇਕ ਬਹੁਤ ਹੀ ਘਟੀਆ ਫੈਸਲਾ ਹੈ। ਹੀਰਾ ਵਾਲੀਆ ਨੇ ਅੱਗੇ ਕਿਹਾ ਕਿ ਕਾਂਗਰਸ ਦੀਆਂ ਨੀਤੀਆਂ ਮੁੜ ਤੋਂ ਹੀ ਗਰੀਬ, ਘੱਟ ਗਿਣਤੀ ਅਤੇ ਦਲਿਤ ਵਿਰੋਧੀ ਰਹੀਆਂ ਹਨ ਅਤੇ ਇਸ ਕਾਂਗਰਸ ਨੇ ਹਮੇਸ਼ਾ ਹੀ ਸੰਵਿਧਾਨ ਦੇ ਉਲਟ ਚੱਲਦੇ ਹੋਏ ਕੰਮ ਕੀਤੇ। ਹੀਰਾ ਵਾਲੀਆ ਨੇ ਕਿਹਾ ਕਿ ਹੁਣ ਤੁਸੀਂ ਲੋਕ ਸੋਚੋ, ਸਾਡੀਆਂ ਮਾਤਾਵਾਂ ਅਤੇ ਭੈਣਾਂ ਦੇ ਕੋਲ ਸੋਨਾ ਹੁੰਦਾ ਹੈ। ਉਹ ਪਵਿੱਤਰ ਮੰਨਿਆ ਜਾਂਦਾ ਹੈ। ਕਾਨੂੰਨ ਵੀ ਉਸਦੀ ਸੁਰੱਖਿਆ ਕਰਦਾ ਹੈ। ਹੁਣ ਉਨ੍ਹਾਂ ਦੀ ਨਜ਼ਰ ਇਸ 'ਤੇ ਵੀ ਹੈ। ਮਾਤਾ ਭੈਣਾਂ ਦਾ ਸੋਨਾ ਚੁਰਾਉਣ ਦੇ ਲਈ ਇਹ ਸਰਵੇ ਕਰਾਉਣਾ ਚਾਹੁੰਦੇ ਹਨ। ਮਾਤਾ ਭੈਣਾਂ ਦੇ ਮੰਗਲ ਸੂਤਰ ਹੁਣ ਸਲਾਮਤ ਨਹੀਂ ਹਨ।ਇਹ ਕਾਂਗਰਸ ਨੇ ਕਿਹਾ ਹੈ। ਇਨ੍ਹਾਂ ਪਰਵਾਰਵਾਦੀ ਲੋਕਾਂ ਨੇ ਦੇਸ਼ ਨੂੰ ਲੁੱਟ ਕੇ ਆਪਣਾ ਸਮਰਾਜ ਬਣਾ ਲਿਆ ਹੈ ਕਿ ਦੇਸ਼ ਨੂੰ ਕੁਝ ਨਹੀਂ ਦਿੱਤਾ। ਜਨਤਾ ਦੇ ਧਨ ਨੂੰ ਲੁੱਟਣਾ, ਦੇਸ਼ ਨੂੰ ਲੁੱਟਣਾ ਹੀ ਕਾਂਗਰਸ ਆਪਣਾ ਜਨਮ ਸਿੱਧ ਅਧਿਕਾਰ ਸਮਝਦੀ ਹੈ।




ਤੁਹਾਡੀ ਜਾਇਦਾਦ ਖੋਹ ਕੇ ਵੰਡਣ ਦੀ ਗੱਲ ਕਹੀ ਗਈ ਹੈ। ਹੀਰਾ ਵਾਲੀਆ ਨੇ ਕਿਹਾ ਕਿ ਕਾਂਗਰਸ ਇੱਥੋਂ ਤੱਕ ਜਾਵੇਗੀ ਕਿ ਤੁਹਾਡੇ ਪਿੰਡ ਵਿਚ ਜੋ ਘਰ ਹੈ, ਤਾਂ ਉਹ ਲੋਕ 2 ਘਰ ਦੱਸ ਕੇ ਖੋਹ ਲੈਣਗੇ। ਕਾਂਗਰਸ ਦੇ ਲੋਕ ਕਹਿਣਗੇ ਕਿ ਤੁਹਾਡੇ ਕੋਲ ਪਿੰਡ ਵਿੱਚ ਤਾਂ ਇਕ ਘਰ ਪਹਿਲਾਂ ਤੋਂ ਹੀ ਹੈ। ਹੀਰਾ ਵਾਲੀਆ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਸਹੀ ਕਿਹਾ ਹੈ ਇਹ ਕਾਂਗਰਸ ਦੀ ਨੀਤੀ ਅਤੇ ਉਨ੍ਹਾਂ ਘੋਸ਼ਣਾ ਪੱਤਰ ਦਾ ਹਿਡਨ ਏਜੰਡਾ ਹੈ ਕਾਂਗਰਸ ਨੇ ਆਪਣੇ ਮੈਨੀਫਸਟੋ ਵਿੱਚ ਲਿਖਿਆ ਕਿ ਐਸ.ਸੀ, ਐਸ.ਟੀ ਅਤੇ ਓ.ਬੀ.ਸੀ ਰਿਜ਼ਰਵੇਸ਼ਨ ਦੀ 50 ਪ੍ਰਤੀਸ਼ਤ ਦੀ ਸੀਮਾ ਨੂੰ ਖਤਮ ਕਰ ਦਿੱਤਾ ਜਾਵੇਗਾ ਅਤੇ ਇਸ ਵਿਚ ਵਾਧਾ ਕੀਤਾ ਜਾਵੇਗਾ। ਭਾਵ ਉਹ ਵਧਿਆ ਹੋਇਆ ਰਾਖਵਾਂਕਰਨ ਕਿਸ ਨੂੰ ਦੇਣਗੇ। ਕਿਉਂਕਿ ਕਾਂਗਰਸ ਨੇ ਆਪਣੇ ਚੋਣ ਮਨੋਰਥ ਪੱਤਰ ਵਿਚ ਲਿਖਿਆ ਹੈ ਕਿ ਕਾਂਗਰਸ ਨੀਤੀਆਂ ਵਿਚ ਢੁਕਵੇਂ ਬਦਲਾਅ ਕਰਕੇ ਦੌਲਤ ਅਤੇ ਆਮਦਨ ਦੇ ਮਾਮਲੇ ਵਿਚ ਵਧ ਰਹੀ ਅਸਮਾਨਤਾ ਨੂੰ ਹੱਲ ਕਰੇਗੀ। ਇਸ ਲਈ ਅਸੀਂ ਵਾਅਦਾ ਕੀਤਾ ਹੈ ਕਿ ਸਾਡੀ ਸਰਕਾਰ ਸੱਤਾ ਵਿਚ ਆਉਂਦੇ ਹੀ ਅਸੀਂ ਪੂਰੇ ਦੇਸ਼ ਵਿਚ ਜਾਤੀ ਜਨਗਣਨਾ ਲਾਗੂ ਕਰਾਂਗੇ। ਦੇਸ਼ ਦਾ ਐਕਸਰੇ ਕਰਾਂਗੇ, ਦੁੱਧ ਦਾ ਦੁੱਧ ਪਾਣੀ ਦਾ ਪਾਣੀ ਹੋ ਜਾਵੇਗਾ। ਇਸ ਤੋਂ ਬਾਅਦ ਅਸੀਂ ਵਿੱਤੀ ਅਤੇ ਸੰਸਥਾਗਤ ਸਰਵੇਖਣ ਕਰਾਂਗੇ। ਉਹ ਪਤਾ ਲਗਾਉਣਗੇ ਕਿ ਭਾਰਤ ਦੀ ਦੌਲਤ ਕਿਸੇ ਦੇ ਹੱਥਾਂ ਵਿਚ ਹੈ। ਕਿਹੜੀ ਜਮਾਤ ਉਨ੍ਹਾਂ ਦੇ ਹੱਥ ਵਿਚ ਹੈ ਅਤੇ ਇਸ ਇਤਿਹਾਸਕ ਕਦਮ ਤੋਂ ਬਾਅਦ ਅਸੀਂ ਇਨਕਲਾਬੀ ਕੰਮ ਸ਼ੁਰੂ ਕਰਾਂਗੇ। ਅਸੀਂ ਤੁਹਾਨੂੰ ਉਹ ਦੇਣ ਲਈ ਕੰਮ ਕਰਾਂਗੇ ਜੋ ਤੁਹਾਡਾ ਹੱਕ ਹੈ।

# ਡਿਪਟੀ ਕਮਿਸ਼ਨਰ ਨੇ ਕਣਕ ਦੀ ਫ਼ਸਲ ਦਾ ਜਾਇਜ਼ਾ ਲਿਆ

**ਗੁਰਦਾਸਪੁਰ (ਜਨਕ ਮਹਾਜਨ)-** ਖੇਤਾਂ ਵਿੱਚ ਫ਼ਸਲੀ ਰਹਿੰਦ-ਖੂੰਹਦ ਦੇ ਨਿਪਟਾਰੇ ਦੀ ਸਮੱਸਿਆ ਦੇ ਸਾਰਥਿਕ ਹੱਲ ਲਈ ਕੀਤੇ ਜਾ ਰਹੇ ਉਪਰਾਲਿਆਂ ਤਹਿਤ ਬੀਤੀ ਸ਼ਾਮ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਗੁਰਦਾਸਪੁਰ ਬਲਾਕ ਦੇ ਪਿੰਡ ਕੋਟ ਮੋਹਨ ਲਾਲ ਅਤੇ ਤਤਲੇ ਵਿਖੇ ਪਹੁੰਚ ਕੇ ਸਰਫੇਸ ਸੀਡਰ ਨਾਲ ਬੀਜ਼ੀ ਕਣਕ ਦੀ ਫ਼ਸਲ ਦਾ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਨੇ ਕਿਸਾਨਾਂ ਵੱਲੋਂ ਸੁਪਰ ਸੀਡਰ ਅਤੇ ਹੋਰ ਵਿਧੀਆਂ ਨਾਲ ਬੀਜੀ ਗਈ ਕਣਕ ਦੇ ਖੇਤਾਂ ਦਾ ਵੀ ਦੌਰਾ ਕੀਤਾ ਅਤੇ ਨਾਲ ਹੀ ਸਰਫੇਸ ਸੀਡਰ ਨਾਲ ਬੀਜੀ ਗਈ ਕਣਕ ਦੇ ਖੇਤਾਂ ਵਿੱਚ ਪਹੁੰਚ ਕੇ ਕਿਸਾਨਾਂ ਕੋਲੋਂ ਇਸ ਵਿਧੀ ਨਾਲ ਕਣਕ ਦੀ ਬਿਜਾਈ ਕਰਨ ਦੇ ਫ਼ਾਇਦਿਆਂ ਬਾਰੇ ਜਾਣਕਾਰੀ ਹਾਸਿਲ ਕੀਤੀ। ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਸਰਫੇਸ ਸੀਡਰ ਨਾਲ ਕਣਕ ਬੀਜਣ ਵਾਲੇ ਪਿੰਡ ਕੋਟ ਮੋਹਨ ਲਾਲ ਦੇ ਕਿਸਾਨ ਪਰਮਿੰਦਰ ਸਿੰਘ ਅਤੇ ਪਿੰਡ ਤਤਲੇ ਦੇ ਕਿਸਾਨ ਦਲਜੀਤ ਸਿੰਘ ਨਾਲ ਗੱਲਬਾਤ ਕੀਤੀ। ਇਸ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਕਿਹਾ ਕਿ ਸਰਫੇਸ ਸੀਡਰ ਨਾਲ ਬੀਜੀ ਗਈ ਕਣਕ ਦੀ ਹਾਲਤ ਕਾਫ਼ੀ ਵਧੀਆ ਹੈ ਅਤੇ ਸੰਤੁਸ਼ਟੀ ਵਾਲੀ ਗੱਲ ਇਹ ਹੈ ਕਿ ਇਸ ਫ਼ਸਲ ਦੀ ਬਿਜਾਈ ਕਰਨ ਨਾਲ ਨਦੀਨਾਂ ਦੀ ਸਮੱਸਿਆ ਵੀ ਘੱਟ ਹੋਈ ਹੈ ਅਤੇ ਬਿਜਾਈ ਕਰਨ ਤੋਂ ਲੈ ਕੇ ਹੁਣ ਤੱਕ ਖ਼ਰਚੇ ਵੀ ਘਟੇ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਨੇ ਦੱਸਿਆ ਹੈ ਕਿ ਇਸ ਵਿਧੀ ਨਾਲ ਕਣਕ ਦੀ ਬਿਜਾਈ ਕਰਨ ਵਿੱਚ ਪ੍ਰਤੀ ਏਕੜ 2500 ਦੇ ਕਰੀਬ ਖੇਤੀ ਖਰਚਾ ਘਟਿਆ ਹੈ ਤੇ ਬਾਰਸ਼ਾਂ ਦੌਰਾਨ ਇਹ ਫ਼ਸਲ ਡਿੱਗਣ ਦੀ ਸਮੱਸਿਆ ਵੀ ਨਹੀਂ ਆਈ। ਇਸ ਨਾਲ ਜਿੱਥੇ ਸਿੱਧੇ ਤੌਰ ਤੇ ਕਿਸਾਨਾਂ ਨੂੰ ਆਰਥਿਕ ਫ਼ਾਇਦਾ ਹੋਵੇਗਾ ਉਥੇ ਖੇਤਾਂ ਵਿਚਲੀ ਰਹਿੰਦ ਖੂੰਹਦ ਨੂੰ ਬਹੁਤ ਆਸਾਨੀ ਨਾਲ ਨਿਪਟਾ ਕੇ ਕਣਕ ਦੀ ਬਿਜਾਈ ਆਸਾਨੀ ਨਾਲ ਕਰਨ ਦਾ ਇੱਕ ਵਧੀਆ ਬਦਲ ਵੀ ਉਪਲਬਧ ਹੋਇਆ। ਇਸ ਮੌਕੇ ਬਲਾਕ ਖੇਤੀਬਾੜੀ ਅਫ਼ਸਰ ਰਵਿੰਦਰ ਸਿੰਘ ਸੈਣੀ ਖੇਤੀਬਾੜੀ ਸਹਾਇਕ ਇੰਜੀਨੀਅਰ ਦੀਪਕ ਭਾਰਦਵਾਜ, ਖੇਤੀਬਾੜੀ ਵਿਕਾਸ ਅਫ਼ਸਰ ਮਨਜੀਤ ਸਿੰਘ, ਬੀਟੀਐਮ ਮਨਜੀਤ ਸਿੰਘ ਸਮੇਤ ਖੇਤੀਬਾੜੀ ਵਿਭਾਗ ਦੇ ਅਧਿਕਾਰੀ ਕਰਮਚਾਰੀ ਅਤੇ ਇਲਾਕੇ ਦੇ ਅਗਾਂਹਵਧੂ ਕਿਸਾਨ ਮੌਜੂਦ ਸਨ।

# ਡਿਪਟੀ ਕਮਿਸ਼ਨਰ ਵੱਲੋਂ ਸੇਫ਼ ਸਕੂਲ ਵਾਹਨ ਪਾਲਿਸੀ ਦੀ ਇੰਨ-ਬਿੰਨ ਪਾਲਣਾ ਕਰਨ ਦੀਆਂ ਹਦਾਇਤਾਂ



**ਗੁਰਦਾਸਪੁਰ (ਜਨਕ ਮਹਾਜਨ)-** ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਜ਼ਿਲ੍ਹੇ ਦੇ ਸਮੂਹ ਉਪ ਮੰਡਲ ਮੈਜਿਸਟਰੇਟ, ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ, ਗੁਰਦਾਸਪੁਰ, ਰਿਜਨਲ ਟਰਾਂਸਪੋਰਟ ਅਥਾਰਿਟੀ, ਗੁਰਦਾਸਪੁਰ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ ਅਤੇ ਸਕੈਂਡਰੀ, ਗੁਰਦਾਸਪੁਰ ਨੂੰ ਹਦਾਇਤ ਕੀਤੀ ਹੈ ਕਿ ਸਿਵਲ ਰਿੱਟ ਪਟੀਸ਼ਨ 6907 ਆਫ 2009 ਤਹਿਤ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਜਾਰੀ ਹੁਕਮਾਂ ਤਹਿਤ ਸੇਫ ਸਕੂਲ ਵਾਹਨ ਸਕੀਮ ਨੂੰ ਜ਼ਿਲ੍ਹੇ ਵਿੱਚ ਸਖਤੀ ਨਾਲ ਲਾਗੂ ਕੀਤਾ ਜਾਵੇ। ਸੇਫ਼ ਸਕੂਲ ਵਾਹਨ ਪਾਲਿਸੀ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਪਾਲਿਸੀ ਤਹਿਤ ਸਕੂਲੀ ਬੱਸਾਂ ਵਿੱਚ ਫੁੱਟ ਸਟੈਪ ਦੀ ਉਚਾਈ 220 ਮਿ.ਮੀ ਤੋਂ ਜ਼ਿਆਦਾ ਨਹੀਂ ਹੋ ਸਕਦੀ। ਸੀ.ਸੀ.ਟੀ.ਵੀ ਦੀ ਫੁਟੇਜ 60 ਦਿਨ ਤੱਕ ਸੰਭਾਲ ਕੇ ਰੱਖਣੀ ਜ਼ਰੂਰੀ ਹੈ। ਸਕੂਲ ਬੱਸ ਡਰਾਈਵਰ ਨੇ ਨੀਲੇ ਫਿੱਕੇ ਰੰਗ ਦੀ ਕਮੀਜ਼ ਅਤੇ ਕਾਲੇ ਰੰਗ ਦੇ ਬੂਟ ਪਾਏ ਹੋਣ, ਡਰਾਈਵਰ ਦੀ ਕਮੀਜ਼ ਤੇ ਨਾਮ ਵਾਲੀ ਆਈ.ਡੀ ਪਲੇਟ ਲੱਗੀ ਹੋਵੇ। ਇਸ ਤੋਂ ਇਲਾਵਾ ਡਰਾਈਵਰ ਕੋਲ ਸਾਰੇ ਬੱਚਿਆਂ ਦੇ ਨਾਮ, ਪਤਾ, ਕਲਾਸ ਅਤੇ ਬਲੱਡ ਗਰੁੱਪ ਵਾਲੀ ਲਿਸਟ ਹੋਣੀ ਚਾਹੀਦੀ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਕੂਲ ਬੱਸ ਵਿੱਚ ਸਮਰੱਥਾ ਤੋਂ ਵੱਧ ਬੱਚੇ ਨਾ ਬਿਠਾਏ ਜਾਣ, ਸਕੂਲ ਬੱਸ ਵਿੱਚ ਅੱਗ ਬੁਝਾਉਣ ਵਾਲਾ ਯੰਤਰ ਚਾਲੂ ਹਾਲਤ ਵਿੱਚ ਹੋਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਕੂਲ ਬੱਸ ਨੂੰ ਸੁਨਹਿਰੀ ਪੀਲਾ ਰੰਗ ਜ਼ਰੂਰ ਕੀਤਾ ਹੋਵੇ ਇੱਕ ਐਮਰਜੈਂਸੀ ਤਾਕੀ ਅੱਗੇ ਅਤੇ ਇੱਕ ਪਿੱਛੇ ਜ਼ਰੂਰ ਹੋਵੇ। ਸਰਕਾਰੀ ਅਤੇ ਗੈਰ ਸਰਕਾਰੀ ਸਕੂਲਾਂ ਉੱਪਰ ਇਹ ਸੇਫ ਸਕੂਲ ਵਾਹਨ ਪਾਲਿਸੀ ਲਾਗੂ ਹੋਵੇਗੀ ਅਤੇ ਇਸ ਦੀ ਉਲੰਘਣਾ ਕਰਨ ਵਾਲੇ ਵਿਅਕਤੀ/ਸਕੂਲਾਂ ਮੁਖੀਆਂ ਉੱਪਰ ਕਾਨੂੰਨ ਮੁਤਾਬਿਕ ਬਣਦੀ ਕਾਰਵਾਈ ਕੀਤੀ ਜਾਵੇਗੀ।


# ਕੋਈ ਵੀ ਬੱਚਾ ਸੰਪੂਰਨ ਟੀਕਾਕਰਨ ਤੋਂ ਵਾਂਝੇ ਨਹੀਂ ਰਹਿਣਾ ਚਾਹੀਦੈ : ਡਾ. ਜਸਪ੍ਰੀਤ ਕੌਰ

**ਨਵਾਂਸ਼ਹਿਰ, ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹਾ ਸਿਹਤ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਜ਼ਿਲ੍ਹੇ ਵਿਚ ਯੂਨੀਵਰਸਲ ਟੀਕਾਕਰਨ ਪ੍ਰੋਗਰਾਮ (ਈ ਪੀ ਆਈ) ਦੀ 50ਵੀਂ ਵਰ੍ਹੇਗੰਢ ਨੂੰ ਸਮਰਪਿਤ ਵਿਸ਼ਵ ਟੀਕਾਕਰਨ ਸਪਤਾਹ ਦੀ ਸ਼ੁਰੂਆਤ ਕਰ ਦਿੱਤੀ ਗਈ।ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਨੇ ਜ਼ਿਲ੍ਹੇ ਵਿਚ ਮੋਬਾਇਲ ਟੀਕਾਕਰਨ ਟੀਮਾਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਦੇ ਹੋਏ ਜ਼ਿਲ੍ਹੇ ਦੇ ਹਰ ਲਾਭਪਾਤਰੀ ਦੇ ਸੰਪੂਰਨ ਟੀਕਾਕਰਨ ਦੀ ਹਦਾਇਤ ਕੀਤੀ।ਉਨ੍ਹਾਂ ਕਿਹਾ ਕਿ ਉਮਰ ਦੇ ਹਿਸਾਬ ਨਾਲ ਜਿਨ੍ਹਾਂ ਬੱਚਿਆਂ ਤੇ ਗਰਭਵਤੀ ਔਰਤਾਂ ਦਾ ਟੀਕਾਕਰਨ ਅਧੂਰਾ ਹੈ, ਉਨ੍ਹਾਂ ਦਾ ਸੰਪੂਰਨ ਟੀਕਾਕਰਨ ਕਰਨਾ ਯਕੀਨੀ ਬਣਾਇਆ ਜਾਵੇ।ਉਨ੍ਹਾਂ ਕਿਹਾ ਕਿ ਕੋਈ ਵੀ ਲਾਭਪਾਤਰੀ ਸੰਪੂਰਨ ਟੀਕਾਕਰਨ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ ਹੈ।

ਇਸ ਦੌਰਾਨ ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਮਨਦੀਪ ਕਮਲ ਨੇ ਨਵਾਂਸਹਿਰ ਸਥਿਤ ਹਾਈਰਿਸਕ ਖੇਤਰਾਂ ਵਿਚ ਟੀਕਾਕਰਨ ਸੈਸ਼ਨਾਂ ਦਾ ਨਿਰੀਖਣ ਕੀਤਾ ਅਤੇ ਟੀਕਾਕਰਨ ਟੀਮਾਂ ਨੂੰ ਜ਼ਰੂਰੀ ਹਦਾਇਤਾਂ ਜਾਰੀ ਕੀਤੀਆਂ। ਉਨ੍ਹਾਂ ਕਿਹਾ ਕਿ ਜਨਤਕ ਸਿਹਤ ਲਈ ਟੀਕਾਕਰਨ ਪ੍ਰੋਗਰਾਮ ਇਕ ਮਜ਼ਬੂਤ ਬੁਨਿਆਦ ਦੇ ਰੂਪ ਵਿੱਚ ਉੱਭਰਿਆ ਹੈ ਜੋ ਕਿ ਮਾਰੂ ਬਿਮਾਰੀਆਂ ਨੂੰ ਫੈਲਣ ਤੋਂ ਰੋਕਦਾ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਦੇ ਬੱਚਿਆਂ ਜਾਂ ਗਰਭਵਤੀ ਔਰਤਾਂ ਦਾ ਕੋਈ ਵੀ ਟੀਕਾ ਲੱਗਣ ਤੋਂ ਰਹਿ ਗਿਆ ਹੈ, ਤਾਂ ਵਿਸ਼ਵ ਟੀਕਾਕਰਨ ਸਪਤਾਹ ਦੌਰਾਨ ਨੇੜੇ ਦੀ ਸਿਹਤ ਸੰਸਥਾ ਵਿਖੇ ਜਾ ਕੇ ਟੀਕਾਕਰਨ ਜ਼ਰੂਰ ਕਰਵਾਉਣ।

# ਰੱਬ ਦੇ ਸਹਾਰੇ ਜ਼ਿੰਦਗੀ ਬਸਰ ਕਰ ਰਿਹਾ ਵਡਾਲਾ ਜੌਹਲ ਦਾ ਨੇਤਰਹੀਣ ਪਰਵਾਰ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-**ਅੱਖਾਂ ਗਈਆਂ ਜਹਾਨ ਗਿਆ, ਦੰਦ ਗਏ ਸਵਾਦ ਗਿਆ, ਇਹ ਪੰਜਾਬੀ ਦੀ ਅਖਾਣ ਤਾਂ ਸਾਰਿਆਂ ਨੇ ਸੁਣੀ ਹੈ ਪਰ ਜੇਕਰ ਇੱਕੋ ਹੀ ਪਰਵਾਰ ਦੇ ਤਿੰਨ ਜੀਆਂ ਦੀਆਂ ਅੱਖਾਂ ਨਾ ਹੋਣ ਤਾਂ ਅਸੀਂ ਪਰਮਾਤਮਾ ਦੀ ਕਰੋਪੀ ਹੀ ਕਹਿ ਸਕਦੇ ਹਾਂ। ਰੱਬ ਦੀ ਇਹ ਕਰੋਪੀ ਜਾਂ ਫਿਰ ਕਹਿਰ ਜ਼ਿਲ੍ਹਾ ਅੰਮ੍ਰਿਤਸਰ, ਬਲਾਕ ਜੰਡਿਆਲਾ ਗੁਰੂ ਦੇ ਅਧੀਨ ਪੈਂਦੇ ਪਿੰਡ ਵਡਾਲਾ ਜੌਹਲ ਦੇ ਨੇਤਰਹੀਣ ਬੱਚਿਆਂ ਜਿਨ੍ਹਾਂ ਦੀ ਨਜ਼ਰ ਬਚਪਨ ਵਿਚ ਹੀ ਚਲੀ ਗਈ ਸੀ, ਦੀ ਦਰਦਨਾਕ ਦਾਸਤਾਨ ਹੈ।ਜਾਣਕਾਰੀ ਮੁਤਾਬਕ ਇਸ ਨੇਤਰਹੀਣ ਪਰਵਾਰ ਦੇ ਮੈਂਬਰਾਂ ਜਿਨ੍ਹਾਂ ਵਿੱਚ ਪ੍ਰੇਮ ਸਿੰਘ ਚਮਕੀਲਾ, ਸੁਖਰਾਜ ਸਿੰਘ ਸੁੱਖਾ ਜਿਨ੍ਹਾਂ ਦੀ ਇੱਕ ਨੇਤਰਹੀਣ ਭੈਣ ਅਮਰਜੀਤ ਕੌਰ ਜਿਸ ਦੀ ਤਕਰੀਬਨ ਡੇਢ ਕੁ ਸਾਲ ਪਹਿਲਾਂ ਮੌਤ ਹੋ ਗਈ ਸੀ, ਦੇ ਭਰਾਵਾਂ ਨੇ ਭਰੇ ਮਨ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਰਕਾਰ, ਸਮਾਜ ਸੇਵੀ ਸੰਸਥਾਵਾਂ, ਧਾਰਮਿਕ ਆਗੂਆਂ ਖਾਸ ਕਰਕੇ ਹਲਕਾ ਜੰਡਿਆਲਾ ਗੁਰੂ ਦੇ ਵਿਧਾਇਕ ਤੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਕੋਲੋਂ ਮੰਗ ਕੀਤੀ ਹੈ ਕਿ ਉਨ੍ਹਾਂ ਦੀ ਰੋਟੀ ਰੋਜ਼ੀ ਦਾ ਕੋਈ ਪੱਕਾ ਹੱਲ ਕੀਤਾ ਜਾਵੇ ਤਾਂ ਕਿ ਉਹ ਰਹਿੰਦੀ ਜ਼ਿੰਦਗੀ ਨੂੰ ਚੰਗੀ ਤਰ੍ਹਾਂ ਜਿਊ ਸਕਣ। ਇਨ੍ਹਾਂ ਦੀ ਮਾਂ ਪ੍ਰੀਤਮ ਕੌਰ ਤੇ ਬਾਪ ਗੁਰਦੀਪ ਸਿੰਘ ਵੀ ਦਸ ਕੁ ਸਾਲ ਪਹਿਲਾਂ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ। ਅੱਖਾਂ ਤੋਂ ਅੰਨ੍ਹਿਆਂ ਇਨ੍ਹਾਂ ਦੋਹਾਂ ਨੇਤਰਹੀਣਾਂ ਪ੍ਰੇਮ ਸਿੰਘ ਤੇ ਸੁਖਰਾਜ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ



ਕਿਹਾ ਕਿ ਕਈ ਸਰਕਾਰਾਂ ਆਈਆਂ ਤੇ ਗਈਆਂ ਪਰ ਕਿਸੇ ਵੀ ਸਰਕਾਰ ਨੇ ਸਾਰ ਨਹੀਂ ਲਈ। ਇਸ ਲਈ ਪਿੰਡ ਵਡਾਲਾ ਜੌਹਲ ਦੇ ਸਮੂਹ ਵਾਸੀਆਂ ਨੇ ਸਰਕਾਰ ਨੂੰ ਬੇਨਤੀ ਕੀਤੀ ਕਿ ਇਨ੍ਹਾਂ ਦਾ ਕੋਈ ਪੱਕਾ ਹੱਲ ਕੀਤਾ ਜਾਵੇ ਕਿਉਂਕਿ ਸਰਕਾਰਾਂ ਸਭ ਕੁਝ ਕਰ ਸਕਦੀਆਂ ਹਨ। ਜੇ ਪ੍ਰਮਾਤਮਾ ਨੇ ਇਨ੍ਹਾਂ ਨੂੰ ਅੱਖਾਂ ਨਹੀਂ ਦਿੱਤੀਆਂ ਤਾਂ ਉਨ੍ਹਾਂ ਨੂੰ ਹਰਮੋਨੀਅਮ ਵਜਾਉਣ ਤੇ ਢੋਲਕੀ ਵਜਾਉਣ ਦਾ ਗੁਣ ਦਿੱਤਾ ਹੈ ਤੇ ਇਸੇ ਹੀ ਗੁਣ ਕਾਰਨ ਪਿੰਡ ਵਿੱਚ ਕਿਸੇ ਵੀ ਘਰ ਕੋਈ ਵੀ ਧਾਰਮਿਕ ਸਮਾਗਮ ਹੋਣ ਮੌਕੇ ਇਨ੍ਹਾਂ ਨੇਤਰਹੀਣ ਬੱਚਿਆਂ ਨੂੰ ਕੋਈ ਸ਼ਬਦ, ਮਾਤਾ ਦੀਆਂ ਭੇਟਾਂ ਗਾਇਨ ਕਰਨ ਲਈ ਬੁਲਾਵਾ ਦਿੰਦੇ ਹਨ ਤੇ ਇਸ ਮੌਕੇ 'ਤੇ ਆਏ ਹੋਏ ਸਾਰੇ ਹੀ ਮਹਿਮਾਨ ਇਨ੍ਹਾਂ ਨੂੰ ਦਸ - ਦਸ ਵੀਹ - ਵੀਹ ਰੁਪਏ ਦਿੰਦੇ ਹਨ ਤੇ ਇਹ ਹੀ ਦਿੱਤਾ ਗਿਆ ਦਾਨ ਹੀ ਇਨ੍ਹਾਂ ਦੀ ਮਾੜੀ ਮੋਟੀ ਰੋਜ਼ੀ ਦਾ ਸਾਧਨ ਹੈ। ਪਰ ਦੁੱਖ ਦੀ ਗੱਲ ਇਹ ਹੈ ਕਿ ਇਹ ਦੋਵੇਂ ਭਰਾ ਇਕੱਲੇ ਕਿਤੇ ਵੀ ਨਹੀਂ ਜਾ ਸਕਦੇ ਤੇ ਲਾਗੇ ਬੰਨੇ ਜਾਣ ਲਈ ਇਨ੍ਹਾਂ ਨੂੰ ਕਿਸੇ ਨਾ ਕਿਸੇ ਵਿਅਕਤੀ ਦਾ ਸਹਾਰਾ ਲੈਣਾ ਪੈਂਦਾ ਹੈ। ਜ਼ਿਕਰਯੋਗ ਹੈ ਕਿ ਦੋ ਕੁ ਮਹੀਨੇ ਪਹਿਲਾਂ ਇਸ ਰੱਬ ਦੇ ਮਾਰੇ ਪਰਵਾਰ ਨੂੰ ਬਿਜਲੀ ਦਾ ਘਰੇਲੂ ਬਿੱਲ 12,000 ਰੁਪਏ ਆਇਆ ਸੀ ਜੋ ਇਸੇ ਹੀ ਪਿੰਡ ਦੇ ਸਾਬਕਾ ਡੀ ਐਸ ਪੀ ਸਵਿੰਦਰ ਸਿੰਘ ਜੌਹਲ ਨੇ ਤਾਰ ਦਿੱਤਾ ਹੈ।

# ਅਮਰੀਕਾ 'ਚ ਵਿਦਿਆਰਥੀ ਮੁਜ਼ਾਹਰੇ

*ਅਮਰੀਕੀ ਯੂਨੀਵਰਸਿਟੀਆਂ ਵਿਚ ਫਲਸਤੀਨ ਦੇ ਹੱਕ ਵਿਚ ਅੱਜਕੱਲ੍ਹ ਜ਼ਬਰਦਸਤ ਮੁਜ਼ਾਹਰੇ ਹੋ ਰਹੇ ਹਨ। ਕੋਲੰਬੀਆ, ਲਾਸ ਏਂਜਲਸ ਤੇ ਔਸਟਿਨ ਸਣੇ ਦੇਸ਼ ਭਰ ਦੀਆਂ 25 ਯੂਨੀਵਰਸਿਟੀਆਂ ਵਿਚ ਇਹ ਮੁਜ਼ਾਹਰੇ ਜਾਰੀ ਹਨ। ਸੈਂਕੜੇ ਵਿਦਿਆਰਥੀ ਗ੍ਰਿਫਤਾਰ ਵੀ ਕੀਤੇ ਜਾ ਚੁੱਕੇ ਹਨ। ਵਿਦਿਆਰਥੀ ਗਾਜ਼ਾ ਵਿਚ ਇਜ਼ਰਾਈਲੀ ਹਮਲੇ ਰੁਕਵਾਉਣ ਲਈ ਅਮਰੀਕੀ ਸਰਕਾਰ 'ਤੇ ਦਬਾਅ ਬਣਾ ਰਹੇ ਹਨ। ਹਾਲਾਤ ਇਸ ਤਰ੍ਹਾਂ ਦੇ ਬਣ ਗਏ ਹਨ ਕਿ ਸਰਕਾਰ ਵੱਲੋਂ ਇਨ੍ਹਾਂ ਮੁਜ਼ਾਹਰਿਆਂ ਨੂੰ ਦਬਾਉਣ ਲਈ ਅਮਰੀਕੀ ਨੈਸ਼ਨਲ ਗਾਰਡਾਂ ਦੀ ਵਰਤੋਂ ਕਰਨ ਦੀ ਵੀ ਸੰਭਾਵਨਾ ਜਤਾਈ ਜਾ ਰਹੀ ਹੈ। ਨੈਸ਼ਨਲ ਗਾਰਡ ਦੀ ਤਾਇਨਾਤੀ ਵੱਡੇ ਖਤਰਿਆਂ ਨਾਲ ਨਿੱਬੜਨ ਲਈ ਕੀਤੀ ਜਾਂਦੀ ਹੈ। ਬੁੱਧਵਾਰ ਵਿਦਿਆਰਥੀਆਂ ਤੇ ਪੁਲਸ ਵਿਚਾਲੇ ਝੜਪਾਂ ਵੀ ਹੋਈਆਂ। ਟੈਕਸਾਸ ਯੂਨੀਵਰਸਿਟੀ ਅਤੇ ਸਦਰਨ ਕੈਲੀਫੋਰਨੀਆ ਯੂਨੀਵਰਸਿਟੀ ਵਿਚ ਦਰਜਨਾਂ ਵਿਦਿਆਰਥੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਪੁਲਸ ਨੇ ਵਿਦਿਆਰਥੀਆਂ ਦੇ ਟੈਂਟ ਉਖਾੜ ਦਿੱਤੇ। ਕਈ ਵਿਦਿਆਰਥੀਆਂ ਨੂੰ ਕੱਢਣ ਦੀ ਚਿਤਾਵਨੀ ਵੀ ਦੇ ਦਿੱਤੀ ਗਈ। ਵਿਦਿਆਰਥੀ ਮੰਗ ਕਰ ਰਹੇ ਹਨ ਕਿ ਯੂਨੀਵਰਸਿਟੀਆਂ ਉਨ੍ਹਾਂ ਕੰਪਨੀਆਂ ਨਾਲੋਂ ਨਾਤਾ ਤੋੜਨ, ਜਿਹੜੀਆਂ ਇਜ਼ਰਾਈਲ ਨੂੰ ਮਾਲ ਵੇਚ ਕੇ ਲਾਭ ਕਮਾਉਂਦੀਆਂ ਹਨ। ਨਿਊ ਯਾਰਕ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਕਿਹਾ ਹੈ ਕਿ ਯੂਨੀਵਰਸਿਟੀ ਵਿਚ ਤੇਲ ਅਵੀਵ ਕੈਂਪਸ ਬੰਦ ਕੀਤਾ ਜਾਵੇ, ਕਿਉਂਕਿ ਇਸ ਵਿਚ ਫਲਸਤੀਨੀ ਵਿਦਿਆਰਥੀਆਂ ਨੂੰ ਦਾਖਲਾ ਨਹੀਂ ਦਿੱਤਾ ਜਾਂਦਾ। ਯੇਲ ਵਿਚ ਵਿਦਿਆਰਥੀਆਂ ਨੇ ਮੰਗ ਕੀਤੀ ਕਿ ਇਜ਼ਰਾਈਲ ਲਈ ਫੌਜੀ ਹਥਿਆਰ ਬਣਾਉਣ ਵਾਲੀਆਂ ਕੰਪਨੀਆਂ ਨਾਲ ਯੂਨੀਵਰਸਿਟੀ ਨਾਤਾ ਤੋੜੇ। ਦਰਅਸਲ ਅਮਰੀਕਾ ਵਿਚ ਯੂਨੀਵਰਸਿਟੀਆਂ ਨਿੱਜੀ ਕੰਪਨੀਆਂ ਦੇ ਧਨ ਨਾਲ ਹੀ ਚਲਦੀਆਂ ਹਨ।*

*ਅਮਰੀਕਾ ਵਿਚ ਮੁਜ਼ਾਹਰੇ ਕਰ ਰਹੇ ਵਿਦਿਆਰਥੀਆਂ ਨੂੰ ਦੂਜੇ ਦੇਸ਼ਾਂ ਦੇ ਵਿਦਿਆਰਥੀਆਂ ਦੀ ਵੀ ਹਮਾਇਤ ਹਾਸਲ ਹੋ ਰਹੀ ਹੈ। ਮਿਸਰ ਦੀ ਕਾਹਿਰਾ ਯੂਨੀਵਰਸਿਟੀ ਅਤੇ ਪੈਰਿਸ, ਸਿਡਨੀ ਤੇ ਆਸਟਰੇਲੀਆ ਦੇ ਹੋਰਨਾਂ ਸ਼ਹਿਰਾਂ ਵਿਚ ਵੀ ਮੁਜ਼ਾਹਰੇ ਸ਼ੁਰੂ ਹੋ ਗਏ ਹਨ। ਇਜ਼ਰਾਈਲ ਦਾ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਇਨ੍ਹਾਂ ਮੁਜ਼ਾਹਰਿਆਂ ਤੋਂ ਏਨਾ ਖਫਾ ਹੈ ਕਿ ਉਸ ਨੇ ਅਮਰੀਕਾ ਤੋਂ ਸਖਤ ਕਾਰਵਾਈ ਦੀ ਮੰਗ ਕੀਤੀ ਹੈ।*

*ਪਿਛਲੀ 7 ਅਕਤੂਬਰ ਤੋਂ ਗਾਜ਼ਾ ਵਿਰੁੱਧ ਇਜ਼ਰਾਈਲੀ ਫੌਜੀ ਕਾਰਵਾਈ ਵਿਚ ਹੁਣ ਤੱਕ ਘੱਟੋ-ਘੱਟ 34262 ਫਲਸਤੀਨੀ ਮਾਰੇ ਜਾ ਚੁੱਕੇ ਹਨ। ਗਾਜ਼ਾ ਦੇ ਹਮਾਸ ਲੜਾਕਿਆਂ ਤੇ ਇਜ਼ਰਾਈਲ ਵਿਚਾਲੇ ਗੋਲੀਬੰਦੀ ਲਈ ਕਈ ਦੌਰ ਦੀ ਗੱਲਬਾਤ ਹੋ ਚੁੱਕੀ ਹੈ, ਪਰ ਹਮਾਸ ਦਾ ਨਾਮੋ-ਨਿਸ਼ਾਨ ਮਿਟਾਉਣ 'ਤੇ ਤੁਲਿਆ ਇਜ਼ਰਾਈਲ ਕਿਸੇ ਦੀ ਗੱਲ ਸੁਣਨ ਲਈ ਤਿਆਰ ਨਹੀਂ। ਅਮਰੀਕਾ ਉੱਤੋਂ-ਉੱਤੋਂ ਉਸ ਨੂੰ ਸਮਝੌਤੇ ਲਈ ਕਹਿੰਦਾ ਹੈ, ਪਰ ਨਾਲ ਹੀ ਫੌਜੀ ਤੇ ਮਾਲੀ ਮਦਦ ਵੀ ਦੇਈ ਜਾ ਰਿਹਾ ਹੈ।*

# ਹਿੰਦੂਤਵ ਫਾਸ਼ੀਵਾਦ ਅਤੇ ਸਿਧਾਂਤਹੀਣ ਵਿਰੋਧੀ ਧਿਰ-2

**ਬੂਟਾ ਸਿੰਘ ਮਹਿਮੂਦਪੁਰ**

'ਚੁਣੇ ਹੋਏ' ਵਿਧਾਇਕਾਂ-ਸਾਂਸਦਾਂ ਨੂੰ ਪੈਸੇ ਨਾਲ ਖ਼ਰੀਦਣਾ ਅਤੇ ਭ੍ਰਿਸ਼ਟ ਕਾਰਨਾਮੇ ਦੂਜੀਆਂ ਪਾਰਟੀਆਂ ਦੇ ਵਿਧਾਇਕਾਂ-ਸਾਂਸਦਾਂ ਨੂੰ ਤੋੜਨ ਦੇ ਵੱਡੇ ਹਥਿਆਰ ਹਨ। ਵਿਕਾਊ ਹਿੱਸੇ ਨੂੰ ਖ਼ਰੀਦਣ ਲਈ ਭਾਜਪਾ ਕੋਲ ਬੇਸ਼ੁਮਾਰ ਧਨ ਹੈ। ਭਗਵਾ ਹਕੂਮਤ ਵੱਲੋਂ ਗ੍ਰਿਫ਼ਤਾਰੀਆਂ ਅਤੇ ਜੇਲ੍ਹਬੰਦੀ ਦਾ ਡਰ ਦਿਖਾ ਕੇ ਅਤੇ ਇਸ ਖ਼ਾਤਰ ਸੀਬੀਆਈ, ਈਡੀ, ਇਨਕਮ ਟੈਕਸ ਵਿਭਾਗ, ਪੁਲਿਸ ਤੇ ਜੁਡੀਸ਼ਰੀ ਨੂੰ ਸੰਦ ਬਣਾ ਕੇ ਵਿਰੋਧੀ-ਧਿਰ ਦੀਆਂ ਪਾਰਟੀਆਂ ਨੂੰ ਖ਼ੋਰਾ ਲਾਉਣ ਦਾ ਤਜਰਬਾ ਬੇਹੱਦ ਕਾਮਯਾਬ ਰਿਹਾ ਹੈ। ਇਨ੍ਹਾਂ ਏਜੰਸੀਆਂ ਦੀਆਂ ਛਾਪੇਮਾਰੀਆਂ ਅਤੇ ਹੇਮੰਤ ਸੋਰੇਨ, ਕੇਜਰੀਵਾਲ ਵਰਗੇ ਵੱਡੇ ਆਗੂਆਂ/ਮੁੱਖ ਮੰਤਰੀਆਂ ਦੀ ਗ੍ਰਿਫ਼ਤਾਰੀ ਦੀ 'ਕਾਂ ਮਾਰਕੇ ਟੰਗਣ' ਦੀ ਮਿਸਾਲ ਭਾਜਪਾ ਨੂੰ ਚੰਗੇ ਨਤੀਜੇ ਦੇ ਰਹੀ ਹੈ ਅਤੇ ਵੱਖ-ਵੱਖ ਪਾਰਟੀਆਂ ਦੇ ਆਗੂ ਭਾਜਪਾ ਦਾ ਪੱਲਾ ਫੜਦੇ ਦੇਖੇ ਜਾ ਸਕਦੇ ਹਨ।

ਜੇਕਰ ਆਜ਼ਾਦੀ ਲਈ ਲੜਾਈ ਦੀ ਗਾਂਧੀਵਾਦੀ ਧਾਰਾ ਦੀ ਨੁਮਾਇੰਦਾ ਕਾਂਗਰਸ ਨੂੰ ਰਾਜਨੀਤਕ ਧੋਬੀ ਪਟੜਾ ਮਾਰ ਕੇ ਤੇ ਇਸ ਦੇ ਵਿਸ਼ਾਲ ਵੋਟ ਆਧਾਰ ਨੂੰ ਖ਼ੋਰਾ ਲਾ ਕੇ ਆਜ਼ਾਦੀ ਧ੍ਰੋਹੀ ਹਿੰਦੂਤਵਵਾਦੀ ਧਾਰਾ ਪਾਰਲੀਮੈਂਟਰੀ ਰਾਜਨੀਤਕ ਮੰਚ ਉੱਪਰ ਸਭ ਤੋਂ ਵੱਡੀ ਤਾਕਤ ਬਣ ਕੇ ਉੱਭਰੀ ਹੈ ਤਾਂ ਇਸ ਵਿਚ ਦਰਅਸਲ ਵਿਚਾਰਧਾਰਕ ਫੈਕਟਰ ਦਾ ਵੱਡਾ ਹੱਥ ਹੈ। ਗਾਂਧੀ ਦੇ ਕਤਲ ਤੋਂ ਬਾਅਦ ਦੇ ਸੀਮਤ ਸਮੇਂ ਨੂੰ ਛੱਡ ਕੇ ਕਾਂਗਰਸ ਨੇ ਆਰ.ਐੱਸ.ਐੱਸ.-ਹਿੰਦੂ ਮਹਾਂਸਭਾ ਦੇ ਫਿਰਕੂ ਵਧਾਰੇ-ਪਸਾਰੇ ਨੂੰ ਰੋਕਣ ਲਈ ਕਦੇ ਵੀ ਗੰਭੀਰਤਾ ਨਹੀਂ ਦਿਖਾਈ। ਇਸ ਦੀ ਬਜਾਏ 1947 ਤੋਂ ਪਹਿਲਾਂ ਅਤੇ ਇਸ ਤੋਂ ਬਾਅਦ ਕਾਂਗਰਸੀ ਲੀਡਰਸ਼ਿਪ ਦੇ ਇਕ ਹਿੱਸੇ ਦੇ ਬਹੁਗਿਣਤੀਵਾਦੀ ਝੁਕਾਅ ਕਾਰਨ ਅਤੇ ਲੀਡਰਸ਼ਿੱਪ ਦੀਆਂ ਹਿੰਦੂ ਆਧਾਰ ਨੂੰ ਨਾਰਾਜ਼ ਨਾ ਕਰਨ ਦੀਆਂ ਰਾਜਨੀਤਕ ਗਿਣਤੀਆਂ-ਮਿਣਤੀਆਂ 'ਚੋਂ ਹਿੰਦੂਤਵੀ ਅਨਸਰਾਂ ਦੀ ਪੁਸ਼ਤ-ਪਨਾਹੀ ਕੀਤੀ ਗਈ। ਸੱਤਾ 'ਚ ਆਉਣ ਤੋਂ ਬਾਅਦ ਹਿੰਦੂ ਵੋਟ ਆਧਾਰ ਨੂੰ ਖਿਸਕਣ ਤੋਂ ਬਚਾਉਣ ਲਈ ਹਿੰਦੂ ਪੱਤਾ ਖੇਡਣ ਨੂੰ ਕਾਂਗਰਸ ਦੀ ਰਾਜਨੀਤੀ ਦਾ ਬਾਕਾਇਦਾ ਹਿੱਸਾ ਬਣ ਲਿਆ ਗਿਆ।

ਕਾਂਗਰਸ ਤੇ ਹੋਰ ਹਾਕਮ ਜਮਾਤੀ ਪਾਰਟੀਆਂ ਦੀ ਵਿਚਾਰਧਾਰਕ ਪ੍ਰਤੀਬੱਧਤਾ ਦੀ ਕਮਜ਼ੋਰੀ ਹਿੰਦੂਤਵ ਲਈ ਵਰਦਾਨ ਸਾਬਤ ਹੋਈ। ਬਹੁਤ ਹੀ ਸਿਲਸਿਲੇਵਾਰ ਫਿਰਕੂ ਪਾਲਾਬੰਦੀ ਰਾਹੀਂ ਸਹਿਜੇ-ਸਹਿਜੇ ਆਰ.ਐੱਸ.ਐੱਸ.-ਭਾਜਪਾ ਨੇ ਆਪਣਾ ਰਾਜਨੀਤਕ ਆਧਾਰ ਵਧਾ ਲਿਆ ਅਤੇ ਇਹ ਕਾਂਗਰਸ ਨੂੰ ਪਾਸੇ ਕਰਕੇ ਕੇਂਦਰੀ ਸੱਤਾ ਉੱਪਰ ਸਪਸ਼ਟ ਬਹੁਮੱਤ ਨਾਲ ਕਾਬਜ਼ ਹੋਣ 'ਚ ਕਾਮਯਾਬ ਹੋ ਗਈ।

ਐਮਰਜੈਂਸੀ ਤੋਂ ਤੁਰੰਤ ਬਾਅਦ 1977 'ਚ ਹੋਈਆਂ ਚੋਣਾਂ 'ਚ ਕਾਂਗਰਸ ਨੂੰ 34.52ਫ਼ੀਸਦੀ ਵੋਟ ਮਿਲੇ ਸਨ ਅਤੇ ਜਨਤਾ ਪਾਰਟੀ (ਜਿਸਦਾ ਜਨਸੰਘ ਹਿੱਸਾ ਸੀ) ਨੂੰ 41.32ਫ਼ੀਸਦੀ। ਕਾਂਗਰਸ ਨੂੰ 154 ਸੀਟਾਂ ਮਿਲੀਆਂ ਸਨ ਜਦਕਿ ਜਨਤਾ ਪਾਰਟੀ ਨੂੰ 296। 1980 'ਚ ਜਨਤਾ ਪਾਰਟੀ ਵਿੱਚੋਂ ਜਨਸੰਘੀਆਂ ਨੂੰ ਬਾਹਰ ਦਾ ਰਸਤਾ ਦਿਖਾਏ ਜਾਣ 'ਤੇ ਆਰ.ਐੱਸ.ਐੱਸ. ਨੇ ਆਪਣੇ ਰਾਜਨੀਤਕ ਵਿੰਗ ਨੂੰ ਭਾਜਪਾ ਦੇ ਨਾਂ ਹੇਠ ਮੁੜ ਜਥੇਬੰਦ ਕੀਤਾ ਅਤੇ ਰਾਮਮੰਦਰ ਅੰਦੋਲਨ ਰਾਹੀਂ ਹਿੰਦੂ ਫਿਰਕੇ ਦੀ ਰਾਜਨੀਤਕ ਲਾਮਬੰਦੀ ਕਰਨੀ ਸ਼ੁਰੂ ਕਰ ਦਿੱਤੀ। ਲੰਮੇ ਸਮੇਂ 'ਚ ਬਹੁਗਿਣਤੀਵਾਦੀ ਪਾਲਾਬੰਦੀ ਨੂੰ ਬੂਰ ਪੈਣਾ ਸ਼ੁਰੂ ਹੋ ਗਿਆ। ਆਪਣੀ ਸਥਾਪਨਾ ਤੋਂ ਬਾਅਦ ਭਾਜਪਾ ਨੇ ਪਹਿਲੀ ਲੋਕਸਭਾ ਚੋਣ 1984 'ਚ ਲੜੀ। ਇੰਦਰਾ ਗਾਂਧੀ ਦੇ ਕਤਲ ਅਤੇ ਫਿਰਕੂ ਜਨੂੰਨੀ ਮਾਹੌਲ 'ਚ ਕਾਂਗਰਸ ਨੂੰ 414 ਸੀਟਾਂ ਮਿਲੀਆਂ ਅਤੇ ਭਾਜਪਾ ਨੂੰ ਮਹਿਜ਼ ਦੋ ਸੀਟਾਂ ਮਿਲੀਆਂ। ਵੋਟ ਫ਼ੀਸਦੀ ਪੱਖੋਂ ਦੇਖੀਏ ਤਾਂ ਕਾਂਗਰਸ ਨੂੰ 49.10 ਫ਼ੀਸਦੀ ਵੋਟ ਮਿਲੇ ਸਨ ਅਤੇ ਭਾਜਪਾ ਨੂੰ ਸਿਰਫ਼ 7.74ਫ਼ੀਸਦੀ।

ਭਾਜਪਾ ਵੱਲੋਂ ਰਾਮ ਜਨਮ ਭੂਮੀ ਦਾ ਮੁੱਦਾ ਉਠਾ ਕੇ ਫਿਰਕੂ ਪਾਲਾਬੰਦੀ ਸ਼ੁਰੂ ਕੀਤੇ ਜਾਣ ਨਾਲ ਵੋਟ ਆਧਾਰ ਤੇਜ਼ੀ ਨਾਲ ਖਿਸਕਣਾ ਸ਼ੁਰੂ ਹੋ ਗਿਆ। 1991 'ਚ ਭਾਜਪਾ ਦਾ ਵੋਟ ਆਧਾਰ 20ਫ਼ੀਸਦੀ ਤੋਂ ਵਧ ਗਿਆ ਜੋ ਅਗਲੇ ਪੰਜ ਸਾਲ 'ਚ ਵਧਕੇ 25ਫ਼ੀ ਸਦੀ ਹੋ ਗਿਆ। ਇਸ ਦੇ ਆਧਾਰ 'ਤੇ ਉਹ ਕੇਂਦਰ 'ਚ ਹੋਰ ਪਾਰਟੀਆਂ ਨਾਲ ਗੱਠਜੋੜ ਕਰਕੇ ਸਰਕਾਰ ਬਣਾਉਣ 'ਚ ਕਾਮਯਾਬ ਹੋਈ ਅਤੇ ਛੇ ਸਾਲ ਸੱਤਾ 'ਚ ਰਹੀ। 2004 ਅਤੇ 2009 'ਚ ਕਾਂਗਰਸ ਮੁੜ ਕੇਂਦਰੀ ਸੱਤਾ 'ਚ ਆ ਗਈ। 2004 'ਚ ਭਾਜਪਾ ਨੂੰ 138 ਸੀਟਾਂ ਮਿਲੀਆਂ ਜੋ 2009 'ਚ ਘਟਕੇ 116 ਰਹਿ ਗਈਆਂ। (ਵੋਟ 18.80ਫ਼ੀਸਦੀ)। 2014 'ਚ ਭਾਜਪਾ ਕਾਂਗਰਸ ਦੇ ਭ੍ਰਿਸ਼ਟਾਚਾਰ ਅਤੇ ਹੋਰ ਕਮਜ਼ੋਰੀਆਂ ਦਾ ਲਾਹਾ ਲੈ ਕੇ 282 ਸੀਟਾਂ ਲੈਣ 'ਚ ਕਾਮਯਾਬ ਹੋ ਗਈ ਜਦਕਿ ਕਾਂਗਰਸ 44 ਸੀਟਾਂ ਤੱਕ ਸੁੰਗੜ ਗਈ। ਇਸ ਦਾ ਵੋਟ ਫ਼ੀਸਦੀ 19.81 ਰਹਿ ਗਿਆ। ਦਿਲਚਸਪ ਗੱਲ ਇਹ ਹੈ ਕਿ 1996 'ਚ ਭਾਜਪਾ ਦਾ ਵੋਟ ਫ਼ੀਸਦੀ 20.29 ਸੀ ਪਰ ਉਸ ਨੇ 161 ਸੀਟਾਂ 'ਤੇ ਜਿੱਤ ਹਾਸਲ ਕੀਤੀ ਸੀ। 2014 'ਚ ਕਾਂਗਰਸ ਦਾ ਵੋਟ ਫ਼ੀਸਦੀ 19.31 ਸੀ ਜੋ 1996 'ਚ ਭਾਜਪਾ ਨੂੰ ਪ੍ਰਾਪਤ ਵੋਟ ਫ਼ੀ ਸਦੀ ਤੋਂ ਸਿਰਫ਼ 1ਫ਼ੀਸਦੀ ਘੱਟ ਸੀ। ਪਰ ਕਾਂਗਰਸ ਸਿਰਫ਼ 44 ਸੀਟਾਂ ਹੀ ਜਿੱਤ ਸਕੀ ਜੋ 1996 'ਚ ਭਾਜਪਾ ਵੱਲੋਂ ਜਿੱਤੀਆਂ ਸੀਟਾਂ ਦੇ ਚੌਥੇ ਹਿੱਸੇ ਤੋਂ ਥੋੜ੍ਹਾ ਜਿਹਾ ਵੱਧ ਸਨ। 2014 'ਚ ਭਾਜਪਾ ਨੂੰ 31.34ਫ਼ੀਸਦੀ ਵੋਟ ਮਿਲੇ ਸਨ ਜੋ 2019 'ਚ ਵਧ ਕੇ 37.7ਫ਼ੀਸਦੀ ਹੋ ਗਏ। ਬੇਸ਼ੱਕ ਪੁਰਾਣੀ ਭਾਰਤ ਪੱਧਰ ਦੀ ਪਾਰਟੀ ਹੋਣ ਕਾਰਨ ਕਾਂਗਰਸ ਦਾ ਪੂਰੇ ਭਾਰਤ ਵਿਚ ਇਕ ਪੱਕਾ ਵੋਟ ਆਧਾਰ ਬਰਕਰਾਰ ਹੈ। ਪਰ ਆਰ.ਐੱਸ.ਐੱਸ.-ਭਾਜਪਾ ਉੱਤਰ-ਪੱਛਮੀ ਭਾਰਤ ਦੇ ਰਾਜਨੀਤਕ ਸਮੀਕਰਨ ਨੂੰ ਫਿਰਕੂ ਪਾਲਾਬੰਦੀ ਅਤੇ ਅੰਨ੍ਹੇ ਰਾਸ਼ਟਰਵਾਦ ਰਾਹੀਂ ਬਦਲਕੇ ਸਪਸ਼ਟ ਬਹੁਮਤ ਲੈਣ 'ਚ ਸਫ਼ਲ ਹੋਈ ਹੈ।

ਉਪਰੋਕਤ ਸੰਖੇਪ ਝਲਕ ਇਹ ਸਮਝਣ ਲਈ ਕਾਫ਼ੀ ਹੈ ਕਿ ਭਾਰਤ ਦੀ ਕਥਿਤ ਲੋਕਤੰਤਰੀ ਚੋਣ ਪ੍ਰਣਾਲੀ ਅੰਦਰ ਇਕ ਨੰਗੀ-ਚਿੱਟੀ ਫਾਸ਼ੀਵਾਦੀ ਤਾਕਤ ਲਈ ਸੱਤਾ ਉੱਪਰ ਕਾਬਜ਼ ਹੋਣ ਲਈ ਚੋਣਾਂ ਨੂੰ ਪੌੜੀ ਬਣਾ ਕੇ ਵਰਤਣ ਦੀ ਕਿੰਨੀ ਵੱਡੀ ਗੁੰਜਾਇਸ਼ ਹੈ। ਜਦੋਂ ਇਨ੍ਹਾਂ ਪਾਰਟੀਆਂ ਲਈ ਵਿਚਾਰਧਾਰਾ ਤੇ ਵੱਖਰੇ ਪ੍ਰੋਗਰਾਮਾਂ ਦੀ ਕੀਮਤ 'ਤੇ ਸੱਤਾ ਉੱਪਰ ਕਾਬਜ਼ ਹੋਣਾ ਹੀ ਮੁੱਖ ਮਨੋਰਥ ਬਣ ਗਿਆ ਹੈ ਅਤੇ ਵਿਚਾਰਧਾਰਾ ਮਹਿਜ਼ ਮਖੌਟਾ ਬਣਕੇ ਰਹਿ ਗਈ ਹੈ ਤਾਂ ਫਾਸ਼ੀਵਾਦੀ ਆਰ.ਐੱਸ.ਐੱਸ.-ਭਾਜਪਾ ਲਈ ਅਜਿਹੀਆਂ ਪਾਰਲੀਮੈਂਟਰੀ ਤਾਕਤਾਂ ਨੂੰ ਭਾਈਵਾਲ ਬਣਾ ਕੇ ਸੱਤਾ ਉੱਪਰ ਕਾਬਜ਼ ਹੋਣਾ ਕਿੰਨਾ ਸੌਖਾ ਹੈ।

ਮੁਲਕ ਦੀਆਂ ਉਦਾਰਵਾਦੀ, ਧਰਮਨਿਰਪੱਖ ਅਤੇ ਫਿਰਕੂ ਸਦਭਾਵਨਾ ਦੀਆਂ ਮੁਦਈ ਸਥਾਪਤੀ ਪੱਖੀ ਤਾਕਤਾਂ ਕਾਂਗਰਸ ਤੋਂ ਬਦਲ ਦੀ ਉਮੀਦ ਕਰਦੀਆਂ ਹਨ। ਹੁਣ ਸਵਾਲ ਇਹ ਹੈ ਕਿ ਪਿਛਲੇ ਦਹਾਕਿਆਂ ਵਿਚ ਆਪਣੀ ਢੌਂਗੀ ਧਰਮਨਿਰਪੱਖਤਾ ਅਤੇ ਖੋਖਲੇ ਸਮਾਜਵਾਦ ਦੀ ਮੱਦਦ ਨਾਲ ਸੰਘ ਬਰਗੇਡ ਦਾ ਰਾਹ ਪੱਧਰਾ ਕਰਨ ਤੋਂ ਬਾਅਦ ਕੀ ਕਾਂਗਰਸ ਵੱਲੋਂ ਪਿਛਲੇ ਦਿਨੀਂ ਜੋ 'ਨਿਆਏ ਪੱਤਰ' ਨਾਂ ਦਾ ਚੋਣ ਮੈਨੀਫੈਸਟੋ ਜਾਰੀ ਕੀਤਾ ਗਿਆ ਹੈ, ਕੀ ਉਹ ਕਿਸੇ ਸੰਜੀਦਾ ਮੋੜੇ ਦਾ ਸੰਕੇਤ ਹੈ ਜਾਂ ਕਾਂਗਰਸ ਦੀ ਲੀਡਰਸ਼ਿੱਪ, ਖ਼ਾਸ ਕਰਕੇ ਨਹਿਰੂ ਖ਼ਾਨਦਾਨ ਆਪਣੀ ਰਾਜਨੀਤਕ ਹੋਂਦ ਨੂੰ ਬਚਾਉਣ ਲਈ ਹੱਥ-ਪੈਰ ਮਾਰ ਰਿਹਾ ਹੈ?

ਭਾਰਤੀ ਸਰਮਾਏਦਾਰੀ ਦੀ ਸਿੱਕੇਬੰਦ ਰਾਜਨੀਤਕ ਨੁਮਾਇੰਦਾ ਤਾਕਤ ਦੇ ਰੂਪ 'ਚ ਕਾਂਗਰਸ ਨੇ ਨਹਿਰੂਵਾਦੀ ਸਮਾਜਵਾਦ ਅਤੇ ਧਰਮਨਿਰਪੱਖਤਾ ਦਾ ਮਖੌਟਾ ਪਾ ਕੇ 1947 ਤੋਂ ਬਾਅਦ ਜਿਸ ਤਰ੍ਹਾਂ ਦੇ ਭਾਰਤ ਦੀ ਸਿਰਜਣਾ ਕੀਤੀ, ਉਹ ਸਭ ਦੇ ਸਾਹਮਣੇ ਹੈ। ਕਾਂਗਰਸ ਦੀ ਆਰਥਕ ਨੀਤੀ ਬਦੇਸ਼ੀ-ਦੇਸੀ ਕਾਰਪੋਰੇਟ ਸਰਮਾਏਦਾਰੀ ਅਤੇ ਪੇਂਡੂ ਧਨਾਢਾਂ ਦੀ ਹਿਤ ਪੂਰਤੀ ਦੀ ਰਹੀ ਹੈ। ਭਾਰਤ ਦੀ 'ਏਕਤਾ ਤੇ ਅਖੰਡਤਾ' ਦੀ ਰਾਖੀ ਦੇ ਨਾਂ ਹੇਠ ਇਸ ਨੇ ਕੌਮੀਅਤਾਂ ਵੱਲੋਂ ਉਠਾਏ ਮਸਲਿਆਂ ਦਾ ਰਾਜਨੀਤਕ ਹੱਲ ਕਰਨ ਦੀ ਬਜਾਏ ਉਨ੍ਹਾਂ ਦੀਆਂ ਜਮਹੂਰੀ ਰੀਝਾਂ ਨੂੰ ਫ਼ੌਜੀ ਤਾਕਤ ਅਤੇ ਕਾਲੇ ਕਾਨੂੰਨਾਂ ਦੇ ਜ਼ੋਰ ਬੇਕਿਰਕੀ ਨਾਲ ਕੁਚਲਿਆ। ਸੱਤਾ 'ਚ ਰਹਿਣ ਲਈ ਇਸ ਨੇ ਐਮਰਜੈਂਸੀ ਥੋਪੀ ਅਤੇ ਨਰਮ ਹਿੰਦੂਤਵ ਦਾ ਪੱਤਾ ਵੀ ਖੇਡਿਆ। ਖੁੱਲ੍ਹੀ ਮੰਡੀ ਦਾ ਆਰਥਕ ਮਾਡਲ ਥੋਪ ਕੇ ਇਸ ਨੇ ਪਬਲਿਕ ਸੈਕਟਰ ਨੂੰ ਤੋੜਨ ਅਤੇ ਕਾਰਪੋਰੇਟ ਗ਼ਲਬੇ ਦਾ ਮੁੱਢ ਬੰਨ੍ਹਿਆ। ਆਦਿਵਾਸੀਆਂ ਨੂੰ ਕਰੂਰ ਹਕੂਮਤੀ ਜਬਰ, ਝੂਠੇ ਮੁਕਾਬਲਿਆਂ ਅਤੇ ਜਿਨਸੀ ਹਿੰਸਾ ਰਾਹੀਂ ਉਜਾੜ ਕੇ ਜੰਗਲਾਂ-ਪਹਾੜਾਂ ਹੇਠਲੇ ਅਮੀਰ ਕੁਦਰਤੀ ਵਸੀਲਿਆਂ ਉੱਪਰ ਕਾਰਪੋਰੇਟਾਂ ਦਾ ਕਬਜ਼ਾ ਕਰਾਉਣ ਲਈ ਓਪਰੇਸ਼ਨ ਗਰੀਨ ਹੰਟ ਵਰਗੇ ਹਮਲੇ ਕੀਤੇ। ਟਾਡਾ, ਯੂਏਪੀਏ ਵਰਗੇ ਕਾਲੇ ਕਾਨੂੰਨ ਬਣਾ ਕੇ ਜਮਹੂਰੀ ਹੱਕਾਂ ਦਾ ਬੇਕਿਰਕੀ ਨਾਲ ਘਾਣ ਕੀਤਾ ਅਤੇ ਕਾਰਪੋਰੇਟ ਪ੍ਰੋਜੈਕਟਾਂ ਵਿਰੁੱਧ ਆਵਾਜ਼ ਉਠਾਉਣ ਵਾਲਿਆਂ ਉੱਪਰ ਦੇਸ਼ਧ੍ਰੋਹੀ ਦੇ ਠੱਪੇ ਲਾ ਕੇ ਉਨ੍ਹਾਂ ਨੂੰ ਜੇਲ੍ਹਾਂ 'ਚ ਸੁੱਟਿਆ।

ਇਹ ਸਭ ਹਕੀਕਤ ਹੈ। ਕਾਂਗਰਸ ਦਾ 'ਨਿਆਏ ਪੱਤਰ' 'ਸੰਵਿਧਾਨ ਦੀ ਰਾਖੀ ਕਰਨ' ਅਤੇ 'ਨੁਕਸਾਨ ਨੂੰ ਪੁੱਠਾ ਗੇੜਾ ਦੇਣ' ਦੇ ਜੋ ਵਾਅਦੇ ਕਰਦਾ ਹੈ, ਕੀ ਉਨ੍ਹਾਂ ਉੱਪਰ ਪੂਰਾ ਉੱਤਰੇਗਾ? ਮੈਨੀਫੈਸਟੋ ਭਾਜਪਾ ਵੱਲੋਂ ਸੈਂਸਰਸ਼ਿੱਪ ਦੀਆਂ ਬੇਲਗਾਮ ਤਾਕਤਾਂ ਹਥਿਆਉਣ ਲਈ ਪਾਸ ਕੀਤੇ ਕਾਨੂੰਨਾਂ ਦੀ ਸਮੀਖਿਆ ਕਰਨ, ਨਿੱਜੀ ਸੁਤੰਤਰਤਾ 'ਚ ਦਖ਼ਲਅੰਦਾਜ਼ੀ ਕਰਨ ਵਾਲੇ ਸਾਰੇ ਕਾਨੂੰਨ ਰੱਦ ਕਰਨ ਦੀ ਗੱਲ ਕਰਦਾ ਹੈ ਜੋ ਸੁਤੰਤਰ ਪ੍ਰੈੱਸ ਅਤੇ ਨਿੱਜਤਾ ਨੂੰ ਨਿਸ਼ਾਨਾ ਬਣਾਉਂਦੇ ਹਨ। ਇਹ ਸੱਚ ਹੈ ਕਿ ਮੈਨੀਫੈਸਟੋ ਵਿਚ ਲਿਖ ਦੇਣ ਜਾਂ ਵਾਅਦੇ ਕਰ ਦੇਣ ਨਾਲ ਕਾਂਗਰਸ ਦਾ ਮੂਲ ਸੁਭਾਅ ਨਹੀਂ ਬਦਲਣ ਲੱਗਾ। ਪਰ ਅੱਜ ਜਦੋਂ ਹਿੰਦੂਤਵ ਫਾਸ਼ੀਵਾਦ ਵਿਰੁੱਧ ਕਿਸੇ ਸੱਚੇ ਲੋਕਪੱਖੀ ਬਦਲ ਦੀ ਲੱਗਭੱਗ ਅਣਹੋਂਦ ਹੈ। ਜਦੋਂ ਖੱਬੀਆਂ ਧਿਰਾਂ, ਪਾਰਲੀਮੈਂਟਰੀ ਅਤੇ ਇਨਕਲਾਬੀ ਦੋਹਾਂ, ਦੀ ਤਾਕਤ ਐਨੀ ਨਿਗੂਣੀ ਹੈ ਕਿ ਸੱਚੇ ਬਦਲ ਦਾ ਧੁਰਾ ਬਣਨ ਦੀ ਸਥਿਤੀ 'ਚ ਨਹੀਂ ਹਨ। ਸੰਯੁਕਤ ਕਿਸਾਨ ਮੋਰਚਾ ਅਤੇ ਉਦਾਰ ਜਮਹੂਰੀ ਤਾਕਤਾਂ ਹੀ ਆਪੋ ਆਪਣੇ ਪੱਧਰ 'ਤੇ ਫਾਸ਼ੀਵਾਦੀ ਹਕੂਮਤ ਨੂੰ ਪਿੱਛੇ ਧੱਕਣ ਲਈ ਕੁਝ ਨਾ ਕੁਝ ਠੋਸ ਕਰਨ ਲਈ ਯਤਨ ਕਰ ਰਹੀਆਂ ਹਨ। ਜਦੋਂ ਦਨਦਨਾ ਰਿਹਾ ਹਿੰਦੂਤਵ ਬਰਗੇਡ ਤੀਜੀ ਵਾਰ ਕੇਂਦਰੀ ਸੱਤਾ ਉੱਪਰ ਕਾਬਜ਼ ਹੋ ਕੇ ਆਪਣੇ ਫਾਸ਼ੀਵਾਦੀ ਪ੍ਰੋਜੈਕਟ ਨੂੰ ਤੇਜ਼ੀ ਨਾਲ ਅੱਗੇ ਵਧਾਉਣ ਦੇ ਸੁਪਨੇ ਦੇਖ ਰਿਹਾ ਹੈ ਤਾਂ ਇਸ ਦੇ ਬੇਰੋਕ ਵਾਧੇ 'ਚ ਅੜਿੱਕਾ ਡਾਹੁਣ ਵਾਲਾ ਛੋਟੇ ਤੋਂ ਛੋਟਾ ਕਦਮ ਵੀ ਮਹੱਤਵ ਅਖ਼ਤਿਆਰ ਕਰ ਲੈਂਦਾ ਹੈ। ਜੇ ਕਾਂਗਰਸ ਦੀ ਅਗਵਾਈ ਵਾਲਾ 'ਇੰਡੀਆ' ਗੱਠਜੋੜ ਮੌਜੂਦਾ ਲੋਕਸਭਾ ਚੋਣਾਂ ਵਿਚ 2019 ਨਾਲੋਂ ਕੁਝ ਬਿਹਤਰ ਕਾਰਗੁਜ਼ਾਰੀ ਦਿਖਾਉਣ 'ਚ ਕਾਮਯਾਬ ਹੋ ਜਾਂਦਾ ਹੈ ਤਾਂ ਇਸ ਨਾਲ ਹਿੰਦੂਤਵ ਬਰਗੇਡ ਸੰਵਿਧਾਨਕ ਤੌਰ 'ਤੇ ਉਸ ਤਰ੍ਹਾਂ ਦੇ ਧੱਕੜ ਫ਼ੈਸਲੇ ਲੈਣ ਦੀ ਸਥਿਤੀ 'ਚ ਨਹੀਂ ਹੋਵੇਗਾ ਜੋ ਇਸ ਨੇ 2019 ਦੀ ਜਿੱਤ ਤੋਂ ਬਾਅਦ ਲਏ।

ਇਹ ਨਿਗੂਣੀ ਤਬਦੀਲੀ ਵੀ ਭਾਰਤ ਦੇ ਨਪੀੜੇ ਜਾ ਰਹੇ ਅਵਾਮ ਲਈ ਚੋਖੀ ਰਾਹਤ ਬਣੇਗੀ।

(ਸਮਾਪਤ)

**ਜਨਮ ਦਿਨ 'ਤੇ ਵਿਸ਼ੇਸ਼**

# ਯੁੱਗ ਸਿਰਜਕ, ਪ੍ਰਮੁੱਖ ਵਾਰਤਕਕਾਰ ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੂੰ ਯਾਦ ਕਰਦਿਆਂ

**ਦਰਸ਼ਨ ਸਿੰਘ ਪ੍ਰੀਤੀਮਾਨ**

ਹਰੇਕ ਲੇਖਕ, ਸਾਹਿਤਕਾਰ ਦੀ ਰਚਨਾ ਦਾ ਕੋਈ ਨਾ ਕੋਈ ਨਿੰਦਕ ਆਲੋਚਕ ਜੰਮ ਹੀ ਪੈਂਦਾ ਹੈ, ਕਿਉਂਕਿ ਲੇਖਕ, ਸਾਹਿਤਕਾਰ ਆਪਣੀ ਕੋਈ ਰੂਪ-ਰੇਖਾ ਲੈ ਕੇ ਲਿਖਦਾ ਹੈ ਤੇ ਆਲੋਚਕ ਆਪਣੇ ਮੁਤਾਬਕ ਢਾਲ ਕੇ ਆਲੋਚਨਾ ਕਰਦਾ ਹੈ, ਲੇਖਕ ਮੁਤਾਬਕ ਨਹੀਂ। ਕਈਆਂ ਵਿਚਾਰਿਆਂ ਨੂੰ ਸਾੜੇ ਦਾ ਭੂਤ ਸਵਾਰ ਹੋਇਆ ਹੁੰਦਾ ਹੈ। ਇੱਕ ਯੁੱਗ ਸਿਰਜਕ, ਪ੍ਰਮੁੱਖ ਵਾਰਤਾਕਾਰ ਹੋਇਆ ਹੈ, ਜਿਸ ਦੀ ਬਹੁਤ ਘੱਟ ਆਲੋਚਨਾ ਹੋਈ ਹੈ, ਸਗੋਂ ਪ੍ਰਸ਼ੰਸਾ ਹੀ ਪ੍ਰਸ਼ੰਸਾ ਹੋਈ ਹੈ, ਜਿਸ ਦਾ ਪ੍ਰਭਾਵ ਵੀ ਹਰ ਸਾਹਿਤਕਾਰ, ਆਲੋਚਕ ਨੇ ਕਬੂਲਿਆ ਹੈ, ਉਹ ਹਨ ਗੁਰਬਖ਼ਸ਼ ਸਿੰਘ ਪ੍ਰੀਤਲੜੀ।

ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਜਨਮ 26 ਅਪ੍ਰੈਲ, 1895 ਈ: ਨੂੰ ਮਾਤਾ ਮਾਲਣੀ (ਬੇਬੇ ਜੀ) ਦੀ ਕੁੱਖੋਂ, ਪਿਤਾ ਪਸ਼ੌਰਾ ਸਿੰਘ ਦੇ ਘਰ ਸਿਆਲਕੋਟ (ਪਾਕਿਸਤਾਨ) ਵਿਖੇ ਹੋਇਆ। ਗੁਰਬਖ਼ਸ਼ ਸਿੰਘ ਦਾ ਪਿਤਾ ਪਸ਼ੌਰਾ ਸਿੰਘ ਰੇਲਵੇ ਮਹਿਕਮੇ ਵਿੱਚ ਨੌਕਰੀ ਕਰਦਾ ਸੀ। ਗੁਰਬਖ਼ਸ਼ ਸਿੰਘ ਅਜੇ ਮਿਡਲ ਤੋਂ ਵੀ ਥੱਲੇ ਸੀ ਜਦ ਉਸ ਦੇ ਪਿਤਾ ਦਾ ਦੇਹਾਂਤ ਹੋ ਗਿਆ। ਗੁਰਬਖ਼ਸ਼ ਸਿੰਘ ਦਾ ਵਿਆਹ ਸ੍ਰੀਮਤੀ ਜਗਜੀਤ ਕੌਰ ਨਾਲ ਹੋਇਆ, ਜਗਜੀਤ ਕੌਰ ਨੂੰ ਘਰ ਵਿੱਚ ਜੀਤਾ ਨਾਂਅ ਨਾਲ ਵੀ ਬੁਲਾਇਆ ਜਾਂਦਾ ਸੀ। ਇਸ ਜੋੜੀ ਦੇ ਘਰ ਦੋ ਲੜਕੇ ਤੇ 4 ਲੜਕੀਆਂ ਨੇ ਜਨਮ ਲਿਆ, ਜਿਨ੍ਹਾਂ ਦੇ ਨਾਂਅ ਇਸ ਪ੍ਰਕਾਰ ਹਨ-ਨਵਤੇਜ ਸਿੰਘ, ਓਮਾ ਉਰਮਿਲਾ, ਪ੍ਰਤਿਮਾ ਹਿਰਦੇਪਾਲ ਸਿੰਘ ਤੇ ਅਣਸੁਈਆ ਸਿੰਘ ਹਨ। ਗੁਰਬਖ਼ਸ਼ ਸਿੰਘ ਦਸਵੀਂ ਤੱਕ ਪਿੰਡ ਹੀ ਪੜ੍ਹੇ ਅਤੇ ਐੱਫ ਸੀ. ਕਾਲਜ ਲਾਹੌਰ ਦਾਖਲਾ ਤਾਂ ਲਿਆ, ਪਰ ਆਰਥਿਕ ਸੰਕਟ ਕਾਰਨ ਪੜ੍ਹਾਈ ਵਿਚਕਾਰ ਹੀ ਛੱਡਣੀ ਪਈ ਤੇ ਟਰਾਂਸਪੋਰਟ ਮਹਿਕਮੇ ਵਿੱਚ ਕਲਰਕ ਦੀ ਨੌਕਰੀ ਕਰਨ ਲੱਗੇ। ਉਹਨਾਂ ਨੇ ਓਵਰਸੀਅਰੀ ਦੀ ਡਿਗਰੀ, ਟਾਮਸ ਇੰਜੀਨੀਅਰਿੰਗ ਕਾਲਜ ਤੋਂ ਸੰਨ 1914 ਈ: ਵਿੱਚ ਕੀਤੀ। ਆਪ ਫੌਜ ਵਿੱਚ ਭਰਤੀ ਹੋ ਕੇ ਫੌਜੀ ਵੀ ਬਣੇ ਅਤੇ 1918 ਤੱਕ ਫੌਜ ਦੀ ਨੌਕਰੀ ਕੀਤੀ। ਫਿਰ ਆਪ ਨੇ ਸਿਵਲ ਇੰਜੀਨੀਅਰਿੰਗ ਦੀ ਡਿਗਰੀ ਲਈ ਅਮਰੀਕਾ ਦੀ ਯੂਨੀਵਰਸਿਟੀ ਵਿੱਚ ਦਾਖਲਾ ਲੈ ਲਿਆ। ਕੁਝ ਸਮਾਂ ਸੰਨ 1924 ਈ: ਤੋਂ ਲੈ ਕੇ 1932 ਈ: ਤੱਕ ਰੇਲਵੇ ਵਿੱਚ ਇੰਜੀਨੀਅਰ ਲੱਗੇ ਅਤੇ ਕੁਝ ਸਮਾਂ ਖੇਤੀਬਾੜੀ ਵੀ ਕੀਤੀ। ਖੇਤੀ ਕਰਦੇ ਸਮੇਂ ਹੀ 1933 ਈ: ਵਿੱਚ ਆਪ ਨੇ 'ਪ੍ਰੀਤਲੜੀ' ਕੱਢਣਾ ਆਰੰਭ ਕੀਤਾ। ਆਪ ਨੇ 'ਪ੍ਰੀਤਨਗਰ' ਵੀ ਵਸਾਇਆ ਅਤੇ 1947 ਈ: ਵਿੱਚ ਮਹਿਰੋਲੀ (ਦਿੱਲੀ) ਜਾਣਾ ਪਿਆ ਵਿਗੜਦੇ ਹਾਲਾਤ ਦੇ ਕਾਰਨ। ਬਾਅਦ ਵਿੱਚ ਅੰਤ ਤੱਕ ਦਿੱਲੀ ਤੋਂ ਆ ਕੇ 'ਪ੍ਰੀਤ ਨਗਰ' ਹੀ ਰਹੇ।

ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀਆਂ ਕਿਤਾਬਾਂ ਦੀ ਲਿਸਟ ਕਾਫੀ ਲੰਬੀ ਹੈ। 'ਤਾਜ ਤੇ ਸਰੂ', 'ਦੁਨੀਆਂ ਇੱਕ ਮਹੱਲ', 'ਜ਼ਿੰਦਗੀ ਦੀ ਕਵਿਤਾ', 'ਖੁਸ਼ਹਾਲ ਜੀਵਨ', 'ਸਾਡੇ ਵਾਰਸ', 'ਮੇਰੇ ਝਰੋਖੇ', 'ਖੁੱਲ੍ਹਾ ਦਰ', 'ਚੰਗੇਰੀ ਦੁਨੀਆਂ', 'ਪ੍ਰਸੰਨ ਲੰਬੀ ਉਮਰ', 'ਨਵਾਂ ਸਿਵਾਲਾ', 'ਨਵੀਂ ਤਕੜੀ ਦੁਨੀਆ', 'ਇੱਕ ਦੁਨੀਆ ਤੇ ਤੇਰੇ ਸੁਪਨੇ', 'ਜ਼ਿੰਦਗੀ ਦੀ ਡਾਟ', 'ਪਰਮ ਮਨੁੱਖ', 'ਨਵੀਆਂ ਤਕਦੀਰਾਂ ਦੀ ਕਿਆਰੀ', 'ਸਾਵੀ ਪੱਧਰੀ ਜ਼ਿੰਦਗੀ', 'ਭਖਦੀ ਜੀਵਨ ਚੰਗਿਆੜੀ', 'ਮੇਰੀ ਜੀਵਨ ਕਹਾਣੀ', 'ਪ੍ਰੀਤ ਮੁਕਟ', 'ਏਸ਼ੀਆ ਦਾ ਚਾਨਣ', 'ਮੇਰੀ ਗੁਲਬਦਨ', 'ਮਨੋਹਰ ਸ਼ਖ਼ਸੀਅਤ', 'ਮੇਰੀਆਂ ਅਭੁੱਲ ਯਾਦਾਂ', 'ਵੀਣਾ ਵਿਨੋਦ', 'ਭਾਬੀ ਮੈਨਾ', 'ਰੰਗ ਸਹਿਕਦਾ ਦਿਲ', 'ਅਣ-ਵਿਆਹੀ ਮਾਂ', 'ਚਿੱਠੀਆਂ ਜੀਤਾ ਦੇ ਨਾਂ', 'ਸਵੈ ਪੂਰਨਤਾ ਦੀ ਲਗਨ', 'ਮੇਰੇ ਦਾਦੀ ਜੀ', 'ਰਾਜ ਕੁਮਾਰੀ ਲਤਿਕਾ', 'ਨਾਗ ਪ੍ਰੀਤ ਦਾ ਜਾਦੂ', 'ਪ੍ਰੀਤ ਮਣੀ', 'ਪੂਰਬ-ਪੱਛਮ', ਭਖਦੀ ਜੀਵਨ ਚੰਗਿਆੜੀ', 'ਬੰਦੀ-ਛੋੜ', 'ਗੁਰੂ ਨਾਨਕ', 'ਮੰਜ਼ਿਲ ਦਿਸ ਪਈ', 'ਜ਼ਿੰਦਗੀ ਵਾਰਸ ਹੈ', 'ਇਸ਼ਕ ਜਿਨ੍ਹਾਂ ਦੇ ਹੱਡੀਂ



ਰਚਿਆ', 'ਪ੍ਰੀਤ ਕਹਾਣੀਆਂ', 'ਅਨੋਖੇ ਅਤੇ ਇਕੱਲੇ', 'ਪ੍ਰੀਤਾਂ ਦੀ ਪਹਿਰੇਦਾਰ', 'ਰੁੱਖਾਂ ਦੀ ਜੀਰਾਂਦ' (ਨਾਵਲ), 'ਕੋਧਰੇ ਦੀ ਰੋਟੀ' (ਨਾਟਕ), 'ਸੁਪਨੇ' (ਅਨੁਵਾਦ), 'ਮੇਰੀ ਜੀਵਨ ਕਹਾਣੀ ਭਾਗ ਪਹਿਲਾ' (ਸਵੈ-ਜੀਵਨੀ) ਆਦਿ।

ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਮਹਾਨ ਰਚਨਾ ਸਦਕਾ ਪੰਜਾਬੀ ਮਹਿਕਮਾ ਪੈਪਸੂ ਵੱਲੋਂ ਮਾਣ-ਪੱਤਰ ਤੇ ਸਿਰੋਪਾ ਦੇ ਕੇ ਸਨਮਾਨਿਤ ਕੀਤੇ ਅਤੇ ਭਾਰਤ ਸਰਕਾਰ ਨੇ ਭਾਰਤੀ ਸਾਹਿਤ ਅਕਾਦਮੀ ਦਾ ਸਲਾਹਕਾਰ ਨਾਮਜ਼ਦ ਕੀਤਾ। ਉਹਨਾਂ ਨੇ 'ਪ੍ਰੀਤਲੜੀ' ਰਾਹੀਂ ਬਹੁਤ ਵਾਰਤਕ ਰਚਨਾ ਕੀਤੀ। ਪ੍ਰੀਤਲੜੀ ਦੀ ਲਿਖਣ ਸ਼ੈਲੀ ਵਿੱਚ ਅਜਿਹਾ ਜਾਦੂ ਸੀ ਕਿ ਪਾਠਕ ਨੂੰ ਕੀਲ ਦਿੰਦਾ ਸੀ। ਇਸ ਕਰਕੇ ਹੀ ਕਿਹਾ ਜਾਂਦਾ ਹੈ ਕਿ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਰਚਨਾ ਨਾਲ ਨਵਾਂ ਯੁੱਗ ਸ਼ੁਰੂ ਹੋਇਆ ਹੈ।

ਗੁਰਬਖ਼ਸ਼ ਸਿੰਘ ਪ੍ਰੀਤਲੜੀ ਆਦਰਸ਼ਵਾਦੀ ਤੇ ਸੁਧਾਰਕ ਲੇਖਕ ਯੁੱਗ ਸਿਰਜਕ ਮਹਾਨ ਪੁਰਸ਼ ਹੋਏ ਸਨ। ਸਰਲ ਭਾਸ਼ਾ ਵਿੱਚ ਸ਼ਬਦ ਦਾ ਤੇਜ਼ ਵਹਾਓ, ਢੁਕਵੇਂ ਅਲੰਕਾਰ ਦੇ ਗੁਣ, ਬੁੱਧੀ ਤੇ ਆਤਮਾ ਨੂੰ ਸੰਤੁਸ਼ਟ ਕਰਦੇ ਹਨ। ਆਧੁਨਿਕ ਪੀੜ੍ਹੀ ਦਾ ਕੋਈ ਵੀ ਅਜਿਹਾ ਲੇਖਕ ਨਹੀਂ, ਜਿਸ ਨੇ ਉਹਨਾਂ ਦਾ ਪ੍ਰਭਾਵ ਨਾ ਕਬੂਲਿਆਂ ਹੋਵੇ। ਆਪਣੀ ਜ਼ਿੰਦਗੀ ਵਿੱਚ ਉਹਨਾਂ ਨੇ ਸਾਹਿਤਕ ਸਰਗਰਮੀਆਂ ਵੀ ਤੇਜ਼ ਹੀ ਰੱਖੀਆਂ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਪੜ੍ਹਿਆ ਜਾਣ ਵਾਲਾ ਲੇਖਕ ਸੀ, ਉਨ੍ਹਾਂ ਦੇ ਪਾਠਕਾਂ ਦਾ ਘੇਰਾ ਵਿਸ਼ਾਲ ਸੀ, ਉਨ੍ਹਾਂ ਦੀਆਂ ਕਿਤਾਬਾਂ ਦੇ ਕਈ-ਕਈ ਐਡੀਸ਼ਨ ਛਪੇ। ਪ੍ਰੀਤਲੜੀ ਨਾਵਲ 'ਅਣ-ਵਿਆਹੀ ਮਾਂ' ਦੇ ਦੋ ਦਰਜਨਾਂ ਦੇ ਲੱਗ-ਭੱਗ ਐਡੀਸ਼ਨ ਛਪੇ। ਉਨ੍ਹਾਂ ਦੀਆਂ ਰਚਨਾਵਾਂ ਹੋਰ ਭਾਸ਼ਾਵਾਂ ਵਿੱਚ ਵੀ ਅਨੁਵਾਦ ਹੋਈਆਂ।

ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੂੰ ਜਿੰਨਾ ਸਨਮਾਨ ਪਾਠਕ ਵਰਗ ਨੇ ਦਿੱਤਾ ਹੈ, ਸ਼ਾਇਦ ਹੀ ਹੋਰ ਕਿਸੇ ਲੇਖਕ ਦੇ ਹਿੱਸੇ ਆਇਆ ਹੋਵੇ। ਪ੍ਰੀਤਲੜੀ ਦੀ ਲਿਖਤ ਨਿਰਾ ਸ਼ਹਿਦ ਹੀ ਹੈ। ਕੋਈ ਵੀ ਪਾਠਕ ਉਹਨਾਂ ਦੀ ਲਿਖਤ ਇੱਕ ਵਾਰ ਪੜ੍ਹਨ ਲੱਗਿਆਂ ਤਾਂ ਕਿਤਾਬ ਵਿਚਕਾਰ ਨਹੀਂ ਛੱਡਦਾ, ਸਗੋਂ ਪੂਰੀ ਪੜ੍ਹ ਕੇ ਹੀ ਦਮ ਭਰਦਾ ਹੈ। ਉਹਨਾਂ ਦੀ ਲਿਖਤ ਪੜ੍ਹਨ ਲੱਗਿਆਂ ਅਕੇਵਾਂ-ਥਕੇਵਾਂ ਨਹੀਂ ਆਉਂਦਾ, ਸਗੋਂ ਲਿਖਤ ਪੜ੍ਹਦਿਆਂ ਪਾਠਕ ਦਾ ਮਨ ਬਾਗੋ-ਬਾਗ ਹੋ ਉੱਠਦਾ ਹੈ। ਪਾਠਕ ਨੂੰ ਉਹਨਾਂ ਦੀ ਲਿਖਤ ਨਾਲ ਪਿਆਰ ਵਧਦਾ ਜਾਂਦਾ ਹੈ। ਪੰਜਾਬੀ ਮਾਂ ਬੋਲੀ ਦਾ ਇਹ ਹੀਰਾ 20 ਅਗਸਤ, 1977 ਈ: ਨੂੰ ਚਲਾਣਾ ਕਰ ਗਿਆ। ਉਹਨਾਂ ਦੀਆਂ ਲਿਖਤਾਂ ਸਦਾ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਰੱਖਣਗੀਆਂ।

**# ਸੰਪਰਕ : 98786-06963**

# ਤਲਾਕ ਦੀ ਕੈਂਸਰਨੁਮਾ ਬਿਮਾਰੀ ਨੂੰ ਰੋਕੋ !

ਇਕ ਸਮਾਂ ਹੁੰਦਾ ਸੀ, ਜਦੋਂ ਆਪਣੇ-ਆਪਣੇ ਸਮਾਜ ਦੀਆਂ ਰਸਮਾਂ ਅਤੇ ਰੀਤੀਆਂ ਅਨੁਸਾਰ ਹਰ ਵਰਗ ਦੇ ਲੋਕ ਸ਼ਾਦੀਆਂ ਕਰਕੇ ਜੀਵਨ ਭਰ ਇਕ-ਦੂਜੇ ਦੇ ਬੰਧਨ ਵਿੱਚ ਬੱਝ ਜਾਂਦੇ ਸਨ ਅਤੇ ਆਖ਼ਰੀ ਸਾਹਾਂ ਤੱਕ ਨਿਭਾਂਉਦੇ ਸਨ। ਜੇਕਰ ਕਿਸੇ ਕਾਰਨ ਲੜਕੇ-ਲੜਕੀ ਵਿੱਚ ਕੋਈ ਝਗੜਾ ਹੋ ਜਾਂਦਾ ਸੀ ਤਾਂ ਉਹ ਦੋਨੋਂ ਪਰਿਵਾਰ ਆਪਸ ਵਿੱਚ ਬੈਠ ਕੇ ਜਾਂ ਇਕ-ਦੋ ਰਿਸ਼ਤੇਦਾਰ ਵਿੱਚ ਪਾ ਕੇ ਨਿਬੇੜ ਲੈਂਦੇ ਸਨ। ਇੰਝ ਹੋਣ ਨਾਲ ਪਰਵਾਰਾਂ ਵਿੱਚ ਸਦਾ ਹੀ ਸਾਂਝ ਬਣੀ ਰਹਿੰਦੀ ਸੀ ਅਤੇ ਸਮਾਜਿਕ ਕਾਰੋਬਾਰ ਚੱਲਦੇ ਰਹਿੰਦੇ ਸਨ, ਪਰੰਤੂ ਅੱਜ ਸਮੇਂ ਨੇ ਏਨੀ ਤੇਜ਼ੀ ਨਾਲ ਕਰਵਟ ਲਈ ਹੈ ਕਿ ਦੇਸ਼ ਅੰਦਰ ਇਕ ਤਰ੍ਹਾਂ ਦੀ ਅੰਨ੍ਹੀ ਦੌੜ ਜਿਹੀ ਲੱਗ ਗਈ ਹੈ ਕਿ ਪਿੰਡਾਂ ਅਤੇ ਸ਼ਹਿਰਾਂ ਵਿੱਚੋਂ ਤਲਾਕ ਲੈਣ ਵਾਲਿਆਂ ਦਾ ਇਕ ਤਾਂਤਾ ਜਿਹਾ ਲੱਗ ਗਿਆ ਅਤੇ ਦੇਸ਼ ਦੀਆਂ ਅਦਾਲਤਾਂ ਵਿੱਚ ਮੇਲਿਆਂ ਵਰਗਾ ਨਜ਼ਾਰਾ ਵੇਖਣ ਨੂੰ ਮਿਲ ਰਿਹਾ ਹੈ। ਇੰਝ ਲੱਗਦਾ ਹੈ ਜਿਵੇਂ ਲੋਕਾਂ ਨੂੰ ਤਲਾਕ ਜ਼ਿੰਦਗੀ ਜਿਉਣ ਲਈ ਇਕ ਬਹੁਤ ਹੀ ਚੰਗਾ ਸਾਧਨ ਲੱਭ ਗਿਆ ਹੈ। ਤਲਾਕ ਮਿਲਣ ਨਾਲ ਉਹਨਾਂ ਦੀ ਜ਼ਿੰਦਗੀ ਦੇ ਹਰ ਖੇਤਰ ਵਿੱਚ ਵਾਰੇ ਨਿਆਰੇ ਹੋਣ ਦੇ ਨਾਲ-ਨਾਲ ਉਹਨਾਂ ਦੀ ਜੀਵਨ ਯਾਤਰਾ ਦੇ ਰਸਤਿਆਂ ਵਿੱਚ ਸੁੱਖਾਂ ਦੀਆਂ ਝੜੀਆਂ ਹੀ ਲੱਗ ਜਾਣਗੀਆਂ। ਇਹੀ ਕਾਰਨ ਹੈ ਅੱਜ ਤਲਾਕ ਲੈਣ ਅਤੇ ਤਲਾਕ ਦੇਣ ਵਾਲਿਆਂ ਦੀਆਂ ਟੋਲੀਆਂ ਦੀਆਂ ਟੋਲੀਆਂ ਆਪਣੇ ਨੇੜੇ ਦੀਆਂ ਕਚਹਿਰੀਆਂ ਵਿੱਚ ਆਪਣੇ-ਆਪਣੇ ਵਕੀਲ ਸਾਹਿਬਾਨਾਂ ਦੀ ਸ਼ਰਨ ਵਿੱਚ ਵੇਖਣ ਨੂੰ ਮਿਲਦੀਆਂ ਹਨ! ਕਚਹਿਰੀਆਂ ਅਤੇ ਵਕੀਲਾਂ ਦੇ ਨਾਲ-ਨਾਲ ਆਸੇ-ਪਾਸੇ ਦੀਆਂ ਸਾਰੀਆਂ ਹੀ ਥਾਂਵਾਂ 'ਤੇ ਇਕ ਭਰਵੇਂ ਮੇਲੇ ਦਾ ਰੂਪ ਧਾਰੀ ਲੋਕਾਂ ਦਾ ਹੜ੍ਹ ਜਿਹਾ ਨਜ਼ਰ ਆਉਂਦਾ ਹੈ। ਇਹ ਸਾਰਾ ਕੁਝ ਵੇਖ ਕੇ ਕਈ ਵਾਰ ਇੰਝ ਮਹਿਸੂਸ ਹੁੰਦਾ ਹੈ ਕਿ ਜੇਕਰ ਤਲਾਕ ਦੀ ਕੈਂਸਰਨੁਮਾ ਬਿਮਾਰੀ ਇਸ ਤਰ੍ਹਾਂ ਤੇਜ਼ੀ ਨਾਲ ਫੈਲਦੀ ਗਈ ਤਾਂ ਉਹ ਦਿਨ ਦੂਰ ਨਹੀਂ, ਜਦੋਂ ਇਹ ਇਕ ਖ਼ਤਰਨਾਕ ਰੂਪ ਧਾਰ ਕੇ ਦੇਸ਼ ਦੇ ਵੱਡੇ ਹਿੱਸੇ ਦੇ ਲੋਕਾਂ ਨੂੰ ਆਪਣੀ ਮਜ਼ਬੂਤ ਜਕੜ ਵਿੱਚ ਘੇਰ ਲਵੇਗੀ ਅਤੇ ਸਾਡੇ ਸ਼ਾਦੀ ਵਰਗੇ ਪਵਿੱਤਰ ਬੰਧਨ ਨੂੰ ਤਹਿਸ-ਨਹਿਸ ਕਰ ਕੇ ਨੌਜਵਾਨ ਵਰਗ ਨੂੰ ਬਰਬਾਦ ਕਰਨ ਦੇ ਨਾਲ-ਨਾਲ ਉਨ੍ਹਾਂ ਦੀਆਂ ਜ਼ਿੰਦਗੀਆਂ ਦੇ ਕੀਮਤੀ ਸਮੇਂ ਤੋਂ ਇਲਾਵਾ ਬਹੁਤ ਸਾਰਾ ਪੈਸਾ ਮੁਕੱਦਮਿਆਂ ਦੀ ਭੇਟ ਵੀ ਚੜ੍ਹ ਜਾਵੇਗਾ। ਪੁਰਾਣੇ ਸਮਿਆਂ ਵਿੱਚ ਜੇਕਰ ਕਿਸੇ ਪਰਵਾਰ ਦੀ ਲੜਕੀ ਨੂੰ ਛੱਡਣ-ਛਡਾਉਣ ਦੀ ਗੱਲ ਹੁੰਦੀ ਸੀ ਤਾਂ ਸੰਬੰਧਤ ਪਰਵਾਰ ਵਾਲੇ ਇਸ ਚੀਜ਼ ਦੀ ਸ਼ਰਮ ਮਹਿਸੂਸ ਕਰਦੇ ਸਨ ਅਤੇ ਇਸ ਗੱਲ ਨੂੰ ਸਮਾਜ ਵਿੱਚ ਜਾਂ ਪਿੰਡ ਵਿੱਚ ਫੈਲਣ ਤੋਂ ਰੋਕਣ ਲਈ ਪੂਰਾ ਜ਼ੋਰ ਲਾਇਆ ਜਾਂਦਾ ਸੀ। ਜੇਕਰ ਗੱਲ ਵਿਤੋਂ ਬਾਹਰ ਹੋ ਕੇ ਬੇਵੱਸ ਹੋ ਜਾਂਦੀ ਸੀ ਤਾਂ ਬਹੁਤ ਭਰੇ ਮਨਾਂ ਨਾਲ ਇਹ ਕੌੜਾ ਘੁੱਟ ਭਰਿਆ ਜਾਂਦਾ ਸੀ। ਇਸ ਦੇ ਉਲਟ ਅੱਜ ਤਲਾਕ ਇਕ ਆਮ ਗੱਲ ਜਾਂ ਇੱਕ ਫ਼ੈਸ਼ਨ ਬਣ ਚੁੱਕਿਆ ਹੈ, ਪਰ ਹੈ ਇਕ ਇਹ ਬਹੁਤ ਹੀ ਭਿਆਨਕ ਬਿਮਾਰੀ ਹੈ, ਜੋ ਬਹੁਤ ਹੀ ਤੇਜ਼ੀ ਨਾਲ ਫੈਲਦੀ ਹੋਈ ਸਾਡੀ ਨੌਜਵਾਨ ਪੀੜ੍ਹੀ ਨੂੰ ਘੁਣ ਵਾਂਗ ਖਾ ਰਹੀ ਹੈ। ਇਹ ਸਾਡੇ ਸਦੀਆਂ ਤੋਂ ਪੁਰਾਣੇ ਪਵਿੱਤਰ ਰਿਸ਼ਤਿਆਂ ਨੂੰ ਤਾਰ-ਤਾਰ ਕਰਕੇ ਇਨ੍ਹਾਂ ਅੰਦਰ ਜ਼ਹਿਰੀਲੀ ਨਫ਼ਰਤ ਘੋਲ ਰਹੀ ਹੈ। ਵੱਡੀ ਪੱਧਰ 'ਤੇ ਤਲਾਕਾਂ ਦੇ ਕਾਰਨਾਂ ਦੀ ਗੰਭੀਰਤਾ ਨਾਲ ਪੜਤਾਲ ਕਰਨ 'ਤੇ ਇਹ ਗੱਲ ਸਾਹਮਣੇ ਆਵੇਗੀ ਕਿ ਏਨੀ ਤੇਜ਼ੀ ਨਾਲ ਇਸ ਬਿਮਾਰੀ ਦੇ ਫੈਲਣ ਦਾ ਇਕ ਕਾਰਨ ਨਹੀਂ, ਕਈ ਕਾਰਨ ਸਾਹਮਣੇ ਆਉਣਗੇ, ਜਿਵੇਂ ਕਿ :-

(1) ਲੜਕਿਆਂ ਦਾ ਨਸ਼ੇੜੀ ਹੋਣਾ

(2) ਨਸ਼ਿਆਂ ਕਾਰਨ ਨਿਪੁੰਨਸਕਤਾ

(3) ਲੜਕੇ -ਲੜਕੀ ਦੀ ਵਿੱਦਿਅਕ ਯੋਗਤਾ ਜਾਂ ਅਹੁਦੇਦਾਰੀ ਵਿੱਚ ਫਰਕ

(4) ਦਾਜ-ਦਹੇਜ ਘੱਟ-ਵੱਧ ਦੀ ਬਿਮਾਰੀ ਤੇ ਬਰਾਤੀਆਂ ਦੀ ਖਾਤਰਦਾਰੀ ਦਾ ਰੇੜਕਾ


(5) ਲੜਕੇ-ਲੜਕੀ ਵਿੱਚ ਸਹਿਣਸ਼ੀਲਤਾ ਦੀ ਘਾਟ ਹੋਣੀ।

(6) ਮੋਬਾਇਲ ਅਤੇ ਸੋਸ਼ਲ ਮੀਡੀਆ ਦੀ ਵਰਤੋਂ



ਜੰਗੀਰ ਸਿੰਘ ਦਿਲਬਰ

ਤਲਾਕ ਦੀ ਇਹ ਭਿਆਨਕ ਬਿਮਾਰੀ ਪਹਿਲਾ ਬਹੁਤ ਘੱਟ ਹੁੰਦੀ ਸੀ, ਕਿਉਂਕਿ ਭਾਰਤੀ ਲੋਕਾਂ ਅੰਦਰ ਧਰਮਾ ਪ੍ਰਤੀ ਅਥਾਹ ਸ਼ਰਧਾ ਹੈ, ਭਾਰਤੀ ਲੋਕਾਂ ਦੀਆਂ ਸ਼ਾਦੀਆਂ ਦੇਸ਼ ਦੇ ਵੱਖ ਵੱਖ ਖੇਤਰਾਂ ਵਿੱਚ ਉੱਥੋਂ ਦੇ ਇਲਾਕੇ ਦੇ ਰੀਤੀ ਰਿਵਾਜਾਂ ਜਾਂ ਆਪਣੇ ਆਪਣੇ ਧਰਮਾਂ ਦੇ ਅਨੁਸਾਰ ਹੁੰਦੀਆਂ ਹਨ। ਸ਼ਾਦੀ ਸਮੇਂ ਜਦੋਂ ਫੇਰੇ ਜਾਂ ਅਨੰਦ ਕਾਰਜ ਹੁੰਦੇ ਹਨ, ਉਸ ਵੇਲੇ ਲੜਕੇ-ਲੜਕੀ ਵੱਲੋਂ ਸੱਤ ਜਨਮਾਂ ਤੱਕ ਸਾਥ ਨਿਭਾਉਣ ਦਾ ਸਾਰੇ ਧਰਮਾਂ ਦੇ ਪੁਜਾਰੀਆਂ ਵੱਲੋਂ ਵਚਨ ਲਿਆ ਜਾਂਦਾ ਹੈ, ਪਰ ਹੌਲੀ-ਹੌਲੀ ਜਿਉਂ-ਜਿਉਂ ਸਮੇਂ ਨੇ ਕਰਵਟ ਬਦਲੀ, ਤਿਉਂ-ਤਿਉਂ ਉਮਰਾਂ ਦੇ ਸਾਥ ਨਿਭਾਉਣ ਵਾਲੇ ਬਚਨਾਂ ਵਿੱਚ ਤਬਦੀਲੀ ਅਤੇ ਤਰੇੜਾਂ ਆਉਣੀਆਂ ਸ਼ੁਰੂ ਹੋ ਗਈਆਂ, ਜੋ ਅੱਜ ਉਕਤ ਦਿੱਤੇ ਕਾਰਨਾਂ ਕਰਕੇ ਤਾਰ-ਤਾਰ ਹੋ ਗਈਆਂ ਅਤੇ ਤਲਾਕਾਂ ਜਿਹੀ ਖੁਦ ਸਹੇੜੀ ਬਿਮਾਰੀ ਦੀ ਭੇਟ ਚੜ੍ਹ ਗਈਆਂ। ਉਂਝ ਇਹ ਘਰਾਂ ਨੂੰ ਬਰਬਾਦ ਕਰਨ ਵਾਲੀ ਅਤੇ ਘਰ ਪੱਟੂ ਨਾ-ਮੁਰਾਦ ਬਿਮਾਰੀ ਸਾਰੇ ਦੇਸ਼ ਵਿੱਚ ਹੀ ਹੜਤਾਲਾਂ ਦੀ ਬਿਮਾਰੀ ਦੀ ਤਰ੍ਹਾਂ ਬਹੁਤ ਹੀ ਤੇਜ਼ੀ ਨਾਲ ਫੈਲ ਰਹੀ ਹੈ , ਪਰ ਰੰਗਲੇ ਤੋਂ ਹੋ ਰਹੇ ਕੰਗਲੇ ਪੰਜਾਬ ਵਿੱਚ ਤਾਂ ਸੁੱਖ ਨਾਲ ਇਸ ਦੀਆਂ ਸੁਨਾਮੀ ਲਹਿਰਾਂ ਦਾ ਜ਼ੋਰ ਕੁਝ ਜ਼ਿਆਦਾ ਹੀ ਹੈ, ਜੋ ਦਿਨ-ਬ-ਦਿਨ ਘਟਣ ਦੀ ਬਜਾਏ ਤੇਜ਼ੀ ਨਾਲ ਵਧ ਰਿਹਾ ਹੈ । ਅੱਜ ਸਾਰੇ ਪੰਜਾਬ ਦੀਆਂ ਅਦਾਲਤਾਂ ਵਿੱਚ ਤਲਾਕ ਲੈਣ ਵਾਲਿਆਂ ਅਤੇ ਤਲਾਕ ਦੇਣ ਦੇ ਕਾਰਨ ਪੈਦਾ ਕਰਨ ਵਾਲਿਆਂ ਭੱਦਰ ਪੁਰਸ਼ਾਂ ਦੇ ਸੁੱਖ ਨਾਲ ਕਚਹਿਰੀਆਂ ਵਿੱਚ ਮੇਲੇ ਲੱਗਦੇ ਹਨ । ਇੰਝ ਤਲਾਕਾਂ ਨਾਲ ਸਬੰਧਤ ਹਰ ਵਰਗ ਦੇ ਗਲਤ ਲੋਕਾਂ ਦੀਆਂ ਹਰ ਖੇਤਰ ਵਿੱਚ , ਹਰ ਤਰ੍ਹਾਂ ਹੀ ਪੌਂ ਬਾਰਾਂ ਹਨ, ਕਿਉਂਕਿ ਇੱਥੇ ਤਰਾਂ-ਤਰਾਂ ਦੇ ਧੰਦੇ ਵਾਲੇ ਲੋਕਾਂ ਨਾਲ ਕੇਸਾਂ ਬਾਰੇ ਵਾਸਤਾ ਪੈਂਦਾ ਹੈ, ਜਿਵੇਂ- ਕਿ ਵਕੀਲ ਸਾਹਿਬਾਨ, ਮੁਨਸ਼ੀ, ਟਾਈਪ ਵਾਲੇ, ਫੋਟੋ ਸਟੇਟ ਵਾਲੇ, ਅਸ਼ਟਾਮਾਂ ਵਾਲੇ, ਗਵਾਹੀਆਂ ਦੇਣ ਵਾਲੇ ਆਦਿ। ਇਹ ਇਕ ਤਲਾਕ ਲੈਣ ਅਤੇ ਦੇਣ ਵਾਲੇ ਪਰਵਾਰਾਂ ਦੇ ਗਲੇ ਦੀ ਹੱਡੀ ਵਰਗਾ ਜੰਜਾਲ ਬਣ ਜਾਂਦੀਆਂ ਹਨ, ਜਿਸ ਤੋਂ ਖਹਿੜਾ ਛੁਡਾਉਣਾ ਔਖਾ ਹੋ ਜਾਂਦਾ ਹੈ। ਤਲਾਕ ਲੈਣ ਵਾਲੇ ਜ਼ਿਆਦਾ





ਕੇਸਾਂ ਵਿੱਚ ਲੜਕੀ ਵਾਲੇ ਪਰਵਾਰ ਵੱਲੋਂ ਕੇਸ ਦਾਇਰ ਕਰਨ ਵੇਲੇ ਲਿਖਿਆ ਜਾਂਦਾ ਹੈ ਕਿ ਅਸੀਂ ਵਿਆਹ 'ਤੇ ਏਨੇ ਲੱਖ ਰੁਪਏ ਦਾਜ ਦਿੱਤਾ ਅਤੇ ਏਨਾ ਖਰਚਾ ਕੀਤਾ, ਜਦੋਂ ਕਿ ਦੇਸ਼ ਅੰਦਰ ਦਾਜ ਦੇਣਾ ਅਤੇ ਲੈਣਾ ਕਨੂੰਨ ਦੀਆਂ ਨਜ਼ਰਾਂ ਵਿੱਚ ਅਪਰਾਧ ਹੈ ਤਾਂ ਇਸ ਵਿਚ ਮਾਣਯੋਗ ਅਦਾਲਤ ਨੂੰ ਸਭ ਤੋਂ ਪਹਿਲਾਂ ਲੜਕੀ ਦੇ ਪਰਵਾਰ 'ਤੇ ਪਰਚਾ ਦਰਜ ਕਰਨ ਦੀ ਸਿਫ਼ਾਰਸ਼ ਕਰਨੀ ਚਾਹੀਦੀ ਹੈ, ਕਿਉਂਕਿ ਉਨ੍ਹਾਂ ਨੇ ਤਾਂ ਅਰਜ਼ੀ ਦੇਣ ਸਮੇਂ ਦਾਜ ਦੇਣ ਦੀ ਗੱਲ ਖੁਦ ਹੀ ਕਬੂਲ ਕਰ ਲਈ ਹੈ। ਲੜਕੇ ਵਾਲਿਆਂ 'ਤੇ ਉਸ ਵੇਲੇ ਕਾਰਵਾਈ ਹੋਵੇ, ਜਦੋਂ ਲੜਕੀ ਵਾਲੇ ਦਾਜ ਦੇਣਾ ਸਾਬਤ ਕਰ ਦੇਣ। ਇੰਝ ਹੋਣ ਨਾਲ 50 ਫੀਸਦੀ ਤਲਾਕ ਦੇ ਕੇਸ ਘੱਟ ਹੋ ਜਾਣਗੇ । ਅਦਾਲਤਾਂ ਨੂੰ ਬਾਰ-ਬਾਰ ਤਲਾਕ ਲੈਣ ਵਾਲੇ ਅਤੇ ਮੋਟੀਆਂ ਰਕਮਾਂ ਲੈ ਕੇ ਰਾਜ਼ੀਨਾਮੇ ਕਰਨ ਵਾਲੇ ਲੋਕਾਂ ਵੱਲ ਵੀ ਕਿਸੇ ਤਰੀਕੇ ਰੋਕ ਲਾਉਣ ਜਾਂ ਧਿਆਨ ਦੇਣ ਦੀ ਜ਼ਰੂਰਤ ਹੈ। ਜਦੋਂ ਆਮ ਪਰਵਾਰ ਇਸ ਚੱਕਰਵਿਊ ਵਿੱਚ ਫਸ ਜਾਂਦੇ ਹਨ ਤਾਂ ਉਹਨਾਂ ਦੇ ਘਰਾਂ ਦੀਆਂ ਬਰਬਾਦੀਆਂ ਤਹਿ ਹੋ ਜਾਂਦੀਆਂ ਹਨ। ਕੋਈ ਚੰਗੇ ਕਰਮਾਂ ਵਾਲਾ ਹੁੰਦਾ ਹੈ, ਜਿਸ ਦਾ ਇਸ ਬਿਮਾਰੀ ਤੋਂ ਜਲਦੀ ਖਹਿੜਾ ਛੁੱਟ ਜਾਂਦਾ ਹੈ, ਨਹੀਂ ਤਾਂ ਅਦਾਲਤਾਂ ਦੇ ਚੱਕਰਾਂ 'ਚ ਘੁੰਮਦਿਆਂ ਉਮਰਾਂ ਗੁਜ਼ਰ ਜਾਂਦੀਆਂ ਹਨ ਅਤੇ ਤਲਾਕ ਸ਼ਬਦ ਸੁਣ ਕੇ ਉਨ੍ਹਾਂ ਨੂੰ ਮਹਿਸੂਸ ਹੁੰਦਾ ਹੈ ਜਿਵੇਂ ਬਾਰਾਂ ਬੋਰ ਦੀ ਰਾਇਫਲ 'ਚੋਂ ਤਾੜ-ਤਾੜ ਜਾਂ ਤੜਾਕ-ਤੜਾਕ ਗੋਲੀਆਂ ਦੀ ਅਵਾਜ਼ ਆਉਂਦੀ ਹੋਵੇ। ਇਹ ਨਾ-ਮੁਰਾਦ ਬਿਮਾਰੀ ਤੋਂ ਜੇਕਰ ਕੋਈ ਆਦਮੀ ਖਹਿੜਾ ਛੁਡਾਉਣਾ ਵੀ ਚਾਹੇ ਤਾਂ ਉਹ ਜਲਦੀ ਜਲਦੀ ਛੁਡਵਾਂ ਵੀ ਨਹੀਂ ਸਕਦਾ ਕਿਉਂਕਿ ਫਿਰ ਜੇ ਸਬੰਧਤ ਆਦਮੀ ਤਲਾਕ ਦੇ ਨਾ-ਮੁਰਾਦ ਕੰਬਲ ਤੋਂ ਖਹਿੜਾ ਛਡਾਉਣਾ ਵੀ ਚਾਹੁੰਦਾ ਹੈ ਤਾਂ ਫਿਰ ਇਹ ਪਤੰਦਰ ਕੰਬਲ ਖਹਿੜਾ ਨਹੀਂ ਛੱਡਦਾ, ਕਿਉਂਕਿ ਜਿਨ੍ਹਾਂ ਲੋਕਾਂ ਦਾ ਇਨ੍ਹਾਂ ਕੇਸਾਂ ਕਾਰਨ ਅਮਲਾ ਮਾਂਡਾ ਚਲਦਾ ਹੈ, ਉਹ ਲੋਕ ਨਹੀਂ ਚਾਹੁੰਦੇ ਕਿ ਲੋਕਾਂ ਦੇ ਤਲਾਕ ਵਾਲੇ ਕੇਸ ਬੰਦ ਹੋ ਜਾਣ ਜਾਂ ਘੱਟ ਹੋ ਜਾਣ। ਇਸ ਲਈ ਜਿੰਨੀ ਜਲਦੀ ਹੋਵੇ ਦੇਸ਼, ਖਾਸ ਕਰਕੇ ਪੰਜਾਬ ਦੀਆਂ ਧਾਰਮਿਕ ਸੰਸਥਾਵਾਂ, ਬੁੱਧੀਜੀਵੀਆਂ, ਐੱਨ ਜ਼ੀ ਓਜ਼, ਲੇਖਕਾਂ ਅਤੇ ਸਰਕਾਰਾਂ ਨੂੰ ਇਸ ਨਾ-ਮੁਰਾਦ ਬਿਮਾਰੀ ਨੂੰ ਜਲਦੀ ਤੋਂ ਜਲਦੀ ਰੋਕਣ ਲਈ ਇਕ ਜ਼ੋਰਦਾਰ ਮੁਹਿੰਮ ਚਲਾਉਣੀ ਚਾਹੀਦੀ ਹੈ, ਤਾਂ ਕਿ ਸਾਡੇ ਪਰਵਾਰਾਂ ਅਤੇ ਸ਼ਾਦੀਸ਼ੁਦਾ ਜੋੜਿਆਂ ਦੀਆਂ ਜ਼ਿੰਦਗੀਆਂ ਇਸ ਬਰਬਾਦੀ ਦੀ ਮਾਰ ਤੋਂ ਬਚ ਜਾਣ।

***# ਸੰਪਰਕ : 98770-33838***

26-APRIL-PAGE-5.qxd 4/25/2024 10:35 PM Page 1



# ਖੇਤੀਬਾੜੀ ਵਿਕਾਸ ਬੈਂਕਾਂ ਦੀ ਕਲਮ ਛੋੜ ਹੜਤਾਲ ਅਣਮਿੱਥੇ ਸਮੇਂ ਲਈ ਜਾਰੀ



**ਸੰਗਰੂਰ (ਪ੍ਰਵੀਨ ਸਿੰਘ)**
ਪੰਜਾਬ ਰਾਜ ਭਰ ਦੇ ਖੇਤੀਬਾੜੀ ਵਿਕਾਸ ਬੈਂਕਾਂ ਦੇ ਕ੍ਰਮਚਾਰੀਆਂ ਦਾ ਬੈਂਕ ਮੈਨੇਜਮੈਂਟ ਅਤੇ ਸਰਕਾਰ ਵੱਲੋਂ ਛੇਵਾਂ ਪੇ-ਕਮਿਸ਼ਨ ਲਾਗੂ ਨਾ ਕਰਨ, ਮੁਲਾਜ਼ਮਾਂ ਦੀਆਂ ਤਰੱਕੀਆਂ ਨਾ ਕਰਨ ਅਤੇ ਬੈਂਕ ਦੇ ਕਰਜਾ ਵੰਡ ਪ੍ਰੋਗਰਾਮ ਜਾਰੀ ਨਾ ਕਰਨ ਸਬੰਧੀ ਕੀਤੀ ਜਾ ਰਹੀ ਟਾਲ-ਮਟੋਲ ਦੀ ਨੀਤੀ ਨੂੰ ਦੇਖਦਿਆਂ ਰੋਸ ਵਜੋਂ ਲੈਂਡ ਮਾਰਗੇਜ਼ ਬੈਂਕਸ ਕਰਮਚਾਰੀ ਯੂਨੀਅਨ, ਪੰਜਾਬ ਜਿਸ ਦੀ ਅਗਵਾਈ ਸੂਬਾ ਪ੍ਰਧਾਨ ਜਸਵੀਰ ਸਿੰਘ ਗਿੱਲ, ਜਨਰਲ ਸਕੱਤਰ ਧਰਮਿੰਦਰ ਸਿੰਘ ਸੰਧੂ, ਮੀਤ ਪ੍ਰਧਾਨ ਸ੍ਰੀਮਤੀ ਮਨਦੀਪ ਕੌਰ ਤੇ ਵਿੱਤ ਸਕੱਤਰ ਵਿਸ਼ਵਦੀਪ ਸਿੰਘ ਬਰਾੜ ਨੇ ਜਾਣਕਾਰੀ ਦਿੱਤੀ ਕਿ 15 ਅਪ੍ਰੈਲ ਤੋਂ ਉਪਰੋਕਤ ਮੰਗਾਂ ਸਬੰਧੀ ਅਣਮਿੱਥੇ ਸਮੇਂ ਲਈ ਕਲਮ ਛੋੜ ਹੜਤਾਲ ਲਗਾਤਾਰ ਜਾਰੀ ਹੈ।

ਯੂਨੀਅਨ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗਿੱਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਛੇਵਾਂ ਪੇ-ਕਮਿਸ਼ਨ ਆਪਣੇ ਸਾਰੇ ਵਿਭਾਗਾਂ ਦੇ ਕ੍ਰਮਚਾਰੀਆਂ ਉਪਰ 01.07.2021 ਤੋਂ ਲਾਗੂ ਕੀਤਾ ਹੋਇਆ ਹੈ, ਪਰ ਉਸ ਸਮੇਂ ਤੋਂ ਹੀ ਇਸ ਬੈਂਕ ਦੇ ਕਰਮਚਾਰੀਆਂ ਨੂੰ ਅਣਗੌਲਿਆ ਕੀਤਾ ਗਿਆ ਹੈ, ਜਿਸ ਸਬੰਧੀ ਯੂਨੀਅਨ ਵੱਲੋਂ ਮੌਜੂਦਾ ਸਰਕਾਰੀ ਧਿਰ (ਆਪ) ਦੇ ਲੋਕ ਸਭਾ ਦੇ ਉਮੀਦਵਾਰਾਂ ਰਾਹੀਂ ਵੀ ਉਨ੍ਹਾਂ ਦੇ ਹਲਕਿਆਂ ਵਿੱਚ ਜਾ ਕੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਮੰਗ-ਪੱਤਰ ਅਤੇ ਯੂਨੀਅਨ ਦੇ ਹੜਤਾਲ ਪ੍ਰੋਗਰਾਮ ਸਬੰਧੀ ਸਮੇਂ-ਸਮੇਂ ਜਾਣਕਾਰੀ ਵੀ ਦਿੱਤੀ ਗਈ, ਪਰ ਪਤਾ ਨਹੀਂ ਕਿਸ ਪੱਧਰ 'ਤੇ ਬੈਂਕ ਕ੍ਰਮਚਾਰੀਆਂ ਦੀ ਪੇ-ਕਮਿਸ਼ਨ ਵਾਲੀ ਫਾਈਲ ਵਿੱਚ ਖੜੋਤ ਆਈ ਹੈ।ਇਸ ਸਬੰਧੀ ਸੂਬਾ ਪ੍ਰਧਾਨ ਨੇ ਦੱਸਿਆ ਕਿ ਇਸ ਮੁਲਾਜ਼ਮ ਸੰਘਰਸ਼ ਨੂੰ ਹੋਰ ਤਿੱਖਾ ਕਰਦੇ ਹੋਏ ਅੱਜ ਪੰਜਾਬ ਦੇ ਮੁੱਖ ਮੰਤਰੀ/ ਸਹਿਕਾਰਤਾ ਮੰਤਰੀ ਭਗਵੰਤ ਮਾਨ ਜੀ ਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਜੀ ਦੀਆਂ ਸੰਗਰੂਰ ਸਥਿਤ ਰਿਹਾਇਸ਼ਾਂ ਵਿਖੇ ਸ਼ਾਂਤਮਈ ਰੋਸ ਮਾਰਚ ਕਰਦੇ ਹੋਏ ਬੈਂਕ ਮੁਲਾਜ਼ਮਾਂ ਵਾਸਤੇ ਛੇਵਾਂ ਪੇ-ਕਮਿਸ਼ਨ ਲਾਗੂ ਕਰਨ, ਬੈਂਕ ਦੀ ਕਰਜ਼ਾ ਵੰਡ ਸ਼ੁਰੂ ਕਰਾਉਣ ਅਤੇ ਹੋਰ ਦੂਜੀਆਂ ਜਾਇਜ਼ ਮੰਗਾਂ ਸਬੰਧੀ ਯੂਨੀਅਨ ਵੱਲੋਂ ਉਨ੍ਹਾਂ ਨੂੰ ਮੰਗ-ਪੱਤਰ ਦਿੱਤਾ ਜਾਵੇ।ਇਸ ਸਬੰਧੀ ਸੂਬਾ ਪ੍ਰਧਾਨ ਨੇ ਦੱਸਿਆ ਕਿ ਮੰਗਾਂ ਨਾ ਮੰਨਣ ਦੀ ਸੂਰਤ ਵਿੱਚ ਯੂਨੀਅਨ ਵੱਲੋਂ ਆਉਂਦੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ ਜਿਸ ਵਿੱਚ ਆਪ ਪਾਰਟੀ ਦੇ ਉਮੀਦਵਾਰਾਂ ਖਿਲਾਫ ਉਨ੍ਹਾਂ ਦੇ ਹਲਕਿਆਂ ਵਿੱਚ ਰੋਸ ਪ੍ਰਦਰਸ਼ਨ ਕੀਤੇ ਜਾਣਗੇ।

## ਹੰਸ ਰਾਜ ਹੰਸ ਦੇ ਹੱਕ 'ਚ ਆਏ ਸੀਨੀਅਰ ਦਲਿਤ ਲੀਡਰ

**ਸੰਗਰੂਰ (ਪ੍ਰਵੀਨ ਸਿੰਘ)**-ਲੋਕ ਸਭਾ ਹਲਕਾ ਫਰੀਦਕੋਟ ਤੋਂ ਭਾਜਪਾ ਦੇ ਉਮੀਦਵਾਰ ਸੂਫੀ ਲੋਕ ਗਾਇਕ ਸ਼੍ਰੀ ਹੰਸ ਰਾਜ ਹੰਸ ਦੇ ਲਗਾਤਾਰ ਹੋ ਰਹੇ ਵਿਰੋਧ ਦੇ ਚੱਲਦਿਆਂ ਵੱਖ-ਵੱਖ ਦਲਿਤ ਜਥੇਬੰਦੀਆਂ ਦੇ ਆਗੂ ਹੰਸ ਰਾਜ ਹੰਸ ਦੇ ਪੱਖ ਵਿੱਚ ਖੜੇ ਹੋ ਗਏ ਹਨ।ਜਿਸ ਸਬੰਧੀ ਸ਼੍ਰੀ ਦਰਸ਼ਨ ਸਿੰਘ ਕਾਂਗੜਾ ਕੌਮੀ ਪ੍ਰਧਾਨ ਭਾਰਤੀਯ ਅੰਬੇਡਕਰ ਮਿਸ਼ਨ ਵੱਲੋਂ



ਵੀ ਹੰਸ ਰਾਜ ਹੰਸ ਦਾ ਵਿਰੋਧ ਕਰਨ ਵਾਲੇ ਲੋਕਾਂ ਦੀ ਕੜੇ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਭਾਜਪਾ ਵੱਲੋਂ ਹੁਣ ਤੱਕ ਕਰੀਬ 10 ਉਮੀਦਵਾਰ ਚੋਣ ਮੈਦਾਨ ਵਿੱਚ ਉਤਾਰੇ ਗਏ ਹਨ।ਹੋਰ ਕਿਸੇ ਵੀ ਉਮੀਦਵਾਰ ਦਾ ਵਿਰੋਧ ਕਿਉਂ ਨਹੀਂ ਕੀਤਾ ਜਾ ਰਿਹਾ। ਸਿਰਫ਼ ਤੇ ਸਿਰਫ਼ ਹੰਸ ਰਾਜ ਹੰਸ ਨੂੰ ਹੀ ਟਾਰਗੇਟ ਕਿਉਂ ਕੀਤਾ ਜਾ ਰਿਹਾ ਹੈ, ਕਿਉਂਕਿ ਉਹ ਇੱਕ ਦਲਿਤ ਹੈ ਅਤੇ ਵਾਲਮੀਕਿ ਸਮਾਜ ਨਾਲ ਸੰਬੰਧਤ ਹੈ।

ਉਨ੍ਹਾਂ ਕਿਹਾ ਕਿ ਅਜਿਹਾ ਕਰਕੇ ਇਹ ਲੋਕ ਜਾਤੀਵਾਦ ਨੂੰ ਬੜ੍ਹਾਵਾ ਦੇ ਰਹੇ ਹਨ। ਸ਼੍ਰੀ ਦਰਸ਼ਨ ਕਾਂਗੜਾ ਨੇ ਇਹ ਵੀ ਕਿਹਾ ਕਿ ਭਾਜਪਾ ਦੇਸ਼ ਹਿਤੈਸੀ ਪਾਰਟੀ ਨਹੀਂ ਹੈ, ਪ੍ਰੰਤੂ ਵਿਰੋਧ ਜਤਾਉਣ ਦਾ ਇਹ ਸਹੀ ਤਰੀਕਾ ਨਹੀਂ ਹੈ।ਉਨ੍ਹਾਂ ਕਿਹਾ ਕਿ ਭਾਜਪਾ ਦਾ ਵਿਰੋਧ ਇਸ ਪਾਰਟੀ ਦੇ ਉਮੀਦਵਾਰਾਂ ਨੂੰ ਵੋਟਾਂ ਨਾ ਪਾ ਕੇ ਕਰਨਾ ਚਾਹੀਦਾ ਹੈ।ਸਿਰਫ਼ ਵਾਲਮੀਕਿ ਸਮਾਜ ਦੇ ਆਗੂਆਂ ਨੂੰ ਹੀ ਨਿਸ਼ਾਨਾ ਨਹੀਂ ਬਣਾਉਣਾ ਚਾਹੀਦਾ ਇਸ ਨਾਲ ਜਾਤੀਵਾਦ ਦੀਆਂ ਦਿਵਾਰਾਂ ਮਜ਼ਬੂਤ ਹੁੰਦੀਆਂ ਹਨ ਅਤੇ ਆਪਸੀ ਭਾਈਚਾਰਕ ਸਾਂਝਾਂ ਕਮਜ਼ੋਰ ਹੁੰਦੀਆਂ ਹਨ।ਦਲਿਤ ਆਗੂ ਨੇ ਕਿਹਾ ਕਿ ਸਿਰਫ਼ ਹੰਸ ਰਾਜ ਹੰਸ ਦਾ ਵਿਰੋਧ ਕਰਨ ਵਾਲੇ ਕਿਸਾਨ ਨਹੀਂ ਹਨ, ਇਹ ਕੋਈ ਸ਼ਰਾਰਤੀ ਅਨਸਰ ਹਨ, ਜੋ ਚੋਣਾਂ ਦੀ ਆੜ 'ਚ ਸੂਬੇ ਦਾ ਮਾਹੌਲ ਖਰਾਬ ਕਰਨਾ ਚਾਹੁੰਦੇ ਹਨ ਅਤੇ ਭਾਈਚਾਰਕ ਸਾਂਝ ਨੂੰ ਵੀ ਖਰਾਬ ਕਰ ਰਹੇ ਹਨ।

# ਸੈਕਟਰ ਅਫਸਰਾਂ ਲਈ ਚੋਣ ਸਿਖਲਾਈ ਦਾ ਆਯੋਜਨ ਕੀਤਾ

**ਲੁਧਿਆਣਾ (ਐਮ ਐਸ ਭਾਟੀਆ)**
ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕ ਸਭਾ ਚੋਣਾਂ-2024 ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਵੱਖ-ਵੱਖ ਹਲਕਿਆਂ ਵਿੱਚ ਸੈਕਟਰ ਅਫ਼ਸਰਾਂ ਲਈ ਇੱਕ ਸਿਖਲਾਈ ਪ੍ਰੋਗਰਾਮ ਦਾ ਆਯੋਜਨ ਕੀਤਾ।

ਇਹ ਸਿਖਲਾਈ ਸਹਾਇਕ ਰਿਟਰਨਿੰਗ ਅਫ਼ਸਰਾਂ (ਏ.ਆਰ.ਓ) ਦੀ ਨਿਗਰਾਨੀ ਹੇਠ ਕਰਾਈ ਗਈ।ਸਿਖਲਾਈ ਵਿੱਚ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈਵੀਐਮ) ਤੇ ਵੋਟਰ ਵੈਰੀਫਾਈਡ ਪੇਪਰ ਆਡਿਟ ਟ੍ਰੇਲ (ਵੀ.ਵੀ. ਪੈਟ) ਮਸ਼ੀਨਾਂ ਦੇ ਕੰਮਕਾਜ ਬਾਰੇ ਜਾਣੂ ਕਰਾਉਣਾ ਸ਼ਾਮਲ ਸੀ।ਇਹ ਸਿਖਲਾਈ ਸੈਸ਼ਨ ਲੁਧਿਆਣਾ ਪੂਰਬੀ, ਜਗਰਾਉਂ, ਪਾਇਲ, ਆਤਮ ਨਗਰ, ਲੁਧਿਆਣਾ ਕੇਂਦਰੀ, ਦਾਖਾ, ਲੁਧਿਆਣਾ ਦੱਖਣੀ ਅਤੇ ਹੋਰ ਹਲਕਿਆਂ ਵਿੱਚ ਆਯੋਜਿਤ ਕੀਤੇ ਗਏ।ਏ.ਆਰ.ਓ ਲੁਧਿਆਣਾ ਪੂਰਬੀ, ਚੇਤਨ ਬੰਗੜ ਨੇ ਦੱਸਿਆ ਕਿ ਸੈਕਟਰ ਅਫ਼ਸਰਾਂ ਦੀ ਚੋਣ ਪ੍ਰਬੰਧਨ ਵਿੱਚ ਅਹਿਮ ਭੂਮਿਕਾ ਹੁੰਦੀ ਹੈ ਤੇ ਉਹ ਚੋਣ ਪ੍ਰੋਗਰਾਮ ਦੇ ਐਲਾਨ ਤੋਂ ਚੋਣ ਪ੍ਰਕਿਰਿਆ ਦੇ ਮੁਕੰਮਲ ਹੋਣ ਤੱਕ ਚੋਣ ਪ੍ਰਬੰਧਨ ਲਈ ਜ਼ਿੰਮੇਵਾਰ ਹੁੰਦੇ ਹਨ।

ਉਨ੍ਹਾਂ ਕਿਹਾ ਕਿ ਸੈਕਟਰ ਅਫ਼ਸਰਾਂ ਨੂੰ 10-12 ਪੋਲਿੰਗ ਸਟੇਸ਼ਨਾਂ/ਸਥਾਨਾਂ ਵਾਲੇ ਹਲਕੇ ਦਾ ਇੱਕ ਸੈਕਟਰ ਸੌਂਪਿਆ ਗਿਆ ਹੈ।ਉਨ੍ਹਾਂ ਦੱਸਿਆ ਕਿ ਇਸ ਮੰਤਵ ਲਈ ਭਾਰਤੀ ਚੋਣ ਕਮਿਸ਼ਨ ਵੱਲੋਂ ਵੱਖਰੀ ਈ.ਵੀ.ਐਮ. ਮੁਹੱਈਆ ਕਰਾਈ ਗਈ ਸੀ ਅਤੇ ਉਨ੍ਹਾਂ ਮਸ਼ੀਨਾਂ ਦੀ ਵਰਤੋਂ ਕਰਕੇ ਹੀ ਸਿਖਲਾਈ ਦਿੱਤੀ ਜਾਂਦੀ ਹੈ।ਉਨ੍ਹਾਂ ਕਿਹਾ ਕਿ ਸੈਕਟਰ ਅਫ਼ਸਰ ਨੂੰ ਪੋਲਿੰਗ ਪਾਰਟੀਆਂ ਲਈ ਕਿਸੇ ਵੀ ਸਿਖਲਾਈ ਸੈਸ਼ਨ ਤੋਂ ਖੁੰਝਣਾ ਨਹੀਂ ਚਾਹੀਦਾ ਤੇ ਉਨ੍ਹਾਂ ਨੂੰ ਈ.ਵੀ.ਐਮ/ਵੀ.ਵੀ. ਪੈਟ ਪ੍ਰਬੰਧਨ ਸੰਬੰਧੀ ਪ੍ਰੋਟੋਕੋਲ ਤੋਂ ਜਾਣੂ ਹੋਣਾ ਚਾਹੀਦਾ ਹੈ।



## ਔਰਤਾਂ ਦੀ ਸੁਰੱਖਿਆ ਬਹੁਤ ਜ਼ਰੂਰੀ : ਸਿਮਰਨਜੀਤ ਮਾਨ



**ਮੂਨਕ (ਰਾਜਪਾਲ ਸਿੰਗਲਾ)**-ਸ਼ਹਿਰ ਵਿੱਚ ਦਫ਼ਤਰ ਦਾ ਉਦਘਾਟਨ ਕਰਨ ਪਹੁੰਚੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਦੇਸ਼ ਦੇ ਅੰਦਰ ਔਰਤ ਸੁਰੱਖਿਅਤ ਨਹੀਂ ਹੈ। ਉਨ੍ਹਾਂ ਮੁਕਾਬਲੇ 'ਚ ਆਏ ਕੈਬਨਿਟ ਮੰਤਰੀ ਬਾਰੇ ਬੋਲਦੇ ਕਿਹਾ ਕਿ ਮੈਂ ਤਾਂ ਚੋਣ ਲੜਨੀ ਹੈ, ਚਾਹੇ ਮੁਕਾਬਲੇ ਵਿੱਚ ਮੰਤਰੀ ਵੀ ਕਿਉਂ ਨਾ ਆਵੇ।ਉਨ੍ਹਾਂ ਕਿਹਾ ਕਿ ਯੂਪੀ ਵਿੱਚ ਹੋਈਆਂ ਚੋਣਾਂ ਵਿੱਚ ਕਿਸਾਨ ਤੇ ਮਜ਼ਦੂਰਾਂ ਨੇ ਸਾਰੀਆਂ ਸੀਟਾਂ 'ਤੇ ਬੀਜੇਪੀ ਨੂੰ ਫੇਲ੍ਹ ਕਰ ਦਿੱਤਾ ਹੈ।ਜੇਕਰ ਯੂਪੀ ਵਿੱਚ ਪਾਰਟੀ ਸੀਟਾਂ ਨਹੀਂ ਲੈ ਸਕਦੀ ਤਾਂ ਉਹ ਇੰਡੀਆ ਦੇ ਵਿੱਚ ਰਾਜ ਨਹੀਂ ਕਰ ਸਕਦੀ। ਪਾਰਟੀ ਦੀ ਜਗ੍ਹਾ ਦੀਗਰ ਬੀਜੇਪੀ ਤੇ ਆਰਐਸਐਸ ਵਿੱਚ ਜਾ ਰਹੀ ਹੈ। ਜੇਕਰ ਲੋਕ ਸਭਾ ਵਿੱਚ ਫਿਰ ਤੋਂ ਜਾਣ ਦਾ ਮੌਕਾ ਮਿਲਿਆ ਤਾਂ ਇੰਡੀਆ ਦੇ ਐਨਡੀਏ ਨੂੰ ਸਾਡਾ ਹਿੱਸਾ ਬਣਨਾ ਪਵੇਗਾ।

## ਮੇਘ ਰਾਜ ਜੋਸ਼ੀ ਨੂੰ ਮਿਲਿਆ ਸਟੇਟ ਐਵਾਰਡ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਵਾਤਾਵਰਣ ਪ੍ਰੇਮੀ, ਸਮਾਜ ਸੇਵੀ, ਪ੍ਰੈਸ ਕਲੱਬ ਮਹਿਲ ਕਲਾਂ ਦੇ ਮੀਤ ਪ੍ਰਧਾਨ ਮੇਘ ਰਾਜ ਜੋਸ਼ੀ ਗੁੰਮਟੀ ਨੂੰ ਸਮਾਜਿਕ ਖੇਤਰ ਵਿੱਚ ਪਾਏ ਯੋਗਦਾਨ ਕਰਕੇ ਭਾਰਤੀਯ ਅੰਬੇਡਕਰ ਮਿਸ਼ਨ



(ਰਜਿ:) ਭਾਰਤ ਵੱਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦਿਆਂ ਸੰਗਰੂਰ ਵਿਖੇ ਕਰਾਏ ਗਏ ਸੂਬਾਈ ਸਮਾਗਮ ਦੌਰਾਨ ਡਾ. ਅੰਬੇਡਕਰ ਸਟੇਟ ਐਵਾਰਡ ਨਾਲ ਸਨਮਾਨਤ ਕੀਤਾ ਗਿਆ ਹੈ।ਪ੍ਰੈਸ ਕਲੱਬ ਦੇ ਪ੍ਰਧਾਨ ਬਲਵਿੰਦਰ ਸਿੰਘ ਵਜੀਦਕੇ, ਜਨਰਲ ਸਕੱਤਰ ਬਲਜਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਮਿਸ਼ਨ ਦੇ ਮੁੱਖ ਸਰਪ੍ਰਸਤ ਪੂਨਮ ਕਾਂਗੜਾ ਅਤੇ ਕੌਮੀ ਪ੍ਰਧਾਨ ਦਰਸ਼ਨ ਸਿੰਘ ਕਾਂਗੜਾ ਵੱਲੋਂ ਸਮਾਜ ਸੇਵੀਆਂ ਕਾਰਜਾਂ 'ਚ ਸਰਗਰਮ ਭੂਮਿਕਾ ਨਿਭਾਉਣ ਕਾਰਨ ਵਿਅਕਤੀਆਂ ਦਾ ਹੌਸਲਾ ਵਧਾਉਣ ਲਈ ਇਹ ਸ਼ਲਾਘਾਯੋਗ ਉਪਰਾਲਾ ਕੀਤਾ ਗਿਆ।ਮੇਘ ਰਾਜ ਜੋਸ਼ੀ ਨੇ ਕਿਹਾ ਕਿ ਇਹ ਐਵਾਰਡ ਸਮੁੱਚੀ ਟੀਮ ਪ੍ਰੈਸ ਕਲੱਬ ਮਹਿਲ ਕਲਾਂ ਤੇ ਸਹਿਯੋਗ ਕਰਨ ਵਾਲੇ ਲੋਕਾਂ ਦਾ ਹੈ।ਇਸ ਮੌਕੇ ਮਿਸ਼ਨ ਦੇ ਸੂਬਾ ਪ੍ਰਧਾਨ ਪਰਮਜੀਤ ਕੌਰ ਗੁੰਮਟੀ, ਵਾਤਾਵਰਨ ਪ੍ਰੇਮੀ ਰਣਜੇ ਰਿਖੀ ਪੰਜਗਰਾਈਆਂ, ਬਾਬਾ ਰਾਜਵਿੰਦਰ ਸਿੰਘ ਟਿੱਬਾ, ਲੋਕ ਗਾਇਕ ਹਾਕਮ ਬਖਤੜੀਵਾਲਾ, ਮੈਡਮ ਛਾਲਨੀ ਕਾਂਗੜਾ, ਜੰਗ ਸਿੰਘ ਦੀਵਾਨਾ, ਡਾ. ਦੇਵ ਅਦਵੈਤੀ ਆਦਿ ਹਾਜ਼ਰ ਸਨ।

**ਕਾਤਰਾਂ**

### ਇੰਟਰਨਸ਼ਿਪ ਕਰ ਰਹੀ ਐਮਬੀਬੀਐਸ ਡਾਕਟਰ ਨੇ ਕੀਤੀ ਜੀਵਨ ਲੀਲਾ ਸਮਾਪਤ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਵਿੱਚ ਇੰਟਰਨਸ਼ਿਪ ਕਰ ਰਹੀ ਐਮਬੀਬੀਐਸ ਡਾਕਟਰ ਨੇ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਮ੍ਰਿਤਕਾ ਦੀ ਪਛਾਣ ਡਾ. ਅਨੁਸ਼ਕਾ ਪੁੱਤਰੀ ਡਾਕਟਰ ਚੰਦਰ ਸੇਖਰ ਕੱਕੜ (ਸਿਵਲ ਸਰਜਨ ਫ਼ਾਜ਼ਿਲਕਾ) ਵਾਸੀ ਫ਼ਰੀਦਕੋਟ ਵਜੋਂ ਹੋਈ। ਜਾਣਕਾਰੀ ਅਨੁਸਾਰ ਅਨੁਸ਼ਕਾ ਐਮਬੀਬੀਐਸ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਫ਼ਰੀਦਕੋਟ ਦੇ ਜੀਜੀਐਸ ਮੈਡੀਕਲ ਕਾਲਜ ਤੇ ਹਸਪਤਾਲ ਵਿਚ ਇੰਟਰਨਸ਼ਿਪ ਕਰ ਰਹੀ ਸੀ। ਫਿਲਹਾਲ ਅਨੁਸ਼ਕਾ ਦੇ ਖ਼ੁਦਕੁਸ਼ੀ ਦੇ ਕਾਰਨਾਂ ਦਾ ਪਤਾ ਨਹੀ ਚੱਲ ਸਕਿਆ ਹੈ, ਪਰ ਕਿਹਾ ਜਾ ਰਿਹਾ ਕਿ ਮ੍ਰਿਤਕ ਐਮਬੀਬੀਐਸ ਤੋਂ ਬਾਅਦ ਐਮਡੀ ਦੀ ਤਿਆਰੀ ਕਰ ਰਹੀ ਸੀ, ਜਿਸ ਨੂੰ ਲੈ ਕੇ ਉਹ ਕਾਫੀ ਤਣਾਅ ਵਿਚ ਸੀ।

### ਬਲਾਕ ਖੂਈ ਖੇੜਾ 'ਚ ਮਨਾਇਆ ਵਿਸ਼ਵ ਮਲੇਰੀਆ ਦਿਵਸ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਸਿਵਲ ਸਰਜਨ ਡਾ. ਚੰਦਰ ਸ਼ੇਖਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੀਨੀਅਰ ਮੈਡੀਕਲ ਅਫ਼ਸਰ ਖੂਈ ਖੇੜਾ ਡਾ. ਵਿਕਾਸ ਗਾਂਧੀ ਦੀ ਅਗਵਾਈ ਹੇਠ ਸੀਐਚਸੀ ਖੂਈ ਖੇੜਾ ਵਿਖੇ ਵਿਸ਼ਵ ਮਲੇਰੀਆ ਦਿਵਸ ਮਨਾਇਆ ਗਿਆ।ਸੀਐਚਸੀ ਵਿਖੇ ਕਰਾਏ ਸਮਾਗਮ ਵਿੱਚ ਐਸਐਮਓ ਡਾ. ਵਿਕਾਸ ਗਾਂਧੀ, ਡਾ. ਗੌਰੀ ਸ਼ੰਕਰ, ਬੀਈਈ ਸੁਸ਼ੀਲ ਕੁਮਾਰ, ਹੈਲਥ ਸੁਪਰਵਾਈਜ਼ਰ ਲਖਵਿੰਦਰ ਸਿੰਘ ਤੇ ਸਮੂਹ ਹੈਲਥ ਵਰਕਰ ਹਾਜ਼ਰ ਰਹੇ।ਡਾ. ਗਾਂਧੀ ਨੇ ਦੱਸਿਆ ਕਿ ਮਲੇਰੀਆ ਤੋਂ ਬਚਣ ਲਈ ਸਭ ਤੋਂ ਕਾਰਗਰ ਹਥਿਆਰ ਇਸ ਸੰਬੰਧੀ ਜਾਗਰੂਕਤਾ ਹੈ।ਉਨ੍ਹਾਂ ਮਲੇਰੀਆ ਬੁਖ਼ਾਰ ਦੇ ਪਛਾਣ ਚਿੰਨ੍ਹਾਂ ਤੇ ਇਸ ਦੇ ਇਲਾਜ ਲਈ ਵਰਤੇ ਜਾਂਦੇ ਢੰਗਾਂ ਬਾਰੇ ਚਾਨਣਾ ਪਾਇਆ।ਉਨ੍ਹਾਂ ਦੱਸਿਆ ਕਿ ਮਲੇਰੀਆ ਵਾਲਾ ਮੱਛਰ ਜ਼ਿਆਦਾਤਰ ਰਾਤ ਦੇ ਸਮੇਂ ਕੱਟਦਾ ਹੈ ਅਤੇ ਇਹ ਲੰਮੇ ਸਮੇਂ ਤੋਂ ਖੜੇ ਹੋਏ ਪਾਣੀ ਤੇ ਛੱਪੜਾਂ ਆਦਿ ਵਿਚ ਪੈਦਾ ਹੁੰਦਾ ਹੈ।ਇਸ ਦੀ ਪੈਦਾਇਸ਼ ਨੂੰ ਰੋਕਣ ਲਈ ਸਾਨੂੰ ਚਾਹੀਦਾ ਹੈ ਕਿ ਕਿਤੇ ਵੀ ਪਾਣੀ ਨੂੰ ਇਕੱਠਾ ਨਾ ਹੋਣ ਦਿੱਤਾ ਜਾਵੇ ਤੇ ਗੰਦੇ ਪਾਣੀ ਦੀ ਨਿਕਾਸੀ ਦਾ ਸਹੀ ਪ੍ਰਬੰਧ ਰੱਖਿਆ ਜਾਵੇ।ਨਾਲ ਹੀ ਉਨ੍ਹਾਂ ਨੇ ਸਮੂਹ ਸਟਾਫ਼ ਨੂੰ ਹਦਾਇਤ ਕਰਦੇ ਕਿਹਾ ਕਿ ਉਹ ਪ੍ਰਤੀਦਿਨ ਆਪਣੇ ਏਰੀਏ ਵਿੱਚ ਜਾ ਕੇ ਵੱਧ ਤੋਂ ਵੱਧ ਲੋਕਾਂ ਨੂੰ ਮਲੇਰੀਆ ਬੁਖ਼ਾਰ ਬਾਰੇ ਜਾਗਰੂਕ ਕਰਣ।

### ਪੰਜਵੀਂ ਜਮਾਤ ਦੀ ਮੈਰਿਟ 'ਚ ਆਉਣ ਵਾਲੇ ਵਿਦਿਆਰਥੀਆਂ ਨੂੰ ਸ਼ੁਭਇਛਾਵਾਂ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਸੁੰਦਰੀ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਅੱਤੇਵਾਲੀ ਦੇ ਚੇਅਰਮੈਨ ਅਤੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ਼੍ਰੀਮਤੀ ਪਰਨੀਤ ਸ਼ੇਰਗਿੱਲ ਨੇ ਸਕੂਲ ਦੇ 17 ਵਿਦਿਆਰਥੀ ਜਿਨ੍ਹਾਂ ਨੇ ਪੰਜਵੀਂ ਜਮਾਤ ਦੇ ਨਤੀਜਿਆਂ ਵਿੱਚ 90 ਫ਼ੀਸਦੀ ਤੋਂ ਵੱਧ ਅੰਕ ਹਾਸਲ ਕੀਤੇ ਹਨ, ਨੂੰ ਸ਼ੁਭਇਛਾਵਾਂ ਦਿੰਦੇ ਹੋਏ ਕਿਹਾ ਕਿ ਇਨ੍ਹਾਂ ਵਿਦਿਆਰਥੀਆਂ ਨੇ ਮੈਰਿਟ ਵਿੱਚ ਆ ਕੇ ਸਕੂਲ ਤੇ ਜ਼ਿਲ੍ਹੇ ਦਾ ਨਾਂਅ ਰੌਸ਼ਨ ਕੀਤਾ ਹੈ, ਜਿਨ੍ਹਾਂ 'ਤੇ ਸਕੂਲ ਨੂੰ ਮਾਣ ਹੈ। ਵਰਨਣਯੋਗ ਹੈ ਕਿ ਮਾਤਾ ਸੁੰਦਰੀ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਅੱਤੇਵਾਲੀ ਦੇ ਕੁੱਲ 17 ਵਿਦਿਆਰਥੀਆਂ ਨੇ 90 ਫ਼ੀਸਦੀ ਤੋਂ ਵੱਧ ਅੰਕ ਹਾਸਲ ਕੀਤੇ ਹਨ, ਜਿਨ੍ਹਾਂ ਵਿੱਚ ਲਿਵਸੇਹਜ ਸਿੰਘ ਤੇ ਨਵਨੀਤ ਕੌਰ ਨੇ 495 ਅੰਕ ਹਾਸਲ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਵਿਦਿਆਰਥੀ ਅਨਮੋਲਪ੍ਰੀਤ ਸਿੰਘ ਨੇ 493 ਅੰਕ ਹਾਸਲ ਕਰਕੇ ਦੂਜੀ ਤੇ ਵਿਦਿਆਰਥਣ ਅਵੀਨੂਰ ਕੌਰ ਨੇ 488 ਅੰਕ ਹਾਸਲ ਕਰਕੇ ਤੀਜਾ ਸਥਾਨ ਹਾਸਲ ਕੀਤਾ ਹੈ।

# ਸਿੱਖਿਆ ਖੇਤਰ 'ਚ ਯੋਗਦਾਨ ਬਦਲੇ ਕੰਵਲਜੀਤ ਸਿੰਘ ਢੀਂਡਸਾ ਸਨਮਾਨਤ



**ਲਹਿਰਾਗਾਗਾ (ਪਵਨ)**-ਸੀ ਬੀ ਐੱਸ ਈਤੇ ਕਿੱਤਾ ਮੁਖੀ ਸਿੱਖਿਆ ਵਿਭਾਗ ਵੱਲੋਂ ਏ.ਏ.ਐਫ.ਟੀ. ਫ਼ਿਲਮ ਸਿਟੀ, ਨੋਇਡਾ ਵਿੱਚ ਲਾਈ ਗਈ ਦੋ ਰੋਜ਼ਾ ਵਰਕਸ਼ਾਪ ਦੌਰਾਨ ਅੰਤਰਰਾਸ਼ਟਰੀ ਚੈਂਬਰ ਆਫ ਮੀਡੀਆ ਐਂਡ ਇੰਟਰਟੈਨਮੈਂਟ ਇੰਡਸਟਰੀ ਤੇ ਨੇਤਾ ਜੀ ਸੁਭਾਸ਼ ਚੰਦਰ ਬੋਸ ਫੋਰਮ ਵੱਲੋਂ ਸੀਬਾ ਸਕੂਲ, ਲਹਿਰਾਗਾਗਾ ਦੇ ਪ੍ਰਬੰਧਕ ਕੰਵਲਜੀਤ ਸਿੰਘ ਢੀਂਡਸਾ ਨੂੰ ਸਿੱਖਿਆ ਦੇ ਖੇਤਰ ਵਿੱਚ ਪਾਏ ਗਏ ਨਿਵੇਕਲੇ ਯੋਗਦਾਨ ਲਈ ਰਾਸ਼ਟਰੀ ਸਿੱਖਿਆ ਐਵਾਰਡ ਨਾਲ ਸਨਮਾਨਤ ਕੀਤਾ ਗਿਆ।

ਉੱਘੇ ਸਿੱਖਿਆ ਸ਼ਾਸਤਰੀ ਸੰਦੀਪ ਮਰਵਾਹ ਤੇ ਵਿਨੇ ਕੁਮਾਰ ਵੱਲੋਂ ਐਵਾਰਡ ਦਿੰਦਿਆਂ ਕੰਵਲਜੀਤ ਸਿੰਘ ਢੀਂਡਸਾ ਵੱਲੋਂ ਮਾਸ-ਮੀਡੀਆ ਵਿਸ਼ੇ ਵਿੱਚ ਤਜਰਬੇ ਦੇ ਆਧਾਰਤ ਪ੍ਰਣਾਲੀ ਸਥਾਪਤ ਕਰਨ ਲਈ ਮੀਲ ਪੱਥਰ ਦਰਜਾ ਦਿੱਤਾ।ਇਸ ਦੋ ਰੋਜ਼ਾ ਵਰਕਸ਼ਾਪ ਦੌਰਾਨ ਨਵੀਂ ਰਾਸ਼ਟਰੀ ਸਿੱਖਿਆ ਨੀਤੀ 2020 ਦੇ ਲਾਗੂ ਹੋਣ ਨਾਲ ਵਿਦਿਆਰਥੀਆਂ ਨੂੰ ਕਿੱਤਿਆਂ ਦੇ ਨਾਲ ਜੋੜਨਾ ਤੇ ਉਨ੍ਹਾਂ ਨੂੰ ਹੁਨਰਮੰਦ ਬਣਾਉਣਾ ਜ਼ਰੂਰੀ ਹੋ ਗਿਆ ਹੈ।ਕੰਵਲਜੀਤ ਸਿੰਘ ਢੀਂਡਸਾ ਨੇ ਕਿਹਾ ਕਿ ਹੁਨਰ ਤੁਹਾਡੇ ਕੋਲ ਅਜਿਹੀ ਕਲਾ ਹੈ, ਜੋ ਵੰਡੀ ਤਾਂ ਜਾ ਸਕਦੀ ਹੈ, ਪਰ ਉਸ ਨੂੰ ਕੋਈ ਖੋਹ ਨਹੀਂ ਸਕਦਾ।ਕੋਈ ਵੀ ਵਿਅਕਤੀ ਆਪਣੇ ਕਲਾ, ਹੁਨਰ ਅਤੇ ਕਿੱਤਾ ਮੁਖੀ ਪਹੁੰਚ ਕਰਕੇ ਆਪਣੇ ਸ਼ੌਕ ਨੂੰ ਕਿੱਤਾ ਬਣਾ ਕੇ ਸਾਰੀ ਜ਼ਿੰਦਗੀ ਬਸਰ ਕਰ ਸਕਦਾ ਹੈ।ਇਸ ਸਮਾਗਮ ਵਿੱਚ ਪੂਰੇ ਦੇਸ਼ ਵਿੱਚੋਂ 34 ਪ੍ਰਿੰਸੀਪਲ ਅਤੇ ਸਕੂਲ ਪ੍ਰਬੰਧਕ ਸ਼ਾਮਲ ਹੋਏ।ਐਵਾਰਡ ਲੈਣ ਉਪਰੰਤ ਸਕੂਲ ਕੈਂਪਸ ਪਰਤੇ ਕੰਵਲਜੀਤ ਸਿੰਘ ਢੀਂਡਸਾ ਨੂੰ ਸਕੂਲ ਦੇ ਸਟਾਫ਼ ਤੇ ਸ਼ਹਿਰ ਵਾਸੀਆਂ ਵੱਲੋਂ ਵਧਾਈਆਂ ਦਿੱਤੀਆਂ ਗਈਆਂ।

# ਬੌਬੀ ਮਾਨ 28 ਨੂੰ ਕਰਨਗੇ ਹਲਕਾ ਸ੍ਰੀ ਮੁਕਤਸਰ ਸਾਹਿਬ ਦਾ ਦੌਰਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**
ਲੋਕ ਸਭਾ ਹਲਕਾ ਫ਼ਿਰੋਜ਼ਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨਰਦੇਵ ਸਿੰਘ ਬੌਬੀ ਮਾਨ ਵੱਲੋਂ ਵੱਖ-ਵੱਖ ਸਰਕਲਾਂ ਦੀਆਂ 28 ਅਪ੍ਰੈਲ ਨੂੰ ਵਰਕਰ ਮਿਲਣੀਆਂ ਕੀਤੀਆਂ ਜਾਣਗੀਆਂ, ਜਿਸ ਸਬੰਧੀ ਸਾਬਕਾ ਵਿਧਾਇਕ ਤੇ ਹਲਕਾ ਇੰਚਾਰਜ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਅਤੇ ਜ਼ਿਲ੍ਹਾ ਪ੍ਰਧਾਨ ਮਨਜਿੰਦਰ ਸਿੰਘ ਬਿੱਟੂ ਵੱਲੋਂ ਸਲਾਹ ਮਸ਼ਵਰਾ ਕਰਕੇ ਸ਼ਹਿਰੀ ਵਰਕਰ ਮਿਲਣੀਆਂ ਨੂੰ ਤਿੰਨ ਭਾਗਾਂ 'ਚ ਵੰਡ ਕੇ ਪ੍ਰੋਗਰਾਮ ਤੈਅ ਕੀਤੇ ਗਏ।ਇਸੇ ਤਹਿਤ ਹਲਕਾ ਇੰਚਾਰਜ ਅਤੇ ਸਮੁੱਚੀ ਅਕਾਲੀ ਦਲ ਦੀ ਲੀਡਰਸ਼ਿਪ ਵੱਲੋਂ ਸ਼ਹਿਰ ਦੇ ਸਰਕਲ ਪ੍ਰਧਾਨਾਂ ਨਾਲ ਮੁਲਾਕਾਤ ਕਰਕੇ ਅਗਲੇਰੀ ਵਿਉਂਤਬੰਦੀ ਸਬੰਧੀ ਵਿਚਾਰਾਂ ਕੀਤੀਆਂ ਗਈਆਂ।

ਇਸ ਮੌਕੇ ਸੁਰਿੰਦਰ ਖੱਤਰੀ ਸਰਕਲ ਪ੍ਰਧਾਨ-1, ਜਗਮੀਤ ਸਿੰਘ ਜੱਗੀ ਸਰਕਲ ਪ੍ਰਧਾਨ-2 ਤੇ ਬੋਹੜ ਸਿੰਘ ਸਰਕਲ ਪ੍ਰਧਾਨ-3 ਦੇ ਗ੍ਰਹਿ ਵਿਖੇ ਵਿਚਾਰਾਂ ਕਰਦਿਆਂ ਹਲਕਾ ਇੰਚਾਰਜ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਨੇ ਕਿਹਾ ਕਿ 28 ਅਪ੍ਰੈਲ ਨੂੰ ਲੋਕ ਸਭਾ ਉਮੀਦਵਾਰ ਨਰਦੇਵ ਸਿੰਘ ਬੌਬੀ ਮਾਨ ਵੱਲੋਂ ਹਲਕਾ ਸ੍ਰੀ ਮੁਕਤਸਰ ਸਾਹਿਬ ਦੀਆਂ ਸਰਕਲ ਵਾਇਜ ਮੀਟਿੰਗਾਂ ਕੀਤੀਆਂ ਜਾਣਗੀਆਂ, ਜਿਸ ਤਹਿਤ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਹਲਕੇ ਦੇ ਦਿਹਾਤੀ ਸਰਕਲਾਂ ਦੀਆਂ ਮੀਟਿੰਗਾਂ ਹੋਣਗੀਆਂ। ਉਪਰੰਤ ਸ਼ਾਮ 6 ਵਜੇ ਸ਼ਹਿਰ ਦੇ ਕੋਟਲੀ ਰੋਡ ਸਥਿਤ ਹਨੂੰਮਾਨ ਜੀ ਦੀ ਮੂਰਤੀ ਦੇ ਨੇੜੇ, 6.45 ਵਜੇ ਸਾਬਕਾ ਪ੍ਰਧਾਨ ਨਗਰ ਕੌਂਸਲ ਹਰਪਾਲ ਸਿੰਘ ਬੇਦੀ ਦੀ ਰਿਹਾਇਸ਼ ਦੇ ਨੇੜੇ ਤੇ 7.30 ਵਜੇ ਬਠਿੰਡਾ ਰੋਡ 'ਤੇ ਸਥਿਤ ਕਾਲੜਾ ਚੱਕੀ ਦੇ ਨਜ਼ਦੀਕ ਸ਼ਹਿਰ ਦੀਆਂ ਵਰਕਰ ਮਿਲਣੀਆਂ ਕੀਤੀਆਂ ਜਾਣਗੀਆਂ।ਉਨ੍ਹਾਂ ਕਿਹਾ ਕਿ ਹਰ ਵਰਕਰ ਤੇ ਆਗੂ ਨੂੰ ਘਰ-ਘਰ ਤੱਕ ਪਹੁੰਚ ਕਰਕੇ ਲੋਕਾਂ ਨੂੰ ਲਾਮਬੰਦ ਕਰ ਕੇ ਸ਼੍ਰੋਮਣੀ ਅਕਾਲੀ ਦਲ ਦੇ ਝੰਡੇ ਹੇਠ ਇਕੱਠਾ ਕਰਨਾ ਪਵੇਗਾ ਤਾਂ ਜੁ ਲੋਕਾਂ ਨਾਲ ਝੂਠੇ ਵਾਅਦੇ ਤੇ ਗੁੰਮਰਾਹ ਕਰਨ ਵਾਲੀਆਂ ਪਾਰਟੀਆਂ ਦਾ ਚਿਹਰਾ ਨੰਗਾ ਕੀਤਾ ਜਾ ਸਕੇ।ਇਸ ਮੌਕੇ ਸਰਕਲ ਪ੍ਰਧਾਨਾਂ ਤੋਂ ਇਲਾਵਾ ਵੱਖ-ਵੱਖ ਵਾਰਡਾਂ ਦੇ ਆਗੂ ਤੇ ਵਰਕਰ ਵੱਡੀ ਗਿਣਤੀ 'ਚ ਹਾਜ਼ਰ ਸਨ।

## ਪਾਰਟੀ ਬਦਲਣ ਵਾਲੇ ਲੀਡਰਾਂ ਨੂੰ ਲੋਕ ਵੋਟਾਂ ਨਾ ਪਾਉਣ : ਡਾ. ਅਮਰ, ਰਣਦੀਪ ਸਿੰਘ



**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਲੋਕ ਸਭਾ ਹਲਕਾ ਫ਼ਤਿਹਗੜ੍ਹ ਸਾਹਿਬ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਡਾ ਅਮਰ ਸਿੰਘ ਅਤੇ ਸਾਬਕਾ ਕੈਬਨਿਟ ਮੰਤਰੀ ਕਾਕਾ ਰਣਦੀਪ ਸਿੰਘ ਨਾਭਾ ਵੱਲੋਂ ਅਨਾਜ ਮੰਡੀ ਵਿਖੇ ਆੜ੍ਹਤੀਆਂ ਐਸੋਸੀਏਸਨ ਅਮਲੋਹ ਦੇ ਪ੍ਰਧਾਨ ਜਗਵਿੰਦਰ ਸਿੰਘ ਰੈਹਿਲ ਦੀ ਦੁਕਾਨ 'ਤੇ ਮੀਟਿੰਗ ਕੀਤੀ ਗਈ, ਉਥੇ ਹੀ ਉਨ੍ਹਾਂ ਦੀਆਂ ਮੁਸ਼ਲਾਂ ਵੀ ਸੁਣੀਆਂ ਅਤੇ ਭਰੋਸਾ ਦਿੱਤਾ ਕਿ ਸਰਕਾਰ ਬਣਨ 'ਤੇ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਹੱਲ ਪਹਿਲ ਦੇ ਆਧਾਰ ਉਤੇ ਕੀਤਾ ਜਾਵੇਗਾ। ਡਾ. ਅਮਰ ਸਿੰਘ ਤੇ ਰਣਦੀਪ ਸਿੰਘ ਨਾਭਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸਿਰਫ਼ ਪ੍ਰਚਾਰ ਵਾਲੀ ਪਾਰਟੀ ਹੈ, ਜਿਸਨੇ ਪੰਜਾਬ ਨੂੰ ਹੋਰ ਕਰਜ਼ਾਈ ਕਰ ਦਿੱਤਾ ਹੈ। ਐਮਐਸਪੀ ਦੇ ਮੁੱਦੇ 'ਤੇ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਲੋਕਾਂ ਨਾਲ ਵਾਅਦੇ ਬਹੁਤ ਕੀਤੇ ਹਨ, ਪਰ ਪੂਰਾ ਇੱਕ ਵੀ ਨਹੀਂ ਕੀਤਾ। ਐਮਐਸਪੀ 22 ਫ਼ਸਲਾਂ 'ਤੇ ਦੇਣ ਦੀ ਗੱਲ ਕਹੀ ਗਈ ਸੀ, ਪਰ ਹੁਣ ਮੁੱਕਰ ਰਹੇ ਹਨ। ਇਸ ਮੌਕੇ ਉਹਨਾਂ ਨੇ ਕਿਹਾ ਕਿ ਜੋ ਲੀਡਰ ਪਾਰਟੀ ਬਦਲ ਕੇ ਆਉਂਦੇ ਹਨ, ਲੋਕ ਉਨ੍ਹਾਂ ਨੂੰ ਵੋਟ ਨਾ ਪਾਉਣ।

## ਮਲੇਰੀਆ ਦਿਵਸ ਮੌਕੇ ਬੱਚਿਆਂ ਨੂੰ ਦਿੱਤੀ ਗਈ ਜਾਣਕਾਰੀ

**ਕੋਟ ਈਸੇ ਖਾਂ (ਅਰੋੜਾ)**-ਕੈਂਬਰਿਜ ਕਾਨਵੈਂਟ ਸਕੂਲ ਵਿੱਚ ਬੱਚਿਆਂ ਨੂੰ ਸਵੇਰ ਦੀ ਸਭਾ ਵਿੱਚ ਹਰ ਦਿਵਸ ਦੀ ਮਹੱਤਤਾ ਸਬੰਧੀ ਜਾਣਕਾਰੀ ਦਿੱਤੀ ਜਾਂਦੀ ਹੈ।ਇਸੇ ਤਰ੍ਹਾਂ ਵਰਡ ਡੇਅ ਮਲੇਰੀਆ



ਦਿਵਸ ਸੰਬੰਧੀ ਜਾਣਕਾਰੀ ਦਿੱਤੀ ਗਈ।ਬੱਚਿਆਂ ਨੂੰ ਦੱਸਿਆ ਗਿਆ ਕਿ ਹਰ ਸਾਲ 25 ਅਪ੍ਰੈਲ ਨੂੰ ਵਿਸ਼ਵ ਮਲੇਰੀਆ ਦਿਵਸ ਮਨਾਇਆ ਜਾਂਦਾ ਹੈ।ਇਸ ਦਿਨ ਨੂੰ ਮਨਾਉਣ ਦੀ ਮਹੱਤਤਾ ਲੋਕਾਂ ਨੂੰ ਇਸ ਬਿਮਾਰੀ ਬਾਰੇ ਜਾਗਰੂਕ ਕਰਨਾ ਹੈ, ਜਿਵੇਂ ਤੁਸੀਂ ਜਾਣਦੇ ਹੋ ਕਿ ਗਰਮੀਆਂ ਦਾ ਮੌਸਮ ਸ਼ੁਰੂ ਹੁੰਦੇ ਹੀ ਮੱਛਰਾਂ ਦਾ ਖ਼ਤਰਾ ਵੀ ਕਾਫੀ ਵਧ ਜਾਂਦਾ ਹੈ।ਇਹ ਮੱਛਰ ਕਈ ਗੰਭੀਰ ਬਿਮਾਰੀਆਂ ਦਾ ਕਾਰਨ ਬਣ ਸਕਦੇ ਹਨ।ਸਕੂਲ ਦੇ ਪ੍ਰਿੰਸੀਪਲ ਵੱਲੋਂ ਬੱਚਿਆਂ ਨੂੰ ਦੱਸਿਆ ਗਿਆ ਕਿ ਕਿਸ ਤਰ੍ਹਾਂ ਅਸੀਂ ਆਪਣੇ ਘਰ ਅਤੇ ਆਲੇ-ਦੁਆਲੇ ਨੂੰ ਸਾਫ ਸੁਥਰਾ ਰੱਖ ਕੇ ਮੱਛਰਾਂ ਤੇ ਇਨ੍ਹਾਂ ਤੋਂ ਹੋਣ ਵਾਲੀ ਖਤਰਨਾਕ ਬਿਮਾਰੀ ਮਲੇਰੀਆ ਨੂੰ ਫੈਲਣ ਤੋਂ ਰੋਕ ਸਕਦੇ ਹਾ।ਇਸ ਮੌਕੇ ਮਲੇਰੀਆ ਸੰਬੰਧੀ ਬੱਚਿਆਂ ਨੂੰ ਇੱਕ ਵੀਡੀਓ ਫ਼ਿਲਮ ਵੀ ਦਿਖਾਈ ਗਈ।

## ਵਿਦਿਆਰਥੀਆਂ ਦੀ ਪ੍ਰਤਿਭਾ ਉਭਾਰਨ ਲਈ ਕਰਾਏ ਮੁਕਾਬਲੇ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਪੰਜਾਬੀ ਯੂਨੀਵਰਸਿਟੀ ਕੈਂਪਸ ਦਮਦਮਾ ਸਾਹਿਬ ਵਿਖੇ ਯਾਦਵਿੰਦਰਾ ਇੰਜਨੀਅਰਿੰਗ ਵਿਭਾਗ ਦੇ ਟੈਕਨੀਕਲ ਕਲੱਬ ਤੇ ਪੋਸਟ-ਗਰੈਜੂਏਟ ਕਲੱਬ ਵੱਲੋਂ 19 ਅਪ੍ਰੈਲ ਨੂੰ ਕੈਂਪਸ ਦੇ ਵਿਦਿਆਰਥੀਆਂ ਦੀਆਂ ਤਕਨੀਕੀ ਪ੍ਰਤਿਭਾਵਾਂ ਨੂੰ ਉਭਾਰਣ ਲਈ ਟੈਕਨੀਕਲ ਕੁਇਜ਼ ਅਤੇ ਡਿਬੇਟ ਮੁਕਾਬਲੇ ਕਰਾਏ ਗਏ, ਜਿਨ੍ਹਾਂ 'ਚ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਦਿਲਚਸਪੀ ਨਾਲ ਸ਼ਮੂਲੀਅਤ ਕੀਤੀ। ਵਿਭਾਗ ਵੱਲੋਂ ਅਤਿ-ਸਿੱਖਿਆਦਾਇਕ ਤੇ ਪ੍ਰੇਰਣਾਦਾਇਕ ਇਨ੍ਹਾਂ ਮੁਕਾਬਲਿਆਂ ਦੀਆਂ ਜੇਤੂ ਟੀਮਾਂ ਦੇ ਮੈਂਬਰਾਂ ਜੋਬਨ ਸਿੰਘ, ਰੇਸ਼ਮ ਸਿੰਘ, ਸਤਨਾਮ ਸਿੰਘ ਤੇ ਜਸਪਿੰਦਰ ਸਿੰਘ ਨੂੰ ਤਮਗਿਆਂ ਨਾਲ ਸਨਮਾਨਤ ਕੀਤਾ। ਸਮੂਹ ਫਕੈਲਟੀ ਤੇ ਸਟਾਫ਼ ਦੁਆਰਾ ਇਨ੍ਹਾਂ ਮੁਕਾਬਲਿਆਂ ਦੇ ਸਫ਼ਲਤਾਪੂਰਵਕ ਆਯੋਜਨ ਲਈ ਡਿਊਟੀਆਂ ਬਾਖ਼ੂਬੀ ਨਿਭਾਈਆਂ। ਟੈਕਨੀਕਲ ਕਲੱਬ ਤੇ ਪੋਸਟ-ਗਰੈਜੂਏਟ ਕਲੱਬ ਦੇ ਪ੍ਰਧਾਨ ਕ੍ਰਮਵਾਰ ਇੰਜ. ਪਰਮਿੰਦਰ ਸਿੰਘ ਜੱਸਲ ਤੇ ਡਾ. ਜਗਤਾਰ ਸਿੰਘ, ਕੋ-ਕੋਆਰਡੀਨੇਟਰ ਡਾ. ਅਸ਼ਵਨੀ ਸਿੰਗਲਾ ਤੇ ਖਾਸ ਤੌਰ 'ਤੇ ਮੈਂਬਰ-ਵਿਦਿਆਰਥੀਆਂ ਦੀ ਮਿਹਨਤ ਸਦਕਾ ਇਹ ਆਯੋਜਨ ਪੂਰੀ ਤਰ੍ਹਾਂ ਸਫ਼ਲ ਰਿਹਾ। ਵਿਭਾਗ ਮੁਖੀ ਡਾ. ਸਿੰਪਲ ਜਿੰਦਲ ਤੇ ਡਾ. ਨਵਦੀਪ ਗੋਇਲ ਨੇ ਇਸ ਪ੍ਰਤਿਭਾ ਉਭਾਰਨ ਪ੍ਰਤਿਯੋਗਤਾਵਾਂ ਦੀ ਪ੍ਰਸੰਸਾ ਕਰਦਿਆਂ ਵਿਦਿਆਰਥੀ ਤੇ ਅਧਿਆਪਕ ਆਯੋਜਕਾਂ ਨੀ ਵਧਾਈ ਦਿੱਤੀ। ਕੈਂਪਸ ਡਾਇਰੈਕਟਰ ਪ੍ਰੋਫੈਸਰ (ਡਾ.) ਕਮਲਜੀਤ ਸਿੰਘ ਜੀ ਨੇ ਸਮਾਪਤੀ ਸਮਾਰੋਹ 'ਚ ਆਪਣੇ ਭਾਸ਼ਣ 'ਚ ਵਿਦਿਆਰਥੀਆਂ ਨੂੰ ਅਜਿਹੇ ਮੁਕਾਬਲਿਆਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਅਜਿਹੇ ਮੁਕਾਬਲੇ ਵਿਦਿਆਰਥੀਆਂ ਦੇ ਆਤਮ ਵਿਸ਼ਵਾਸ ਵਿੱਚ ਵਾਧਾ ਕਰਨ ਵਿਚ ਬਹੁਤ ਕਾਰਗਰ ਸਿੱਧ ਹੁੰਦੇ ਹਨ।

# ਕਾਂਗਰਸ ਤੇ ਆਮ ਆਦਮੀ ਪਾਰਟੀ ਦੀ ਆਪਸੀ ਗੰਢ-ਤੁੱਪ : ਰਾਜਵਿੰਦਰ ਸਿੰਘ ਧਰਮਕੋਟ



**ਗਿੱਦੜਬਾਹਾ (ਜਸਵੰਤ ਗਿੱਲ)**-ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਰਾਜਵਿੰਦਰ ਸਿੰਘ ਧਰਮਕੋਟ ਵੱਲੋਂ ਹਲਕਾ ਗਿੱਦੜਬਾਹਾ ਵਿਖੇ ਹਲਕੇ ਦੇ ਮੁੱਖ ਸੇਵਾਦਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਦੀ ਅਗਵਾਈ ਵਿੱਚ ਅਕਾਲੀ ਦਲ ਦੇ ਆਗੂਆਂ ਅਤੇ ਵਰਕਰਾਂ ਨਾਲ ਹਲਕੇ ਦੇ ਸਰਕਲ ਹਰੀਕੇ ਕਲਾਂ ਵਿਖੇ ਬਬਲਜੀਤ ਸਿੰਘ ਤੇ ਸਰਕਲ ਪ੍ਰਧਾਨ ਬਲਜਿੰਦਰ ਸਿੰਘ ਦੇ ਗ੍ਰਹਿ ਵਿਖੇ ਸਰਕਲ ਮੱਲਣ ਦੇ ਜਗਦੀਪ ਸਿੰਘ ਕੋਟਲੀ ਦੇ ਗ੍ਰਹਿ ਵਿਖੇ ਅਤੇ ਸਰਕਲ ਦੋਦਾ ਦੇ ਪਾਲ ਸਿੰਘ ਸੰਧੂ ਸੁਖਨਾ ਅਬਲੂ ਦੇ ਗ੍ਰਹਿ ਵਿਖੇ ਮੀਟਿੰਗਾਂ ਕਰਕੇ ਆਪਣੇ ਵਿਚਾਰ ਸਾਂਝੇ ਕੀਤੇ। ਰਾਜਵਿੰਦਰ ਸਿੰਘ ਧਰਮਕੋਟ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਮੁੱਚੀ ਸੀਨੀਅਰ ਲੀਡਰਸ਼ਿਪ ਦਾ ਧਨਵਾਦ ਕਰਦਿਆਂ ਕਿਹਾ ਕਿ ਮੈਨੂੰ ਹਲਕਾ ਫਰੀਦਕੋਟ ਦੇ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿੱਚ ਵਸਦੇ ਹਰ ਵਰਗ ਦੇ ਲੋਕਾਂ ਦੀ ਅਵਾਜ਼ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ ਹਮੇਸ਼ਾਂ ਹੀ ਪੰਜਾਬ ਪੰਜਾਬੀਅਤ ਤੇ ਪੰਜਾਬ ਦੇ ਲੋਕਾਂ ਦੇ ਹਿੱਤਾ ਲਈ ਪਹਿਲ ਦੇ ਅਧਾਰ ਤੇ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਤੇ ਆਮ ਆਦਮੀ ਪਾਰਟੀ ਦੀ ਆਪਸੀ ਗੰਢ ਤੁਪ ਬਾਰੇ ਲੋਕ ਜਾਣ ਗਏ ਹਨ, ਹੁਣ ਪੰਜਾਬ ਦੇ ਲੋਕ ਇਨ੍ਹਾਂ 'ਤੇ ਭਰੋਸਾ ਨਹੀਂ ਕਰਨਗੇ।

ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਕਿਹਾ ਕਿ ਪੰਜਾਬ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਪੰਜਾਬ ਦੇ ਲੋਕ ਸ਼੍ਰੋਮਣੀ ਅਕਾਲੀ ਦਲ ਦਾ ਸਾਥ ਦੇਣਗੇ। ਇਸ ਮੌਕੇ ਇਸਤਰੀ ਵਿੰਗ ਦੀ ਜ਼ਿਲ੍ਹਾ ਪ੍ਰਧਾਨ ਜਸਵਿੰਦਰ ਕੌਰ ਬੱਬੂ, ਜ਼ਿਲ੍ਹਾ ਸ਼ਹਿਰੀ ਪ੍ਰਧਾਨ ਮਨਜਿੰਦਰ ਸਿੰਘ ਬਿੱਟੂ, ਐਡਵੋਕੇਟ ਪ੍ਰੀਤਇੰਦਰ ਸਿੰਘ ਸੰਮੇਵਾਲੀ ਜ਼ਿਲ੍ਹਾ ਪ੍ਰਧਾਨ ਦਿਹਾਤੀ, ਨਵਜਿੰਦਰ ਸਿੰਘ ਜ਼ਿਲ੍ਹਾ ਯੂਥ ਪ੍ਰਧਾਨ, ਸਰਕਲ ਕੋਟਭਾਈ ਦੇ ਪ੍ਰਧਾਨ ਐਡਵੋਕੇਟ ਗੁਰਬਿੰਦਰ ਸਿੰਘ ਸਾਹਿਬਚੰਦ, ਸਰਕਲ ਦੋਦਾ ਦੇ ਪ੍ਰਧਾਨ ਨਵਦੀਪ ਸਿੰਘ ਨਵੀ ਬਰਾੜ ਮਧੀਰ, ਸਰਕਲ ਗੁਰੂਸਰ ਦੇ ਪ੍ਰਧਾਨ ਜਸਵਿੰਦਰ ਸਿੰਘ ਢਿੱਲੋਂ, ਸਰਕਲ ਮੱਲਣ ਦੇ ਪ੍ਰਧਾਨ ਚਰਨਜੀਤ ਸਿੰਘ ਲੁਹਾਰਾ ਤੇ ਸਰਕਲ ਹਰੀਕੇ ਕਲਾਂ ਦੇ ਪ੍ਰਧਾਨ ਬਲਜਿੰਦਰ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਅਕਾਲੀ ਵਰਕਰ ਹਾਜ਼ਰ ਸਨ।

# ਵੋਟਰਾਂ ਨੂੰ ਵੋਟ ਪਾਉਣ ਲਈ ਉਤਸ਼ਾਹਤ ਕਰਨ ਲਈ ਮਨੁੱਖੀ ਚੇਨ ਬਣਾਈ

**ਲੁਧਿਆਣਾ (ਪੱਤਰ ਪ੍ਰੇਰਕ)**
ਹਲਕਾ ਆਤਮ ਨਗਰ ਵਿਖੇ ਸਵੀਪ ਗਤੀਵਿਧੀਆਂ ਤਹਿਤ ਵੋਟਰਾਂ ਨੂੰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਪ੍ਰਤੀ ਜਾਗਰੂਕ ਕਰਨ ਦੇ ਮੰਤਵ ਨਾਲ ਨੈਸ਼ਨਲ ਸਕਿੱਲ ਟ੍ਰੇਨਿੰਗ ਇੰਸਟੀਚਿਊਟ ਗਿੱਲ ਰੋਡ ਵਿਖੇ ਮਨੁੱਖੀ ਚੇਨ ਬਣਾਈ ਗਈ।

ਡਿਪਟੀ ਕਮਿਸ਼ਨਰ ਲੁਧਿਆਣਾ-ਕਮ-ਜ਼ਿਲ੍ਹਾ ਚੋਣ ਅਫ਼ਸਰ ਸਾਕਸ਼ੀ ਸਾਹਨੀ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਨੌਜਵਾਨਾਂ ਖਾਸ ਕਰਕੇ ਪਹਿਲੀ ਵਾਰ ਵੋਟਰਾਂ ਨੂੰ ਜਾਗਰੂਕ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਭਰ ਦੀਆਂ ਵਿੱਦਿਅਕ ਸੰਸਥਾਵਾਂ ਵਿੱਚ ਪੋਸਟਰ ਮੇਕਿੰਗ, ਰੰਗੋਲੀ ਤੇ ਮਹਿੰਦੀ ਮੁਕਾਬਲੇ ਵੀ ਕਰਾਏ ਜਾ ਰਹੇ ਹਨ।ਇਸੇ ਲੜੀ ਤਹਿਤ ਹਲਕਾ ਆਤਮ ਨਗਰ ਦੇ ਈ.ਆਰ.ਓ. ਪਰਮਦੀਪ ਸਿੰਘ, ਪੀ.ਸੀ.ਐਸ. ਦੀ ਸਰਪ੍ਰਸਤੀ ਅਤੇ ਸਵੀਪ ਨੋਡਲ ਅਫ਼ਸਰ ਬਲਵੰਤ ਸਿੰਘ, ਕੋ-ਨੋਡਲ ਅਫ਼ਸਰ ਸਵੀਪ ਰਜਿੰਦਰ ਸਿੰਘ ਦੀ ਅਗਵਾਈ ਹੇਠ, ਸ਼ਿਵੀ ਜੋਸ਼ੀ ਤੇ ਮਨਜੀਤ ਸਿੰਘ ਨੋਡਲ ਅਫ਼ਸਰ ਸਵੀਪ (ਕਾਲਜ) ਤੇ ਸੁਭਾਸ਼ ਚੰਦਰਾ ਜੁਆਇੰਟ ਡਾਇਰੈਕਟਰ ਵੱਲੋਂ ਵੋਟਰਾਂ ਵਿੱਚ ਜਾਗਰੂਕਤਾ ਲਿਆਉਣ ਲਈ ਐਨ.ਐਸ.ਟੀ.ਆਈ, ਗਿੱਲ ਰੋਡ ਵਿਖੇ ਮਨੁੱਖੀ ਚੇਨ ਬਣਾਈ ਗਈ ਤੇ ਨੌਜਵਾਨਾਂ ਨੂੰ ਆਪਣੀ ਵੋਟ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ।ਇਸ ਦਾ ਉਦੇਸ਼ ਲੋਕ ਸਭਾ ਚੋਣਾਂ-2024 ਦੀਆਂ ਚੋਣਾਂ ਦੌਰਾਨ ਵੋਟਰਾਂ ਦੀ ਵੱਧ ਤੋਂ ਵੱਧ ਭਾਈਵਾਲੀ ਨੂੰ ਯਕੀਨੀ ਬਣਾਉਣਾ ਤੇ ਲੋਕ ਸਭਾ ਚੋਣਾਂ ਦੌਰਾਨ 70 ਫ਼ੀਸਦੀ (ਇਸ ਵਾਰ, 70 ਪਾਰ) ਤੋਂ ਵੱਧ ਵੋਟਰਾਂ ਦੇ ਮਤਦਾਨ ਦੇ ਟੀਚੇ ਨੂੰ ਪ੍ਰਾਪਤ ਕਰਨਾ ਹੈ।ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਯੋਗ ਨੌਜਵਾਨਾਂ ਦੀਆਂ ਨਵੀਆਂ ਵੋਟਾਂ ਬਣਾਉਣ ਲਈ ਵਿੱਦਿਅਕ ਸੰਸਥਾਵਾਂ ਵਿੱਚ ਵੋਟਰ ਰਜਿਸਟ੍ਰੇਸ਼ਨ ਕੈਂਪ ਵੀ ਲਾਏ ਜਾ ਰਹੇ ਹਨ।ਸਿਸਟੈਮੈਟਿਕ ਵੋਟਰਜ਼ ਐਜੂਕੇਸ਼ਨ ਐਂਡ ਇਲੈਕਟੋਰਲ ਪਾਰਟੀਸੀਪੇਸ਼ਨ (ਸਵੀਪ) ਪ੍ਰੋਗਰਾਮ ਤਹਿਤ ਵੋਟਰਾਂ ਨੂੰ ਉਤਸ਼ਾਹਤ ਕਰਨ ਲਈ ਇਹ ਗਤੀਵਿਧੀਆਂ ਕਰਾਈਆਂ ਜਾ ਰਹੀਆਂ ਹਨ।




# ਮਹੀਨੇ ਬਾਅਦ ਵੀ ਮਜ਼ਦੂਰ ਦੀ ਨਾਬਾਲਗ ਲੜਕੀ ਨੂੰ ਭਜਾਉਣ ਵਾਲਾ ਪੁਲਸ ਦੇ ਹੱਥਾਂ ਤੋਂ ਬਾਹਰ

**ਫ਼ਾਜ਼ਿਲਕਾ (ਕ੍ਰਿਸ਼ਨ ਸਿੰਘ)**-ਨਜ਼ਦੀਕੀ ਪਿੰਡ 'ਚ ਇੱਕ ਮਜ਼ਦੂਰ ਪਰਵਾਰ ਦੀ ਨਾਬਾਲਗ ਲੜਕੀ ਨੂੰ ਇੱਕ ਲੜਕਾ ਭਜਾ ਕੇ ਲੈ ਗਿਆ, ਜਿਸ ਤੋਂ ਬਾਅਦ ਪੀੜਤ ਪਰਵਾਰ ਦੋਸ਼ੀਆਂ ਦੀ ਗ੍ਰਿਫ਼ਤਾਰੀ ਤੇ ਆਪਣੀ ਲੜਕੀ ਦਾ ਪਤਾ ਲਾਉਣ ਲਈ ਥਾਣਿਆਂ ਤੇ ਪੁਲਸ ਉੱਚ ਅਧਿਕਾਰੀਆਂ ਦੇ ਦਫ਼ਤਰਾਂ ਦੇ ਚੱਕਰ ਕੱਟਣ ਲਈ ਮਜਬੂਰ ਹੋ ਰਿਹਾ ਹੈ। ਉਨ੍ਹਾਂ ਜਾਂਚ ਅਧਿਕਾਰੀ ਤੇ ਥਾਣਾ ਸਦਰ ਫ਼ਾਜ਼ਿਲਕਾ ਦੇ ਐਸਐਚਓ 'ਤੇ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਕਰਨ ਤੇ ਉਨ੍ਹਾਂ ਨਾਲ ਮਾੜਾ ਸਲੂਕ ਕਰਨ ਦੇ ਦੋਸ਼ ਲਾਏ। ਪੀੜਤ ਪਰਵਾਰ ਨੇ ਦੱਸਿਆ ਕਿ 17-18 ਮਾਰਚ ਦੀ ਦਰਮਿਆਨੀ ਰਾਤ ਨੂੰ ਉਨ੍ਹਾਂ ਦੀ ਨਾਬਾਲਗ ਲੜਕੀ ਨੂੰ ਗੁਰਪ੍ਰੀਤ ਸਿੰਘ ਪੁੱਤਰ ਬੱਗਾ ਸਿੰਘ ਵਾਸੀ ਆਲੇ ਵਾਲਾ (ਪਸਾੜੀਆ) ਫ਼ਿਰੋਜ਼ਪੁਰ ਵਰਗਲਾ ਫੁਸਲਾ ਕੇ ਵਿਆਹ ਦਾ ਝਾਂਸਾ ਦੇ ਕੇ ਲੈ ਗਿਆ ਸੀ, ਜਿਸ ਨੂੰ ਭਜਾਉਣ ਵਿੱਚ ਬਗੀਚਾ ਸਿੰਘ ਪੁੱਤਰ ਮੱਖਣ ਸਿੰਘ, ਅਜੇ ਸਿੰਘ ਪੁੱਤਰ ਦੇਸ ਸਿੰਘ ਤੇ ਕੁੱਝ ਹੋਰ ਲੋਕਾਂ ਨੇ ਮੱਦਦ ਕੀਤੀ ਸੀ। ਜਿਸ ਤੋਂ ਬਾਅਦ ਉਨ੍ਹਾਂ ਵੱਲੋਂ ਇਸਦੀ ਸੂਚਨਾ ਪੁਲਸ ਨੂੰ ਦਿੱਤੀ ਗਈ। ਪਹਿਲਾਂ ਤਾਂ ਥਾਣਾ ਸਦਰ ਫ਼ਾਜ਼ਿਲਕਾ ਦੀ ਪੁਲਸ ਵੱਲੋਂ ਦੋਸ਼ੀਆਂ ਨੂੰ ਬਚਾਉਣ ਖਾਤਰ ਕੋਈ ਮਾਮਲਾ ਦਰਜ ਨਹੀਂ ਕੀਤਾ ਗਿਆ। ਇਸ ਤੋਂ ਬਾਅਦ ਉੱਚ ਅਧਿਕਾਰੀਆਂ ਦੇ ਧਿਆਨ 'ਚ ਲਿਆਉਣ ਤੋਂ ਬਾਅਦ 25 ਮਾਰਚ ਨੂੰ ਲੜਕੇ ਸਮੇਤ 3 ਦੋਸ਼ੀਆਂ 'ਤੇ ਮਾਮਲਾ ਦਰਜ ਕਰ ਲਿਆ ਗਿਆ।

### ਜਾਂਚ ਅਧਿਕਾਰੀ ਤੇ ਐਸ ਐਚ ਓ 'ਤੇ ਸੁਣਵਾਈ ਨਾ ਕਰਨ ਦਾ ਦੋਸ਼



ਜਾਣਕਾਰੀ ਦਿੰਦਾ ਪੀੜਤ ਪਰਵਾਰ।

ਮਾਮਲਾ ਦਰਜ ਕਾਰਨ ਤੋਂ ਬਾਅਦ ਵੀ ਪੁਲਸ ਵੱਲੋਂ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਤੋਂ ਵੀ ਟਾਲਾ ਵੱਟਿਆ ਜਾ ਰਿਹਾ ਸੀ। ਬਾਅਦ ਵਿੱਚ ਕਈ ਵਾਰ ਸਬੰਧਤ ਪੁਲਸ ਅਧਿਕਾਰੀਆਂ ਤੇ ਉੱਚ ਅਧਿਕਾਰੀਆਂ ਦੇ ਦਫ਼ਤਰਾਂ ਦੇ ਚੱਕਰ ਕੱਟਣ ਤੋਂ ਬਾਅਦ ਪੁਲਸ ਨੇ ਆਖਰਕਾਰ ਇੱਕ ਦੋਸ਼ੀ ਬਗੀਚਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਤੋਂ ਬਾਅਦ ਇੱਕ ਮਹੀਨੇ ਤੋਂ ਵੱਧ ਸਮਾਂ ਬੀਤ ਜਾਣ ਤੋਂ ਬਾਅਦ ਵੀ ਦੋਸ਼ੀ ਲੜਕੇ ਸਮੇਤ ਬਾਕੀ ਦੋਸ਼ੀਆਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਤੇ ਨਾ ਹੀ ਪੁਲਿਸ ਉਨ੍ਹਾਂ ਦੀ ਨਾਬਾਲਗ ਲੜਕੀ ਬਾਰੇ ਕੁੱਝ ਪਤਾ ਲਾ ਸਕੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਬਾਰੇ ਉਹ 17 ਮਾਰਚ ਤੋਂ ਲੈ ਕੇ ਹੁਣ ਤੱਕ 20-25 ਵਾਰ ਜਾਂਚ ਅਧਿਕਾਰੀ ਬਿਸ਼ਨ ਸਿੰਘ, ਐਸਐਚਓ ਸਦਰ ਫ਼ਾਜ਼ਿਲਕਾ ਗੁਰਮੀਤ ਸਿੰਘ ਤੋਂ ਇਲਾਵਾ ਡੀਐਸਪੀ ਫ਼ਾਜ਼ਿਲਕਾ ਸੁਬੇਗ ਸਿੰਘ ਤੇ ਐੱਸ ਪੀ ਐੱਚ ਫ਼ਾਜ਼ਿਲਕਾ ਨੂੰ ਮਿਲ ਕੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਤੇ ਉਨ੍ਹਾਂ ਦੀ ਲੜਕੀ ਬਾਰੇ ਪਤਾ ਲਾਉਣ ਦੀ ਗੁਹਾਰ ਲਾ ਚੁੱਕੇ ਹਨ। ਇਸਦੇ ਬਾਵਜੂਦ ਅਜੇ ਤੱਕ ਕਿਸੇ ਵੀ ਪੁਲਸ ਅਧਿਕਾਰੀ ਨੇ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਕੀਤੀ। ਉਨ੍ਹਾਂ ਦੱਸਿਆ ਕਿ ਜਦੋਂ ਉਹ ਜਾਂਚ ਅਧਿਕਾਰੀ ਬਿਸ਼ਨ ਸਿੰਘ ਤੇ ਐਸਐਚਓ ਗੁਰਮੀਤ ਸਿੰਘ ਨੂੰ ਇਸ ਬਾਰੇ ਮਿਲਦੇ ਹਨ ਤਾਂ ਉਨ੍ਹਾਂ ਵੱਲੋਂ ਇਹ ਕਿਹਾ ਜਾਂਦਾ ਹੈ ਕਿ ਉਹ ਆਪਣੀ ਕਾਰਵਾਈ ਕਰ ਰਹੇ ਹਨ। ਇਨ੍ਹਾਂ ਵੱਲੋਂ ਉਨ੍ਹਾਂ ਨੂੰ ਖੁਦ ਆਪਣੀ ਲੜਕੀ ਅਤੇ ਦੋਸ਼ੀਆਂ ਬਾਰੇ ਪਤਾ ਲਾ ਕੇ ਪੁਲਸ ਨੂੰ ਇਤਲਾਹ ਦੇਣ ਦੀ ਗੱਲ ਕੀਤੀ ਜਾਂਦੀ ਹੈ। ਜਦੋਂ ਇਸ ਬਾਰੇ ਜਾਂਚ ਅਧਿਕਾਰੀ ਬਿਸ਼ਨ ਸਿੰਘ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਸਾਰੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਇਸ ਮਾਮਲੇ 'ਚ ਇੱਕ ਦੋਸ਼ੀ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਬਾਕੀ ਦੋਸ਼ੀਆਂ ਦੀ ਭਾਲ ਲਈ ਉਨ੍ਹਾਂ ਵੱਲੋਂ ਦੋ ਤਿੰਨ ਵਾਰ ਰੇਡ ਮਾਰੀ ਗਈ ਸੀ, ਪਰ ਦੋਸ਼ੀ ਨਹੀਂ ਮਿਲੇ।

ਜਦੋਂ ਇਸ ਬਾਰੇ ਐਸਐਚਓ ਥਾਣਾ ਸਦਰ ਫ਼ਾਜ਼ਿਲਕਾ ਗੁਰਮੀਤ ਸਿੰਘ ਦੇ ਸਰਕਾਰੀ ਨੰਬਰ ਤੇ ਡੀਐਸਪੀ ਸੁਬੇਗ ਸਿੰਘ ਦੇ ਸਰਕਾਰੀ ਨੰਬਰ 'ਤੇ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਨੇ ਫੋਨ ਨਹੀਂ ਚੁੱਕਿਆ।

# ਮਨਾਲ ਸਕੂਲ ਦੇ ਵਿਦਿਆਰਥੀਆਂ ਨੇ ਪਿੰਗਲਵਾੜਾ ਸ਼ਾਖਾ ਦਾ ਦੌਰਾ ਕੀਤਾ



**ਸੰਗਰੂਰ (ਪ੍ਰਵੀਨ ਸਿੰਘ)**-ਧੂਰੀ ਰੋਡ ਸਥਿਤ ਪਿੰਗਲਵਾੜਾ ਸ਼ਾਖਾ ਸੰਗਰੂਰ ਵਿਖੇ ਬਰੌਂਡਵੇ ਪਬਲਿਕ ਸਕੂਲ ਮਨਾਲ ਦੇ ਵਿਦਿਆਰਥੀ ਇੱਕ ਦਿਨਾ ਫੇਰੀ ਦੌਰਾਨ ਪਹੁੰਚੇ।ਪ੍ਰਿੰਸੀਪਲ ਮੁਹੰਮਦ ਆਰਿਫ਼ ਸੈਫ਼ੀ ਦੇ ਦਿਸ਼ਾ ਨਿਰਦੇਸ਼ ਅਧੀਨ ਮੈਡਮ ਹਰਮਿੰਦਰ ਕੌਰ ਇੰਚਾਰਜ ਦੀ ਅਗਵਾਈ ਵਿੱਚ 300 ਤੋਂ ਵੱਧ ਵਿਦਿਆਰਥੀਆਂ ਦੇ ਗਰੁੱਪ ਨੇ ਸ਼ਾਖ਼ਾ ਦੇ ਵੱਖ-ਵੱਖ ਵਾਰਡਾਂ ਦਾ ਦੌਰਾ ਕੀਤਾ। ਪਿੰਗਲਵਾੜਾ ਦੇ ਮਰੀਜ਼ਾਂ ਨਾਲ ਕੁਝ ਸਮਾਂ ਬਿਤਾਇਆ ਤੇ ਉਨ੍ਹਾਂ ਦੀ ਸੇਵਾ ਸੰਭਾਲ ਬਾਰੇ ਜਾਣਕਾਰੀ ਹਾਸਲ ਕੀਤੀ।ਇਸ ਮੌਕੇ ਮਾਸਟਰ ਸਤਪਾਲ ਸ਼ਰਮਾ ਤੇ ਪ੍ਰਿੰਸੀਪਲ ਬਲਵੰਤ ਸਿੰਘ, ਸੁਰਿੰਦਰ ਪਾਲ ਸਿੰਘ ਸਿਦਕੀ, ਗੁਰਮੇਲ ਸਿੰਘ ਸਿੱਧੂ, ਤੇਜਾ ਸਿੰਘ ਮਾਨ, ਜਰਨੈਲ ਸਿੰਘ ਨੇ ਬੱਚਿਆਂ ਨੂੰ ਭਗਤ ਪੂਰਨ ਸਿੰਘ ਜੀ ਦੁਆਰਾ ਸੰਸਥਾਪਕ ਤੇ ਡਾਕਟਰ ਇੰਦਰਜੀਤ ਕੌਰ ਪ੍ਰਧਾਨ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਦੀ ਅਗਵਾਈ ਵਿੱਚ ਪਿੰਗਲਵਾੜਾ ਵੱਲੋਂ ਕੀਤੀਆਂ ਜਾ ਰਹੀਆਂ ਵੱਖ-ਵੱਖ ਸਮਾਜਿਕ ਸੇਵਾਵਾਂ, ਲੋੜਵੰਦਾਂ ਦੀ ਮਦਦ, ਵਾਤਾਵਰਨ ਦੀ ਸੰਭਾਲ ਆਦਿ ਬਾਰੇ ਜਾਣਕਾਰੀ ਦਿੱਤੀ ਤੇ ਵਿਦਿਆਰਥੀਆਂ ਨੂੰ ਹੱਥੀਂ ਸੇਵਾ ਕਰਨ ਦੀ ਪ੍ਰੇਰਨਾ ਕੀਤੀ।ਸੰਗਰੂਰ ਸ਼ਾਖਾ ਦੇ ਪ੍ਰਬੰਧਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।ਸਕੂਲ ਵਿਦਿਆਰਥਣਾਂ ਰਮਨਦੀਪ ਕੌਰ, ਹਰਲੀਨ ਕੌਰ, ਗੁਰਸਿਮਰਨ ਪ੍ਰੀਤ ਕੌਰ ਨੇ ਕਿਹਾ ਕਿ ਉਹ ਪਹਿਲੀ ਵਾਰ ਇਥੇ ਆਏ ਹਨ ਤੇ ਮਰੀਜ਼ਾਂ ਦੀ ਸੇਵਾ ਸੰਭਾਲ ਦੇਖ ਕੇ ਬਹੁਤ ਪ੍ਰਭਾਵਤ ਹੋਏ ਹਨ। ਉਨ੍ਹਾਂ ਆਪਣੇ ਅਧਿਆਪਕ ਸਾਹਿਬਾਨ ਨੂੰ ਕਿਹਾ ਕਿ ਉਨ੍ਹਾਂ ਨੂੰ ਮਹੀਨੇ ਵਿੱਚ ਇੱਕ ਵਾਰ ਜ਼ਰੂਰ ਇਥੇ ਭੇਜਿਆ ਜਾਵੇ ਤਾਂ ਜੁ ਉਹ ਵੀ ਹੱਥੀਂ ਸੇਵਾ ਕਰ ਸਕਣ।ਮੈਡਮ ਹਰਮਿੰਦਰ ਕੌਰ ਅਤੇ ਕਰਮਜੀਤ ਸਿੰਘ ਨੇ ਪਿੰਗਲਵਾੜਾ ਪ੍ਰਬੰਧਕਾਂ ਵੱਲੋਂ ਬੇਸਹਾਰਿਆਂ ਮਰੀਜ਼ਾਂ ਦੀ ਕੀਤੀ ਜਾ ਰਹੀ ਸੰਭਾਲ ਦੀ ਸ਼ਲਾਘਾ ਕੀਤੀ ਅਤੇ ਆਪਣੀ ਸੰਸਥਾ ਵੱਲੋਂ ਹਰ ਸਮੇਂ ਲੋੜੀਂਦਾ ਯੋਗਦਾਨ ਪਾਉਣ ਦਾ ਭਰੋਸਾ ਦਿੱਤਾ।ਸਮੂਹ ਵਿਦਿਆਰਥੀਆਂ ਨੂੰ ਪਿੰਗਲਵਾੜਾ ਜੰਤਰੀਆਂ ਦਿੱਤੀਆਂ ਗਈਆਂ।

# ਡਾ. ਬਲਬੀਰ ਸਿੰਘ ਨੇ ਪ੍ਰਨੀਤ ਕੌਰ ਤੇ ਡਾ. ਗਾਂਧੀ ਨੂੰ ਲੰਮੇ ਹੱਥੀ ਲਿਆ, ਸ਼ੁਤਰਾਣਾ ਦੀਆਂ ਦਾਣਾ ਮੰਡੀਆਂ 'ਚ ਚੋਣ ਪ੍ਰਚਾਰ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**
ਡਾਕਟਰ ਬਲਵੀਰ ਸਿੰਘ ਨੇ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੀਆਂ ਅਨਾਜ ਮੰਡੀਆਂ ਦਾ ਦੌਰਾ ਕੀਤਾ।ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨਾਲ ਹਲਕੇ ਦੀਆਂ ਅਨਾਜ ਮੰਡੀਆਂ ਅਤੇ ਸਬ ਸੈਂਟਰਾਂ ਕੁਲਾਰਾਂ, ਮਵੀ ਕਲਾਂ, ਕਕਰਾਲਾ, ਘੱਗਾ, ਬਰਾਸ, ਦੁਗਾਲ, ਸੇਲਵਾਲਾ, ਗੁਲਜਾਰਪੁਰਾ ਠਰੂਆ, ਅਰਨੋਂ, ਸ਼ੁਤਰਾਣਾ, ਬਕਰਾਹਾ, ਬਾਦਸ਼ਾਹਪੁਰ, ਨਨਹੇੜਾ, ਮਰੋੜੀ, ਜੋੜਾ ਮਾਜਰਾ ਤੇ ਧਨੇਠਾ ਆਪ ਦਾ ਦੌਰਾ ਕਰਕੇ ਜਿੱਥੇ ਚੋਣ ਪ੍ਰਚਾਰ ਕਰਕੇ ਵੋਟਾਂ ਦੀ ਮੰਗ ਕੀਤੀ, ਉੱਥੇ ਕਿਸਾਨਾਂ, ਆੜ੍ਹਤੀਆਂ ਤੇ ਮਜ਼ਦੂਰਾਂ ਦੀਆਂ ਮੁਸ਼ਕਲਾਂ ਸੁਣਨ ਉਪਰੰਤ ਉਨ੍ਹਾਂ ਦੇ ਹੱਲ ਦਾ ਹਰ ਸੰਭਵ ਭਰੋਸਾ ਦਿੱਤਾ।



ਅਨਾਜ ਮੰਡੀ ਵਿਖੇ ਆੜ੍ਹਤੀਆਂ ਨਾਲ ਮੀਟਿੰਗ ਉਪਰੰਤ ਡਾਕਟਰ ਬਲਵੀਰ ਸਿੰਘ ਨੇ ਕਿਹਾ ਕਿ ਮਹਿਲਾਂ ਵਿੱਚ ਰਹਿਣ ਵਾਲਿਆਂ ਨੂੰ ਆਮ ਲੋਕਾਂ ਦੀ ਕੋਈ ਫਿਕਰ ਨਹੀਂ ਹੁੰਦੀ ਜਿਸ ਦੀ ਪ੍ਰਤੱਖ ਮਿਸਾਲ ਚਾਰ ਵਾਰ ਮੈਂਬਰ ਪਾਰਲੀਮੈਂਟ ਰਹਿਣ ਦੇ ਬਾਵਜੂਦ ਸ਼੍ਰੀਮਤੀ ਪ੍ਰਨੀਤ ਕੌਰ ਵੱਲੋਂ ਹਲਕੇ ਦੇ ਵਿਕਾਸ ਵਿੱਚ ਅਸਫ਼ਲ ਰਹਿਣਾ ਹੈ। ਕਾਂਗਰਸੀ ਉਮੀਦਵਾਰ ਡਾ. ਧਰਮਵੀਰ ਗਾਂਧੀ ਤੇ ਤਿੱਖਾ ਹਮਲਾ ਕਰਦਿਆਂ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਛੱਡਣ ਵੇਲੇ ਉਨ੍ਹਾਂ ਪਾਰਟੀ ਨੂੰ ਹਾਈਕਮਾਂਡ ਦੇ ਨਿਰਦੇਸ਼ਾਂ ਉੱਤੇ ਚੱਲਣ ਵਾਲੀ ਪਾਰਟੀ ਦੱਸਿਆ ਸੀ, ਪਰ ਹੁਣ ਖੁਦ ਕਾਂਗਰਸ ਵਿੱਚ ਜਾ ਕੇ ਬਗਾਵਤ ਕਰਨ ਵਾਲੇ ਕਾਂਗਰਸੀਆਂ ਨੂੰ ਹਾਈਕਮਾਂਡ ਦੇ ਨਿਰਦੇਸ਼ ਮੰਨਣ ਦੀਆਂ ਸਲਾਹਾਂ ਦੇ ਰਹੇ ਹਨ।ਕੇਂਦਰ 'ਤੇ ਤਿੱਖਾ ਹਮਲਾ ਕਰਦਿਆਂ ਉਨ੍ਹਾਂ ਕਿਹਾ ਕਿ ਦਿਹਾਤੀ ਵਿਕਾਸ ਫੰਡ ਰੋਕ ਕੇ ਸੂਬੇ ਨਾਲ ਧੱਕਾ ਕੀਤਾ ਜਾ ਰਿਹਾ ਹੈ।ਆਉਣ ਵਾਲੇ ਤਿੰਨ ਸਾਲਾਂ ਦੌਰਾਨ ਸੂਬੇ ਵਿੱਚ ਵੱਡੇ ਪੱਧਰ ਉੱਤੇ ਵਿਕਾਸ ਦੇ ਦਾਅਵੇ ਕਰਦਿਆਂ ਉਹਨਾਂ ਕਿਹਾ ਕਿ ਪੇਂਡੂ ਲਿੰਕ ਸੜਕਾਂ ਦੀ ਹਾਲਤ ਵਿੱਚ ਸੁਧਾਰ ਕਰਨ ਦੇ ਨਾਲ ਨਾਲ ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਵੱਡੇ ਸੁਧਾਰ ਕੀਤੇ ਜਾਣਗੇ।ਘੱਗਰ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਅਕਾਲੀ ਦਲ ਅਤੇ ਕਾਂਗਰਸ ਨੇ ਇਸ ਮਸਲੇ ਉੱਤੇ ਸਿਰਫ਼ ਸਿਆਸੀ ਰੋਟੀਆਂ ਸੇਕੀਆਂ, ਪਰ ਉਨ੍ਹਾਂ ਰੋਡ ਮੈਪ ਤਿਆਰ ਕੀਤਾ ਹੋਇਆ ਹੈ, ਜਿਸ ਦੇ ਅਧਾਰ ਤੇ ਘੱਗਰ ਨੂੰ ਚੈਨੇਲਾਈਜ਼ ਕਰਕੇ ਚੈੱਕ ਡੈਮ ਬਣਾ ਜਿੱਥੇ ਹੜ੍ਹਾਂ ਤੋਂ ਨਿਜ਼ਾਤ ਦਿਵਾਈ ਜਾਵੇਗੀ, ਉੱਥੇ ਇਸ ਦੇ ਪਾਣੀ ਨੂੰ ਖੇਤਾਂ ਦੀ ਸਿੰਚਾਈ ਲਈ ਉਪਯੋਗ ਵਿੱਚ ਲਿਆ ਕੇ ਬਰਬਾਦੀ ਦੀ ਬਜਾਏ ਆਬਾਦੀ ਲਈ ਵਰਤਿਆ ਜਾਵੇਗਾ।ਇਸ ਦੌਰਾਨ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਨੂੰ ਵੱਡੀ ਲੀਡ ਨਾਲ ਜਿਤਾ ਕੇ ਭੇਜਣ ਦੀ ਅਪੀਲ ਕੀਤੀ।

## ਘੱਟ ਗਿਣਤੀਆਂ ਦੇ ਮਸਲਿਆਂ ਨੂੰ ਹੱਲ ਕਰਨਾ ਸਾਡੀ ਪਹਿਲ ਹੋਵੇਗੀ : ਡਾ. ਇਸ਼ਾਂਕ



ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ) ਘੱਟ ਗਿਣਤੀ ਵਿੰਗ ਮੁਕੇਰੀਆਂ ਵੱਲੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ. ਰਾਜ ਦੇ ਹੱਕ ਵਿੱਚ ਕੀਤੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾ. ਇਸਾਂਕ ਕੁਮਾਰ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੇ ਆਗੂਆਂ ਅਤੇ ਅਹੁਦੇਦਾਰਾਂ ਵੱਲੋਂ ਸਮਰਥਨ ਦੇਣ ਲਈ ਦਿੱਤੇ ਗਏ ਭਾਰੀ ਉਤਸਾਹ ਦੇਖ ਕੇ ਬਹੁਤ ਪ੍ਰਭਾਵਿਤ ਅਤੇ ਭਾਵੁਕ ਹਨ। ਆਪਣੇ ਪਿਤਾ ਡਾ. ਰਾਜ ਕੁਮਾਰ ਚੱਬੇਵਾਲ ਦੀ ਤਰ੍ਹਾਂ ਰੇਡਿਓਲੋਜੀਸਟ ਬਨਣ ਲਈ ਐਮ ਬੀ ਬੀ ਐਸ ਦੇ ਬਾਅਦ ਰੇਡਿਓਲੋਜੀਸਟ ਕਰ ਰਹੇ ਡਾ. ਇਸ਼ਾਂਕ ਕੁਮਾਰ ਆਪਣੇ ਪਿਤਾ ਦੇ ਪੱਖ ਵਿੱਚ ਚੋਣਾਂ ਦਾ ਪ੍ਰਚਾਰ ਕਰ ਰਹੇ ਹਨ। ਉਨ੍ਹਾਂ ਨੇ ਹਾਜ਼ਰ ਲੋਕਾਂ ਨੂੰ ਭਰੋਸਾ ਦਿਤਾ ਕਿ ਉਨ੍ਹਾਂ ਵੱਲੋਂ ਚੁੱਕੇ ਗਏ ਮੁੱਦੇ ਨੂੰ ਉਨ੍ਹਾਂ ਵੱਲੋਂ ਵਿਅਕਤੀਗਤ ਰੂਪ ਨਾਲ ਡਾ. ਰਾਜ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ ਅਤੇ ਉਸਦਾ ਹੱਲ ਕੀਤਾ ਜਾਵੇਗਾ। ਉਨ੍ਹਾਂ ਨੇ ਹਾਜਰੀਨ ਲੋਕਾਂ ਨੂੰ ਨੂੰ ਇਹ ਵੀ ਦੱਸਿਆ ਕਿ ਡਾ. ਰਾਜ ਪਹਿਲਾਂ ਹੀ ਉਨ੍ਹਾਂ ਦੇ ਨਾਲ ਪੰਜਾਬ ਅਤੇ ਦੇਸ਼ ਵਿੱਚ ਖਾਸ ਤੌਰ 'ਤੇ ਘੱਟ ਗਿਣਤੀਆਂ ਦਾ ਜੀਵਨ ਪੱਧਰ ਉੱਚਾ ਚੁੱਕਣ ਵਿੱਚ ਮਦਦ ਮਿਲੇਗੀ। ਇਸ ਮੌਕੇ ਪ੍ਰੋ. ਜੀ.ਐਸ. ਮੁਲਤਾਨੀ ਨੇ ਆਪਣੀ ਟੀਮ ਨਾਲ ਪਹੁੰਚਣ ਲਈ ਡਾ. ਇਸ਼ਾਂਕ ਦਾ ਧੰਨਵਾਦ ਕੀਤਾ ਅਤੇ ਡਾ. ਰਾਜ ਨੂੰ ਆਪਣੇ ਸਮਰਥਨ ਦਾ ਭਰੋਸਾ ਦਿੱਤਾ। ਜਾਰਜ ਸੋਨੀ ਅਤੇ ਜੋਨਸਨ ਮਸੀਹ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਉਨ੍ਹਾਂ ਨੂੰ ਪੂਰੀ ਉਮੀਦ ਹੈ ਕਿ ਡਾ. ਰਾਜ ਉਨ੍ਹਾਂ ਦੇ ਮੁੱਦਿਆਂ ਨੂੰ ਹੱਲ ਕਰਨ ਲਈ ਕੰਮ ਕਰਨਗੇ ਅਤੇ ਖੇਤਰ ਦੀਆਂ ਘੱਟ ਗਿਣਤੀਆਂ ਦੇ ਵਿਕਾਸ ਅਤੇ ਬਿਹਤਰੀ ਲਈ ਯੋਗਦਾਨ ਪਾਉਣਗੇ। ਡਾ. ਇਸਾਂਕ ਨੇ ਸੇਵਾ ਸਿੰਘ, ਆਕਾਸ ਗਿੱਲ ਅਤੇ ਅਮਿਤ ਮੁਲਤਾਨੀ ਦਾ ਆਪਣੀ ਟੀਮ ਦੇ ਮੈਂਬਰਾਂ ਨਾਲ ਅਜਿਹੀ ਉਦੇਸਪੂਰਨ ਮੀਟਿੰਗ ਦਾ ਪ੍ਰਬੰਧ ਕਰਨ ਲਈ ਧੰਨਵਾਦ ਕੀਤਾ

## ਸੇਫ਼ ਸਕੂਲ ਵਾਹਨ ਪਾਲਿਸੀ ਤਹਿਤ ਸਕੂਲੀ ਵਾਹਨਾਂ ਦੀ ਚੈਕਿੰਗ



ਗੁਰਦਾਸਪੁਰ/ਧਾਰੀਵਾਲ (ਜਨਕ ਮਹਾਜਨ, ਮਨਦੀਪ ਸਿੰਘ ਵਿੱਕੀ) - ਡਿਪਟੀ ਕਮਿਸ਼ਨਰ, ਗੁਰਦਾਸਪੁਰ ਵਿਸ਼ੇਸ਼ ਸਾਰੰਗਲ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸੇਫ਼ ਸਕੂਲ ਵਾਹਨ ਪਾਲਿਸੀ 2013 ਤਹਿਤ ਸੁਨੀਲ ਕੁਮਾਰ ਜੋਸ਼ੀ, ਬਾਲ ਸੁਰੱਖਿਆ ਅਫ਼ਸਰ, ਗੁਰਦਾਸਪੁਰ ਅਤੇ ਸੰਬਲ ਵਰਕਰ ਧੀਰਜ ਕੁਮਾਰ ਸ਼ਰਮਾ ਵੱਲੋਂ ਟਰੈਫਿਕ ਪੁਲਸ ਦੇ ਸਹਿਯੋਗ ਨਾਲ ਸਕੂਲੀ ਵਾਹਨਾਂ ਦੀ ਚੈਕਿੰਗ ਕੀਤੀ ਗਈ। ਇਸ ਚੈਕਿੰਗ ਮੁਹਿੰਮ ਤਹਿਤ ਸੇਂਟ ਫਰਾਂਸਿਸ ਸਕੂਲ ਬਟਾਲਾ, ਮੈਰੀਗੋਲਡ ਸਕੂਲ ਕਲਾਨੌਰ ਅਤੇ ਵਿਨਫੋਰਡ ਕਾਨਵੈਂਟ ਸਕੂਲ, ਬੁੱਲ੍ਹੋਵਾਲ ਦੇ ਸਕੂਲ ਵਾਹਨਾਂ ਨੂੰ ਚੈੱਕ ਕੀਤਾ ਗਿਆ। ਇਸ ਦੌਰਾਨ ਇਨ੍ਹਾਂ ਸਕੂਲਾਂ ਦੇ ਬੱਚਿਆਂ ਨੂੰ ਲਿਜਾਣ ਵਾਲੇ ਕੁਝ ਵਾਹਨਾਂ ਵਿੱਚ ਖ਼ਾਮੀਆਂ ਪਾਈਆਂ ਗਈਆਂ, ਜਿਸ ਤਹਿਤ 17 ਵਾਹਨਾਂ ਦੇ ਮੌਕੇ 'ਤੇ ਚਲਾਨ ਕੀਤੇ ਗਏ। ਇਸ ਮੌਕੇ ਚੈਕਿੰਗ ਟੀਮ ਨੇ ਸਕੂਲ ਪ੍ਰਬੰਧਕਾਂ ਨੂੰ ਹਦਾਇਤ ਕੀਤੀ ਕਿ ਉਹ ਬੱਚਿਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਸੇਫ਼ ਸਕੂਲ ਵਾਹਨ ਪਾਲਿਸੀ 2013 ਦੀ ਇੰਨ ਬਿੰਨ ਪਾਲਣਾ ਕਰਨ।

## ਵਿਸ਼ਵ ਮਲੇਰੀਆ ਦਿਵਸ ਮੌਕੇ ਮਲੇਰੀਆ ਜਾਗਰੂਕਤਾ ਵੈਨ ਨੂੰ ਕੀਤਾ ਰਵਾਨਾ



ਗੁਰਦਾਸਪੁਰ (ਦਿਨੇਸ਼ ਕੁਮਾਰ) ਸਿਵਲ ਸਰਜਨ ਗੁਰਦਾਸਪੁਰ ਡਾ ਹਰਭਜਨ ਰਾਮ ਮਾਂਡੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਿਸ਼ਵ ਮਲੇਰੀਆ ਦਿਵਸ ਮੌਕੇ ਦਫਤਰ ਸਿਵਲ ਸਰਜਨ ਗੁਰਦਾਸਪੁਰ ਵਿਖੇ ਸਹਾਇਕ ਸਿਵਲ ਸਰਜਨ ਡਾ. ਭਾਰਤ ਭੂਸ਼ਣ ਵੱਲੋਂ ਮਲੇਰੀਆ ਜਾਗਰੂਕਤਾ ਵੈਨ ਨੂੰ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਪੈਂਟਿੰਗ ਮੁਕਾਬਲਾ ਵੀ ਕਰਵਾਇਆ ਗਿਆ। ਜਿਸ ਵਿਚ ਏ ਅਨ ਐਮ ਟਰੇਨਿੰਗ ਸਕੂਲ ਦੀਆਂ ਵਿਦਿਆਰਥਣਾਂ ਨੇ ਹਿੱਸਾ ਲਿਆ। ਪਹਿਲੇ 3 ਬੱਚਿਆਂ ਨੂੰ ਪੁਰਸਕਾਰ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਜ਼ਿਲ੍ਹਾ ਸਿਹਤ ਅਫ਼ਸਰ ਡਾ ਸਵਿਤਾ ਨੇ ਕਿਹਾ ਕਿ ਮਿਤੀ 25 ਅਪ੍ਰੈਲ ਨੂੰ ਦੁਨੀਆ ਭਰ ਦੇ ਵਿੱਚ ਵਿਸ਼ਵ ਮਲੇਰੀਆ ਦਿਵਸ ਮਨਾਇਆ ਜਾਂਦਾ ਹੈ ਜਿਸਦਾ ਮੁੱਖ ਮੰਤਵ ਆਮ ਨਾਗਰਿਕਾਂ ਨੂੰ ਮਲੇਰੀਆ ਦੇ ਲੱਛਣਾਂ ਅਤੇ ਬਚਾਅ ਬਾਰੇ ਜਾਗਰੁਕ ਕਰਨਾ ਹੈ।

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਮਨਦੀਪ ਸਿੰਘ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਫਗਵਾੜਾ, ਜ਼ਿਲ੍ਹਾ ਕਪੂਰਥਲਾ

ਵਿਸ਼ਾ : ਇੰਤਕਾਲ ਮਾਲ ਵਿੱਚ ਨਾਂਅ ਦੀ ਦਰੁਸਤੀ ਕਰਨ ਸੰਬੰਧੀ।

ਬਿਨੈਕਾਰ ਸ੍ਰੀ ਬਲਵਿੰਦਰ ਸਿੰਘ ਵਾਸੀ ਪਿੰਡ ਮਹੇੜੂ, ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ ਨੇ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸ ਦੇ ਦਾਦਾ ਦਾ ਨਾਂਅ ਜੀਤ ਸਿੰਘ ਹੈ ... ਇਸ਼ਤਿਹਾਰ ਮਿਤੀ 19.04.2024 ਨੂੰ ਮੇਰੇ ਦਸਤਖਤ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ।

ਨੰਬਰ 83/ਰੀਡਰ-2

ਸਹੀ/- ਨਾਇਬ ਤਹਿਸੀਲਦਾਰ, ਫਗਵਾੜਾ।

## COURT NOTICE

(U/o 5 Rule 20 CPC)
In the Court of Ms. Supreet Kaur-1
Civil Judge (Junior Division), Ludhiana
CNR No. PBLD02-011098-2023
Next Date : 04-07-2024
Punjab and Sind Bank
VS
Ms. G.N. Glass and Alluminium House
Publication Issued To

1. M/S G.N. Glass and Alluminium House, through its Proprietor Mr. Karanveer Singh S/o Sh. Avtar Singh C/o 408-A Model Town Extension LDH, 2. Karanveer Singh Proprietor of G.N. Glass and Alluminium House S/o Sh. Avtar Singh C/o 408-A Model Town Extension LDH, 2nd Address C/o 80-B Punjab Mata Nagar, Ludhiana

In above titled case, the defendant(s)/ respondent (s) could not be served. It is ordered that defendant(s)/ respondent (s) should appear in person or through counsel on 04.07.2024 at 10:00 A.M.

For details logon to https://highcourtchd.gov.in/?trs=district_notice&district= Ludhiana

Civil Judge (Junior Division) Ludhiana
Dated this day of 19-04-2024

## COURT NOTICE

Court Notice
(U/o 5 Rule 20 CPC)
(Succession Case)
In The Court of Amit Malhan
Additional Civil Judge (Senior Division) Amritsar
CNR No. PBAS02-002017-2018
Next Date : 08.07.2024
Vijay Pal Singh Sandhu S/o Late S. Jaswant Singh Sandhu R/o 113, Green avenue, Amritsar
Vs.
HDFC Bank Ltd. And General Public

Suit for declaration to the effect that the plaintiff is the legal heir of deceased Jaswant Singh Sandhu S/o Roop Singh and Kirpal Kaur W/o Late Jaswant Singh Sandhu and plaintiff had Succeeded to the entire estate left behind by his deceased parents especially the shares in the joint name of deceased parents numbering 1935 share of the HDFC Bank Ltd.

Notice To : General Public

In above titled case, the defendant (s)/respondent (s) could not be served. It is ordered that defendant (s) respondant (s) should appear in person or through counsel on 08.07.2024 at 10:00 A.M.

For details logon to https://highcourtchd.gov.in/?trs=district notice&district=Amritsar

Additional Civil Judge (Senior Division) Amritsar
Dated this day of 24-04-2024

## COURT NOTICE

(U/o 5 Rule 20 CPC)
(Under Guardian and Ward Act)
In the Court of
Sh. Sumit Makkar
Civil Judge (Senior Division), Ludhiana
CNR No. PBLD02-004337-2024
Next Date : 28-05-2024
Athrav Chopra
VS
General Public

Notice To :
General Public :-
Ludhiana

In above titled case, the defendant(s)/ respondent (s) could not be served. It is ordered that defendant(s)/ respondent (s) should appear in person or through counsel on 28.05.2024 at 10:00 A.M.

For details logon to https://highcourtchd.gov.in/?trs=district_notice&district= Ludhiana

Civil Judge (Senior Division) Ludhiana
Dated this day of 19-04-2024

## COURT NOTICE

(U/o 5 Rule 20 CPC)
In the Court of MS. Radhika Puri
Additional Civil Judge (Senior Division) Ludhiana
CNR No. PBLD02-011165-2023
Next Date : 15-05-2024
Canara Bank Branch office at Rajpura Road, Ludhiana through its Chief Manager Mr. Harsimran Singh. (Plaintiff)
Versus
M/S Guru Knitwears and Another.
Execution for recovery of Money/- Notice to Judgement Debtors No. 01. and 2

1. M/s Guru Knitwears, B-1,213/21. New Kundan Puri Civil lines Ludhiana, Through its proprietor Sh. Jasdeep Singh, 2. Sh. Jasdeep Singh proprietor M/S. Guru Knitwears, B-1,213/21. New Kundan Puri Civil lines Ludhiana.

In above titled case, the defendant(s)/ respondent (s) could not be served. It is ordered that defendant(s)/ respondent (s) should appear in person or through counsel on 15.05.2024 at 10:00 A.M.

For details logon to https://highcourtchd.gov.in/?trs=district_notice&district= Ludhiana

Additional Civil Judge (Sr. Divn.) Ludhiana
Dated this day of 24-04-2024

## COURT NOTICE

(U/o 5 Rule 20 CPC)
(Under Guardian and Ward Act)
In the Court of Sh. Manav
Additional Civil Judge (Senior Division), Pathankot
CNR No. PBPO02-001298-2023
Next Date : 30-07-2024
Meenakshi VS General Public

Application Under Section 10 of the guardians and Wards Act read with section 8 of Hindu Minority and Guardianship Act 1956 for permission to the applicant as the natural guardian of her minor daughter namely Ms Bhavya D.O.B. 17.09.2010 and Ms. Aaina Toor D.O.B. 22.01.2013, Minor daughters of Sh. Vikramjit S/o Amir Singh to sell their share of the minors in the land as detailed below a. 1/3rd Share each in the House measuring 7 Marlas forming part of Khasra No. 38R/2/4/2, 83 situated in lamini Tehsil and district Pathankot consisting of three Rooms Lobby, Kitchen, Latrine, Bathroom bounded as East House of Sarwan Kumar/54 feet, West Gali 54 feet, North House of Dharam Pal/33 feet 3 inches, South Plot of Tarsem Kumari/33 feet 3 inches for and on behalf of the minor for valuable consideration for the benefit of the minors.

Notice To : General Public

In above titled case, the defendant(s)/ respondent (s) could not be served. It is ordered that defendant(s)/ respondent (s) should appear in person or through counsel on 30.07.2024 at 10:00 A.M.

For details logon to https://highcourtchd.gov.in/?trs=district_notice&district= Pathankot

Additional Civil Judge (Senior Division) Pathankot
Dated this day of 20-04-2024

ਫਾਰਮ ਨੰ. 3
ਦੇਖੋ ਰੈਗੂਲੇਸ਼ਨ-15 (1) ਏ I (16 (3)

## ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ.ਆਰ. ਟੀ 1)

ਦੂਜੀ ਮੰਜ਼ਲ, ਐੱਸ ਸੀ ਓ 33-34-35, ਸੈਕਟਰ 17 ਏ, ਚੰਡੀਗੜ੍ਹ
ਕੇਸ ਨੰ. ਓ ਏ/1661/2021
ਕਰਜ਼ਾ ਵਸੂਲੀ ਟ੍ਰਿਬਿਊਨਲ (ਵਿਧੀ) ਰੂਲਜ਼, 1993 ਦੇ ਰੂਲ 5 ਦੇ ਸਬ-ਰੂਲ (2 ਏ) ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਤਹਿਤ ਸੰਮਨ

ਐਕਸਿਸ ਬੈਂਕ ਬਨਾਮ ਮੈਸਰਜ਼ ਐੱਸ ਕੇ ਏ ਪ੍ਰਾਈਵੇਟ ... ਐਗਜ਼ੀਬਿਟ ਨੰ. 20154

ਸੇਵਾ 'ਚ

(1) ਮੈਸਰਜ਼ ਐੱਸ ਕੇ ਏ ਪ੍ਰਾਈਵੇਟ ਲਿਮਟਿਡ ... ਅੰਮ੍ਰਿਤਸਰ, ਪੰਜਾਬ-143001
(2) ਸ੍ਰੀ ... ਪਿੰਡ ਪਲਾਸ਼ਾ, ਸਾਹਮਣੇ ਹਾਲ ਗੇਟ, ਅੰਮ੍ਰਿਤਸਰ, ਪੰਜਾਬ-143001
(3) ਸ੍ਰੀ ... ਪਿੰਡ ਪਲਾਸ਼ਾ, ਸਾਹਮਣੇ ਹਾਲ ਗੇਟ, ਅੰਮ੍ਰਿਤਸਰ, ਪੰਜਾਬ-143001
(4) ਸ੍ਰੀਮਤੀ ... 57, ਪਿੰਡ ਪਲਾਸ਼ਾ, ਸਾਹਮਣੇ ਹਾਲ ਗੇਟ, ਅੰਮ੍ਰਿਤਸਰ, ਪੰਜਾਬ-143001
(5) ਸ੍ਰੀਮਤੀ ... 57, ਪਿੰਡ ਪਲਾਸ਼ਾ, ਸਾਹਮਣੇ ਹਾਲ ਗੇਟ, ਅੰਮ੍ਰਿਤਸਰ, ਪੰਜਾਬ-143001
(6) ਸ੍ਰੀ ... 57, ਪਿੰਡ ਪਲਾਸ਼ਾ, ਸਾਹਮਣੇ ਹਾਲ ਗੇਟ, ਅੰਮ੍ਰਿਤਸਰ, ਪੰਜਾਬ-143001
(7) ਸ੍ਰੀਮਤੀ ... 57, ਪਿੰਡ ਪਲਾਸ਼ਾ, ਸਾਹਮਣੇ ਹਾਲ ਗੇਟ, ਅੰਮ੍ਰਿਤਸਰ, ਪੰਜਾਬ-143001
(8) ਸ੍ਰੀ ... 899/12, ... ਅੰਮ੍ਰਿਤਸਰ, ਪੰਜਾਬ-143001
(9) ਮੈਸਰਜ਼ ... ਲਿਮਟਿਡ ... ਅੰਮ੍ਰਿਤਸਰ, ਪੰਜਾਬ-143001
(10) ਮੈਸਰਜ਼ ... ਸਾਹਮਣੇ ਹਾਲ ਗੇਟ, ਅੰਮ੍ਰਿਤਸਰ, ਪੰਜਾਬ-143001

ਜਦੋਂ ਕਿ ... ਤੁਹਾਨੂੰ ... ਹਨ :-
(i) ...
(ii) ...
(iii) ...
(iv) ...
(v) ...

ਤੁਹਾਨੂੰ ... 03.05.2024 ਨੂੰ ਸਵੇਰੇ 10.30 ਵਜੇ ... ਹਾਜ਼ਰ ਹੋਣ ਲਈ ਕਿਹਾ ਜਾਂਦਾ ਹੈ ... ਗ਼ੈਰ-ਹਾਜ਼ਰੀ ਵਿੱਚ ... ਸੁਣਵਾਈ ਕੀਤੀ ਜਾਵੇਗੀ।

ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਨਾਲ ਅੱਜ ਮਿਤੀ 05.12.2023 ਨੂੰ ਜਾਰੀ ਕੀਤਾ ਗਿਆ।

ਸੰਮਨ ਜਾਰੀ ਕਰਨ ਵਾਲੇ ਅਧਿਕਾਰਤ ਅਫ਼ਸਰ ਦੇ ਦਸਤਖ਼ਤ

## ਦਫ਼ਤਰ ਨਗਰ ਕੌਂਸਲ ਕਰਤਾਰਪੁਰ ਜ਼ਿਲ੍ਹਾ ਜਲੰਧਰ (ਪਬਲਿਕ ਨੋਟਿਸ)

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹਰਮਨਪ੍ਰੀਤ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਮਕਾਨ ਨੰ: 1014 - ਬੀ, ਸੰਤ ਨਗਰ ਲਾਡੋਵਾਲੀ ਰੋਡ ਜਲੰਧਰ ਵੱਲੋਂ ਲਿਖਤੀ ਬੇਨਤੀ ਕੀਤੀ ਹੈ ਕਿ ਇਕ ਮਕਾਨ ਯੂ.ਆਈ.ਡੀ. ਨੰ: ਬੀ-14-0350 ਰਕਬਾ ਤਕਰੀਬਨ 3-3/4 ਮਰਲੇ ਵਾਕਿਆ ਦਿਆਲਪੁਰ ਗੇਟ ਕਰਤਾਰਪੁਰ ਉਨ੍ਹਾਂ ਦੇ ਦਾਦਾ ਨਰਿੰਦਰ ਸਿੰਘ ਪੁੱਤਰ ਲਾਲ ਸਿੰਘ ਦੀ ਮਲਕੀਤੀ ਹੈ, ਬਿਨੈਕਾਰ ਨੇ ਆਪਣੇ ਸਵੈ ਘੋਸ਼ਣਾ ਪੱਤਰ, ਆਪਣੇ ਦਾਦਾ ਨਰਿੰਦਰ ਸਿੰਘ ਦੀ ਮੌਤ ਦੇ ਸਰਟੀਫਿਕੇਟ ਦੀ ਕਾਪੀ, ਰਜਿਸਟਰਡ ਵਸੀਅਤ ਦੀ ਕਾਪੀ, ਐਲ ਪੀ ਜੀ ਦੇ ਨਾਲ ਨੱਥੀ ਕੀਤੀ ਗਈ ਹੈ। ਬਿਨੈਕਾਰ ਦੇ ਦਾਦੇ ਨਰਿੰਦਰ ਸਿੰਘ ਨੇ ਉਕਤ ਪ੍ਰਾਪਰਟੀ ਸੰਬੰਧੀ ਇਕ ਰਜਿਸਟਰਡ ਵਸੀਅਤ ਨੰਬਰ 131 ਮਿਤੀ 30.03.2005 ਨੂੰ ਆਪਣੇ ਪੋਤੇ ਹਰਮਨਪ੍ਰੀਤ ਸਿੰਘ ਪੁੱਤਰ ਜਰਨੈਲ ਸਿੰਘ ਦੇ ਹੱਕ ਵਿਚ ਕੀਤੀ ਹੈ। ਹਰਮਨ ਪ੍ਰੀਤ ਸਿੰਘ ਨੇ ਸਵੈ ਘੋਸ਼ਣਾ ਪੱਤਰ ਰਾਹੀਂ ਕਿਹਾ ਹੈ ਕਿ ਉਕਤ ਪ੍ਰਾਪਰਟੀ ਟੈਕਸ ਰਿਕਾਰਡ ਵਿਚ ਆਪਣੇ ਨਾਂਅ 'ਤੇ ਦਰਜ/ਤਬਦੀਲ ਕਰਨ ਲਈ ਬੇਨਤੀ ਕੀਤੀ ਹੈ। ਨਗਰ ਕੌਂਸਲ ਦੇ ਟੀ. ਐਸ. 1 ਵਿਚ ਇਹ ਪ੍ਰਾਪਰਟੀ ਨੰਬਰ 1404 ਨਰਿੰਦਰ ਸਿੰਘ ਪੁੱਤਰ ਲਾਲ ਸਿੰਘ ਦੇ ਨਾਂ ਦਰਜ ਹੈ ਅਤੇ ਪ੍ਰਾਪਰਟੀ ਟੈਕਸ ਸਰਵੇ ਰਿਕਾਰਡ ਵਾਲੇ ਕਾਲਮ ਵਿਚ ਇਹ ਮਕਾਨ ਖਾਲੀ ਹੈ। ਬਿਨੈਕਾਰ ਵੱਲੋਂ ਰਜਿਸਟਰਡ ਵਸੀਅਤ ਤੋਂ ਇਲਾਵਾ ਹੋਰ ਕੋਈ ਵੀ ਮਾਲਕੀ ਸਬੂਤ ਪੇਸ਼ ਨਹੀਂ ਕੀਤਾ ਗਿਆ।

ਹੁਣ ਇਸ ਪ੍ਰਾਪਰਟੀ ਦਾ ਇੰਦਰਾਜ਼ ਪ੍ਰਾਪਰਟੀ ਟੈਕਸ ਸਰਵੇ ਰਿਕਾਰਡ ਵਿਚ ਪ੍ਰਾਪਰਟੀ ਟੈਕਸ ਮੰਤਵ ਲਈ ਹਰਮਨ ਪ੍ਰੀਤ ਸਿੰਘ ਪੁੱਤਰ ਜਰਨੈਲ ਸਿੰਘ ਦੇ ਨਾਂਅ 'ਤੇ ਤਬਦੀਲ/ਦਰਜ ਕੀਤਾ ਜਾਣਾ ਹੈ। ਇਸ ਸੰਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਨੋਟਿਸ ਛਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਇਸ ਦਫ਼ਤਰ ਵਿਚ ਲਿਖਤੀ ਤੌਰ 'ਤੇ ਕਰ ਸਕਦਾ ਹੈ। ਇਸ ਤੋਂ ਬਾਅਦ ਵਿਚ ਆਇਆ ਕੋਈ ਵੀ ਇਤਰਾਜ਼ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਸਹੀ/-ਕਾਰਜ ਸਾਧਕ ਅਫਸਰ, ਨਗਰ ਕੌਂਸਲ ਕਰਤਾਰਪੁਰ।

# ਕਲਾਸੀਫਾਈਡ ਇਸ਼ਤਿਹਾਰ

## Change of Name

I Mamta D/o Harwinder Singh V.P.O. Kishanpur, Distt. Jalandhar have changed my name From Mamta to Mamta Kauldhar for all future purposes.

I Manjeet Kaur W/o Gurdev Singh R/o H.No. D-23, Guru Nanak Dev University Campus, Amritsar have changed my name From MANJEET KAUR to MANJIT KAUR. Please Concerned Note.

I, Parminder Singh S/o Gurpal Singh R/o H.No. 160, Street No. 1, New Deep Nagar Tehsil & Distt. Hoshiarpur Punjab have changed my name from Perminder Singh to Parminder Singh. Concerned note.

I Vinny Tuteja W/o Karan Chanday R/o. H.No. 110-B Green Avenue, Near City Police Station, Batala, Distt Gurdaspur. Have Changed my name from Vinny Tuteja to Vinny Chanday. Concerned Note.

I, Deepika W/o Sh. Sarbjeet Singh Rekhi, R/o Vill. Hardo Pharala, Raipur, Distt. Jalandhar, Punjab have changed my name after marriage from Deepika to Deepika Rekhi. All concerned please note. (9867)

I Sobha W/O Kramat Masih R/O Vpo Shshpur Jajan Tehsil Dera Baba Nanak Distt Gurdaspur Have Changed My Name Sobha To Sarb Jeet. All Concurred Please Note.

I, Varsheena Vij R/O Rameshwar Colony, Nakodar Road, Jalandhar Delare That I Have Changed My Name From Varsheena Vij To Varsheena Bhalla After Marriage With Abhi Bhalla. All Concerned Please Note.

I, Hitherto Known As Satiya Devi Wife Of Joginder Singh R/O Vpo Nasrala Distt Hoshiapur , Punjab-142022 Have Changed My Name And Shall Hereafterbe Known As Satya.

I, Devinder Singh S/O Sukhjit Singh, R/O Teh- Fatehgarh Sahib, Balahra, Po: Khera, Dist: Fatehgarh Sahib, Punjab- 140406, Have Changed My Name And Shall Hereafter Be Known As Davinder Singh.

I, Sawinder Singh S/O Chanchal Singh, R/O 00, Vill Uggru Khera, P.o Athwal, Bhagowal, Gurdaspur, Punjab- 143511, Have Changed My Name And Shall Hereafter Be Known As Svinder Singh.

I, Gurjit Kaur W/O Bhupinder Singh, R/O Dalam, Gurdaspur, Punjab- 143511, I Have Changed The Name Of My Minor Daughter Tanvir Bhatti Aged About 13 Years And She Shall Hereafter Be Known As Tanvir Kaur.

I, Twinkle S/O Dharam Singh, R/O House No- 1133/36, Street No-1, Ward-34, Shankar Puri Mohalla, Ludhiana, Punjab- 141008, Have Changed My Name And Shall Hereafter Be Known As Twinkle Singh.

I, Ajay Kumar S/O Tarsem Chand, R/O Kothi, Hoshiarpur, Punjab-144223, Have Changed My Name And Shall Hereafter Be Known As Kumar Ajay.

I, Paramjit Singh S/O Buta Singh, R/O Post Office Pattar Kalan, Bakhu Nangal, Jalandhar, Punjab- 144806, I Have Changed The Name Of My Minor Son Teerath Aged About 14 Years And He Shall Hereafter Be Known As Teerath Singh.

I, Joti Bala, W/O Amit Plaha R/O District And Tehsil Pathankot, Gharota Kalan, Gurdaspur, Punjab-143533. Have Changed My Name And Shall Hereafter Be Known As Jyoti Plaha.

I, Kaval Jit Kaur, W/O Sital Singh R/O Ward No 8, Dalli, Dist Jalandhar, Punjab- 144201. Have Changed My Name And Shall Hereafter Be Known As Kamaljit Kaur.

I, Sittal Singh S/O Darshan Singh, R/O Ward No 8, Dalli Dist Jalandhar, Punjab- 144201, Have Changed My Name And Shall Hereafter Be Known As Sital Singh.

I, Ranjana Devi D/O Anup Chand, W/O Rajesh Kumar R/O House 10/4, Sector-b, Lane-1, Defence Colony, Ambala Cantt, Kalarheri (28), Ambala, Haryana- 133001. Have Changed My Name And Shall Hereafter Be Known As Ranjana Sharma.

I, Tejveer Singh S/O Ramji Lal, R/O Plot No-2446, Block-a, Green Field Colony, Nhpc Colony, Faridabad, Haryana- 121010, I Have Changed The Name Of My Minor Son Dhruv Aged About 9 Years And He Shall Hereafter Be Known As Dhruv Singh.

I Vikas Narula S/O Shri Madan Lal R/O 169 Shakti Nagar Near Arya Samaj Mandir Have Changed My Minor Son Name From Ayaan Narula To Aayan Narula.

I, Gurvinder Singh S/O Jageer Singh R/O H.no.311/9, Gali Jattan Wali, Opp S.b.i, Inside Lahori Gate, Amrisar Have Changed My Name From Gurvinder Singh To Gurwinder Singh.

I, Krishma W/O Nikhil Kumar R/O 43, New Kot Mit Singh, Near Bd Building Meterial, Bhai Manj Singh Road, Amritsar Have Changed My Name From Krishma To Krishma Sangra.

I, Harvinder Kaur W/O Gurpreet Singh Vpo Jama Rai Patti Jaildar Ke Tehsil Khadoor Sahib District Tarn Taran Have Changed My Name Harvinder Kaur To Harwinder Kaur.

I, Brahmseerat Singh Chhabra S/O Harpreet Singh Resident Of H.no. 15, Lane No. 8, Ajnala Road, Sahibzada Jujhar Singh Avenue, Amritsar. I Have Changed My Name From Brahmseerat Singh Chhabra To Brahmseerat Singh.

I, Gurdip Singh S/O Swaran Singh R/O H.no.54, Kapoor Nagar, Sulatnwind Road, Amritsar Have Changed My Name From Gurdip Kaur To Gurdeep Kaur.

I, Kiran Soni W/O Rakesh Soni R/O H.no.91, Nirankari Colony, Fatehgarh Churian Road, Amritsar Have Changed My Name From Kiran Soni To Poonam Soni

I, Vinod Bhasin W/O Ashok Kumar Bhasin R/O H.no.41/42, Gokal Nagar, Majitha Road, Amritsar Have Changed My Name From Vinod Bhasin To Vinod Bala

I, Rimpy Singh W/O Deepak Puri R/O H.no.391, Fatehgarh Churian Road, Bajwa Hospital, Akash Avenue, Amritsar Have Changed My Name From Rimpy Singh To Rimpy Puri.

## Change of Name

I, Manjeet Singh S/O Kartar Singh R/O M2, 3058, Gali No.1, Tarn Taran Road, Guru Nanak Colony Amritsar Have Changed My Name From Manjeet Singh To Manjit Inder Singh.

I, Amarpal Singh Bedi S/O Gurbax Singh R/O Quarter No. 178, Police Line, Lawrence Road, Amritsar Have Changed My Name From Amarpal Singh Bedi To To Amarpal Singh.

I, Rishu S/o Davinder Sehgal R/o H.No. 105 Vasant Vihar Kapurthala have changed my name from Rishu to Rishu Sehgal.

I, Jyoti Parkash R/o Vill: Dhapai Po. Dhapai (Kapurthala) have changed my minor son name from Hitesh to Hitesh Sharma.

I, Jyoti Parkash R/o Vill: Dhapai Po. Dhapai (Kapurthala) have changed my minor daughter name from Pragun to Pragun Sharma.

I, Bhagirth Mal Sharma s/o Mukand Lal r/o H.No.63, Manjeet Nagar Basti Guzan, Jalandhar-144002, have changed my name from Bhagirth Mal Sharma to Bhagirath Mal Sharma. All Please Note.

I, Gopal Krishan s/o Keval Singh r/o H.No.1864, Ward No. 6, Katni Gate, Kartarpur, Jalandhar, Punjab-144801 have changed my name as Gopal Singh. All Please Note.

I, Sunny s/o Raj Kumar r/o H.No. ES-474, Street No. 6, Abadpura, Jalandhar, Punjab-144003, have changed my name as Sunny Nar. All Please Note.

I, Navneet Kaur w/o Sukhjit Singh r/o H.No.77, Old Phagwara Road, Near Deep Nagar, Ranjit Enclave, Jalandhar have changed my name to Navneet Basra. All Please Note.

I, Charanjeet Kaur w/o Harcharan Singh r/o F.M-91, Model House, Jalandhar, Punjab changed/corrected my name to Charanjit Kaur. All Please Note.

I, Nilam w/o Kala Ram r/o H.No. BX-879/832, Baldev Nagar, Jalandhar have added my surname to Nilam Rani. (Surname as Rani) All Please Note.

I, Surinder Singh s/o Maninder Singh Gill r/o H.No. 51, City View Colony, Jalandhar have added my surname to Surinder Singh Gill (Surname as Gill) All Please Note.

I, Summar s/o Rocky Puri r/o H.No.5A, New Defence Colony, Ph-2, Paragpur, Near Ovan Express, Jalandhar Cantt, have have added my surname to Summar Puri. All Please Note.

I, Riya Malhotra d/o Lucky Malhotra w/o Karan Chopra r/o H.No. 342, Greater Kailash, Jalandhar have changed my name to Riya Chopra, after marriage. All Please Note.

I, Jasvir Kaur W/o Shri Prem Lal R/o H.No.59, Street No. 03, Guru Harkrishan Nagar, Phagwara, Distt. Kapurthala, Punjab have changed my name from Jasvir Kaur to Jasvir Kaur Rajpoot. All Please Note.

I, Kanwaljit Singh S/o Mehnga Singh R/o VPO. Danewal, Tehsil Shahkot, Distt. Jalandhar, Punjab Have Changed My Minor Son Name From Abhijot Singh Khinda to Abhijot Singh. All Please Note.

I, Satbir Kaur d/o Maninder Singh w/o Taranjot Singh Ubhi r/o H.No.20E, Punjab Avenue Near Urban Estate, Phase-I, Jalandhar have changed my name to Satbir Kaur Ubhi, after marriage. All Please Note.

I, Sarbjit Kaur W/o Surjit Singh R/o H.No.908-B, Arjan Nagar, Basti Mithu, Jalandhar, Punjab Have Changed My Name From Sarbjit Kaur To Sarabjit Kaur. All Please Note.

I, Harpal Singh S/o Gulzar Ram R/o H.No.147/A, Street No. 2, VPO. Lidhran, Distt. Jalandhar, Punjab-144004 have changed my name from Harpal Singh to Harpal Singh Paul. All Please Note.

I, Sonia Alias Babita W/o Rakesh Kumar R/o 361, Greenwood Avenue, Street No. 3, Near K.P. Stadium, Jalandhar, Punjab have changed my name from Sonia Alias Babita to Sonia. All Please Note.

I, Ravi Pal S/o Jaswinder Singh R/o Vill. Kangna, Po. Malsian, Distt. Jalandhar-144701, Punjab Have Changed My Name From Ravi Pal To Ravi Paul. All Please Note.

I, Sajan s/o Roda Singh R/o Village Ghumiara, Kartarpur, Jalandhar-144801, Punjab have changed my name from Sajan to Sajan Sabharwal. All Please Note.

I, Kusam W/o Anil R/o H.No.108/12, B.I. Bazar, Jalandhar Cantt., Jalandhar have changed my minor son name from Yuvraj to Yuvraj Nahar. All Please Note.

I, Rajwinder Kaur D/o Surinder Singh R/o OPP.Doaba College Ground, Near Kishanpura Chowk, Jalandhar, Punjab, changed my minor daughter's name Prakriti aged 10 Years to Prakriti Kaur.

I, Joga Singh S/o Balwant Singh R/o Village Kotli Fassi, P.O. Dialgarh, Tehsil Batala, Gurdaspur, Punjab, 143505 changed my name Joga as Given Name and Singh as Surname .

I Anu Sharma W/o Vikas Sharma R/o H.No. 12-B, Dada Nagar, Model Town, Jalandhar-144003, have changed my name from Anu Sharma to Anu (Same person). Please note.

I, Rohin Jabalia S/o Roshan Lal R/o H.No. 24/236, Mian Mohalla, Batala, Tehsil Batala, Distt. Gurdaspur, Punjab have changed my name from Rohin to Rohin Jabalia. Concerned Note.

I, Geeta Midha W/o Pawan Kumar Talwar R/o Patti Heta Ki, Vill. Rurka Kalan, Phillaur, Distt. Jalandhar, Punjab, India have changed my name from Geeta Midha to Geeta after marriage. All concerned please note.

I, Sukhwinder Pal S/o Gian Singh R/o H.No. B-1/105, Ravidass Nagar, Maqsudan, Jalandhar, Punjab, India have changed my name to Sukhwinder Pal Gadra. All concerned please note.

## Change of Name

I, Gian Singh S/o Ajit Singh R/o B-1/105, Ravidass Nagar, Maqsudan, Jalandhar, Punjab, India have changed my name to Gian Singh Gadra. All concerned please note.

I Sukhraj Kaur Kahlon D/o Nirval Singh Sidhu B 54 3 College Road Qadian Teh Batala District Gurdaspur have changed my name kahlon Sukhraj Kaur to Sidhu Sukhraj kaur.

I, Manmeet Singh Chawla S/o Gursharan Singh Chawla R/o A-184, Ranjit Avenue, Amritsar, Punjab have changed my name from Manmeet Singh Chawla to Manmeet Chawla.

I, Harpreet Kaur W/o Manmeet Chawla R/o A-184, Ranjit Avenue, Amritsar, Punjab have changed my name from Harpreet Kaur to Harpreet Kaur Arora.

## ਨਾਂਅ ਦੀ ਬਦਲੀ

ਮੈ ਜਤਿੰਦਰ ਕੌਰ ਪਤਨੀ ਸ਼੍ਰੀ ਸੰਦੀਪ ਕੁਮਾਰ ਵਰਮਾ ਵਾਸੀ ਮਕਾਨ ਨੰਬਰ 420, ਛੋਟੀ ਬਾਰਾਦਰੀ, ਪਾਰਟ 1, ਗੜ੍ਹਾ ਰੋਡ, ਜਲੰਧਰ ਨੇ ਆਪਣਾ ਨਾਮ ਬਦਲ ਕੇ ਜਤਿੰਦਰ ਕੌਰ ਵਰਮਾ ਕਰ ਲਿਆ ਹੈ ।(9866)

ਮੈਂ ਸੁਖਦੀਪ ਕੌਰ ਸਪੁੱਤਰੀ ਤਰਲੋਕ ਸਿੰਘ, ਪੱਤੀ ਜੈ ਚੰਦ ਕੀ, ਪਿੰਡ+ਡਾਕ: ਸਠਿਆਲਾ, ਤਹਿਸੀਲ ਬਾਬਾ ਬਕਾਲਾ ਸਾਹਿਬ (ਅੰਮ੍ਰਿਤਸਰ) ਸੂਚਿਤ ਕਰਦੀ ਹਾਂ ਕਿ ਮੇਰਾ ਸਰਨੇਮ "ਕੌਰ" ਅਤੇ ਮੇਰਾ ਨਾਮ "ਸੁਖਦੀਪ" ਹੈ। ਸਬੰਧਤ ਨੋਟ ਕਰਨ।

ਮੈਂ, ਗਗਨਦੀਪ ਪੁੱਤਰ ਇੰਦਰਜੀਤ ਵਾਸੀ ਪਿੰਡ ਇੰਦਣਾ ਕਲਾਸਕੇ, ਡਾਕ. ਦੁਗਾਂ ਕਲਾਂ, ਤਹਿ. ਫਿਲੌਰ, ਜ਼ਿਲ੍ਹਾ ਜਲੰਧਰ ਨੇ ਆਪਣਾ ਨਾਂਅ ਬਦਲ ਕੇ ਗਗਨਦੀਪ ਹੰਸ ਰੱਖ ਲਿਆ ਹੈ ਅਤੇ ਹੁਣ ਮੇਰਾ ਉਪਨਾਮ ਹੰਸ ਹੈ।

ਮੈਂ, ਪਰਮਿੰਦਰ ਕੁਮਾਰ ਪੁੱਤਰ ਸ੍ਰੀ ਹੁਕਮ ਚੰਦ ਸ਼ਰਮਾ ਵਾਸੀ ਮਕਾਨ ਨੰਬਰ-ਬੀ-23/320 ਏਕਤਾ ਇਨਕਲੇਵ ਲੇਨ-2 ਬੁੱਲੋਵਾਲੀ ਡਾਕਖਾਨਾ ਸਧੂ ਆਸ਼ਰਮ ਹੁਸ਼ਿਆਰਪੁਰ, ਮੈਂ ਆਪਣਾ ਨਾਂ ਬਦਲ ਕੇ ਪਰਮੋਦ ਭਾਰਦਵਾਜ ਰੱਖ ਲਿਆ ਹੈ। ਭਵਿੱਖ ਵਿੱਚ ਮੈਨੂੰ ਇਸ ਨਾਂ ਨਾਲ ਜਾਣਿਆ ਜਾਵੇ।

ਮੈਂ, ਹਰਕ੍ਰਿਸ਼ਨ ਕੁਮਾਰ ਪੁੱਤਰ ਸ੍ਰੀ ਪ੍ਰਮੋਦ ਵਾਸੀ ਮਕਾਨ ਨੰਬਰ-ਬੀ-23/320 ਏਕਤਾ ਇਨਕਲੇਵ ਲੇਨ-2 ਬੁੱਲੋਵਾਲੀ ਡਾਕਖਾਨਾ ਸਧੂ ਆਸ਼ਰਮ ਹੁਸ਼ਿਆਰਪੁਰ, ਮੈਂ ਆਪਣਾ ਨਾਂ ਬਦਲ ਕੇ ਹਰਕ੍ਰਿਸ਼ਨ ਭਾਰਦਵਾਜ ਰੱਖ ਲਿਆ ਹੈ। ਭਵਿੱਖ ਵਿੱਚ ਮੈਨੂੰ ਇਸ ਨਾਂ ਨਾਲ ਜਾਣਿਆ ਜਾਵੇ।

ਮੈਂ, ਗੁਰਚਰਨ ਕੌਰ ਪਤਨੀ ਸ੍ਰੀ ਪਰਵੇਜ਼ ਵਾਸੀ ਪਿੰਡ ਕੋਟਲੀ ਖੁਰਦ, ਡਾਕਖਾਨਾ ਦਸੂਹਾ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਸੂਚਿਤ ਕਰਦੀ ਹਾਂ ਕਿ ਮੈਂ ਆਪਣੀ ਨਾਬਾਲਗ ਲੜਕੀ ਦਾ ਨਾਮ ਐਂਜਲੀਕਾ ਤੋਂ ਬਦਲ ਕੇ ਐਂਜਲੀਕਾ ਤੋਂ ਬਦਲ ਕੇ ਰੱਖ ਲਿਆ ਹੈ। ਸਬੰਧਤ ਨੋਟ ਕਰਨ।

## ਆਮ ਸੂਚਨਾ

ਮੈਂ ਰੇਖਾ ਰਾਣੀ ਪਤਨੀ ਸੁਰਤਰ ਪਾਲ ਜੈਨ ਵਾਸੀ ਮਹਿਤਾ ਚੌਂਕ ਤਹਿਸੀਲ ਬਾਬਾ ਬਕਾਲਾ ਸਾਹਿਬ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੈਂ ਆਪਣੇ ਲੜਕੇ ... ਅਤੇ ਉਸਦੀ ਪਤਨੀ ... ਨੂੰ ਬੁਰੀ ਸੰਗਤ ਅਤੇ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕੀਤਾ ਸੀ ... ਮੇਰੇ ਦੁੱਖ ਸੁੱਖ ... ਬੇਦਖਲੀ ਦਾ ਨੋਟਿਸ ... ਹੱਕਦਾਰ ਹੋਵੇਗਾ।

ਮੈਂ, ਸਤਨਾਮ ਸਿੰਘ ਪੁੱਤਰ ਲੇਟ ਸੁਰਿੰਦਰ ਸਿੰਘ ਵਾਸੀ ਬੱਧੂ ਨੰਗਲ, ਡਾਕਖਾਨਾ ਪਤਾਰਾ, ਜ਼ਿਲ੍ਹਾ ਜਲੰਧਰ ਦਾ ਰਹਿਣ ਵਾਲਾ ਹਾਂ। ... ਮੇਰੇ ਕਹਿਣੇ ਤੋਂ ਬਾਹਰ ... ਤਾਲੁਕਾਤ ... ਖੁਦ ਜ਼ਿੰਮੇਵਾਰ ਹੋਵੇਗਾ। (ਕੇ. ਵੀ.)

ਮੈਂ, ਹਰਜੀਤ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਪਿੰਡ ... ਡਾਕਖਾਨਾ ... ਮੈਂ ਇਟਲੀ ਵਿਖੇ ਰਹਿੰਦਾ ਹਾਂ। ... ਚੱਲ ਵਾ ਅਚੱਲ ... ਕੇ ਇਟਲੀ ... ਪਤਨੀ ਹਰਜੀਤ ... ਦੇ ਨਾਂਅ ... ਅਟਾਰਨੀ ... ਬਲਜੀਤ ... 'ਤੇ ਕੋਈ ... ਜ਼ਿੰਮੇਵਾਰ ... ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਟਿਊਬਵੈੱਲ ਕੁਨੈਕਸ਼ਨ : AP11/9984 ਜੋ ਕਿ ਹਰਜਿੰਦਰ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਮਲੀਆਂ ਖੁਰਦ ... ਕਪੂਰ ਸਿੰਘ ... 21/126 ... ਲਿਮਟਿਡ ... ਕੁਨੈਕਸ਼ਨ ... ਸੂਰੋ ਪੱਡਾ ... ਆਈ ਹੈ। ... ਦਿਨਾਂ ਦੇ ... ਸਹਾਇਕ ... ਰਾਜ ਪਾਵਰ ... ਅੰਮ੍ਰਿਤਸਰ।

ਟਿਊਬਵੈੱਲ ਕੁਨੈਕਸ਼ਨ : AP11/9984 ਜੋ ਕਿ ਹਰਜਿੰਦਰ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਮਲੀਆਂ ਖੁਰਦ ਤਹਿਸੀਲ ਨਕੋਦਰ ਜਿਲਾ ਜਲੰਧਰ ਟਿਊਬਵੈੱਲ ਕੁਨੈਕਸ਼ਨ ਉਪਮੰਡਲ ਮੱਲੀਆਂ ਕਲਾਂ PSPCL ਵਿਖੇ ਚਲ ਰਿਹਾ ਹੈ ਇਹ ਕਨੈਕਸ਼ਨ ਗੁਰਮੇਲ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਮਲੀਆਂ ਖੁਰਦ ਤਹਿਸੀਲ ਨਕੋਦਰ ਜਿਲਾ ਜਲੰਧਰ ਦੇ ਨਾਮ ਤਬਦੀਲ ਕੀਤਾ ਜਾ ਰਿਹਾ ਹੈ ਜੇ ਕਿਸੇ ਨੂੰ ਇਸ ਸੰਬਧੀ ਇਤਰਾਜ ਹੋਵੇ ਤਾਂ ਲਿਖਤੀ ਰੂਪ ਵਿੱਚ PSPCL ਮੱਲੀਆਂ ਕਲਾਂ ਉਪਮੰਡਲ ਨੂੰ 15 ਦਿਨਾਂ ਵਿੱਚ ਦੇਵੇ।

ਟਿਊਬਵੈੱਲ ਕੁਨੈਕਸ਼ਨ : AP11/9983 ਜੋ ਕਿ ਹਰਜਿੰਦਰ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਮਲੀਆਂ ਖੁਰਦ ਤਹਿਸੀਲ ਨਕੋਦਰ ਜਿਲਾ ਜਲੰਧਰ ਟਿਊਬਵੈੱਲ ਕੁਨੈਕਸ਼ਨ ਉਪਮੰਡਲ ਮੱਲੀਆਂ ਕਲਾਂ PSPCL ਵਿਖੇ ਚਲ ਰਿਹਾ ਹੈ ਇਹ ਕਨੈਕਸ਼ਨ ਗੁਰਮੇਲ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਮਲੀਆਂ ਖੁਰਦ ਤਹਿਸੀਲ ਨਕੋਦਰ ਜਿਲਾ ਜਲੰਧਰ ਦੇ ਨਾਮ ਤਬਦੀਲ ਕੀਤਾ ਜਾ ਰਿਹਾ ਹੈ ਜੇ ਕਿਸੇ ਨੂੰ ਇਸ ਸੰਬਧੀ ਇਤਰਾਜ ਹੋਵੇ ਤਾਂ ਲਿਖਤੀ ਰੂਪ ਵਿੱਚ PSPCL ਮੱਲੀਆਂ ਕਲਾਂ ਉਪਮੰਡਲ ਨੂੰ 15 ਦਿਨਾਂ ਵਿੱਚ ਦੇਵੇ।

## PUBLIC NOTICE

I, Sukhwant kaur W/o No.3388486X Nk Babu Lal ( Retd.) Resident of Village Chahia Post Office Gurdaspur, Tehsil & District Gurdaspur (Punjab) declare that in the army service record of my husband my name and DOB is recorded as Jaswant Kaur, DOB 31 Dec. 1979 which is incorrect but my correct and exact name and DOB is Sukhwant Kaur, DOB 01 Jan 1973 as per Aadhar Card and pan Card. (Dinesh)

I Satpal Singh son of Karam Singh resident of village Dogranwala, District Kapurthala, Punjab. India declare that name of my father has been wrongly mentioned as Karm Singh in my Passport and educational certificates while his correct name is Karam Singh as mentioned in my aadhar card no. 2067 3674 6896 and father's aadhar card no. 8468 6153 6903. The same may be corrected on my passport and educational certificates.

I, Sandeep Badyal (Passport No. V7773724) S/o Dharam Pal R/o Shiv Shakti Surgi Works, Kacha Kot, Outside Bhandari Gate, Batala, Tehsil Batala, Distt. Gurdaspur, Punjab have changed my name from Sandeep to Sandeep Badyal. Concerned Note.

I, Nashattar Singh S/o Makhan Singh R/o Phase- 2, Greater Kailash, Batala, Gurdaspur-143505 have correction in my name spelling to Nachhatar Singh. All Please Note.

## ਬੇਦਖਲੀ ਨੋਟਿਸ

ਮੈਂ ਗੁਰਪਾਲ ਸਿੰਘ ਪੁੱਤਰ ਲੇਟ ਤਰਸੇਮ ਸਿੰਘ ਵਾਸੀ ਪਿੰਡ ਮਹਿਮਦਵਾਲ ਕਲਾਂ ਤਹਿਸੀਲ ਗੜ੍ਹਸ਼ੰਕਰ ਜਿਲਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰੀ ਸ਼ਾਦੀ ਸੁਦਾ ਲੜਕੀ ... ਝਗੜਾ ਕਰਦੀ ਹੈ ... ਵਤੀਰਾ ... ਕਰਕੇ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ... ਕੰਮ ਦੀ ਖੁਦ ਜ਼ਿੰਮੇਵਾਰ ਹੋਵੇਗੀ।

ਮੈਂ ਬਲਵਿੰਦਰ ਕੌਰ ਪਤਨੀ ਸਵਰਗਵਾਸੀ ... ਸਿੰਘ ਵਾਸੀ ਪਿੰਡ ਬੱਲੇਵਾਲੀ ਤਹਿਸੀਲ ਜ਼ਿਲ੍ਹਾ ਗੁਰਦਾਸਪੁਰ ... ਲੜਕਾ ... ਉਹ ਬੁਰੀ ਸੰਗਤ ... ਲੜਕੇ ... ਆਪਣੀ ... ਕਰਦੀ ਹਾਂ ... ਜ਼ਿੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

ਮੈਂ ਰਮੇਸ਼ ਕੁਮਾਰ ਪੁੱਤਰ ... 8/261, ਗਲੀ ਨੰ: 6, ... ਅੰਮ੍ਰਿਤਸਰ ... ਕਹਿਣੇ ... ਮੰਨਦਾ, ... ਬੇਦਖਲ ... ਕਹਿਣੇ ... ਸੁਧਰ ਗਿਆ ... ਲੈਂਦਾ ਹਾਂ ... ਜਾਇਦਾਦ ... ਜ਼ਿੰਮੇਵਾਰ ਨਹੀਂ ਹੋਵੇਗਾ।

ਮੈਂ, ਪੰਨਾ ਲਾਲ ਪੁੱਤਰ ... ਨੰ: 889, ਗਲੀ ਨੰ: 1, ... ਮੇਰਾ ਲੜਕਾ ... ਬੇਦਖਲ ... ਜ਼ਿੰਮੇਵਾਰ ਨਹੀਂ ਹੋਵੇਗਾ।

ਮੈਂ, ਸਤਨਾਮ ਸਿੰਘ ਪੁੱਤਰ ... ਜ਼ਿੰਮੇਵਾਰ ਹੋਵੇਗਾ।

ਮੈਂ, ਰਾਜ ਰਾਣੀ ... 701/10 ... ਜ਼ਿੰਮੇਵਾਰ ਹੋਵੇਗਾ।

ਮੈਂ, ਸੁਰੇਸ਼ ਕੁਮਾਰ ਪੁੱਤਰ ... ਜ਼ਿੰਮੇਵਾਰ ਹੋਵੇਗਾ।

ਮੈਂ, ਕਮਲੇਸ਼ ਕੁਮਾਰੀ ... ਮਕਾਨ ਨੰਬਰ 12/1463, ਗਲੀ ਨੰਬਰ 6, ... ਜ਼ਿੰਮੇਵਾਰ ਹੋਵੇਗਾ।

ਅਸੀਂ, ਪੂਰਨ ਚੰਦ ਪੁੱਤਰ ... ਬੀ-52, ... ਜ਼ਿੰਮੇਵਾਰ ਹੋਣਗੇ।

ਮੈਂ ਰਾਮਜੀ ਪੰਕਜ ਪੁੱਤਰ ... ਨੰ. 53, ... ਜ਼ਿੰਮੇਵਾਰ ਹੋਵੇਗਾ।

ਮੈਂ, ਸੁਖਰਾਜ ਕੌਰ ... ਜ਼ਿੰਮੇਵਾਰ ਹੋਵੇਗਾ।

ਮੈਂ, ਗੁਰਵਿੰਦਰ ਸਿੰਘ ਪੁੱਤਰ ... ਜ਼ਿੰਮੇਵਾਰ ਹੋਵੇਗਾ।

ਮੈਂ, ਜਗਜੀਤ ਸਿੰਘ ... 48, ... ਜ਼ਿੰਮੇਵਾਰ ਹੋਵੇਗਾ।

ਮੈਂ, ਬਲਵਾਰ ਚੰਦ ... ਨੰ: 4, ... ਮੇਰੇ ਲੜਕੇ ... ਬਾਹਰ ਹੈ ... ਜਾਇਦਾਦ ... ਲੈਣ-ਦੇਣ ...

ਅਸੀਂ ... ਕਸ਼ਮੀਰ ... ਬਾਊਪੁਰ ... ਗੁਰਦਾਸਪੁਰ ... ਸਾਡੀ ਨੂੰਹ ... ਬਾਹਰ ਹੋ ... ਅਚੱਲ ਜਾਇਦਾਦ ... ਨਾਲ ਲੈਣ-ਦੇਣ ...

ਮੈਂ, ਜੋਗਾ ਰਾਮ ... 10201/40, ... ਤੀਰਥਪੁਰਾ ... ਲੜਕਾ ... ਬਾਲਾ ਮੇਰੇ ... ਚੱਲ-ਅਚੱਲ ... ਅਤੇ ਮੇਰਾ ... ਜ਼ਿੰਮੇਵਾਰ ਹੋਵੇਗਾ।

## ਪਬਲਿਕ ਨੋਟਿਸ

ਅਸੀਂ, ਬਾਵਾ ਸਿੰਘ ਪੁੱਤਰ ... ਬਲਵਿੰਦਰ ... ਨਾਨਕ, ... ਗੁਰਦਾਸਪੁਰ ... ਪਰਮਜੀਤ ... ਖਾਸਾਂਵਾਲਾ ... ਹੱਦਬਸਤ ਨੰਬਰ: 443, ਖੇਵਟ ਨੰ: 98/97 ਖਤੌਨੀ ਨੰ: 175-178, ਇਕਸਾਲ ਨੰਬਰ 522, ਖਸਰਾ ਨੰਬਰ 9//5/1 ਮਿਨ ਚੜ੍ਹਦਾ 10//1/1/1/2 ਮਿਨ 12/1, 9//5/1, ਮਿਨ 17//6/3, 19//9/1, 12/1 ਮਿਨ ਚੜ੍ਹਦਾ 9//5/1, ਮਿਨ ਚੜ੍ਹਦਾ 10//1/1/2, ਮਿਨ ਲਹਿਦਾ 19//12/1, ਮਿਨ ਲਹਿਦਾ, ਜਮ੍ਹਾਂਬੰਦੀ ਸਾਲ 2018-19 ਦਾ ਇਕਲੌਤਾ ਵਾਰਿਸ ਸੀ। ਇਸ ਤੋਂ ਇਲਾਵਾ ਸਾਡਾ ਹੋਰ ਕੋਈ ਵਾਰਸ ਨਹੀਂ ਹੈ। ਜੇਕਰ ਕੋਈ ਹੋਰ ਵਾਰਸ ਹੈ ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਤ ਹੋਣ ਤੋਂ ਬਾਅਦ 7 ਦਿਨਾਂ ਦੇ ਅੰਦਰ-ਅੰਦਰ ਦਾਅਵਾ ਕਰ ਸਕਦਾ ਹੈ। ਉਕਤ ਬਿਆਨ ਬਿਲਕੁਲ ਸਹੀ ਤੇ ਦਰੁੱਸਤ ਹੈ।

## Lost and Found

I, Shehbaz Batra S/o Vinod Batra R/o Batra Hospital Mission Compound, Jalandhar declare that I have lost my Original documents i.e. Registration Deed, Allotment Letter, Possession Letter etc. pertaining to Plot no.403, Sector-11, Vasundhara, Ghaziabad, in ownership & possession of Shehbaz Batra S/o Vinod Batra, were lost on GT Road Jalandhar. If anybody finds the said documents please contact me at said address. All Please Note.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਸੀ ਐਚ ਸੀ ਨੌਸ਼ਹਿਰਾ ਮੱਝਾ ਸਿੰਘ ਵਿਖੇ ਵਿਸ਼ਵ ਮਲੇਰੀਆ ਡੇਅ ਮਨਾਇਆ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)- ਸਿਵਲ ਸਰਜਨ ਗੁਰਦਾਸਪੁਰ ਡਾਕਟਰ ਹਰਭਜਨ ਸਿੰਘ ਮਾਂਡੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਐਸ ਐਮ ਓ ਡਾਕਟਰ ਰਮਨੀ ਵਿੱਜ ਦੀ ਅਗਵਾਈ ਹੇਠ ਸੀ ਐਚ ਸੀ ਨੌਸ਼ਹਿਰਾ ਮੱਝਾ ਸਿੰਘ ਵਿਖੇ 'ਵਿਸ਼ਵ ਮਲੇਰੀਆ ਡੇਅ' ਮਨਾਇਆ ਗਿਆ। ਇਸ ਮੌਕੇ ਐਸ ਐਮ ਓ ਡਾਕਟਰ ਰਮਨੀ ਵਿੱਜ ਨੇ ਮਲੇਰੀਆ ਦੇ ਵੱਖ ਵੱਖ ਪੱਖਾਂ ਬਾਰੇ ਜਾਣੂ ਕਰਵਾਉਂਦਿਆਂ ਦੱਸਿਆ ਕਿ ਮਲੇਰੀਆ ਬੁਖ਼ਾਰ ਮਾਦਾ ਐਨਾਫਲੀਜ ਨਾਂ ਦੇ ਮੱਛਰ ਦੇ ਕੱਟਣ ਨਾਲ ਮਲੇਰੀਆ ਹੁੰਦਾ ਹੈ। ਇਸ ਮੌਕੇ ਡਾਕਟਰ ਜਸਪਾਲ ਕੌਰ ਨੇ ਕਿਹਾ ਕਿ ਮਲੇਰੀਆ ਬੁਖ਼ਾਰ ਹੋਣ ਤੇ ਨੇੜੇ ਦੇ ਸਿਹਤ ਕੇਂਦਰ ਤੋਂ ਖ਼ੂਨ ਦੀ ਜਾਂਚ ਕਰਵਾ ਕੇ ਤੁਰੰਤ ਇਲਾਜ ਕਰਵਾਉਣਾ ਚਾਹੀਦਾ ਹੈ। ਇਸ ਮੌਕੇ ਡਾਕਟਰ ਜਨਤਾਨ, ਡਾਕਟਰ ਕੁਲਜੀਤ, ਡਾਕਟਰ ਵਿਕਰਮ ਸੂਰੀ, ਸੀਐਚਓ ਅੰਮ੍ਰਿਤ, ਐਲ ਐਚ ਵੀ ਅਮਰਜੀਤ, ਐਮ ਪੀ ਐਚ ਡਬਲਿਊ ਜਤਿੰਦਰ ਸਿੰਘ ਤੇ ਮਨਮੋਹਨ ਸਿੰਘ, ਸੁਨੀਤਾ ਰਾਣੀ, ਬਿੰਕਾ, ਸੀਤਲ ਆਦਿ ਹਾਜ਼ਰ ਸਨ।

## ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਕੱਟੇ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)- ਸ੍ਰੀ ਮਹਿਤਾਬ ਸਿੰਘ ਆਈ ਪੀ ਐਸ ਮਾਨਯੋਗ ਐਸ ਐਸ ਪੀ ਦੇ ਦਿਸ਼ਾ ਨਿਰਦੇਸ਼ਾਂ ਹਦਾਇਤਾਂ ਹੇਠ ਟਰੈਫਿਕ ਪੁਲਸ ਟੀਮ ਵੱਲੋਂ ਟਰੈਫਿਕ ਇੰਚਾਰਜ ਜਸਵਿੰਦਰ ਸਿੰਘ, ਏ ਐਸ ਆਈ ਸੁਨੀਲ ਦੱਤ, ਅਮਰੀਕ ਸਿੰਘ ਬੰਗਾ ਰੋਡ ਚੰਡੀਗੜ੍ਹ ਚੌਕ ਵਿਖੇ ਨਾਕਾ ਲਗਾਇਆ ਗਿਆ।ਇਸ ਦੌਰਾਨ ਦੋ ਪਹੀਆ ਵਾਹਨਾਂ ਦੇ ਕਾਗਜ਼ਾਤ ਚੈਕ ਕੀਤੇ। ਇਸ ਦੇ ਨਾਲ ਹੀ ਦੋ ਪਹੀਆ ਵਾਹਨ ਚਾਲਕਾਂ ਨੂੰ ਹੈਲਮੇਟ ਪਹਿਨਣ ਦੀ ਹਦਾਇਤ ਵੀ ਕੀਤੀ ਗਈ।ਟਰੈਫਿਕ ਇੰਚਾਰਜ ਜਸਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਸਮੇਂ-ਸਮੇਂ 'ਤੇ ਨਾਕੇ ਲਗਾ ਕੇ ਸ਼ਰਾਰਤੀ ਅਨਸਰਾਂ ਅਤੇ ਲੁਟੇਰਿਆਂ ਵਿਰੁੱਧ ਸ਼ਿਕੰਜਾ ਕੱਸਿਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ 10 ਵਾਹਨਾਂ ਚਾਲਕਾਂ ਦੇ ਚਲਾਨ ਕੀਤੇ ਗਏ ਹਨ, ਜਿਨ੍ਹਾਂ 'ਚ ਟਰੀਪਲ, ਗਲਤ ਸਾਈਡ ਬਿਨਾ ਲਾਇਸੰਸ, ਪਟਾਕੇ, ਹੁਕਮ ਬਾਜੀ ਕਰਨ ਵਾਲਿਆਂ ਵਾਹਨ ਚਾਲਕਾਂ ਦੇ ਚਲਾਨ ਕੀਤੇ ਮੌਕੇ 'ਤੇ 2000 ਰੁਪਏ ਜੁਰਮਾਨਾ ਕੀਤਾ ਗਿਆ।

## 'ਸਕੂਲ ਵਾਹਨ ਬਚਾਓ' ਮੁਹਿੰਮ ਤਹਿਤ ਜਾਗਰੂਕਤਾ ਸੈਮੀਨਾਰ



ਬਟਾਲਾ, (ਡਾਕਟਰ ਮਲਵਿੰਦਰ ਸਿੰਘ) ਬਟਾਲਾ ਪੁਲਸ ਦੇ ਟ੍ਰੈਫਿਕ ਸਟਾਫ ਨੇ ਵਿਨਫੋਰਡ ਵਰਲਡ ਸਕੂਲ ਬੁੱਲੋਵਾਲ ਵਿਖੇ ਵਿਸ਼ੇਸ਼ ਬੱਸ ਡਰਾਈਵਰਾਂ ਲਈ 'ਸਕੂਲ ਵਾਹਨ ਬਚਾਓ' ਮੁਹਿੰਮ ਨੂੰ ਮੁੱਖ ਰੱਖਦਿਆਂ ਜਾਗਰੂਕਤਾ ਸੈਮੀਨਾਰ ਕਰਵਾਇਆ।ਸੈਮੀਨਾਰ ਵਿੱਚ ਸਕੂਲੀ ਬੱਸਾਂ ਵਿੱਚ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਵਧਾਉਣ ਲਈ ਉੱਚਿਤ ਰੋਸ਼ਨੀ ਅਤੇ ਸੁਰੱਖਿਆ ਉਪਕਰਨਾਂ 'ਤੇ ਜ਼ੋਰ ਦਿੱਤਾ ਗਿਆ।ਟਰੈਫਿਕ ਪੁਲਸ ਸਟਾਫ ਮੈਂਬਰਾਂ ਨੇ ਕਿਹਾ ਕਿ ਸੜਕੀ ਦੁਰਘਟਨਾਵਾਂ ਤੋਂ ਬਚਣ ਲਈ ਟਰੈਫਿਕ ਨਿਯਮਾਂ ਦੀ ਪਾਲਣਾ ਬਹੁਤ ਲਾਜ਼ਮੀ ਹੈ।ਉਨ੍ਹਾਂ ਕਿਹਾ ਕਿ ਛੋਟੀ ਜਿਹੀ ਅਣਗਹਿਲੀ ਕਰਕੇ ਕਈ ਵਾਰ ਵੱਡੀਆਂ ਦੁਰਘਟਨਾਵਾਂ ਵਾਪਰ ਜਾਂਦੀਆਂ ਹਨ, ਇਸ ਕਰਕੇ ਸੜਕ ਤੇ ਚਲਦੇ ਸਮੇਂ ਵਹੀਕਲ ਦੀ ਸਪੀਡ ਨਿਰਧਾਰਤ ਰੱਖਣੀ ਚਾਹੀਦੀ ਹੈ ਤੇ ਸਿਗਨਲਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

## ਪੰਜਾਬ ਸੋਸ਼ਲ ਅਲਾਇੰਸ ਨੇ ਚੰਡੀਗੜ੍ਹ ਲੋਕ ਸਭਾ ਸੀਟ ਤੋਂ ਹਰਜਿੰਦਰ ਕੌਰ ਨੂੰ ਉਮੀਦਵਾਰ ਐਲਾਨਿਆ




ਮੋਹਾਲੀ, (ਗੁਰਜੀਤ ਬਿੱਲਾ) ਪੰਜਾਬ ਸੋਸ਼ਲ ਅਲਾਇੰਸ (ਪੀ ਐਸ ਏ) ਪੰਜਾਬ ਦੀਆਂ ਤਿੰਨ ਕ੍ਰਾਂਤੀਕਾਰੀ ਵਿਚਾਰਧਾਰਾਵਾਂ- ਸਿੱਖ ਫਲਸਫਾ, ਅੰਬੇਡਕਰਵਾਦੀ ਅਤੇ ਮਾਰਕਸਵਾਦੀ ਵਿਚਾਰਧਾਰਾ 'ਤੇ ਆਧਾਰਿਤ ਜਥੇਬੰਦੀਆਂ ਵੱਲੋਂ ਮਿਲ ਕੇ ਬਣਾਏ ਪੰਜਾਬ ਸੋਸ਼ਲ ਅਲਾਇੰਸ ਨੇ ਮੋਹਾਲੀ 'ਚ ਚੰਡੀਗੜ੍ਹ ਲੋਕ ਸਭਾ ਸੀਟ ਤੋਂ ਸ੍ਰੀਮਤੀ ਹਰਜਿੰਦਰ ਕੌਰ ਉਰਫ ਜੰਨਤ ਕੌਰ ਨੂੰ ਆਪਣਾ ਸਮਾਜ ਪਾਰਟੀ ਤੋਂ ਆਪਣਾ ਉਮੀਦਵਾਰ ਦਾ ਐਲਾਨਿਆ ਹੈ। ਇਸੇ ਮੋਹਾਲੀ ਪ੍ਰੈਸ ਕਲੱਬ 'ਚ ਇੱਕ ਕਾਨਫਰੰਸ ਦੌਰਾਨ ਚੇਅਰਮੈਨ ਪੰਜਾਬ ਸੋਸ਼ਲ ਅਲਾਇੰਸ ਕੁਲਦੀਪ ਸਿੰਘ ਈਸਾਪੁਰੀ ਅਤੇ ਪ੍ਰਧਾਨ ਆਪਣਾ ਸਮਾਜ ਪਾਰਟੀ ਡਾ. ਸਵਰਨ ਸਿੰਘ ਸਾਬਕਾ ਆਈ ਏ ਐਸ ਨੇ ਦੱਸਿਆ ਕਿ ਚੰਡੀਗੜ੍ਹ ਤੋਂ ਪੰਜਾਬ ਦਾ ਹਿੱਸਾ ਰਿਹਾ ਹੈ ਅਸੀਂ ਚੰਡੀਗੜ੍ਹ ਲੋਕ ਸਭਾ ਸੀਟ ਤੋਂ ਸ੍ਰੀਮਤੀ ਹਰਜਿੰਦਰ ਕੌਰ ਨੂੰ ਉਮੀਦਵਾਰ ਐਲਾਨ ਕਰਦੇ ਹਾਂ।ਇਸ ਮੌਕੇ ਕੁਲਦੀਪ ਸਿੰਘ ਈਸਾਪੁਰੀ ਨੇ ਕਿਹਾ ਕਿ ਪੰਜਾਬ ਸੋਸ਼ਲ ਅਲਾਇੰਸ ਪੂਰੇ ਤੌਰ ਪੰਜਾਬ ਦੀਆਂ 13 ਸੀਟਾਂ ਤੇ 13 ਸੀਟਾਂ 'ਤੇ ਆਪਣੇ ਉਮੀਦਵਾਰਾਂ ਦਾ ਐਲਾਨ ਕਰੇਗੀ।ਡਾ. ਸਵਰਨ ਸਿੰਘ ਸਾਬਕਾ ਆਈ ਏ ਐਸ ਨੇ ਕਿਹਾ ਕਿ ਦੇਸ਼ ਅੰਦਰ ਨਿੱਜੀਕਰਨ ਦੀ ਆਰਥਿਕ ਹਾਲਤ, ਬੇਰੁਜ਼ਗਾਰੀ, ਮਜ਼ਦੂਰਾਂ ਦਾ ਦੁਰ ਉਪਯੋਗ, ਸੀਤੀ ਪ੍ਰਥਾ, ਔਰਤ ਅਤੇ ਮਨਰੇਗਾ ਦੀ ਲੁੱਟ, ਭ੍ਰਿਸ਼ਟਾਚਾਰ, ਚੋਰ ਬਜ਼ਾਰੀ ਦੇ ਮਸਲਿਆਂ ਦੀ ਲੁੱਟ ਖਸੁੱਟ, ਫਿਰਕਾ ਚੁੱਕੀ ਕਾਨੂੰਨ ਵਿਵਸਥਾ, ਭ੍ਰਿਸ਼ਟਾਚਾਰ, ਚੋਰ ਬਜ਼ਾਰੀ ਦੀ ਮਨਮਾਨੀ, ਪੁਲਸ ਦਾ ਅੱਤਿਆਚਾਰ ਅਤੇ ਸਮਾਜਿਕ ਨਾ ਬਰਾਬਰਤਾ ਨੂੰ ਖਤਮ ਕਰਨ ਲਈ ਹਮੇਸ਼ਾ ਯਤਨਸ਼ੀਲ ਰਹੇਗੀ।

# ਗੰਦੇ ਪਾਣੀ ਦਾ ਨਿਕਾਸ ਨਾ ਹੋਣ ਤੋਂ ਪ੍ਰੇਸ਼ਾਨ ਸੁਰਜੀਤ ਨਗਰ ਦੇ ਵਸਨੀਕ


ਇਕੱਠਾ ਹੋਇਆ ਗੰਦਾ ਪਾਣੀ ਦਿਖਾਉਂਦੇ ਸੁਰਜੀਤ ਨਗਰ ਦੇ ਵਸਨੀਕ।

**ਭਗਤਾ ਭਾਈ ਕਾ (ਰਾਜੀਵ ਗੋਇਲ)**

ਗੰਦੇ ਪਾਣੀ ਦੇ ਨਿਕਾਸੀ ਨਾ ਹੋਣ ਤੋਂ ਪ੍ਰੇਸ਼ਾਨ ਸੁਰਜੀਤ ਨਗਰ ਦੇ ਵਸਨੀਕ ਨਰਕ ਤੋਂ ਵੀ ਭੈੜੀ ਜ਼ਿੰਦਗੀ ਬਤੀਤ ਕਰਨ ਲਈ ਮਜਬੂਰ ਹਨ। ਮੌਕਾ ਦਿਖਾਉਂਦਿਆਂ ਗੁਰੂ ਨਾਨਕ ਦੇਵ ਪਬਲਿਕ ਸਕੂਲ ਦੇ ਸੰਚਾਲਕ ਮੈਡਮ ਕਮਲਾ ਦੇਵੀ ਨੇ ਦੱਸਿਆ ਕਿ ਉਨ੍ਹਾਂ ਦੇ ਸਕੂਲ ਅੱਗੇ ਤੋਂ ਲੰਘਦਾ ਗੰਦੇ ਪਾਣੀ ਦਾ ਨਾਲਾ ਹਮੇਸ਼ਾ ਹੀ ਓਵਰ ਫਲੋਅ ਰਹਿੰਦਾ ਹੈ, ਜਿਸ ਕਾਰਨ ਗੰਦਾ ਪਾਣੀ ਉਨ੍ਹਾਂ ਦੇ ਸਕੂਲ ਅੰਦਰ ਭਰ ਜਾਂਦਾ ਹੈ, ਜਿਸ ਕਾਰਨ ਛੋਟੇ-ਛੋਟੇ ਬੱਚਿਆਂ ਵਿੱਚ ਬਿਮਾਰੀਆਂ ਫੈਲਣ ਦਾ ਹਮੇਸ਼ਾ ਹੀ ਖਤਰਾ ਬਣਿਆ ਰਹਿੰਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਨਾ ਤਾਂ ਕੋਈ ਪੰਚਾਇਤੀ ਅਧਿਕਾਰੀ ਸੁਣਦਾ ਹੈ ਅਤੇ ਨਾ ਹੀ ਹਲਕਾ ਵਿਧਾਇਕ ਉਨ੍ਹਾਂ ਦੀ ਗੱਲ ਸੁਣਦੇ ਹਨ। ਉਨ੍ਹਾਂ ਕਿਹਾ ਕਿ ਉਹ ਲਿਖਤੀ ਤੌਰ 'ਤੇ ਵੀ ਵਿਧਾਇਕ ਨੂੰ ਦੇ ਚੁੱਕੇ ਹਨ, ਪਰ ਉਨ੍ਹਾਂ ਦੀ ਕਿਸੇ ਨੇ ਵੀ ਕੋਈ ਸੁਣਵਾਈ ਨਹੀਂ ਕੀਤੀ। ਇਹ ਗੰਦਾ ਪਾਣੀ ਜਿੱਥੇ ਲੋਕਾਂ ਦੇ ਘਰਾਂ ਵਿੱਚ ਵੜ ਜਾਂਦਾ ਹੈ, ਉੱਥੇ ਹੀ ਸੜਕ ਕਿਨਾਰੇ ਵੀ ਖੜ ਜਾਂਦਾ ਹੈ, ਜਿਸ ਨਾਲ ਜਿੱਥੇ ਹਾਦਸੇ ਦਾ ਡਰ ਬਣਿਆ ਰਹਿੰਦਾ ਹੈ। ਇਸ ਮਸਲੇ ਨੂੰ ਲੈ ਕੇ ਜਦੋਂ ਸੁਰਜੀਤ ਨਗਰ ਤੋਂ ਸਰਪੰਚੀ ਕਰ ਚੁੱਕੇ ਦਲਜੀਤ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਸਾਨੂੰ ਬਲਾਕ ਪੰਚਾਇਤ ਅਫਸਰ ਵੱਲੋਂ ਕਿਹਾ ਗਿਆ ਸੀ ਕਿ ਤੁਸੀਂ 300 ਰੁਪਏ ਵੇਤਨ 'ਤੇ ਕੋਈ ਬੰਦਾ ਰੱਖ ਲਵੋ ਜਾਂ ਫਿਰ ਆਮ ਲੋਕਾਂ ਤੋਂ ਪੈਸੇ ਇਕੱਠੇ ਕਰਕੇ ਬੰਦੇ ਰੱਖ ਲਵੋ, ਪਰ ਹੁਣ ਇਹ ਕੰਮ ਪੰਚਾਇਤ ਅਧੀਨ ਹੈ, ਫਿਰ ਪੈਸੇ ਕੋਈ ਮੋੜਦਾ ਨਹੀਂ, ਅਸੀਂ ਕੀ ਕਰੀਏ।

ਉਨ੍ਹਾਂ ਵੱਲੋਂ ਵੀ ਇਹ ਕਹਿ ਕੇ ਪੱਲਾ ਛੁਡਾ ਲਿਆ ਗਿਆ ਕਿ ਹੁਣ ਤਾਂ ਇਹ ਪ੍ਰਬੰਧਕਾਂ ਹੱਥ ਹੀ ਡੋਰ ਹੈ। ਜਦੋਂ ਇਸ ਮਸਲੇ ਨੂੰ ਲੈ ਕੇ ਹਲਕਾ ਵਿਧਾਇਕ ਨਾਲ ਗੱਲਬਾਤ ਕਰਨੀ ਚਾਹੀ ਤਾਂ ਉਹਨਾਂ ਦਾ ਫੋਨ ਪੀ.ਏ ਸੁੱਖੀ ਨੇ ਚੁੱਕਿਆ ਅਤੇ ਕਿਹਾ ਕਿ ਅਸੀਂ ਚੈੱਕ ਕਰਾ ਲੈਂਦੇ ਹਾਂ, ਪਰ ਸਾਨੂੰ ਇਸ ਬਾਬਤ ਕਿਸੇ ਨੇ ਕੋਈ ਸ਼ਿਕਾਇਤ ਨਹੀਂ ਕੀਤੀ ਅਤੇ ਨਾ ਹੀ ਸਾਡੇ ਕਿਸੇ ਨੇ ਧਿਆਨ ਵਿੱਚ ਕਰਾਇਆ ਹੈ।

# ਪੰਜਾਬੀ ਤੇ ਗੁਜਰਾਤੀ ਬਾਲ ਸਾਹਿਤ ਦਾ ਅਦਾਨ-ਪ੍ਰਦਾਨ ਜ਼ਰੂਰੀ : ਡਾ. ਦਰਸ਼ਨ ਸਿੰਘ ਆਸ਼ਟ


ਡਾ. ਦਰਸ਼ਨ ਸਿੰਘ ਆਸ਼ਟ ਨੂੰ ਬਾਲ ਸਾਹਿਤ ਪੁਸਤਕ ਭੇਟ ਕਰਦੇ ਹੋਏ ਗੁਜਰਾਤੀ ਸਾਹਿਤਕਾਰ ਸ੍ਰੀ ਨਟਵਰ ਪਟੇਲ ਤੇ ਮੈਡਮ ਗੁੰਥਮਾਲਾ ਦੀਪਤੀ ਬੇਨ ਸ਼ਾਹ।

**ਪਟਿਆਲਾ (ਪੱਤਰ ਪ੍ਰੇਰਕ)**-ਸਾਹਿਤ ਅਕਾਦਮੀ ਬਾਲ ਸਾਹਿਤ ਪੁਰਸਕਾਰ ਵਿਜੇਤਾ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ (ਪੰਜਾਬ) ਵਿਖੇ ਕਾਰਜਸ਼ੀਲ ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਡਾ. ਦਰਸ਼ਨ ਸਿੰਘ ਆਸ਼ਟ ਨੇ ਗੁਜਰਾਤੀ ਸਾਹਿਤ ਪ੍ਰੀਸ਼ਦ, ਅਹਿਮਦਾਬਾਦ (ਗੁਜਰਾਤ) ਵਿਖੇ ਭਾਰਤੀ ਬਾਲ ਸਾਹਿਤ ਦੇ ਸੰਦਰਭ ਵਿੱਚ ਚਰਚਾ ਕੀਤੀ।ਡਾ. ਆਸ਼ਟ ਨੇ ਕਿਹਾ ਕਿ ਅਜੋਕੇ ਦੌਰ ਵਿੱਚ ਬੱਚਿਆਂ ਵਿੱਚ ਸਾਹਿਤ ਸਿਰਜਣਾ ਨੂੰ ਪ੍ਰਫੁੱਲਤ ਕਰਨ ਲਈ ਪੰਜਾਬੀ ਅਤੇ ਗੁਜਰਾਤੀ ਬਾਲ ਸਾਹਿਤ ਦੇ ਆਪਸੀ ਅਨੁਵਾਦ ਨੂੰ ਹੋਰ ਗਤੀਸ਼ੀਲ ਕਰਨ ਦੀ ਜ਼ਰੂਰਤ ਹੈ, ਕਿਉਂਕਿ ਬਾਲ ਸਾਹਿਤ ਪ੍ਰੌੜ ਸਾਹਿਤ ਦੀ ਨੀਂਹ ਹੈ।ਨਵੀਂ ਪੀੜ੍ਹੀ ਨੂੰ ਪ੍ਰਾਪਤ ਹੋਣ ਵਾਲੇ ਬਾਲ ਸਾਹਿਤ ਦੇ ਆਧਾਰ 'ਤੇ ਹੀ ਉਨ੍ਹਾਂ ਦੇ ਚਰਿੱਤਰ ਦੀ ਉਸਾਰੀ ਹੋਵੇਗੀ ਤੇ ਬੱਚੇ ਜੀਵਨ ਮੁੱਲਾਂ ਨੂੰ ਗ੍ਰਹਿਣ ਕਰ ਸਕਣਗੇ।ਡਾ. ਆਸ਼ਟ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸੋਸ਼ਲ ਮੀਡੀਆ ਦੇ ਇਸ ਯੁੱਗ ਵਿੱਚ ਬਾਲ ਸਾਹਿਤ ਬੱਚਿਆਂ ਦੀ ਪ੍ਰਤਿਭਾ ਨੂੰ ਨਿਖਾਰਨ ਲਈ ਇੱਕ ਉੱਤਮ ਮਾਧਿਅਮ ਸਾਬਤ ਹੋ ਸਕਦਾ ਹੈ ਤੇ ਉਨ੍ਹਾਂ ਵਿੱਚ ਨਵੀਂ ਸੋਚ ਅਤੇ ਨਵੀਂ ਊਰਜਾ ਪੈਦਾ ਕਰਕੇ ਉਨ੍ਹਾਂ ਨੂੰ ਸੇਧ ਦੇ ਸਕਦਾ ਹੈ।

ਇਸ ਮੌਕੇ ਸਾਹਿਤ ਅਕਾਦਮੀ ਪੁਰਸਕਾਰ ਜੇਤੂ ਅਤੇ ਪ੍ਰਸਿੱਧ ਗੁਜਰਾਤੀ ਸਾਹਿਤਕਾਰ ਸ੍ਰੀ ਨਟਵਰ ਪਟੇਲ ਨੇ ਆਪਣੀਆਂ ਗੁਜਰਾਤੀ ਵਿੱਚ ਲਿਖੀਆਂ ਬਾਲ ਸਹਿਤ ਪੁਸਤਕਾਂ ਡਾ. ਆਸ਼ਟ ਨੂੰ ਭੇਟ ਕੀਤੀਆਂ ਅਤੇ ਡਾਕਟਰ ਆਸ਼ਟ ਨੇ ਵੀ ਗੁਜਰਾਤੀ ਸਾਹਿਤ ਪ੍ਰੀਸ਼ਦ ਨੂੰ ਬਾਲ ਸਾਹਿਤ ਭੇਂਟ ਕੀਤਾ ਤਾਂ ਜੁ ਗੁਜਰਾਤੀ ਬੱਚੇ ਵੀ ਪੰਜਾਬ ਦੇ ਬਾਲ ਸਹਿਤ ਤੋਂ ਜਾਣੂ ਹੋ ਸਕਣ।ਇਸ ਮੌਕੇ ਗੁਜਰਾਤੀ ਸਾਹਿਤ ਪ੍ਰੀਸ਼ਦ ਦੇ ਸਕੱਤਰ ਲਾਇਬ੍ਰੇਰੀ ਸ੍ਰੀ ਪਰੀਕਸ਼ਿਤ ਆਰ ਜੋਸ਼ੀ, ਗੁੰਥਮਾਲਾ ਦੀਪਤੀ ਬੇਨ ਸ਼ਾਹ ਤੇ ਹੋਰ ਸ਼ਖ਼ਸੀਅਤਾਂ ਵੀ ਹਾਜ਼ਰ ਸਨ।

# ਮਾਮਲਾ ਬੰਦ ਪਏ ਸੀ ਸੀ ਟੀ ਵੀ ਕੈਮਰਿਆਂ ਦਾ

## ਪੁਲਸ ਨੇ ਕੈਮਰੇ ਚਲਾਉਣ ਵਾਲੀ ਕੰਪਨੀ 'ਤੇ ਰੱਖੀ ਟੇਕ, ਕੰਪਨੀ ਨੇ ਅਣਗੌਲਿਆ



**ਮਲੋਟ (ਗੁਰਮੀਤ ਸਿੰਘ ਮੱਕੜ)**

ਸ਼ਹਿਰ ਵਿਚ ਵੱਧ ਰਹੀਆਂ ਚੋਰੀਆਂ ਤੇ ਗੈਰ ਸਮਾਜਿਕ ਤੱਤਾਂ ਨੂੰ ਨੱਥ ਪਾਉਣ ਲਈ ਪੁਲਿਸ ਪ੍ਰਸ਼ਾਸਨ ਵੱਲੋਂ ਸ਼ਹਿਰ ਦੇ ਹਰ ਮੇਨ ਚੌਂਕ ਵਿੱਚ ਸੀ.ਸੀ.ਟੀ.ਵੀ ਕੈਮਰੇ ਲਾਏ ਗਏ ਤਾਂ ਜੁ ਸ਼ਰਾਰਤੀ ਤੱਤਾਂ 'ਤੇ ਤਿੱਖੀ ਨਜ਼ਰ ਰੱਖੀ ਜਾ ਸਕੇ। ਇਨ੍ਹਾਂ ਕੈਮਰਿਆਂ ਦਾ ਉਦਘਾਟਨ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕੀਤਾ।

ਹਾਲਾਤ ਇਹ ਹਨ ਕਿ ਲਗਭਗ 35 ਕੈਮਰੇ ਲਗਾਏ ਗਏ, ਜਿਨ੍ਹਾਂ ਵਿੱਚੋਂ ਅੱਧੇ ਹੀ ਚੱਲ ਰਹੇ ਹਨ, ਉਹ ਵੀ ਥਾਣੇ ਵਿਚ ਅਤੇ ਬਾਹਰੀ ਕੈਮਰੇ ਬੰਦ ਹਨ ਤੇ ਉਨ੍ਹਾਂ ਨੂੰ ਚਾਲੂ ਹਾਲਤ ਵਿਚ ਲਿਆਉਣ ਲਈ ਕਿਸੇ ਨੇ ਵੀ ਉਪਰਾਲਾ ਨਹੀਂ ਕੀਤਾ, ਜਦਕਿ ਸ਼ਹਿਰ ਵਿਚ ਦਿਨ ਦਿਹਾੜੇ ਚੋਰੀਆਂ, ਲੁੱਟ ਖੋਹ ਦੀਆਂ ਵਾਰਦਾਤਾਂ ਵਧ ਗਈਆਂ ਹਨ। ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਵਿਅਕਤੀਆਂ ਨੂੰ ਕਾਬੂ ਕਰਨ ਲਈ ਪੁਲਿਸ ਨਾਕਾਮ ਰਹੀ ਹੈ, ਜਿਸ ਦੀ ਤਾਜ਼ਾ ਮਿਸਾਲ ਬੀਤੇ ਦਿਨੀਂ ਸ਼ਹਿਰ ਦੇ ਲਗਭਗ 50 ਇਸ਼ਤਿਹਾਰਬਾਜ਼ੀ ਵਾਲੇ ਫਲੈਕਸ ਬੋਰਡ ਪੁਲਿਸ ਦੇ ਘੇਰੇ ਅੰਦਰ ਹੀ ਚੋਰੀ ਕਰ ਲਏ ਗਏ। ਜਦੋਂ ਪੁਲਸ ਨੂੰ ਇਸ ਸਬੰਧੀ ਸ਼ਿਕਾਇਤ ਕਰਕੇ ਸੀ.ਸੀ.ਟੀ.ਵੀ ਕੈਮਰਿਆਂ ਰਾਹੀਂ ਜਾਂਚ ਕਰਨ ਨੂੰ ਕਿਹਾ ਤਾਂ ਪਤਾ ਲੱਗਾ ਕਿ ਸੀ.ਸੀ.ਟੀ.ਵੀ ਕੈਮਰੇ ਹੀ ਬੰਦ ਹਨ, ਜਾਂਚ ਤਾਂ ਕੀ ਹੋਣੀ ਹੈ।

ਡੀ.ਐਸ.ਪੀ ਪਵਨਜੀਤ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਇਸ ਦਾ ਰੱਖ ਰੱਖਾਅ ਕਰਨ ਵਾਲੀ ਕੰਪਨੀ ਨੂੰ ਕੈਮਰੇ ਚਾਲੂ ਕਰਨ ਲਈ ਕਿਹਾ ਗਿਆ ਹੈ, ਪ੍ਰੰਤੂ ਉਹ ਆਨਾਕਾਨੀ ਕਰ ਰਹੀ ਹੈ। ਸ਼ਹਿਰ ਵਾਸੀਆਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਐਸ.ਐਸ.ਪੀ. ਤੇ ਉਚ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਤੁਰੰਤ ਸ਼ਹਿਰ ਦੇ ਚੌਕਾਂ ਵਿੱਚ ਲਾਏ ਗਏ ਸੀ.ਸੀ.ਟੀ.ਵੀ ਕੈਮਰੇ ਚਾਲੂ ਕੀਤੇ ਜਾਣ ਤਾਂ ਜੁ ਸ਼ਹਿਰ ਵਿੱਚ ਵਧਦੀਆਂ ਵਾਰਦਾਤਾਂ ਨੂੰ ਰੋਕਣ ਲਈ ਪੁਲਿਸ ਨੂੰ ਮਦਦ ਮਿਲ ਸਕੇ ਤੇ ਸ਼ਹਿਰ ਵਾਸੀ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰ ਸਕਣ।

# 15 ਹਜ਼ਾਰ ਲੀਟਰ ਲਾਹਣ ਬਰਾਮਦ



**ਮਲੋਟ (ਗੁਰਮੀਤ ਸਿੰਘ ਮੱਕੜ)**-ਲੋਕ ਸਭਾ ਚੋਣਾਂ ਨੂੰ ਧਿਆਨ ਵਿਚ ਰੱਖਦੇ ਹੋਏ ਸ੍ਰੀ ਵਿਕਰਮ ਦੇਵ ਠਾਕੁਰ, ਸਹਾਇਕ ਕਮਿਸ਼ਨਰ (ਆਬਕਾਰੀ), ਫ਼ਰੀਦਕੋਟ ਰੇਂਜ ਦੀ ਅਗਵਾਈ ਵਿਚ ਨੂੰ ਸ੍ਰੀ ਨਰਿੰਦਰ ਕੁਮਾਰ, ਆਬਕਾਰੀ ਅਫਸਰ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ, ਸ੍ਰੀ ਰਜਨੀਸ਼ ਗਰਗ, ਆਬਕਾਰੀ ਨਿਰੀਖਕ ਸਰਕਲ ਲੰਬੀ, ਸ੍ਰੀ ਸੁਖਵਿੰਦਰ ਸਿੰਘ, ਆਬਕਾਰੀ ਨਿਰੀਖਕ ਸਰਕਲ ਮਲੋਟ, ਜੈਸਲਪ੍ਰੀਤ ਸਿੰਘ, ਆਬਕਾਰੀ ਨਿਰੀਖਕ ਸਰਕਲ ਗਿੱਦੜਬਾਹਾ, ਨਿਰਮਲ ਸਿੰਘ ਆਬਕਾਰੀ ਨਿਰੀਖਕ, ਸਰਕਲ ਫ਼ਾਜ਼ਿਲਕਾ ਤੇ ਸ੍ਰੀ ਰਣਜੀਤ ਸਿੰਘ, ਐਸ.ਐਚ.ਓ. ਥਾਣਾ ਕਬਰਵਾਲਾ ਸਮੇਤ ਪੁਲਿਸ ਸਟਾਫ ਦੀ ਸਹਾਇਤਾ ਨਾਲ ਕੱਟਿਆਂਵਾਲੀ ਨਹਿਰ ਉੱਪਰ ਸਰਚ ਆਪ੍ਰੇਸ਼ਨ ਚਲਾਇਆ ਗਿਆ। ਇਸ ਅਪ੍ਰੇਸ਼ਨ ਦੌਰਾਨ 15000 ਲੀਟਰ ਲਾਹਣ ਬਰਾਮਦ ਕੀਤੀ ਅਤੇ ਮੌਕੇ ਉੱਪਰ ਨਸ਼ਟ ਕੀਤੀ ਗਈ।

ਸ੍ਰੀ ਵਿਕਰਮ ਦੇਵ ਠਾਕੁਰ, ਸਹਾਇਕ ਕਮਿਸ਼ਨਰ (ਆਬਕਾਰੀ), ਫ਼ਰੀਦਕੋਟ ਰੇਂਜ ਨੇ ਕਿਹਾ ਕਿ ਲੋਕ ਸਭਾ ਚੋਣਾ ਦੇ ਮੱਦੇਨਜ਼ਰ ਭਵਿੱਖ ਵਿਚ ਵੀ ਆਬਕਾਰੀ ਵਿਭਾਗ ਤੇ ਪੁਲਿਸ ਪ੍ਰਸ਼ਾਸਨ ਅਜਿਹੀਆਂ ਮੁਹਿੰਮਾਂ ਚਲਾਉਂਦੇ ਰਹਿਣਗੇ।

# ਲੋਕ ਸਭਾ ਉਮੀਦਵਾਰ ਕ੍ਰਿਸ਼ਨ ਕੁਮਾਰ ਗਾਬਾ ਸ਼ਿਵ ਸੈਨਾ ਆਗੂ ਦੀਪਕ ਵਸ਼ਿਸ਼ਟ ਦੇ ਗ੍ਰਹਿ ਪਹੁੰਚੇ



**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**

ਸ਼ਿਵ ਸੈਨਾ ਹਿੰਦੁਸਤਾਨ ਤੇ ਹਿੰਦੁਸਤਾਨ ਸ਼ਕਤੀ ਸੈਨਾ ਦੇ ਕੌਮੀ ਪ੍ਰਧਾਨ ਸ੍ਰੀ ਪਵਨ ਗੁਪਤਾ ਦੀ ਅਗਵਾਈ ਹੇਠ ਪਾਰਟੀ ਦੇ ਪਟਿਆਲਾ ਲੋਕ ਸਭਾ ਲਈ ਸਾਂਝੇ ਉਮੀਦਵਾਰ ਸ੍ਰੀ ਕ੍ਰਿਸ਼ਨ ਕੁਮਾਰ ਗਾਬਾ, ਜੋ ਬਹਾਦਰਪੁਰ ਭਾਈਚਾਰੇ ਨਾਲ ਸਬੰਧਤ ਹਨ ਤੇ ਪ੍ਰਸਿੱਧ ਸਮਾਜ ਸੇਵਕ ਵੀ ਹਨ।ਉਨ੍ਹਾਂ ਦੇ ਚੋਣ ਪ੍ਰਚਾਰ ਦੇ ਲਈ ਸ੍ਰੀ ਦੀਪਕ ਵਸ਼ਿਸ਼ਟ ਜ਼ਿਲ੍ਹਾ ਪ੍ਰਧਾਨ ਸ਼ਿਵ ਸੈਨਾ ਹਿੰਦੁਸਤਾਨ ਪਟਿਆਲਾ, ਸ੍ਰੀ ਰਿਕੂ ਸ਼ਰਮਾ ਤੇ ਰਕਪ੍ਰੀਤ ਸ਼ਰਮਾ ਜ਼ਿਲ੍ਹਾ ਮੀਤ ਪ੍ਰਧਾਨ ਪਟਿਆਲਾ ਦੇ ਸਹਿਯੋਗ ਨਾਲ ਵਰਕਰਾਂ ਦੀ ਮੀਟਿੰਗ ਨੂੰ ਜ਼ੋਰਦਾਰ ਢੰਗ ਨਾਲ ਅੱਗੇ ਤੋਰਿਆ ਗਿਆ।ਸ੍ਰੀ ਦੀਪਕ ਵਸ਼ਿਸ਼ਟ ਜ਼ਿਲ੍ਹਾ ਪ੍ਰਧਾਨ ਸ਼ਿਵ ਸੈਨਾ ਹਿੰਦੁਸਤਾਨ ਪਟਿਆਲਾ ਦੇ ਨਿਵਾਸ ਤੇ ਵਿਸ਼ੇਸ਼ ਤੌਰ 'ਤੇ ਸ੍ਰੀ ਪਵਨ ਗੁਪਤਾ ਰਾਸ਼ਟਰੀ ਪ੍ਰਧਾਨ ਸ਼ਿਵ ਸੈਨਾ ਹਿੰਦੁਸਤਾਨ ਤੇ ਹਿੰਦੁਸਤਾਨ ਸ਼ਕਤੀ ਸੈਨਾ ਪਾਰਟੀ ਦੇ ਸੀਨੀਅਰ ਆਗੂਆਂ ਦੇ ਨਾਲ ਸਮਾਣਾ ਨਿਵਾਸ ਵਿਖੇ ਆਯੋਜਤ ਵਰਕਰਾਂ ਦੀ ਮੀਟਿੰਗ ਵਿੱਚ ਪਹੁੰਚੇ।ਇਸ ਮੌਕੇ ਪਾਰਟੀ ਦੇ ਲੋਕ ਸਭਾ ਪਟਿਆਲਾ ਤੋਂ ਉਮੀਦਵਾਰ ਸ੍ਰੀ ਕ੍ਰਿਸ਼ਨ ਕੁਮਾਰ ਗਾਬਾ ਵੀ ਉਨ੍ਹਾਂ ਦੇ ਨਾਲ ਹਾਜ਼ਰ ਸਨ।ਉਨ੍ਹਾਂ ਦੇ ਪਹੁੰਚਣ 'ਤੇ ਸ੍ਰੀ ਦੀਪਕ ਵਸ਼ਿਸ਼ਟ ਜ਼ਿਲ੍ਹਾ ਪ੍ਰਧਾਨ ਪਟਿਆਲਾ ਨੇ ਆਪਣੀ ਟੀਮ ਸਮੇਤ ਉਨ੍ਹਾਂ ਦਾ ਫੁੱਲਾਂ ਦੇ ਹਾਰ ਪਾ ਕੇ ਨਿੱਘਾ ਸਵਾਗਤ ਕੀਤਾ। ਮੀਟਿੰਗ ਵਿੱਚ ਸਮਾਣਾ ਦੇ ਚੋਣ ਪ੍ਰਚਾਰ ਦੇ ਪਹਿਲੇ ਪੜਾਅ ਵਿੱਚ ਸ਼ਿਵ ਸੈਨਾ ਹਿੰਦੁਸਤਾਨ ਤੇ ਹਿੰਦੁਸਤਾਨ ਸ਼ਕਤੀ ਸੈਨਾ ਸਮਾਣਾ ਨਾਲ ਸਬੰਧਤ ਵੱਡੀ ਗਿਣਤੀ ਵਿੱਚ ਸੀਨੀਅਰ ਆਗੂ ਅਤੇ ਵਰਕਰ ਹਾਜ਼ਰ ਸਨ।ਚੋਣ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰੀ ਪਵਨ ਗੁਪਤਾ ਨੇ ਸਮੂਹ ਆਗੂਆਂ ਅਤੇ ਵਰਕਰਾਂ ਨੂੰ ਇਕਜੁਟ ਹੋ ਕੇ ਸ਼ਿਵ ਸੈਨਾ, ਹਿੰਦੁਸਤਾਨ ਹਿੰਦੁਸਤਾਨ ਸ਼ਕਤੀ ਸੈਨਾ ਦੇ ਪਟਿਆਲਾ ਲੋਕ ਸਭਾ ਦੇ ਸਾਂਝੇ ਉਮੀਦਵਾਰ ਸ੍ਰੀ ਕ੍ਰਿਸ਼ਨ ਕੁਮਾਰ ਗਾਬਾ ਜੀ ਦੀ ਜਿੱਤ ਯਕੀਨੀ ਬਣਾਉਣ ਲਈ ਜ਼ੋਰਦਾਰ ਯਤਨ ਕਰਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਜਦੋਂ ਅੱਜ ਚੋਣਾਂ ਦੇ ਦੌਰ ਵਿੱਚ ਅਸੂਲਾਂ ਤੋਂ ਰਹਿਤ, ਭ੍ਰਿਸ਼ਟ ਤੇ ਦਲਬਦਲੀ ਲੀਡਰਾਂ ਦਾ ਬੋਲਬਾਲਾ ਹੋ ਗਿਆ ਹੈ ਤਾਂ ਆਮ ਜਨਤਾ ਨੂੰ ਆਪਣੇ ਹਿੱਤ ਲਈ ਅਜਿਹੇ ਲਾਲਚੀ, ਭ੍ਰਿਸ਼ਟ ਅਤੇ ਦਲ-ਬਦਲੀ ਆਗੂਆਂ ਨੂੰ ਵੋਟ ਨਹੀਂ ਪਾਉਣੀ ਚਾਹੀਦੀ, ਸਗੋਂ ਆਪਣੇ ਸਿਧਾਂਤਾਂ 'ਤੇ ਕਾਇਮ ਰਹਿਣ ਵਾਲੇ ਇੱਕ ਇਮਾਨਦਾਰ ਉਮੀਦਵਾਰ ਨੂੰ ਜਿਤਾਉਣਾ ਚਾਹੀਦਾ ਹੈ ਤੇ ਸੱਤਾ ਦੇ ਪ੍ਰਾਪਤੀ ਦੇ ਲਈ ਦਲ ਬਦਲਣ ਵਾਲੇ ਉਮੀਦਵਾਰਾਂ ਨੂੰ ਇੱਕ ਢੁਕਵਾਂ ਸਬਕ ਸਿਖਾਉਣਾ ਚਾਹੀਦਾ ਹੈ, ਤਾਂ ਜੁ ਦਲ ਬਦਲੂ ਨੇਤਾਵਾਂ ਨੂੰ ਇਹ ਅਹਿਸਾਸ ਹੋ ਸਕੇ ਕਿ ਜੇਕਰ ਉਹ ਪਾਰਟੀਆਂ ਬਦਲਦੇ ਹਨ ਤਾਂ ਆਮ ਲੋਕ ਉਹਨਾਂ ਦੇ ਕਿਰਦਾਰ ਨੂੰ ਨਹੀਂ ਭੁੱਲਣਗੇ। ਉਨ੍ਹਾਂ ਆਮ ਜਨਤਾ ਨੂੰ ਅਪੀਲ ਕੀਤੀ ਕਿ ਉਹ ਸ਼ਿਵ ਸੈਨਾ ਹਿੰਦੁਸਤਾਨ ਦਾ ਸਮਰਥਨ ਕਰਨ ਜੋ ਆਪਣੇ ਸਿਧਾਂਤਾਂ 'ਤੇ ਡਟੀ ਹੋਈ ਹੈ।

# ਚੋਣਾਂ ਦੇ ਮੱਦੇਨਜ਼ਰ ਮੀਡੀਆ ਕਰਮੀ ਪੁਲਸ ਨੂੰ ਸਹਿਯੋਗ ਦੇਣ : ਡੀ ਐੱਸ ਪੀ



**ਬੁਢਲਾਡਾ (ਅਸ਼ੋਕ ਲਾਕੜਾ)**-ਲੋਕ ਸਭਾ ਚੋਣਾਂ ਨਿਰਪੱਖ ਤੌਰ 'ਤੇ ਕਰਾਉਣ ਲਈ ਅਤੇ ਅਮਨ ਕਾਨੂੰਨ ਦੀ ਵਿਵਸਥਾ ਨੂੰ ਕਾਇਮ ਰੱਖਦਿਆਂ ਡੀ ਐਸ ਪੀ ਮਨਜੀਤ ਸਿੰਘ ਔਲਖ ਵੱਲੋਂ ਲੋਕਾਂ 'ਤੋਂ ਸਹਿਯੋਗ ਦੀ ਮੰਗ ਕੀਤੀ ਗਈ।ਉਨ੍ਹਾਂ ਕਿਹਾ ਕਿ ਇਨ੍ਹਾਂ ਚੋਣਾਂ ਵਿੱਚ ਵੋਟਰ ਬਿਨ੍ਹਾਂ ਕਿਸੇ ਡਰ, ਦਬਾਅ ਤੇ ਲਾਲਚ ਤੋਂ ਆਪਣੀ ਵੋਟ ਦੇ ਅਧਿਕਾਰ ਦਾ ਇਸਤੇਮਾਲ ਕਰਨ। ਉਨ੍ਹਾਂ ਮੀਡੀਆ ਕਰਮੀਆਂ ਤੋਂ ਵੀ ਸਹਿਯੋਗ ਦੀ ਮੰਗ ਕੀਤੀ।ਉਨ੍ਹਾਂ ਕਿਹਾ ਕਿ ਹਲਕੇ ਅੰਦਰ ਨਸ਼ੇ ਦੇ ਸੌਦਾਗਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ।ਉਨ੍ਹਾਂ ਦੱਸਿਆ ਕਿ ਨਸ਼ੇ ਸੰਬੰਧਤ ਮੁਕੱਦਮੇ ਦਰਜ ਵਾਲੇ ਵਿਅਕਤੀਆਂ ਨੂੰ ਥਾਣੇ ਵਿੱਚ ਬੁਲਾ ਕੇ ਉਨ੍ਹਾਂ ਦੀ ਪੜਤਾਲ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਦੀ ਰੋਜ਼ਮਰ੍ਹਾ ਦੀ ਜ਼ਿੰਦਗੀ 'ਤੇ ਤਿੱਖੀ ਨਜ਼ਰ ਬਣਾਈ ਜਾ ਰਹੀ ਹੈ।ਉਨ੍ਹਾਂ ਸ਼ਹਿਰ ਅੰਦਰ ਢਾਬੇ, ਹੋਟਲਾਂ ਤੇ ਰੈਸਟੋਰੈਂਟਾਂ ਵਿੱਚ ਕੰਮ ਕਰਨ ਵਾਲੇ ਪਰਵਾਸੀ ਮਜ਼ਦੂਰਾਂ ਦੀ ਆਧਾਰ ਕਾਰਡ ਸਮੇਤ ਉਨ੍ਹਾਂ ਦੀ ਇਤਲਾਹ ਤੁਰੰਤ ਥਾਣਿਆਂ ਵਿੱਚ ਦਿੱਤੀ ਜਾਵੇ ਤੇ ਉਹਨਾਂ ਵਾਲੇ ਪ੍ਰਸਾਰਕਾਂ ਦਾ ਵੀ ਪੂਰਾ ਰਿਕਾਰਡ ਰੱਖਣ ਦੀ ਹਦਾਇਤ ਕੀਤੀ ਗਈ।ਉਨ੍ਹਾਂ ਕਿਹਾ ਕਿ ਸ਼ੱਕੀ ਵਿਅਕਤੀ ਜਾਂ ਵਸਤੂਆਂ ਦੀ ਇਤਲਾਹ ਤੁਰੰਤ ਪੁਲਸ ਨੂੰ ਦੇਣ। ਸ਼ਹਿਰ ਅੰਦਰ ਨਸ਼ੀਲੇ ਪਦਾਰਥਾਂ ਦਾ ਧੰਦਾ ਕਰਨ ਵਾਲੇ ਲੋਕਾਂ ਦੀ ਇਤਲਾਹ ਦੇਣ ਵਾਲਿਆਂ ਦੀ ਪਛਾਣ ਵੀ ਗੁਪਤ ਰੱਖੀ ਜਾਵੇਗੀ। ਐਸ ਐਚ ਓ ਸਿਟੀ ਜਸਕਰਨ ਸਿੰਘ ਨੇ ਟ੍ਰੈਫ਼ਿਕ ਵਿੱਚ ਵਿਘਨ ਪਾਉਣ ਵਾਲੇ ਆਰਜ਼ੀ ਨਜਾਇਜ਼ ਕਬਜ਼ਿਆਂ ਨੂੰ ਸੜਕਾਂ ਦੇ ਕਿਨਾਰਿਆਂ ਤੋਂ ਤੁਰੰਤ ਹਟਾਉਣ ਲਈ ਦੁਕਾਨਦਾਰਾਂ ਨੂੰ ਹਦਾਇਤ ਕੀਤੀ।ਉਨ੍ਹਾਂ ਕਿਹਾ ਕਿ ਬੁਲਟ ਮੋਟਰਸਾਈਕਲ 'ਤੇ ਪਟਾਕੇ ਪਾਉਣ ਵਾਲੇ ਮਨਚਲੇ ਨੌਜਵਾਨਾਂ ਨੂੰ ਬਖਸ਼ਿਆ ਨਹੀਂ ਜਾਵੇਗਾ।

# ਜਗਰਾਉਂ ਸਕੂਲਜ਼ ਐਸੋਸੀਏਸ਼ਨ ਦੇ ਪ੍ਰਿੰ. ਰਾਜਪਾਲ ਕੌਰ ਬਣੇ ਪ੍ਰਧਾਨ



**ਜਗਰਾਉਂ (ਸੰਜੀਵ ਅਰੋੜਾ)**-ਜਗਰਾਉਂ ਸਕੂਲਜ਼ ਐਸੋਸੀਏਸ਼ਨ ਦੀ ਪ੍ਰਧਾਨ ਸ੍ਰੀਮਤੀ ਸ਼ਸ਼ੀ ਜੈਨ, ਡਾਇਰੈਕਟਰ ਸਨਮਤੀ ਵਿਮਲ ਜੈਨ ਸਕੂਲ ਦੇ ਸੱਦੇ 'ਤੇ ਡੀ.ਏ.ਵੀ. ਸੈਂਟਨਰੀ ਸਕੂਲ ਵਿਖੇ ਜਗਰਾਉਂ ਸਕੂਲਜ਼ ਐਸੋਸੀਏਸ਼ਨ ਦੀ ਮੀਟਿੰਗ ਹੋਈ, ਜਿਸ ਵਿੱਚ 12 ਸਕੂਲਾਂ ਦੇ ਮੁਖੀਆਂ ਜਿਵੇਂ ਕਿ ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਸਕੂਲ, ਮਹਾਪ੍ਰਗਯ ਸਕੂਲ, ਸਵਾਮੀ ਰੂਪ ਚੰਦ ਜੈਨ ਸਕੂਲ, ਰੂਪ ਵਾਟਿਕਾ ਸਕੂਲ, ਸ਼ਿਵਾਲਿਕ ਮਾਡਲ ਸਕੂਲ, ਤਾਰਾ ਦੇਵੀ ਜਿੰਦਲ ਆਰਿਆ ਵਿੱਦਿਆ ਮੰਦਰ ਸਕੂਲ, ਅਨੁਵਰਤ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਜੀ.ਐਚ.ਜੀ. ਸਕੂਲ, ਨਿਊ ਪੰਜਾਬ ਸਕੂਲ, ਵਿੱਦਿਆ ਇੰਟਰਨੈਸ਼ਨਲ ਸਕੂਲ, ਮੈਪਲ ਇੰਟਰਨੈਸ਼ਨਲ ਸਕੂਲ ਤੇ ਡੀ. ਏ. ਵੀ. ਸਕੂਲ ਨੇ ਭਾਗ ਲਿਆ।

ਸਕੂਲ ਐਸੋਸੀਏਸ਼ਨ ਦੀ ਪ੍ਰਧਾਨ ਸ੍ਰੀਮਤੀ ਸ਼ਸ਼ੀ ਜੈਨ, ਉਪ ਪ੍ਰਧਾਨ ਤੇ ਕੈਸ਼ੀਅਰ ਸ੍ਰੀ ਵਿਸ਼ਾਲ ਜੈਨ, ਡਾਇਰੈਕਟਰ ਮਹਾਪ੍ਰਗਯ ਸਕੂਲ, ਸਕੱਤਰ ਸ੍ਰੀਮਤੀ ਰਾਜਪਾਲ ਕੌਰ ਸਵਾਮੀ ਰੂਪ ਚੰਦ ਜੈਨ ਸਕੂਲ ਵੱਲੋਂ ਬਜਟ ਪੇਸ਼ ਕੀਤਾ ਗਿਆ ਤੇ ਪਿਛਲੀ ਕਾਰਵਾਈ ਪੜ੍ਹ ਕੇ ਸੁਣਾਈ ਗਈ। ਜਗਰਾਉਂ ਸਕੂਲਜ਼ ਐਸੋਸੀਏਸ਼ਨ ਦੀ ਪ੍ਰਧਾਨ ਸ੍ਰੀਮਤੀ ਸ਼ਸ਼ੀ ਜੈਨ ਦੀ ਦੇਖ-ਰੇਖ ਵਿੱਚ ਸਕੂਲ ਐਸੋਸੀਏਸ਼ਨ ਦੇ ਪੁਨਰ ਗਠਨ ਲਈ ਚੋਣ ਕੀਤਾ ਗਿਆ, ਜਿਸ ਵਿੱਚ ਸ੍ਰੀਮਤੀ ਰਾਜਪਾਲ ਕੌਰ ਪ੍ਰਿੰਸੀਪਲ ਸਵਾਮੀ ਰੂਪ ਚੰਦ ਜੈਨ ਸਕੂਲ ਨੂੰ ਸਰਵਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ, ਉਪ ਪ੍ਰਧਾਨ ਸ੍ਰੀਮਤੀ ਵਿੰਮੀ ਠਾਕੁਰ ਪ੍ਰਿੰਸੀਪਲ ਰੂਪ ਵਾਟਿਕਾ, ਸਕੱਤਰ ਸ੍ਰੀ ਵੇਦਵਬ ਪਲਾਹ ਪ੍ਰਿੰਸੀਪਲ ਡੀ. ਏ. ਵੀ. ਸਕੂਲ ਜਗਰਾਉਂ ਤੇ ਕੈਸ਼ੀਅਰ ਸ੍ਰੀਮਤੀ ਅਮਰਜੀਤ ਕੌਰ, ਡਾਇਰੈਕਟਰ ਅਨੁਵਰਤ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਜਗਰਾਉਂ ਚੁਣੇ ਗਏ। ਨਿਊ ਪੰਜਾਬ ਸਕੂਲ ਦੇ ਡਾਇਰੈਕਟਰ ਪਿਆਰਾ ਸਿੰਘ ਤੇ ਤਾਰਾ ਦੇਵੀ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਨਿਧੀ ਗੁਪਤਾ ਦੀ ਐਕਸਕਿਊਟਿਵ ਮੈਂਬਰ ਵਜੋਂ ਚੋਣ ਹੋਈ। ਨਵ ਨਿਰਵਾਚਿਤ ਪ੍ਰਧਾਨ ਸ੍ਰੀਮਤੀ ਰਾਜਪਾਲ ਕੌਰ ਦੀ ਦੇਖ-ਰੇਖ ਵਿੱਚ ਮੀਟਿੰਗ ਵਿੱਚ ਅੱਗੇ ਲਈ ਕਈ ਨੁਕਤੇ ਵਿਚਾਰੇ ਗਏ, ਜਿਸ ਵਿੱਚ ਮੁੱਖ ਤੌਰ 'ਤੇ ਵਿਦਿਆਰਥੀਆਂ ਦੀ ਸੁਖ-ਸੁਵਿਧਾ ਤੇ ਸੁਰੱਖਿਆ ਲਈ ਸੇਫ਼ ਵਾਹਨ ਸਕੀਮ ਤੇ ਉਚੇਚੇ ਤੌਰ 'ਤੇ ਚਰਚਾ ਕੀਤੀ ਗਈ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦਾ ਡੈਲੀਗੇਟ ਅਜਲਾਸ ਸੰਪੰਨ



**ਮਾਨਸਾ (ਆਤਮਾ ਸਿੰਘ ਪਮਾਰ)**

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਦੇ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ ਨੇ ਗੁਰਦਾਸਪੁ ਤੋਂ ਪਰਤ ਕੇ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਦਾ ਡੈਲੀਗੇਟ ਇਜਲਾਸ ਖਾਲਸਾ ਜਸ਼ਨ ਪੁਆਇੰਟ ਧਾਰੀਵਾਲ ਵਿਖੇ ਜ਼ਿਲ੍ਹਾ ਪ੍ਰਧਾਨ ਪਿਆਰਾ ਸਿੰਘ ਹੰਬੋਵਾਲ ਦੀ ਪ੍ਰਧਾਨਗੀ ਹੇਠ ਆਯੋਜਤ ਕੀਤਾ ਗਿਆ, ਜਿਸ ਵਿੱਚ ਸਕੱਤਰ ਗੁਰਮੇਲ ਸਿੰਘ ਮਾਛੀਕੇ, ਵਾਇਸ ਪ੍ਰਧਾਨ ਅਵਤਾਰ ਸਿੰਘ ਕਿਲ੍ਹਾ ਲਾਲ ਸਿੰਘ ਤੇ ਜ਼ਿਲ੍ਹਾ ਅਮ੍ਰਿਤਸਰ ਦੇ ਪ੍ਰਧਾਨ ਅਰਜਿੰਦਰ ਸਿੰਘ ਕੋਹਲੀ ਤੇ ਮੁਖਤਿਆਰ ਸਿੰਘ ਚੇਤਨਪੁਰਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਇਜਲਾਸ ਵਿੱਚ ਜ਼ਿਲ੍ਹਾ ਕਮੇਟੀ ਤੇ ਬਲਾਕ ਹਰਚੋਵਾਲ, ਧਾਰੀਵਾਲ, ਦੀਨਾਨਗਰ, ਧੰਦੋਈ ਤੇ ਕਲਾਨੌਰ ਦੀ ਆਗੂ ਟੀਮ ਤੇ ਡੈਲੀਗੇਟ ਸਾਥੀਆਂ ਨੇ ਜੋਸ਼ੋ ਖਰੋਸ਼ ਨਾਲ ਸ਼ਮੂਲੀਅਤ ਕੀਤੀ। ਇਜਲਾਸ ਵਿੱਚ ਪਹੁੰਚੇ ਮਹਿਮਾਨਾਂ ਤੇ ਸਮੂਹ ਡੈਲੀਗੇਟ ਸਾਥੀਆਂ ਨੂੰ ਜ਼ਿਲ੍ਹਾ ਚੇਅਰਮੈਨ ਗੁਰਨੇਕ ਸਿੰਘ ਤੇ ਸਕੱਤਰ ਭੁਪਿੰਦਰ ਸਿੰਘ ਗਿੱਲ ਵੱਲੋਂ ਜੀ ਆਇਆਂ ਆਖਿਆ ਗਿਆ। ਸੂਬਾ ਪ੍ਰਧਾਨ ਧੰਨਾ ਮੱਲ ਗੋਇਲ, ਸਕੱਤਰ ਗੁਰਮੇਲ ਸਿੰਘ ਮਾਛੀਕੇ ਅਤੇ ਸ਼ਾਮਲ ਆਗੂਆਂ ਵੱਲੋਂ ਜਥੇਬੰਦੀ ਦਾ ਝੰਡਾ ਲਹਿਰਾਇਆ ਗਿਆ ਤੇ ਇਜਲਾਸ ਦੀ ਮਹੱਤਤਾ ਸਬੰਧੀ ਬੋਲਦਿਆਂ ਕਿਹਾ ਕਿ ਇਜਲਾਸ ਸਿਰਫ਼ ਚੋਣ ਕਰਨ ਲਈ ਹੀ ਨਹੀਂ, ਸਗੋਂ ਬੀਤੇ ਸਮੇਂ ਦਾ ਮੁਲਾਂਕਣ ਕਰਕੇ ਰਹੀਆਂ ਜਥੇਬੰਦਕ ਘਾਟਾਂ ਕਮਜ਼ੋਰੀਆਂ ਨੂੰ ਦੂਰ ਕਰਨਾ ਤੇ ਪ੍ਰਾਪਤੀਆਂ ਨੂੰ ਸੰਭਾਲਦੇ ਹੋਏ ਭਵਿੱਖੀ ਯੋਜਨਾਵਾਂ ਦੀ ਕਾਰਜ ਵਿਉਂਤ ਕਰਨ ਲਈ ਕੀਤਾ ਜਾਂਦਾ ਹੈ। ਚਾਰ ਵਿਧਾਇਕਾਂ ਵੱਲੋਂ ਵਿਧਾਨ ਸਭਾ ਵਿੱਚ ਵੀ ਜਥੇਬੰਦੀ ਦੀਆਂ ਮੰਗਾਂ ਦੀ ਸਿਫ਼ਾਰਸ਼ ਸਹਿਤ ਹਮਾਇਤ ਕਰਦਿਆਂ ਟ੍ਰੇਨਿੰਗ ਦੇ ਕੇ ਮਾਨਤਾ ਦੇਣ ਦੀ ਗੱਲ ਸਰਕਾਰ ਤੱਕ ਪਹੁੰਚਾਈ ਗਈ ਸੀ, ਪ੍ਰੰਤੂ ਸਰਕਾਰ ਵੱਲੋਂ ਕੋਈ ਧਿਆਨ ਨਾ ਦੇਣ ਦੀ ਜਥੇਬੰਦੀ ਵੱਲੋਂ ਨਿੰਦਾ ਕੀਤੀ ਗਈ ਤੇ ਕਿਹਾ ਕਿ ਲੋਕ ਸਭਾ ਚੋਣਾਂ ਸਮੇਂ ਵੋਟਾਂ ਮੰਗਣ ਆਉਂਦੀਆਂ ਰਾਜਨੀਤਕ ਪਾਰਟੀਆਂ ਤੋਂ ਜ਼ਾਬਤੇ ਵਿੱਚ ਰਹਿ ਕੇ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਵਾਅਦਾ ਖਿਲਾਫ਼ੀਆਂ ਤੇ ਮੰਗਾਂ ਸਬੰਧੀ ਸਵਾਲ ਪੁੱਛੇ ਜਾਣਗੇ, ਕਿਉਂਕਿ ਜਥੇਬੰਦੀ ਦਾ ਕਿਸੇ ਵੀ ਰਾਜਨੀਤਕ ਧਿਰ ਨਾਲ ਕੋਈ ਸਬੰਧ ਨਹੀਂ, ਸਗੋਂ ਸਾਡੀ ਟੇਕ ਸਿਰਫ਼ ਤੇ ਸਿਰਫ਼ ਜਥੇਬੰਦੀ ਅਧਾਰਤ ਹੈ, ਜਿਸ ਲਈ ਭਰਾਤਰੀ ਅਤੇ ਹਮਖਿਆਲੀ ਜਥੇਬੰਦੀਆਂ ਨਾਲ ਸਾਂਝ ਨੂੰ ਹੋਰ ਮਜਬੂਤ ਕਰਨਾ ਅਜੋਕੇ ਸਮੇਂ ਦੀ ਵੱਡੀ ਲੋੜ ਹੈ।

ਜ਼ਿਲ੍ਹਾ ਸਕੱਤਰ ਭੁਪਿੰਦਰ ਸਿੰਘ ਗਿੱਲ ਵੱਲੋਂ ਰੀਵਿਊ ਰਿਪੋਰਟ ਤੇ ਵਿੱਤ ਸਕੱਤਰ ਕਸ਼ਮੀਰ ਸਿੰਘ ਵੱਲੋਂ ਵਿੱਤ ਰਿਪੋਰਟ ਪੇਸ਼ ਕੀਤੀ ਗਈ। ਦੋਨੋਂ ਰਿਪੋਰਟਾਂ ਬਹਿਸ ਉਪਰੰਤ ਸਰਬਸੰਮਤੀ ਨਾਲ ਪਾਸ ਕੀਤੀਆਂ ਗਈਆਂ।

AXIS BANK Axis Bank Ltd. : Retail Asset Center : 2nd and 3rd Floor, Property No. 7-E, Malhar Road, Saraabha Nagar, Ludhiana -141001

**[ ਰੂਲ -8(1) ] ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿਮਟਿਡ, ਰਿਟੇਲ ਐਸੇਟ ਸੈਂਟਰ, ਐੱਸ ਸੀ ਓ 367-368, ਸੈਕਟਰ 34-ਏ, ਚੰਡੀਗੜ੍ਹ-160022 ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸੇਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 (2002 ਦਾ 54) ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਸ੍ਰੀ ਰਮੇਸ਼ਵਰ ਪੁੱਤਰ ਤ੍ਰਿਭਵਨ ਨੂੰ ਰੁਪਏ 11,59,480/- (ਗਿਆਰਾਂ ਲੱਖ ਉਨਾਹਠ ਹਜ਼ਾਰ ਚਾਰ ਸੌ ਅੱਸੀ ਰੁਪਏ ਕੇਵਲ) ਸਮੇਤ ਇਸ ਇਕਰਾਰਨਾਮੇ ਦੀ ਦਰ ਦੇ ਨਾ ਵਸੂਲੇ ਵਿਆਜ ਨੋਟਿਸ ਦੀ ਪ੍ਰਾਪਤੀ ਮਿਤੀ 29/07/2020 ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੰਦਾ ਡਿਮਾਂਡ ਨੋਟਿਸ 29/07/2020 ਨੂੰ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ, ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ 24 ਅਪ੍ਰੈਲ 2024 ਨੂੰ ਕਬਜ਼ਾ ਹਾਸਲ ਕਰ ਲਿਆ ਹੈ। ਕਰਜ਼ਦਾਰ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕੀਤੇ ਜਾਣ ਦੀ ਚੇਤਾਵਨੀ ਦਿੱਤੀ ਜਾਂਦੀ ਹੈ। ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਕੀਤੀ ਸੌਦੇਬਾਜ਼ੀ ਐਕਸਿਸ ਬੈਂਕ ਲਿਮਟਿਡ, ਰਿਟੇਲ ਐਸੇਟ ਸੈਂਟਰ, ਐੱਸ ਸੀ ਓ 367-368, ਸੈਕਟਰ 34-ਏ, ਚੰਡੀਗੜ੍ਹ-160022 ਨੂੰ ਰਕਮ ਰੁਪਏ 11,59,480/- ਗਿਆਰਾਂ ਲੱਖ ਉਨਾਹਠ ਹਜ਼ਾਰ ਚਾਰ ਸੌ ਅੱਸੀ ਰੁਪਏ ਕੇਵਲ) ਅਤੇ ਇਸ 'ਤੇ ਹੋਰ ਖਰਚੇ/ਚਾਰਜਿਜ਼ ਦੀ ਵਸੂਲੀ ਹੇਠ ਹੋਵੇਗੀ।

ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਤਹਿਤ ਸਕਿਉਰਡ ਐਸੇਟਸ ਦੀ ਪ੍ਰਾਪਤੀ ਲਈ ਉਪਲੱਬਧ ਸਮੇਂ ਵੱਲ ਦਿਵਾਇਆ ਜਾਂਦਾ ਹੈ।

**ਅਚੱਲ ਜਾਇਦਾਦ ਦਾ ਵੇਰਵਾ**

ਰਿਹਾਇਸ਼ੀ ਮਕਾਨ, ਮਕਾਨ ਨੰ. 21714 (ਯੂ ਆਈ ਡੀ) ਨੰ. ਬੀ 017-02258) ਰਕਬਾ 00 ਕਨਾਲ 02 ਮਰਲਾ 00 ਸਰਸਾਈ, ਖੇਵਟ/ਖਤੌਨੀ ਨੰ. 2099/2162, 2028 ਅਤੇ ਖਸਰਾ ਨੰ. 68//9/2/2 (0-2), ਕਿੱਤਾ 01, ਕੁੱਲ ਜ਼ਮੀਨ ਰਕਬਾ 00 ਕਨਾਲ 02 ਮਰਲਾ, ਅਨੰਦ ਨਗਰ, ਪਿੰਡ ਖਰੜ, ਹੱਦਬਸਤ ਨੰ. 184, ਤਹਿਸੀਲ ਖਰੜ, ਜ਼ਿਲ੍ਹਾ ਐੱਸ ਏ ਐੱਸ ਨਗਰ, ਮੁਹਾਲੀ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਗਊਸ਼ਾਲਾ 45', ਪੱਛਮ : ਬੰਤ ਸਿੰਘ 45', ਉੱਤਰ : ਗਲੀ 11', ਦੱਖਣ : ਹੋਰ 11'

ਮਿਤੀ : 25.04.2024, ਸਥਾਨ : ਖਰੜ, ਪੰਜਾਬ ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ

# ਬਾਕਸਿੰਗ ਖਿਡਾਰਨ ਰਮਨਪ੍ਰੀਤ ਕੌਰ ਦੋਹਲਾ ਨੂੰ ਕੀਤਾ ਸਨਮਾਨਤ



**ਧੂਰੀ (ਸੁਖਦੇਵ ਧੂਰੀ)**-ਨੈਸ਼ਨਲ ਪੱਧਰ ਦੀ ਬਾਕਸਿੰਗ ਖਿਡਾਰਨ ਰਮਨਪ੍ਰੀਤ ਕੌਰ ਦੋਹਲਾ ਦਾ ਸਰਕਾਰੀ ਹਾਈ ਸਕੂਲ ਬਮਾਲ ਵਿਖੇ ਸਕੂਲ ਦੀ ਹੈਡਮਿਸਟਰੈਸ ਗਗਨਦੀਪ ਕੌਰ ਦੀ ਅਗਵਾਈ ਵਿੱਚ ਸਮੂਹ ਸਟਾਫ਼ ਤੇ ਸ਼ਹੀਦ ਭਗਤ ਸਿੰਘ ਸੋਸ਼ਿਲ ਐਂਡ ਵੈਲਫੇਅਰ ਸੁਸਾਇਟੀ ਦੇ ਸਹਿਯੋਗ ਨਾਲ ਰੂਬਰੂ ਪ੍ਰੋਗਰਾਮ ਕਰਾਇਆ ਗਿਆ।ਪ੍ਰੋਗਰਾਮ ਦੌਰਾਨ ਬਾਕਸਿੰਗ ਖਿਡਾਰਨ ਰਮਨਪ੍ਰੀਤ ਕੌਰ ਨੇ ਵਿਦਿਆਰਥੀਆਂ ਨਾਲ ਆਪਣੇ ਤਜਰਬੇ ਸਾਂਝੇ ਕੀਤੇ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਕੋਈ ਵੀ ਗੇਮ ਆਪਣੀ ਰੁਚੀ ਅਨੁਸਾਰ ਚੁਣ ਕੇ ਪੜ੍ਹਾਈ ਅਤੇ ਖੇਡਾਂ ਨੂੰ ਨਾਲ ਨਾਲ ਰੱਖ ਕੇ ਅਨੁਸ਼ਾਸ਼ਨ ਵਿੱਚ ਰਹਿ ਕੇ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਗੇਮ ਵੀ ਪੜ੍ਹਾਈ ਦੇ ਨਾਲ-ਨਾਲ ਸਕੂਲ ਸਮੇਂ ਤੋਂ ਹੀ ਸ਼ੁਰੂ ਕਰਨੀ ਚਾਹੀਦੀ ਹੈ।ਉਨ੍ਹਾਂ ਵਿਦਿਆਰਥੀਆਂ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ।ਇਸ ਮੌਕੇ ਸਕੂਲ ਦੀ ਹੈੱਡ ਮਿਸਟ੍ਰੈਸ ਗਗਨਦੀਪ ਕੌਰ ਨੇ ਰਮਨਪ੍ਰੀਤ ਕੌਰ ਨੂੰ ਉਸ ਦੀਆਂ ਪ੍ਰਾਪਤੀਆਂ ਤੇ ਉਸ ਨੂੰ ਵਧਾਈ ਦਿੱਤੀ।ਸ਼ਹੀਦ ਭਗਤ ਸਿੰਘ ਸੋਸ਼ਿਲ ਐਂਡ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਹਰਵਿੰਦਰ ਸਿੰਘ ਪਾਲ ਨੇ ਵਿਦਿਆਰਥੀਆਂ ਨੂੰ ਖੇਡਾਂ ਦੀ ਅਹਿਮੀਅਤ ਬਾਰੇ ਦੱਸਿਆ।ਉਨ੍ਹਾਂ ਨੇ ਕਿਹਾ ਕਿ ਖੇਡਾਂ ਸਰੀਰ ਦੀ ਤੰਦਰੁਸਤੀ ਲਈ ਜ਼ਰੂਰੀ ਹਨ।ਇਸ ਮੌਕੇ ਸ਼ਹੀਦ ਭਗਤ ਸਿੰਘ ਸੋਸ਼ਲ ਐਂਡ ਵੈਲਫੇਅਰ ਸੁਸਾਇਟੀ ਦੇ ਖਜ਼ਾਨਚੀ ਮਾਸਟਰ ਮਿਸਰਾ ਸਿੰਘ ਬਮਾਲ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਜੋ ਵਿਦਿਆਰਥੀ ਪੜ੍ਹਾਈ ਵਿੱਚ ਦਰਮਿਆਨਾ ਤੇ ਖੇਡਾਂ ਵਿੱਚ ਵਧੀਆ ਹੈ, ਉਸ ਦੀ ਚੋਣ ਪੀ ਸੀ ਐਸ ਵਜੋਂ ਵੀ ਖੇਡ ਕੋਟੇ ਵਿੱਚ ਹੋ ਸਕਦੀ ਹੈ।ਇਸ ਮੌਕੇ ਰਮਨਪ੍ਰੀਤ ਕੌਰ ਨੂੰ ਸ਼ਹੀਦ ਭਗਤ ਸਿੰਘ ਸੋਸ਼ਲ ਐਂਡ ਵੈਲਫੇਅਰ ਸੁਸਾਇਟੀ ਵੱਲੋਂ ਸਨਮਾਨਤ ਕੀਤਾ ਗਿਆ। ਇਸ ਮੌਕੇ ਰਮਨਪ੍ਰੀਤ ਕੌਰ ਦੋਹਲਾ ਨੂੰ ਕਨੇਡਾ ਨਿਵਾਸੀ ਪ੍ਰਮਿੰਦਰਜੀਤ ਕੌਰ ਕਨੇਡਾ ਸਪੁੱਤਰੀ ਸਰਦਾਰ ਜਸਵਿੰਦਰ ਸਿੰਘ ਏ ਐਸ ਆਈ, ਭਤੀਜੀ ਹਰਵਿੰਦਰ ਸਿੰਘ ਪਾਲ ਪ੍ਰਧਾਨ ਸ਼ਹੀਦ ਭਗਤ ਸਿੰਘ ਸੋਸ਼ਿਲ ਐਂਡ ਵੈਲਫੇਅਰ ਸੁਸਾਇਟੀ ਪਿੰਡ ਬਮਾਲ 10000/ ਰੁਪਏ ਨਕਦ ਨਾਲ ਸਨਮਾਨਤ ਕੀਤਾ ਗਿਆ।

# ਨਰਮੇ ਨੂੰ ਕਾਮਯਾਬ ਕਰਨ ਤੇ ਬਿਜਾਈ ਦਾ ਟੀਚਾ ਪੂਰਾ ਕਰਨ ਲਈ ਹਰ ਸੰਭਵ ਯਤਨ ਕੀਤੇ ਜਾਣ : ਧਰਮਪਾਲ



**ਮਾਨਸਾ (ਆਤਮਾ ਸਿੰਘ ਪਮਾਰ)**

ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਜਸਵੰਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ 'ਤੇ ਡਿਪਟੀ ਡਾਇਰੈਕਟਰ ਖੇਤੀਬਾੜੀ (ਕਪਾਹ), ਸ੍ਰੀ ਧਰਮਪਾਲ ਵੱਲੋਂ ਨਰਮੇ ਦੀ ਬਿਜਾਈ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਜ਼ਿਲ੍ਹੇ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ, ਜਿਸ ਵਿਚ ਸਮੂਹ ਖੇਤੀਬਾੜੀ ਅਫ਼ਸਰ ਤੇ ਖੇਤੀਬਾੜੀ ਵਿਕਾਸ ਅਫ਼ਸਰ ਸ਼ਾਮਲ ਹੋਏ।

ਡਿਪਟੀ ਡਾਇਰੈਕਟਰ ਖੇਤੀਬਾੜੀ (ਕਪਾਹ) ਸ੍ਰੀ ਧਰਮਪਾਲ ਨੇ ਅਧਿਕਾਰੀਆਂ ਪਾਸੋਂ ਨਰਮੇ ਦੀ ਫ਼ਸਲ ਸਬੰਧੀ ਕੀਤੇ ਗਏ ਪ੍ਰਬੰਧਾਂ ਬਾਰੇ ਜਾਣਕਾਰੀ ਹਾਸਲ ਕੀਤੀ।ਉਨ੍ਹਾਂ ਹਦਾਇਤ ਕੀਤੀ ਕਿ ਜ਼ਿਲ੍ਹੇ ਦੀਆਂ ਸਮੂਹ ਜਿਨਿੰਗ ਫੈਕਟਰੀਆਂ ਵਿੱਚ ਜੇਕਰ ਜ਼ਰੂਰਤ ਹੋਵੇ ਤਾਂ ਜ਼ਿਲ੍ਹਾ ਪ੍ਰਸ਼ਾਸਨ ਦੀ ਮਦਦ ਨਾਲ ਫਿਊਮੀਗੇਸ਼ਨ ਕਰਾਈ ਜਾਵੇ ਤੇ ਰਹਿੰਦ-ਖੂੰਹਦ ਨੂੰ ਨਸ਼ਟ ਕਰਾਇਆ ਜਾਵੇ।ਉਨ੍ਹਾਂ ਕਿਹਾ ਕਿ ਆਪਣੇ ਅਧੀਨ ਸਟਾਫ਼ ਨੂੰ ਨਰਮੇ ਵਾਲੇ ਪਿੰਡਾਂ ਦੀ ਵੰਡ ਕੀਤੀ ਜਾਵੇ ਤੇ ਹਰ ਅਧਿਕਾਰੀ/ਕ੍ਰਮਚਾਰੀ ਵੱਲੋਂ ਪਿੰਡ ਅਨੁਸਾਰ ਕੀਤੇ ਗਏ ਉਪਰਾਲਿਆਂ ਸਬੰਧੀ ਰਜਿਸਟਰ ਮੇਨਟੇਨ ਕਰਾਇਆ ਜਾਵੇ।ਉਨ੍ਹਾਂ ਕਿਹਾ ਕਿ ਨਰਮੇ ਦੀ ਸਮੇਂ ਸਿਰ ਬਿਜਾਈ ਵਾਸਤੇ ਨਹਿਰੀ ਪਾਣੀ ਦੀ ਨਿਰਵਿਘਨ ਸਪਲਾਈ ਲਈ ਸਬੰਧਤ ਵਿਭਾਗ ਨਾਲ ਤਾਲਮੇਲ ਰੱਖਿਆ ਜਾਵੇ।ਡਿਪਟੀ ਡਾਇਰੈਕਟਰ ਨੇ ਕਿਹਾ ਕਿ ਜ਼ਿਲ੍ਹੇ ਨੂੰ ਅਲਾਟ 34 ਹਜ਼ਾਰ ਹੈਕਟੇਅਰ ਦੇ ਟੀਚੇ ਨੂੰ ਹਰ ਹਾਲਤ ਵਿੱਚ ਪੂਰਾ ਕਰਨ ਲਈ ਕਿਸਾਨਾਂ ਨੂੰ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ।ਬਲਾਕ ਖੇਤੀਬਾੜੀ ਅਫ਼ਸਰ, ਮਾਨਸਾ, ਸ੍ਰੀ ਮਨੋਜ ਕੁਮਾਰ ਨੇ ਦੱਸਿਆ ਕਿ ਬਲਾਕ ਸਰਦੂਲਗੜ੍ਹ, ਮਾਨਸਾ ਤੇ ਝੁਨੀਰ ਵਿੱਚ ਨਰਮੇ ਦੀਆਂ ਛੁਟੀਆਂ ਦਾ ਮੁਕੰਮਲ ਪ੍ਰਬੰਧਨ ਕਰਾਇਆ ਜਾ ਚੁੱਕਾ ਹੈ ਤੇ ਇਨ੍ਹਾਂ ਬਲਾਕਾਂ ਵਿੱਚ ਮੌਜੂਦ ਜਿਨਿੰਗ ਫੈਕਟਰੀਆਂ ਅਤੇ ਤੇਲ ਮਿੱਲਾਂ ਵਿੱਚ ਫਿਊਮੀਗੇਸ਼ਨ ਦਾ ਕੰਮ ਵੀ ਕਰਾ ਦਿੱਤਾ ਗਿਆ ਹੈ।ਖੇਤੀਬਾੜੀ ਅਫ਼ਸਰ ਸ੍ਰੀ ਹਰਵਿੰਦਰ ਸਿੰਘ ਨੇ ਬਲਾਕ ਭੀਖੀ ਅਤੇ ਬੁਢਲਾਡਾ ਵਿੱਚ ਛਟੀਆਂ ਦੇ ਪ੍ਰਬੰਧਨ ਅਤੇ ਫਿਊਮੀਗੇਸ਼ਨ ਦਾ ਕੰਮ ਪੂਰਾ ਕਰਨ ਬਾਰੇ ਜਾਣਕਾਰੀ ਦਿੱਤੀ।ਉਨ੍ਹਾਂ ਦੱਸਿਆ ਕਿ ਨਰਮੇ ਦੀ ਫਸਲ ਨੂੰ ਚਿੱਟੀ ਮੱਖੀ ਦੇ ਹਮਲੇ ਤੋਂ ਬਚਾਉਣ ਲਈ ਜ਼ਿਲ੍ਹੇ ਅੰਦਰ ਵੱਖ-ਵੱਖ ਵਿਭਾਗਾਂ ਦੇ ਸਹਿਯੋਗ ਨਾਲ ਨਦੀਨ ਨਸ਼ਟ ਕਰਨ ਲਈ ਮੁਹਿੰਮ ਚਲਾਈ ਗਈ ਤੇ ਨਦੀਨਾਂ ਦਾ ਖਾਤਮਾ ਕਰਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਅੰਦਰ ਨਰਮੇ ਦੇ ਬੀਜ ਦੀ ਜ਼ਰੂਰਤ ਅਨੁਸਾਰ ਉਪਲੱਬਧਤਾ ਨੂੰ ਯਕੀਨੀ ਬਣਾਉਣ ਲਈ ਬੀਜ ਕੰਪਨੀਆਂ ਅਤੇ ਬੀਜ ਡੀਲਰਾਂ ਨਾਲ ਮੀਟਿੰਗਾਂ ਕਰਕੇ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ।

**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)**

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ, 2002 {54 ਆਫ 2002 }) ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਸੈਕਸ਼ਨ 13 (12) ਨਾਲ ਪੜ੍ਹੇ ਜਾਂਦੇ ਨਿਯਮ 9 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰ 1. ਸ੍ਰੀਮਤੀ ਹਰਬੰਸ ਕੌਰ ਪਤਨੀ ਸ੍ਰੀ ਰਛਪਾਲ ਸਿੰਘ ਵਾਸੀ ਡਾਕਖਾਨਾ ਫਤਿਹਗੜ੍ਹ ਪੰਜਤੂਰ, ਸੀਲੇਵਿੰਡ, ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ-142043, 2. ਸ੍ਰੀ ਰਛਪਾਲ ਸਿੰਘ ਸਪੁੱਤਰ ਬਲਵੰਤ ਸਿੰਘ, ਵਾਸੀ ਡਾਕਖਾਨਾ ਫਤਿਹਗੜ੍ਹ ਪੰਜਤੂਰ, ਸੀਲੇਵਿੰਡ, ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ-142043 (ਕਰਜ਼ਦਾਰ ਵਜੋਂ ਨਾਮਕਰਣ) ਅਤੇ ਗਰੰਟਰ ਦਾ ਨਾਂਅ 3. ਸ੍ਰੀ ਹਰਪਾਲ ਸਿੰਘ ਸਪੁੱਤਰ ਦੀਦਾਰ ਸਿੰਘ ਫਤਿਹਗੜ੍ਹ ਪੰਜਤੂਰ, ਜ਼ਿਲ੍ਹਾ ਮੋਗਾ, ਪੰਜਾਬ-142043 (ਗਰੰਟਰ ਵਜੋਂ ਨਾਮਜ਼ਦ) ਨੂੰ ਐੱਲ ਏ ਪੀ/05460200042 ਤਹਿਤ 14,41,127.30 ਦੀ ਬਕਾਇਆ ਰਕਮ ਦੀ ਇਸ ਨੋਟਿਸ ਦੇ ਪ੍ਰਕਾਸ਼ਤ ਹੋਣ ਤੋਂ ਬਾਅਦ 60 ਦਿਨਾਂ ਦੇ ਅੰਦਰ ਅਦਾਇਗੀ ਕਰਨ ਲਈ 21.11.2023 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਿਹਾ ਹੈ, ਇਸ ਲਈ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਸੈਕਸ਼ਨ 13 (4) ਨਾਲ ਪੜ੍ਹੇ ਜਾਂਦੇ ਨਿਯਮ 9 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰ, ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਐੱਲ ਏ ਪੀ.54602000042 'ਚ ਬਕਾਇਆ 14,41,127.30 ਮਿਤੀ 01.11.2023 ਤੋਂ ਭਵਿੱਖੀ ਵਿਆਜ ਸਮੇਤ ਵਸੂਲੀ ਜਾਵੇਗੀ।

**ਅਚੱਲ ਜਾਇਦਾਦ ਦਾ ਵੇਰਵਾ**

ਪ੍ਰਾਇਮਰੀ ਸਕਿਉਰਟੀ : ਰਹਿਣ ਕੀਤੀ ਜਾਇਦਾਦ ਦਾ ਉਚਿਤ ਗਿਰਵੀਨਾਮਾ : ਮਾਲਕੀ ਵਾਲੀ ਜਾਇਦਾਦ ਨਾਲ ਸੰਬੰਧਤ ਸਭ ਕੁਝ ਜਿਸ ਦਾ ਰਕਬਾ 08 ਮਰਲੇ 2 ਸਰਸਾਹੀ ਫਤਿਹਗੜ੍ਹ ਪੰਜਤੂਰ, ਤਹਿਸੀਲ ਧਰਮਕੋਟ, ਸ੍ਰੀਮਤੀ ਹਰਬੰਸ ਕੌਰ ਪਤਨੀ ਰਛਪਾਲ ਸਿੰਘ ਦੇ ਨਾਂਅ ਹੈ, ਦਾ ਸੇਲ ਡੀਡ ਨੰ. 3974 ਮਿਤੀ 09/11/2011

ਮਿਤੀ : 24.04.2024 ਸਥਾਨ : ਮੋਗਾ (ਅਧਿਕਾਰਤ ਅਫਸਰ)

# ਮਾਰਕਫੈੱਡ ਪੰਜਾਬ ਦੇ ਮੈਨੇਜਿੰਗ ਡਾਇਰੈਕਟਰ ਵੱਲੋਂ ਦਾਣਾ ਮੰਡੀ 'ਚ ਖਰੀਦ ਪ੍ਰਬੰਧਾਂ ਦੀ ਸਮੀਖਿਆ



**ਮੋਗਾ (ਇਕਬਾਲ ਸਿੰਘ ਖਹਿਰਾ)**

ਜ਼ਿਲ੍ਹਾ ਮੋਗਾ ਵਿੱਚ ਕਣਕ ਦੇ ਖ਼ੀਦ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਮਾਰਕਫੈੱਡ ਪੰਜਾਬ ਦੇ ਮੈਨੇਜਿੰਗ ਡਾਇਰੈਕਟਰ ਸ੍ਰੀ ਗਿਰੀਸ਼ ਦਿਆਲਨ ਆਈ.ਏ.ਐਸ. ਵੱਲੋਂ ਮੋਗਾ ਮੰਡੀ ਦਾ ਸਪੈਸ਼ਲ ਦੌਰਾ ਕੀਤਾ। ਉਨ੍ਹਾਂ ਵੱਲੋਂ ਕਿਸਾਨਾਂ, ਆੜ੍ਹਤੀਆਂ ਤੇ ਮਜ਼ਦੂਰਾਂ ਨਾਲ ਗੱਲਬਾਤ ਕੀਤੀ ਤੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ। ਜ਼ਿਲ੍ਹਾ ਮੋਗਾ ਵਿੱਚ ਖਰੀਦ ਦੇ ਪ੍ਰਬੰਧਾਂ ਉੱਪਰ ਉਨ੍ਹਾਂ ਵੱਲੋਂ ਸੰਤੁਸ਼ਟੀ ਪ੍ਰਗਟਾਈ ਤੇ ਕਿਸਾਨਾਂ, ਆੜ੍ਹਤੀਆਂ ਅਤੇ ਮਜ਼ਦੂਰਾਂ ਨਾਲ ਗੱਲਬਾਤ ਵੀ ਕੀਤੀ।

ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਵੀ ਪ੍ਰਕਾਰ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ ਸਾਰੀਆਂ ਮੰਡੀਆਂ ਖਰੀਦ ਦੇ ਵਿੱਚ ਯੋਗ ਪ੍ਰਬੰਧ ਕੀਤੇ ਗਏ ਹਨ। ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਮੋਗਾ ਕੁਲਵੰਤ ਸਿੰਘ, ਜ਼ਿਲ੍ਹਾ ਮੈਨੇਜਰ ਮਾਰਕਫੈਡ ਬਲਦੀਪ ਸਿੰਘ, ਸਹਾਇਕ ਖੁਰਾਕ ਸਪਲਾਈ ਅਫ਼ਸਰ ਗੁਰਲਾਲ ਸਿੰਘ, ਨਿਰੀਖਕ ਜਗਦੀਪ ਸਿੰਘੂ, ਡਿਪਟੀ ਜ਼ਿਲ੍ਹਾ ਮੰਡੀ ਅਫ਼ਸਰ ਅਮਨਪ੍ਰੀਤ ਸਿੰਘ ਤੇ ਹੋਰ ਹਾਜ਼ਰ ਸਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹੇ ਦੀਆਂ ਸਾਰੀਆਂ 155 ਮੰਡੀਆਂ ਵਿੱਚ ਪੁਖਤਾ ਖ਼ੀਦ ਪ੍ਰਬੰਧ ਕੀਤੇ ਗਏ ਹਨ। ਕਿਸਾਨਾਂ ਨੂੰ ਜ਼ਿਲ੍ਹੇ ਦੀ ਕਿਸੇ ਵੀ ਮੰਡੀ ਵਿੱਚ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਵੱਲੋਂ ਆੜ੍ਹਤੀਆਂ ਤੇ ਮਜ਼ਦੂਰਾਂ ਨਾਲ ਵੀ ਖ਼ੀਦ ਪ੍ਰਬੰਧਾਂ ਬਾਰੇ ਵਿਚਾਰ ਵਟਾਂਦਰਾ ਕੀਤਾ। ਡਿਪਟੀ ਕਮਿਸ਼ਨਰ ਵੱਲੋਂ ਅਜੀਤਵਾਲ ਤੇ ਡਾਲਾ ਦਾਣਾ ਮੰਡੀਆਂ ਦਾ ਵੀ ਦੌਰਾ ਕੀਤਾ। ਡਿਪਟੀ ਕਮਿਸ਼ਨਰ ਵੱਲੋਂ ਰੱਬੀ ਸੀਜ਼ਨ 2024-25 ਦੇ ਸਬੰਧ ਵਿੱਚ ਕੀਤੇ ਗਏ ਪ੍ਰਬੰਧਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਮੋਗਾ ਵਿੱਚ ਇਸ ਸਾਲ ਪਿਛਲੇ ਸਾਲ ਦੇ ਮੁਕਾਬਲੇ ਪ੍ਰਤੀ ਹੈਕਟੇਅਰ 54 ਕੁਇੰਟਲ ਕਣਕ ਦੀ ਪੈਦਾਵਾਰ ਹੋਣ ਦੀ ਸੰਭਾਵਨਾ ਹੈ। ਪਿਛਲੇ ਸਾਲ ਇਹ ਪੈਦਾਵਾਰ ਪ੍ਰਤੀ ਹੈਕਟੇਅਰ 49 ਕੁਇੰਟਲ ਦਰਜ ਕੀਤੀ ਗਈ ਸੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹੇ ਦੀਆਂ ਕੁੱਲ 155 ਮੰਡੀਆਂ ਵਿੱਚ ਅੰਦਾਜ਼ਨ 693201 ਮੀਟਰਕ ਟਨ ਕਣਕ ਆਮਦ ਆਉਣ ਦੀ ਸੰਭਾਵਨਾ ਹੈ, ਜਿਸ ਲਈ ਸਮੂਹ ਖਰੀਦ ਏਜੰਸੀਆਂ ਵਿਚਕਾਰ ਇਨ੍ਹਾਂ ਮੰਡੀਆਂ ਦੀ ਅਲਾਟਮੈਂਟ ਕਰ ਦਿੱਤੀ ਗਈ ਹੈ। ਸਮੂਹ ਖਰੀਦ ਏਜੰਸੀਆਂ ਨੂੰ 24331 ਗੱਠਾਂ ਦੀ ਜ਼ਰੂਰਤ ਹੈ ਤੇ ਏਜੰਸੀਵਾਈਜ਼ ਇਹ ਬਾਰਦਾਨਾ/ਗੱਠਾਂ ਉਪਲੱਬਧ ਹਨ। ਵਿਭਾਗ ਵੱਲੋਂ 2275 ਰੁਪਏ ਪ੍ਰਤੀ ਕੁਇੰਟਲ ਮੁੱਲ ਨਿਰਧਾਰਤ ਕੀਤਾ ਗਿਆ ਹੈ। ਸਹਾਇਕ ਖੁਰਾਕ ਤੇ ਸਪਲਾਈ ਕੰਟਰੋਲਰ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਹੁਣ ਤੱਕ 125084 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ, ਜਿਸ ਵਿੱਚੋਂ 100479 ਮੀਟ੍ਰਿਕ ਟਨ ਭਾਵ 80 ਫੀਸਦੀ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ। ਲਿਫ਼ਟਿੰਗ ਦਾ ਕੰਮ ਤੇਜ਼ੀ ਨਾਲ ਚਲਾਇਆ ਜਾ ਰਿਹਾ ਹੈ। ਕਣਕ ਦੀ ਸਰਕਾਰੀ ਖਰੀਦ ਲਈ ਡਿਪਟੀ ਕਮਿਸ਼ਨਰ ਵੱਲੋਂ ਕਿਸਾਨਾਂ ਨੂੰ ਸੁੱਕੀ ਕਣਕ ਮੰਡੀਆਂ ਵਿੱਚ ਲਿਆਉਣ ਦੀ ਅਪੀਲ ਕੀਤੀ।

# ਚੋਣਾਂ ਵਾਲੇ ਦਿਨ ਦੁਕਾਨਦਾਰ ਵੋਟਾਂ ਪਾ ਕੇ ਹੀ ਦੁਕਾਨਾਂ ਖੋਲ੍ਹਣ : ਰਾਜ ਕੁਮਾਰ ਚੁੱਘ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ)**

ਲੋਕ ਸਭਾ ਚੋਣਾਂ 2024 ਦੀ ਚਰਚਾ ਪੂਰੇ ਜੋਬਨ 'ਤੇ ਹੈ। ਸਾਰੇ ਪਾਸੇ ਚੋਣ ਚਰਚਾ ਦਾ ਮਾਹੌਲ ਹੈ। ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਨੇ ਆਪਣੇ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਰਾਹੀਂ ਆਮ ਵੋਟਰਾਂ ਨੂੰ ਵੋਟ ਪ੍ਰਤੀ ਜਾਗ੍ਰਿਤ ਕਰਨ ਲਈ ਗੱਲਬਾਤ ਕੀਤੀ ਹੈ।

ਇਸ ਮੰਤਵ ਲਈ ਢੋਸੀਵਾਲ ਨੇ ਉਮਰਦਰਾਜ ਵੋਟਰਾਂ ਨਾਲ ਮੁਲਾਕਾਤ ਕੀਤੀ।ਕਰੀਬ 80 ਸਾਲ ਦੀ ਉਮਰ ਹੰਢਾ ਚੁੱਕੇ ਰਾਜ ਕੁਮਾਰ ਚੁੱਘ (ਰਾਜਾ ਮੱਲ੍ਹਣ ਵਾਲਾ) ਨੇ ਮਿਸ਼ਨ ਦੇ ਮਾਧਿਅਮ ਤੋਂ ਆਮ ਦੁਕਾਨਦਾਰਾਂ ਨੂੰ ਚੋਣਾਂ ਵਾਲੇ ਦਿਨ ਆਪਣੀ ਵੋਟ ਭੁਗਤਾ ਕੇ ਹੀ ਦੁਕਾਨਾਂ ਖੋਲ੍ਹਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਵੋਟ ਪਾਉਣਾ ਸਾਡਾ ਕਾਨੂੰਨੀ ਅਧਿਕਾਰ ਹੈ।ਸਾਨੂੰ ਇਸ ਦੀ ਹਰ ਹਾਲਤ ਵਰਤੋਂ ਕਰਨੀ ਚਾਹੀਦੀ ਹੈ।ਇਸੇ ਉਮਰ ਦੇ ਸੀਨੀਅਰ ਵੋਟਰ ਜਗਦੀਸ਼ ਕੁਮਾਰ ਕਥੂਰੀਆ ਨੇ ਸਮੂਹ ਵੋਟਰਾਂ ਨੂੰ ਆਪਣੀ ਵੋਟ ਦੇ ਸਹੀ ਅਤੇ ਜਾਇਜ਼ ਤਰੀਕੇ ਨਾਲ ਵਰਤੋਂ ਕਰਨ ਦੀ ਅਪੀਲ ਕੀਤੀ ਹੈ।ਵੋਟਾਂ ਵੇਲੇ ਕਿਸੇ ਵੀ ਵੋਟਰ ਨੂੰ ਕੋਈ ਵੀ ਲਾਲਚ ਨਹੀਂ ਕਰਨਾ ਚਾਹੀਦਾ।ਪ੍ਰਧਾਨ ਢੋਸੀਵਾਲ ਨੇ ਦੱਸਿਆ ਹੈ ਕਿ ਉਨ੍ਹਾਂ ਨੇ ਕਰੀਬ 82 ਸਾਲ ਦੇ ਰੂਪ ਚੰਦ ਅਰੋੜਾ ਨਾਲ ਵੀ ਗੱਲਬਾਤ ਕੀਤੀ।ਰੂਪ ਚੰਦ ਨੇ ਸਮੂਹ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਵੋਟ ਦੇ ਅਧਿਕਾਰ ਦੀ ਵਰਤੋਂ ਕਰਕੇ ਹੀ ਅਸੀਂ ਆਪਣਾ ਸੰਵਿਧਾਨਕ ਹੱਕ ਅਦਾ ਕਰ ਸਕਾਂਗੇ।ਵੋਟ ਹੀ ਅਸਲ ਵਿਚ ਮਜਬੂਤ ਲੋਕਤੰਤਰ ਦੀ ਨੀਂਹ ਰੱਖਦੀ ਹੈ।ਇਸੇ ਤਰ੍ਹਾਂ ਉਮਰ ਦਰਾਜ ਵੋਟਰ ਲਾਜਵੰਤੀ ਨੇ ਔਰਤ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਉਂਦੀਆਂ ਚੋਣਾਂ ਵਾਲੇ ਦਿਨ ਪਹਿਲੀ ਜੂਨ ਨੂੰ ਸਭ ਤੋਂ ਪਹਿਲਾਂ ਆਪਣੀ ਵੋਟ ਪਾਉਣ ਦਾ ਫਰਜ਼ ਹੀ ਅਦਾ ਕਰਨ।

**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)**

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ, 2002 {54 ਆਫ 2002 }) ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਸੈਕਸ਼ਨ 13 (12) ਨਾਲ ਪੜ੍ਹੇ ਜਾਂਦੇ ਨਿਯਮ 9 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 22-11-2023 ਨੂੰ ਜਾਰੀ ਡਿਮਾਂਡ ਨੋਟਿਸ ਰਾਹੀਂ ਕਰਜ਼ਦਾਰ 1. ਸ੍ਰੀ ਜਸਵੰਤ ਸਿੰਘ ਥਿੰਦ ਪੁੱਤਰ ਇਕਬਾਲ ਸਿੰਘ ਵਾਸੀ ਅਲਾਬਾਦ ਵਸਤੀ, ਫਤਿਹਗੜ੍ਹ ਪੰਜਤੂਰ, ਕੋਟ ਈਸੇ ਖਾਂ, ਮੋਗਾ ਪੰਜਾਬ 142043, 2. ਸ੍ਰੀਮਤੀ ਪਰਮਜੀਤ ਕੌਰ ਪਤਨੀ ਸ੍ਰੀ ਜਸਵੰਤ ਸਿੰਘ ਵਾਸੀ ਅਲਾਬਾਦ ਵਸਤੀ, ਫਤਿਹਗੜ੍ਹ ਪੰਜਤੂਰ, ਮੋਗਾ, ਪੰਜਾਬ-142043 (ਕਰਜ਼ਦਾਰ ਵੱਲੋਂ ਨਾਮਜ਼ਦ) ਅਤੇ ਗਰੰਟਰ 3. ਸ੍ਰੀ ਦਲਬੀਰ ਸਿੰਘ ਪੁੱਤਰ ਗੁਰਚਰਨ ਸਿੰਘ ਵਾਸੀ ਪਿੰਡ ਕਿਲੀ ਗਾਂਧਰਾ, ਮੋਗਾ ਕਾਦਰਵਾਲਾ, ਪੰਜਾਬ-142043, 4. ਸ੍ਰੀ ਇਕਬਾਲ ਸਿੰਘ ਪੁੱਤਰ ਉੱਤਮ ਸਿੰਘ ਵਾਸੀ ਅਲਾਬਾਦ ਵਸਤੀ, ਫਤਿਹਗੜ੍ਹ ਪੰਜਤੂਰ, ਕੋਟ ਈਸੇ ਖਾਂ, ਮੋਗਾ ਪੰਜਾਬ-142043 (ਗਰੰਟਰ ਵਜੋਂ ਹਵਾਲਾ) ਨੂੰ ਐੱਚ ਐੱਲ 05461100020 ਰਾਹੀਂ ਹਾਊਸਿੰਗ ਲੋਨ ਰਕਮ ਦਾ ਬਕਾਇਆ 15,25,826 ਇਸ ਨੋਟਿਸ ਦੇ ਮਿਲਣ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਾਉਣ ਲਈ ਕਿਹਾ ਜਾਂਦਾ ਹੈ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਿਹਾ ਹੈ, ਇਸ ਲਈ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਸੈਕਸ਼ਨ 13 (4) ਨਾਲ ਪੜ੍ਹੇ ਜਾਂਦੇ ਨਿਯਮ 9 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰ, ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਐੱਚ ਐੱਲ/05461100020 'ਚ ਬਕਾਇਆ 15,25,826 ਮਿਤੀ 01.11.2023 ਤੋਂ ਭਵਿੱਖੀ ਵਿਆਜ ਸਮੇਤ ਵਸੂਲੀ ਜਾਵੇਗੀ।

**ਅਚੱਲ ਜਾਇਦਾਦ ਦਾ ਵੇਰਵਾ**

ਪ੍ਰਾਇਮਰੀ ਸਕਿਉਰਟੀ : ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਮਾਲਕੀ ਵਾਲੀ ਜਾਇਦਾਦ ਨਾਲ ਸੰਬੰਧਤ ਸਭ ਕੁਝ ਜਿਸ ਦਾ ਰਕਬਾ 12 ਮਰਲੇ ਵਸਤੀ ਅਲਾਬਾਦ ਵਾਰਡ ਨੰ. 3. ਫਤਿਹਗੜ੍ਹ ਪੰਜਤੂਰ ਜ਼ਿਲ੍ਹਾ ਮੋਗਾ ਜਸਵੰਤ ਸਿੰਘ ਪੁੱਤਰ ਇਕਬਾਲ ਸਿੰਘ ਦੇ ਨਾਂਅ ਹੈ, ਦਾ ਤਬਾਦਲਾ ਡੀਡ ਵਸੀਕਾ ਨੰ. 2021-22/136/1/712 ਮਿਤੀ 30/07/2021

ਮਿਤੀ : 24.04.2024 ਸਥਾਨ : ਮੋਗਾ (ਅਧਿਕਾਰਤ ਅਫਸਰ)

# ਐਮ ਐਸ ਕੇ ਡੇ ਬੋਰਡਿੰਗ ਸਕੂਲ ਕੋਟਲੀ ਜੰਡ ਦਾ ਤਿੰਨ ਦਿਨਾਂ ਖੇਡ ਮੇਲਾ ਸੰਪੰਨ



**ਟਾਂਡਾ ਉੜਮੁੜ (ਓਂਕਾਰ ਸਿੰਘ, ਜਸਵਿੰਦਰ ਸੰਧੂ)** ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਐਮ ਐਸ ਕੇ ਡੇ ਬੋਰਡਿੰਗ ਸਕੂਲ ਕੋਟਲੀ ਜੰਡ ਦੀਆਂ ਤਿੰਨ ਦਿਨਾਂ ਖੇਡਾਂ ਦੇ ਅੰਤਿਮ ਦਿਨ ਖਿਡਾਰੀਆਂ ਦੇ ਦਿਲ ਖਿਚਵੇ ਮੁਕਾਬਲੇ ਹੋਏ ਜਿਸ ਦੌਰਾਨ ਓਵਰ ਆਲ ਟਰਾਫੀ 'ਤੇ ਦਸ਼ਮੇਸ਼ ਹਾਊਸ ਨੇ ਕਬਜ਼ਾ ਕਰਕੇ ਆਪਣੀ ਖੇਡ ਦਾ ਲੋਹਾ ਮਨਵਾਇਆ ਜਦੋਂ ਕਿ ਦੂਸਰਾ ਨੰਬਰ ਕਿਰਪਾਲ ਹਾਊਸ ਨੇ ਪ੍ਰਾਪਤ ਕੀਤਾ।ਇਹਨਾਂ ਤਿੰਨ ਦਿਨਾਂ ਖੇਡ ਮੇਲੇ ਦੌਰਾਨ ਸਕੂਲ ਦੇ ਵਿਦਿਆਰਥੀਆਂ ਨੇ ਇਨਡੋਰ ਖੇਡਾਂ ਵਿੱਚ ਸ਼ਤਰੰਜ, ਟੇਬਲ ਟੈਨਿਸ, ਕੈਰਮ ਬੋਰਡ ਵਿੱਚ ਵਧੀਆ ਪ੍ਰਦਰਸ਼ਨ ਕੀਤਾ ਅਤੇ ਦੂਜੇ ਪਾਸੇ ਕਬੱਡੀ, ਖੋ ਖੋ, ਵਾਲੀਬਾਲ, ਬੈਡਮਿੰਟਨ ਅਤੇ ਬਾਸਕਟ ਬਾਲ ਦੇ ਮੁਕਾਬਲੇ ਕਰਵਾਏ ਗਏ। ਇਹਨਾਂ ਖੇਡਾਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਸਕੂਲ ਮੈਨੇਜਮੈਂਟ ਵੱਲੋਂ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।ਖੇਡਾਂ ਦੇ ਅੰਤਿਮ ਦਿਨ ਆਯੋਜਿਤ ਸਨਮਾਨ ਸਮਾਰੋਹ ਵਿੱਚ ਸਕੂਲ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ, ਆਮ ਆਦਮੀ ਪਾਰਟੀ ਦੇ ਪ੍ਰਮੁੱਖ ਆਗੂ ਅਤੇ ਬੇਟ ਖੇਤਰ ਦੇ ਪ੍ਰਧਾਨ ਰਜਿੰਦਰ ਸਿੰਘ ਮਾਰਸ਼ਲ ਨੇ ਜੇਤੂ ਰਹੇ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਕੀਤੀ। ਪ੍ਰਿੰਸੀਪਲ ਪਰਵਿੰਦਰ ਕੌਰ ਨੇ ਕਿਹਾ ਕਿ ਉਹਨਾਂ ਦੇ ਸਕੂਲ ਦੇ ਵਿਦਿਆਰਥੀ ਬਲਾਕ ਜ਼ਿਲ੍ਹਾ ਅਤੇ ਰਾਜ ਪੱਧਰ 'ਤੇ ਜੇਤੂ ਰਹਿ ਕੇ ਸਨਮਾਨ ਹਾਸਲ ਕਰ ਚੁੱਕੇ ਹਨ। ਉਹਨਾਂ ਦੱਸਿਆ ਕਿ ਇਸ ਵਾਰ ਨੈਸ਼ਨਲ ਕਿੱਕ ਬਾਕਸਿੰਗ ਵਿੱਚ ਉਹਨਾਂ ਦੀ ਸਕੂਲ ਵਿਦਿਆਰਥਣ ਨੇ ਗੋਲਡ ਮੈਡਲ ਪ੍ਰਾਪਤ ਕਰਕੇ ਸਕੂਲ ਦਾ ਨਾਮ ਰਾਸ਼ਟਰੀ ਪੱਧਰ 'ਤੇ ਰੋਸ਼ਨ ਕੀਤਾ ਹੈ।ਇਸ ਮੌਕੇ ਸਕੂਲ ਸਟਾਫ ਵਿੱਚ ਕੋਚ ਕਸ਼ਿਸ਼ ਗਿੱਲ, ਮਨਮੋਹਨ ਸਿੰਘ, ਲਖਬੀਰ ਸਿੰਘ, ਅਮਨਦੀਪ ਸਿੰਘ, ਨਰਿੰਦਰ ਕੌਰ, ਗੁਰਸਰਨ ਕੌਰ, ਰਜਨੀ ਬਾਲਾ, ਪ੍ਰਭਜੋਤ ਕੌਰ, ਰਜਿੰਦਰ ਕੌਰ, ਆਗਿਆ ਕੌਰ, ਮਨਦੀਪ ਕੌਰ ਦੇ ਨਾਂ ਵਰਨਣ ਯੋਗ ਹਨ। ਮੰਚ ਦਾ ਸੰਚਾਲਨ ਮੈਡਮ ਬਵਿਤਾ ਸ਼ਰਮਾ ਨੇ ਬਾਖੂਬੀ ਨਿਭਾਇਆ।

# ਗੁਰੂ ਨਾਨਕ ਮਿਸ਼ਨ ਹਸਪਤਾਲ ਨੂੰ ਭੋਗਲ ਪਰਵਾਰ ਵੱਲੋਂ ਐਂਬੂਲੈਂਸ ਭੇਟ



**ਬੰਗਾ (ਅਵਤਾਰ ਕਲੇਰ)** ਬੰਗਾ ਦੇ ਭੋਗਲ ਪਰਵਾਰ ਵੱਲੋਂ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਨੂੰ ਅਧੁਨਿਕ ਤਕਨੀਕ ਦੀਆਂ ਸਹੂਲਤਾਂ ਵਾਲੀ ਐਂਬੂਲੈਂਸ ਪ੍ਰਦਾਨ ਕੀਤੀ ਗਈ।ਇਹ ਕਾਰਜ ਟਰੱਸਟ ਦੇ ਦਫ਼ਤਰ ਸੁਪਰਡੈਂਟ ਮਹਿੰਦਰਪਾਲ ਸਿੰਘ ਦੀ ਪ੍ਰੇਰਨਾ ਨਾਲ ਕਰਨੈਲ ਸਿੰਘ ਭੋਗਲ ਦੀ ਨਿੱਘੀ ਯਾਦ ਵਿੱਚ ਉਹਨਾਂ ਦੀ ਪਤਨੀ ਬੀਬੀ ਸਤਨਾਮ ਕੌਰ, ਪੁੱਤਰ ਪਲਵਿੰਦਰ ਸਿੰਘ ਭੋਗਲ ਅਤੇ ਪੋਤਰੇ ਪ੍ਰਭਦੀਪ ਸਿੰਘ ਭੋਗਲ ਵਲੋਂ ਕੀਤਾ ਗਿਆ।ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਅਤੇ ਮੀਤ ਪ੍ਰਧਾਨ ਬਰਜਿੰਦਰ ਸਿੰਘ ਢਾਹਾਂ ਨੇ ਭੋਗਲ ਪਰਵਾਰ ਦੇ ਇਸ ਸਮਾਜ ਸੇਵੀ ਕਾਰਜ ਦੀ ਭਰਪੂਰ ਸ਼ਲਾਘਾ ਕੀਤੀ।ਇਸ ਮੌਕੇ ਪਲਵਿੰਦਰ ਸਿੰਘ ਭੋਗਲ ਨੇ ਕਿਹਾ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦਾ ਪੇਂਡੂ ਖਿੱਤੇ ਵਿੱਚ ਰਿਆਇਤੀ ਦਰਾਂ 'ਤੇ ਮੈਡੀਕਲ ਸੇਵਾਵਾਂ ਪ੍ਰਦਾਨ ਕਰਦਿਆਂ 40 ਵਰ੍ਹੇ ਦਾ ਸਫ਼ਰ ਸਫ਼ਲਤਾਪੂਰਵਕ ਤਹਿ ਕਰਨਾ ਸ਼ਲਾਘਾਯੋਗ ਹੈ।ਇਸ ਕਾਰਜ ਲਈ ਬੀਬੀ ਹਰਭਜਨ ਕੌਰ ਨੌਤਾ, ਹਰਦੀਪ ਸਿੰਘ ਕੰਗੋਲਾ, ਸੁਰਿੰਦਰ ਸਿੰਘ ਭੋਗਲ, ਬੀਬੀ ਕੁਲਵਿੰਦਰ ਕੌਰ, ਮਨਮਿੰਦਰ ਕੌਰ ਭੋਗਲ, ਬੀਬੀ ਤਜਿੰਦਰ ਕੌਰ, ਹਰਦੀਪ ਸਿੰਘ ਭੰਵਰਾ, ਰਣਜੀਤ ਕੌਰ ਭੰਵਰਾ, ਸੁਖਦੇਵ ਸਿੰਘ ਸ਼ੀਰਾ, ਮਨਮੀਤ ਸਿੰਘ, ਵਰਿੰਦਰ ਕੌਰ ਅਸਟਰੇਲੀਆ, ਜਸਦੀਪ ਸਿੰਘ ਭੋਗਲ, ਨਵਨੀਤ ਕੌਰ ਭੋਗਲ ਨਿਊਜ਼ੀਲੈਂਡ, ਮੈਡਮ ਤਜਿੰਦਰ ਕੌਰ ਸ਼ੀਰਾ, ਮੈਡਮ ਸਿਮਰਪ੍ਰੀਤ ਕੌਰ ਆਦਿ ਵੀ ਸ਼ਾਮਲ ਸਨ।

# ਦਸਵੀਂ ਕਲਾਸ 'ਚੋਂ ਮੈਰਿਟ 'ਚ ਆਉਣ ਵਾਲੇ ਵਿਦਿਆਰਥੀ ਸਨਮਾਨਿਤ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਓਂਕਾਰ ਸਿੰਘ)**-ਗੁਰੂ ਨਾਨਕ ਮਿਸ਼ਨ ਹਸਪਤਾਲ ਟਰੱਸਟ ਅਧੀਨ ਚੱਲ ਰਹੇ ਗੁਰੂ ਨਾਨਕ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਝਾਵਾਂ ਵਿਖੇ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ। ਪ੍ਰਿੰਸੀਪਲ ਰਜਿੰਦਰ ਕੁਮਾਰੀ ਦੀ ਦੇਖ-ਰੇਖ ਹੇਠ ਹੋਏ ਇਸ ਇਨਾਮ ਵੰਡ ਸਮਾਰੋਹ ਦੌਰਾਨ ਟਰਸਟ ਦੇ ਪ੍ਰਧਾਨ ਗੁਰਬਖਸ਼ ਸਿੰਘ ਜੁਨੇਜਾ, ਜਨਰਲ ਸਕੱਤਰ ਸੁਰਿੰਦਰ ਸਿੰਘ, ਜੁਆਇੰਟ ਸਕੱਤਰ ਦਵਿੰਦਰ ਪਾਲ, ਸਿੰਘ ਤੇ ਜਨਰਲ ਮੈਨੇਜਰ ਪਰਮਿੰਦਰ ਸਿੰਘ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਦਸਵੀਂ ਕਲਾਸ ਦੇ ਨਤੀਜੇ ਦੌਰਾਨ ਮੈਰਿਟ ਸੂਚੀ ਵਿੱਚ ਸਥਾਨ ਹਾਸਲ ਕਰਨ ਵਾਲੇ ਸਕੂਲ ਦੇ ਤਿੰਨ ਵਿਦਿਆਰਥੀਆਂ ਤਨਵੀਰ ਕੌਰ, ਗੁਰਕਿਰਨ ਸਿੰਘ ਅਤੇ ਪ੍ਰਦੀਪ ਕੌਰ ਨੂੰ 10-10 ਹਜ਼ਾਰ ਦਾ ਨਗਦ ਰਾਸ਼ੀ ਤੇ ਸਨਮਾਨ ਚਿੰਨ੍ਹ ਭੇਟ ਕਰਦੇ ਹੋਏ ਸਨਮਾਨਿਤ ਕੀਤਾ। ਇਸ ਮੌਕੇ ਸਕੂਲ ਮੈਨੇਜਰ ਬਲਵੀਰ ਸਿੰਘ ਤੇ ਪ੍ਰਿੰਸੀਪਲ ਰਾਜਕੁਮਾਰੀ ਨੇ ਦੱਸਿਆ ਕਿ ਕਿ 5000 ਦੀ ਇਨਾਮੀ ਰਾਸ਼ੀ ਪ੍ਰਧਾਨ ਗੁਰਬਖਸ਼ ਸਿੰਘ ਵੱਲੋਂ ਅਤੇ 5000 ਰੁਪਏ ਦੀ ਇਨਾਮੀ ਰਾਸ਼ੀ ਸਕੂਲ ਮੈਨੇਜਮੈਂਟ ਵੱਲੋਂ ਦਿੱਤੀ ਗਈ ਹੈ। ਇਸ ਤੋਂ ਇਲਾਵਾ 500 ਜਾਂ ਇਸ ਤੋਂ ਉੱਪਰ ਅੰਕ ਪ੍ਰਾਪਤ ਕਰਨੇ ਵਾਲੇ ਵਿਦਿਆਰਥੀਆਂ ਨੂੰ ਪ੍ਰਧਾਨ ਗੁਰਬਖਸ਼ ਸਿੰਘ ਵੱਲੋਂ 3000 ਰੁਪਏ ਅਤੇ ਦੂਸਰੇ ਤੀਸਰੇ ਸਥਾਨ 'ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ 2-2 ਹਜ਼ਾਰ ਰੁਪਏ ਦੀ ਦੀ ਨਗਦ ਰਾਸ਼ੀ ਤੇ ਸਨਮਾਨ ਚਿੰਨ੍ਹ ਭੇਟ ਕਰਕੇ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕੀਤੀ ਗਈ ਹੈ।ਮੈਨੇਜਰ ਬਲਵੀਰ ਸਿੰਘ ਨੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਪਹੁੰਚੀਆਂ ਸਾਰੀਆਂ ਸ਼ਖਸ਼ੀਅਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਰਜਵੰਤ ਕੌਰ, ਇਸ਼ੂ ਵਰਮਾ, ਰੁਪਿੰਦਰ ਕੌਰ, ਗੁਰਜੀਤ ਕੌਰ, ਸਾਈਨਾ, ਮੈਡਮ ਸੰਵੇਦਨਾ ਉੱਪਲ, ਜਤਿੰਦਰ ਕੌਰ ਵੀ ਮੌਜੂਦ ਸਨ।

# ਵਿਸ਼ਵ ਮਲੇਰੀਆ ਦਿਵਸ ਮਨਾਇਆ




ਸੰਬੋਧਨ ਕਰਦੇ ਹੋਏ ਅਮਨਦੀਪ ਸਿੰਘ, ਮੰਚ 'ਤੇ ਬੈਠੇ ਡਾ. ਦਵਿੰਦਰਪਾਲ ਸਿੰਘ ਤੇ ਹੋਰ।

**ਸ਼ਾਹਕੋਟ (ਗਿਆਨ ਸੈਦਪੁਰੀ)** 25 ਅਪ੍ਰੈਲ ਨੂੰ ਦੁਨੀਆ ਭਰ ਵਿਚ ਵਿਸ਼ਵ ਮਲੇਰੀਆ ਦਿਵਸ ਮਨਾਇਆ ਜਾਂਦਾ ਹੈ। ਏਸੇ ਕੜੀ ਤਹਿਤ ਸੀ ਐਚ ਸੀ ਸ਼ਾਹਕੋਟ ਵੱਲੋਂ ਡਾ. ਦਵਿੰਦਰਪਾਲ ਸਿੰਘ ਐਸ ਐਮ ਓ ਦੀ ਪ੍ਰਧਾਨਗੀ ਹੇਠ ਸਰਕਾਰੀ ਹਾਈ ਸਕੂਲ ਕੋਟਲਾ ਸੂਰਜ ਮੱਲ ਵਿਖੇ ਇਕ ਭਾਸ਼ਣ ਮੁਕਾਬਲਾ ਅਤੇ ਕੁਵਿਜ ਮੁਕਾਬਲਾ ਕਰਵਾਇਆ ਗਿਆ।ਭਾਸ਼ਣ ਮੁਕਾਬਲੇ ਵਿਚੋਂ ਨਵਦੀਪ ਪਹਿਲੇ, ਓਂਕਾਰ ਸਿੰਘ ਦੂਸਰੇ ਅਤੇ ਅੰਜਲੀ ਤੀਸਰੇ ਸਥਾਨ 'ਤੇ ਰਹੇ। ਇਸ ਮੌਕੇ ਡਾ. ਦਵਿੰਦਰਪਾਲ ਸਿੰਘ ਨੇ ਦੱਸਿਆ ਕਿ ਮਲੇਰੀਆ ਦਾ ਮੱਛਰ ਪਾਣੀ ਵਾਲੀਆਂ ਥਾਵਾਂ 'ਤੇ ਪਲਦਾ ਹੈ।ਜਦੋਂ ਮਾਦਾ ਐਨੋਫਲੀਜ਼ ਲੜਦੀ ਹੈ ਤਾਂ ਇਹ ਮਲੇਰੀਆ ਦਾ ਕਾਰਨ ਬਣਦੀ ਹੈ।ਇਸ ਤੋਂ ਬਚਾ ਲਈ ਸਾਨੂੰ ਪੂਰੇ ਸਰੀਰ ਨੂੰ ਢੱਕ ਕੇ ਰੱਖਣਾ ਚਾਹੀਦਾ ਹੈ।ਜੇਕਰ ਕਿਸੇ ਨੂੰ ਕਾਂਬੇ ਨਾਲ ਬੁਖਾਰ ਹੁੰਦਾ ਹੈ ਤਾਂ ਉਸ ਤਰੁੰਤ ਇਸ ਦੀ ਜਾਂਚ ਕਰਵਾਉਣੀ ਚਾਹੀਦੀ ਹੈ।ਜੋ ਕਿ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਹੁੰਦੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਵੀਰ ਸਿੰਘ, ਸੁਖਪਾਲ ਸਿੰਘ ਹੈਲਥ ਸੁਪਰਵਾਈਜ਼ਰ, ਅੰਮ੍ਰਿਤਪਾਲ, ਰਵਿੰਦਰ ਰਵੀ ਹੈਲਥ ਵਰਕਰ, ਕਮਲਜੀਤ ਕੌਰ ਏ ਐਨ ਐਮ , ਪ੍ਰਿੰਸ ਸਕੂਲ ਮੁਖੀ, ਸਤਨਾਮ ਸਿੰਘ, ਪੂਨਮ ਸਰਹਣ, ਨੀਤੂ, ਗੀਤੂ ਅਤੇ ਕਰਨਜੀਤ ਕੌਰ ਆਦਿ ਸਕੂਲ ਟੀਚਰ ਮੌਜੂਦ ਸਨ।ਸਿਹਤ ਵਿਭਾਗ ਵੱਲੋਂ ਅਮਨਦੀਪ ਸਿੰਘ ਨੇ ਸਕੂਲ ਸਟਾਫ ਅਤੇ ਬੱਚਿਆਂ ਦਾ ਧੰਨਵਾਦ ਕੀਤਾ।

# ਇਫਟੂ ਪੰਜਾਬ ਵੱਲੋਂ ਕਿਰਤੀਆਂ ਨੂੰ 138ਵਾਂ ਮਈ ਦਿਵਸ ਮਨਾਉਣ ਦਾ ਸੱਦਾ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਭਾਜਪਾ ਦੇ ਸੱਤਾ ਵਿੱਚ ਆਉਣ ਦੇ ਇਨ੍ਹਾਂ 10 ਸਾਲਾਂ ਦੌਰਾਨ ਭਾਜਪਾ ਨੇ ਜਨਤਕ ਖੇਤਰ ਦੇ ਅਦਾਰਿਆਂ ਅਤੇ ਦੌਲਤ ਦਾ ਨਿੱਜੀਕਰਨ ਕੀਤਾ ਹੈ।ਰੱਖਿਆ, ਟਰਾਂਸਪੋਰਟ, ਪਾਵਰ, ਨੇਵਲ, ਕੋਲਾ, ਸੇਲ, ਗੇਲ, ਹਵਾਬਾਜ਼ੀ, ਪ੍ਰਮਾਣੂ, ਏਰੋਸਪੇਸ, ਰੇਲਵੇ, ਬੀਮਾ, ਬੀ.ਐਸ.ਐਨ.ਐਲ., ਗੈਸ, ਤੇਲ) ਇਸ ਨੇ ਦੇਸ਼ ਦੇ ਜਨਤਕ ਖੇਤਰ ਦੇ ਉਦਯੋਗਾਂ ਦੇ ਵੱਖ-ਵੱਖ ਖੇਤਰਾਂ ਨੂੰ 24% ਤੋਂ 100% ਤੱਕ ਸੌਂਪਿਆ ਹੈ।ਇਹ ਵਿਚਾਰ ਪ੍ਰਗਟ ਕਰਦਿਆਂ ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ) ਪੰਜਾਬ ਦੇ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ ਅਤੇ ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ ਨੇ ਸੂਬੇ ਦੀਆਂ ਸਾਰੀਆਂ ਇਫਟੂ ਇਕਾਈਆਂ ਨੂੰ ਕੌਮਾਂਤਰੀ ਮਜ਼ਦੂਰ ਦਿਵਸ ਮਨਾਉਣ ਦਾ ਸੱਦਾ ਦਿੱਤਾ ਹੈ।ਉਹਨਾਂ ਕਿਹਾ ਕਿ ਕਾਰਪੋਰੇਟ ਨੂੰ ਸਰਕਾਰ, ਜਿਸ ਨੇ ਕਿਰਤੀਆਂ ਦਾ ਜੀਵਨ ਪੱਧਰ ਉੱਚਾ ਚੁੱਕਣਾ ਹੈ, ਪੱਕੀ ਨੌਕਰੀਆਂ ਨੂੰ ਖਤਮ ਕਰ ਰਹੀ ਹੈ। ਪੀ.ਐਫ., ਈ.ਐਸ.ਆਈ., ਪੈਨਸ਼ਨ, ਘੱਟੋ-ਘੱਟ ਉਜਰਤਾਂ, ਸਿੱਖਿਆ, ਮੈਡੀਕਲ ਸਹੂਲਤਾਂ, ਰਾਖਵਾਂਕਰਨ ਖਤਮ ਕਰ ਦਿੱਤਾ ਗਿਆ ਹੈ ਅਤੇ ਜ਼ਰੂਰੀ ਸੇਵਾਵਾਂ ਕਾਰਪੋਰੇਟ ਸੈਕਟਰਾਂ ਨੂੰ ਸੌਂਪ ਦਿੱਤੀਆਂ ਗਈਆਂ ਹਨ। ਆਰਥਿਕ ਅਸਮਾਨਤਾ ਵਧੀ ਹੈ।29 ਕਿਰਤ ਕਾਨੂੰਨ ਜਿਨ੍ਹਾਂ ਲਈ ਮਜ਼ਦੂਰ ਜਮਾਤ ਨੇ ਲੜਾਈ ਲੜੀ ਸੀ, ਕਾਰਪੋਰੇਟ ਦੇ ਹੱਕ ਵਿੱਚ ਲਿਆਂਦੇ ਗਏ ਹਨ ਅਤੇ ਚਾਰ ਕੋਡਾਂ ਵਿੱਚ ਬਦਲ ਦਿੱਤੇ ਗਏ ਹਨ।ਇਸ ਕੇਂਦਰ ਸਰਕਾਰ ਵੱਲੋਂ 45 ਕਰੋੜ ਮਜ਼ਦੂਰ ਵਰਗ ਦੇ ਹੱਕਾਂ ਦਾ ਮੌਤ ਦਾ ਵਾਰੰਟ ਲਿਖਿਆ ਗਿਆ ਹੈ।ਭਾਜਪਾ-ਆਰ ਐਸ ਐਸ ਮੋਦੀ ਸਰਕਾਰ ਕੱਟੜ ਫਾਸ਼ੀਵਾਦੀ ਹਮਲਿਆਂ ਵਿਰੁੱਧ ਲੜ ਰਹੇ ਲੋਕਾਂ ਅਤੇ ਮਜ਼ਦੂਰ ਵਰਗ ਦੇ ਹੱਕਾਂ 'ਤੇ ਲਗਾਤਾਰ ਹਮਲੇ ਕਰ ਰਹੀ ਹੈ।ਮਜ਼ਦੂਰਾਂ ਦੇ ਹੱਕਾਂ ਦੀ ਰਾਖੀ ਨਹੀਂ ਕੀਤੀ ਜਾਂਦੀ। ਸੀਏਏ, ਯੂ ਸੀ ਸੀ ਅਤੇ ਹੋਰ ਕਦਮਾਂ ਦੇ ਨਾਮ 'ਤੇ ਇਹ ਦੇਸ਼ ਵਿੱਚ ਧਾਰਮਿਕ ਨਫ਼ਰਤ ਨੂੰ ਭੜਕਾ ਰਹੀ ਹੈ।ਮਜ਼ਦੂਰ ਜਮਾਤ ਨੂੰ ਸ਼ਿਕਾਗੋ ਦੇ ਸ਼ਹੀਦਾਂ ਦੀਆਂ ਕੁਰਬਾਨੀਆਂ ਦੀ ਭਾਵਨਾ ਨਾਲ ਲੜਨਾ ਚਾਹੀਦਾ ਹੈ।

# ਸੱਗਰਾਂਵਾਲੀ ਪ੍ਰਾਇਮਰੀ ਸਕੂਲ ਦੀ ਬਿਹਤਰੀ ਲਈ ਹਰ ਸੰਭਵ ਯਤਨ ਕਰਾਂਗੇ : ਧਨੋਆ



**ਭੋਗਪੁਰ ( ਗੁਰਪ੍ਰੀਤ ਸਿੰਘ ਭੋਗਲ)** ਚਾਹੇ ਸਾਨੂੰ ਪਿੰਡ ਛੱਡ ਕੇ ਵਿਦੇਸ਼ ਗਿਆ ਨੂੰ ਕਈ ਦਹਾਕੇ ਹੋ ਗਏ ਹਨ ਫਿਰ ਵੀ ਆਪਣੇ ਪਿੰਡ ਦੀ ਯਾਦ ਸਾਡੇ ਦਿਲ ਵਿੱਚ ਵਸੀ ਹੈ।ਵਿਸ਼ੇਸ਼ ਤੌਰ 'ਤੇ ਪ੍ਰਾਇਮਰੀ ਸਕੂਲ ਦੀ ਕੀਤੀ ਪੜ੍ਹਾਈ ਨੂੰ ਅਸੀਂ ਆਪਣੇ ਚੇਤਿਆ 'ਚੋਂ ਕਦੀ ਨਹੀਂ ਵਿਸਾਰ ਸਕਦੇ, ਇਹਨਾਂ ਥਾਵਾਂ ਤੋਂ ਹੀ ਸਾਡੀ ਮੁਢਲੀ ਸਿੱਖਿਆ ਸ਼ੁਰੂ ਹੁੰਦੀ ਹੈ, ਇਸ ਲਈ ਸਕੂਲ ਦੀ ਬੇਹਤਰੀ ਲਈ ਜਿੰਨਾ ਵੀ ਹੋ ਸਕੇਗਾ ਸਾਡਾ ਪਰਵਾਰ ਹਰ ਸੰਭਵ ਯਤਨ ਕਰਦਾ ਰਹੇਗਾ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸਰਕਾਰੀ ਪ੍ਰਾਇਮਰੀ ਸਕੂਲ ਸੱਗਰਾਂਵਾਲੀ ਵਿਖੇ ਇੱਕ ਸਾਦੇ ਸਮਾਗਮ ਦੌਰਾਨ ਪ੍ਰਵਾਸੀ ਭਾਰਤੀ ਕਰਮਜੀਤ ਧਨੋਆ ਯੂ.ਕੇ. ਨੇ ਆਪਣੀ ਪੰਜਾਬ ਫੇਰੀ ਦੌਰਾਨ ਕੀਤਾ। ਧਨੋਆ ਪਰਿਵਾਰ ਵੱਲੋਂ ਪਹਿਲਾਂ ਵੀ ਸਕੂਲ ਵਿੱਚ ਸੇਵਾ ਕੀਤੀ ਸੀ ਅਤੇ ਹੁਣ ਵੀ ਆਪਣੀ ਨੇਕ ਕਮਾਈ ਵਿੱਚੋਂ ਸਕੂਲ 'ਚ ਇਨਵਰਟਰ ਲਗਵਾ ਕੇ ਦਿੱਤਾ ਅਤੇ ਨਾਲ ਹੀ ਸਕੂਲ ਦੇ ਸਾਰੇ ਵਿਦਿਆਰਥੀਆਂ ਫ਼ਲ ਅਤੇ ਸਟੇਸ਼ਨਰੀ ਵੀ ਦਿੱਤੀ। ਸਕੂਲ ਇੰਚਾਰਜ ਵਿਰੇਂਦਰ ਸਿੰਘ ਅਤੇ ਸਮੂਹ ਸਟਾਫ਼ ਵੱਲੋਂ ਕਰਮਜੀਤ ਧਨੋਆ ਨੂੰ ਯਾਦਗਾਰੀ ਚਿੰਨ੍ਹ ਦਿੰਦੇ ਹੋਏ ਉਹਨਾਂ ਵੱਲੋਂ ਕੀਤੇ ਇਸ ਉੱਦਮ ਲਈ ਸ਼ਲਾਘਾ ਕੀਤੀ।ਇਸ ਮੌਕੇ ਇਸੇ ਸਕੂਲ 'ਚੋਂ ਪੜ੍ਹਾ ਕੇ ਗਏ ਸੇਵਾ ਮੁਕਤ ਅਧਿਆਪਕ ਓਂਕਾਰ ਸਿੰਘ ਨੇ ਵੀ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਇਸ ਨੇਕ ਕਾਰਜ ਦੀ ਪ੍ਰਸ਼ੰਸ਼ਾ ਕੀਤੀ।ਇਸ ਮੌਕੇ ਸਕੂਲ ਅਧਿਆਪਕਾ ਮੈਡਮ ਬਲਵਿੰਦਰ ਕੌਰ, ਬਰਜਿੰਦਰਜੀਤ ਸਿੰਘ, ਮਲਵਿੰਦਰ ਕੌਰ ਗਿੱਲ, ਮੈਡਮ ਜੋਗਿੰਦਰ ਕੌਰ, ਸ਼੍ਰੀਮਤੀ ਅਮਰਜੀਤ ਕੌਰ, ਸ਼੍ਰੀਮਤੀ ਸੀਤਲ ਕੌਰ ਅਤੇ ਮਹਿੰਦਰ ਕੌਰ ਹਾਜ਼ਰ ਸਨ।ਇਸ ਮੌਕੇ ਸਕੂਲ ਇੰਚਾਰਜ ਵਰਿੰਦਰ ਸਿੰਘ ਵੱਲੋਂ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ।

# ਡਿਪਟੀ ਕਮਿਸ਼ਨਰ ਵੱਲੋਂ ਕਣਕ ਦੀ ਖ਼ਰੀਦ ਤੇ ਲਿਫਟਿੰਗ 'ਚ ਤੇਜ਼ੀ ਲਿਆਉਣ ਦੀ ਹਦਾਇਤ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਮਾਹਿਲਪੁਰ ਦਾਣਾ ਮੰਡੀ ਤੇ ਮਾਰਕਫੈਡ ਗੋਦਾਮ ਦੀ ਚੈਕਿੰਗ ਕਰਦਿਆਂ ਸਬੰਧਤ ਅਧਿਕਾਰੀਆਂ ਤੇ ਖ਼ਰੀਦ ਏਜੰਸੀਆਂ ਨੂੰ ਨਿਰਦੇਸ਼ ਦਿੱਤੇ ਕਿ ਜ਼ਿਲ੍ਹੇ ਦੀਆਂ ਮੰਡੀਆਂ 'ਚ ਪਹੁੰਚੀ ਕਣਕ ਦੀ ਖ਼ਰੀਦ ਤੇ ਲਿਫਟਿੰਗ 'ਚ ਤੇਜ਼ੀ ਲਿਆਂਦੀ ਜਾਵੇ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੀਆਂ ਮੰਡੀਆਂ 'ਚ ਹੁਣ ਤੱਕ 35237 ਮੀਟ੍ਰਿਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ ਅਤੇ 35154 ਮੀਟ੍ਰਿਕ ਟਨ ਕਣਕ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੁਣ ਤੱਕ ਪਨਗਰੇਨ ਵੱਲੋਂ 12987 ਮੀਟ੍ਰਿਕ ਟਨ, ਮਾਰਕਫੈਡ ਵੱਲੋਂ 4897, ਪਨਸਪ ਵੱਲੋਂ 7206, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਵੱਲੋਂ 6323, ਐਫ.ਸੀ.ਆਈ ਵੱਲੋਂ 2921 ਅਤੇ ਵਪਾਰੀਆਂ ਵਲੋਂ 820 ਮੀਟ੍ਰਿਕ ਟਨ ਕਣਕ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਖ਼ਰੀਦ ਕੀਤੀ ਗਈ ਕਣਕ ਲਈ ਕਿਸਾਨਾਂ ਨੂੰ 51.80 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ।

## ਵੋਟਰ ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ

**ਮੋਹਾਲੀ (ਗੁਰਜੀਤ ਬਿੱਲਾ)** ਡਿਪਟੀ ਕਮਿਸ਼ਨਰ ਮੁਹਾਲੀ ਸ੍ਰੀਮਤੀ ਆਸ਼ਿਕਾ ਜੈਨ ਦੀਆਂ ਹਦਾਇਤਾਂ 'ਤੇ ਮੁਹਾਲੀ ਜਿਲ੍ਹੇ 'ਚ ਸਥਿਤ ਵੱਖ-ਵੱਖ ਬੈਂਕਾਂ 'ਚ ਸਵੀਪ ਤਹਿਤ ਮੈਗਾ ਵੋਟਰ ਜਾਗਰੂਕਤਾ ਮੁਹਿੰਮ ਚਲਾਈ ਗਈ। ਇਸ ਮੁਹਿੰਮ ਦੀ ਸ਼ੁਰੂਆਤ ਪੰਜਾਬ ਨੈਸ਼ਨਲ ਬੈਂਕ, ਸਾਖਾ, ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਸੈਕਟਰ 76, ਮੁਹਾਲੀ ਤੋਂ ਏ ਡੀ ਸੀ (ਜ) ਵਿਰਾਜ ਐਸ ਤਿੜਕੇ ਨੇ ਸਟਿੱਕਰ/ਪੋਸਟਰ ਮੁਹਿੰਮ ਚਲਾ ਕੇ ਕੀਤੀ, ਜੋ ਕਿ ਮੁਹਾਲੀ ਜਿਲ੍ਹੇ ਦੇ ਸਾਰੇ ਏ ਟੀ ਐਮਜ਼ 'ਤੇ ਲਾਏ ਜਾਣਗੇ। ਇਸ ਤੋਂ ਇਲਾਵਾ ਪਾਸ ਬੁੱਕ ਅਤੇ ਬੈਂਕ ਫਾਰਮਾਂ 'ਤੇ ਇਲੈਕਸ਼ਨ ਮਾਸਕੌਟ-ਸ਼ੇਰਾ ਵਾਲੇ ਸੰਦੇਸ਼ਾਂ ਦੀ ਮੋਹਰ ਵੀ ਲਾਈ ਜਾਵੇਗੀ। ਇਸ ਸਮਾਗਮ ਵਿੱਚ ਡਿਪਟੀ ਸਰਕਲ ਹੈੱਡ ਪੀ ਐਨ ਬੀ ਸੰਜੀਤ ਕੌਂਡਲ, ਲੀਡ ਜਿਲ੍ਹਾ ਮੈਨੇਜਰ ਮੁਹਾਲੀ ਐਮ ਕੇ ਭਾਰਦਵਾਜ ਅਤੇ ਬਰਾਂਚ ਮੈਨੇਜਰ ਸੁਮਨ ਸਹਿਗਲ ਤੋਂ ਇਲਾਵਾ ਸਵੀਪ ਟੀਮ ਮੁਹਾਲੀ 'ਚੋਂ ਸੰਜੇ ਕੁਮਾਰ ਚੋਣ ਤਹਿਸੀਲਦਾਰ ਅਤੇ ਗੁਰਬਖਸੀਸ ਸਿੰਘ ਜਿਲ੍ਹਾ ਨੋਡਲ ਅਫਸਰ ਸਵੀਪ ਗਤੀਵਿਧੀਆਂ ਵੀ ਮੌਜੂਦ ਸਨ। ਉਨ੍ਹਾਂ ਦੱਸਿਆ ਕਿ ਡੀ ਏ ਸੀ ਬਰਾਂਚ ਵਿਖੇ ਮੁੱਖ ਸਮਾਗਮ ਤੋਂ ਇਲਾਵਾ ਬੈਂਕ ਆਫ ਬੜੌਦਾ ਫੇਜ 9, ਮੁਹਾਲੀ, ਬੈਂਕ ਆਫ ਇੰਡੀਆ ਫੇਜ 9, ਮੁਹਾਲੀ, ਯੂਨੀਅਨ ਬੈਂਕ ਆਫ ਇੰਡੀਆ ਫੇਜ 5, ਮੁਹਾਲੀ, ਯੂਕੋ ਬੈਂਕ ਫੇਜ 1, ਮੁਹਾਲੀ ਅਤੇ ਸਹਿਕਾਰੀ ਬੈਂਕ ਫੇਜ 2, ਮੋਹਾਲੀ ਵਿਖੇ ਜਿਲ੍ਹਾ ਸਵੀਪ ਟੀਮ ਦੁਆਰਾ ਅਜਿਹੇ ਸਮਾਗਮ ਕਰਵਾਏ ਗਏ ਹਨ।

## ਸਕੂਲ ਦੇ ਬੱਚਿਆਂ ਨੂੰ ਕਾਪੀਆਂ ਵੰਡੀਆਂ

**ਫਿਲੌਰ ( ਨਿਰਮਲ)** ਪਿੰਡ ਮੁਠੱਡਾ ਕਲਾਂ ਦੇ ਪ੍ਰਾਇਮਰੀ ਸਕੂਲ 'ਚ ਐਨ ਆਰ ਆਈ ਬਰਦਰਜ਼ ਚੈਰੀਟੇਬਲ ਸੁਸਾਇਟੀ ਮੁਠੱਡਾ ਕਲਾਂ ਵੱਲੋਂ ਸਕੂਲ ਦੇ ਬੱਚਿਆਂ ਨੂੰ ਕਾਪੀਆਂ ਦੀ ਵੰਡ ਕੀਤੀ ਗਈ।ਇਸ ਸੁਸਾਇਟੀ ਵਲੋਂ ਹਾਲ 'ਚ ਹੀ ਮਾਤਾ ਸਵਿੱਤਰੀ ਬਾਈ ਫੂਲੇ ਸਟਡੀ ਸੈਂਟਰ ਵੀ ਆਰੰਭ ਕੀਤਾ ਗਿਆ ਹੈ, ਜਿਸ 'ਚ ਸਕੂਲੀ ਬੱਚੇ, ਸਕੂਲ ਸਮੇਂ ਤੋਂ ਬਾਅਦ ਆਪਣਾ ਹੋਮ ਵਰਕ ਕਰਨ ਦੇ ਨਾਲ ਨਾਲ ਹੋਰ ਉਸਾਰੂ ਸਰਗਰਮੀਆਂ 'ਚ ਵੀ ਹਿੱਸਾ ਲੈਂਦੇ ਹਨ। ਸਕੂਲ 'ਚ ਕਾਪੀਆਂ ਦੀ ਵੰਡ ਕਰਨ ਵੇਲੇ ਸਕੂਲ ਕਮੇਟੀ ਦੇ ਚੇਅਰਮੈਨ ਜਸਵੰਤ ਕੁਮਾਰ, ਤਰਲੋਚਨ ਮੁਠੱਡਾ, ਆਸ਼ਾ ਰਾਣੀ, ਸਰੋਜ ਰਾਣੀ, ਜਗਦੀਸ਼ ਚੰਦਰ, ਬੂਟਾ ਰਾਮ, ਵਿਜੈ ਮਹਿਮੀ, ਡਾ. ਸਰਬਜੀਤ ਮੁਠੱਡਾ, ਸਕੂਲ ਮੁਖੀ ਮਿਸ ਜੋਤੀ ਬਾਂਸਲ, ਹਰਪ੍ਰੀਤ ਸਿੰਘ, ਮਿਸ ਵਿਸ਼ਾਲੀ, ਰਜਨੀਸ਼ ਅਗਰਵਾਲ, ਸੰਦੀਪ ਕੁਮਾਰ ਆਦਿ ਹਾਜ਼ਰ ਸਨ। ਸਕੂਲ ਮੁਖੀ ਨੇ ਸੁਸਾਇਟੀ ਦੇ ਉੱਦਮ ਲਈ ਧੰਨਵਾਦ ਕਰਦਿਆਂ ਆਸ ਪ੍ਰਗਟਾਈ ਕਿ ਇਸ ਤਰ੍ਹਾਂ ਹੀ ਸਕੂਲ ਲਈ ਸਹਿਯੋਗ ਜਾਰੀ ਰਹੇਗਾ। ਇਥੇ ਇਹ ਵੀ ਵਰਨਣਯੋਗ ਹੈ ਕਿ ਇਸ ਸੁਸਾਇਟੀ ਵਲੋਂ ਇੱਕ ਸਾਲ ਲਈ ਤਿੰਨ ਟੀਚਰਾਂ ਲਈ ਸੇਵਾ ਫ਼ਲ ਵੀ ਭੇਜਿਆ ਗਿਆ ਸੀ।

## ਅਸ਼ਵਨ ਭੱਲਾ ਦੇ ਗ੍ਰਿਹ ਵਿਖ਼ੇ ਪਹੁੰਚੇ ਚਰਨਜੀਤ ਸਿੰਘ ਚੰਨੀ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)** ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਭੋਗਪੁਰ ਕਾਂਗਰਸ ਦੇ ਸੀਨੀਅਰ ਲੀਡਰ ਅਸ਼ਵਨ ਭੱਲਾ ਦੇ ਗ੍ਰਿਹ ਵਿਖ਼ੇ ਪਹੁੰਚੇ ਜੋ ਜਲੰਧਰ ਤੋਂ ਲੋਕ ਸਭਾ ਚੋਣ ਵੀ ਲੜ ਰਹੇ ਹਨ।ਇਸ ਮੌਕੇ ਅਸ਼ਵਨ ਭੱਲਾ ਨੇ ਕਿਹਾ ਕਿ ਚਰਨਜੀਤ ਸਿੰਘ ਚੰਨੀ ਬਹੁਤ ਹੀ ਸੂਝਵਾਨ ਅਤੇ ਇਮਾਨਦਾਰ ਇਨਸਾਨ ਹਨ।ਉਨ੍ਹਾਂ ਕਿਹਾ ਜਲੰਧਰ ਤੋਂ ਉਹਨਾਂ ਨੂੰ ਚੋਣ ਲੜਨ ਦਾ ਮੌਕਾ ਮਿਲਿਆ ਹੈ।ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਬਹੁਤ ਹੀ ਭਾਗਾਸ਼ਾਲੀ ਇਨਸਾਨ ਸਮਝਦੇ ਹਨ। ਇਸ ਮੌਕੇ ਉਹਨਾਂ ਨੇ ਲੋਕਾਂ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ।ਭੱਲਾ ਪਰਵਾਰ ਵੱਲੋਂ ਚਰਨਜੀਤ ਸਿੰਘ ਚੰਨੀ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਸੁਖਵਿੰਦਰ ਸਿੰਘ ਕੋਟਲੀ ਵਿਧਾਇਕ ਹਲਕਾ ਆਦਮਪੁਰ, ਰਾਜਕੁਮਾਰ ਭੱਲਾ, ਅਸ਼ਵਨ ਭੱਲਾ, ਹਨੀ ਜੋਸ਼ੀ,ਐਮਸੀ ਭੋਗਪੁਰ ਮਨੀਸ਼ ਅਰੋੜਾ, ਐਮਸੀ ਜਸਪਾਲ ਸਿੰਘ, ਕਮਲ ਮੁਲਤਾਨੀ, ਸੌਰਵ ਉੱਪਲ, ਸੋਨੀ ਗਰਾਇਆ, ਹੈਪੀ ਮਾਣਕਰਾਈ, ਸੰਤ ਪ੍ਰਕਾਸ਼, ਪਵਨ ਡੱਲੀ, ਸੰਦੀਪ, ਰਕੇਸ਼ ਭੱਲਾ, ਦੀਪਾ, ਅਮਿਤ ਭਾਰਦਵਾਜ, ਸੋਨੀ ਅਰੋੜਾ,ਪਾਲਾ ਅਰੋੜਾ ਆਦਿ ਹਾਜ਼ਰ ਸਨ।

## ਹੁਸ਼ਿਆਰਪੁਰ ਹਲਕੇ ਤੋਂ ਭਾਰੀ ਅੰਤਰ ਨਾਲ ਜਿੱਤ ਹਾਸਲ ਕਰਨਗੇ ਠੰਡਲ : ਫਤਿਹ, ਬਸਰਾ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਸ਼੍ਰੋਮਣੀ ਅਕਾਲੀ ਦਲ (ਬ) ਵਲੋਂ ਤਿੰਨ ਵਾਰ ਵਿਧਾਇਕ ਅਤੇ ਇਕ ਵਾਰ ਕੈਬਨਿਟ ਮੰਤਰੀ ਰਹਿ ਚੁੱਕੇ ਸਾਫ ਸੁਥਰੇ ਅਕਸ ਵਾਲੇ ਲੋਕ ਸਭਾ ਹੁਸ਼ਿਆਰਪੁਰ ਤੋਂ ਉਮੀਦਵਾਰ ਸੋਹਣ ਸਿੰਘ ਠੰਡਲ ਇਨ੍ਹਾਂ ਚੋਣਾਂ ਵਿਚ ਭਾਰੀ ਬਹੁਮਤ ਨਾਲ ਜਿੱਤ ਹਾਸਲ ਕਰਨਗੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਯੂਥ ਅਕਾਲੀ ਦਲ ਦੇ ਸੀਨਿਅਰ ਆਗੂ ਰਣਜੀਤ ਸਿੰਘ ਫਤਿਹ ਅਤੇ ਇੰਦਰਜੀਤ ਸਿੰਘ ਬਸਰਾ ਨੇ ਇੱਥੇ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਅਤੇ ਕੇਂਦਰ ਦੀਆਂ ਸਰਕਾਰਾਂ ਤੋਂ ਲੋਕਾਂ ਦਾ ਮੋਹ ਭੰਗ ਹੋ ਚੁੱਕਾ ਹੈ। ਸਰਕਾਰ ਦੀਆਂ ਗ਼ਲਤ ਨੀਤੀਆਂ ਕਾਰਨ ਵਧੀ ਹੋਈ ਮਹਿੰਗਾਈ ਨੇ ਮੱਧ ਵਰਗੀ ਤੇ ਗਰੀਬ ਲੋਕਾਂ ਦਾ ਜੀਣਾ ਮੁਹਾਲ ਕੀਤਾ ਹੋਇਆ ਹੈ। ਇਸੇ ਕਰਕੇ ਲੋਕ ਆਪ ਮੁਹਾਰੇ ਸ਼੍ਰੋਮਣੀ ਅਕਾਲੀ ਦਲ (ਬ) ਦਾ ਸਾਥ ਦੇਣ ਲਈ ਪੱਬਾਂ ਭਾਰ ਹੋ ਗਏ ਹਨ। ਯੂਥ ਅਕਾਲੀ ਆਗੂਆਂ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਫਗਵਾੜਾ ਤੋਂ ਸੋਹਣ ਸਿੰਘ ਠੰਡਲ ਨੂੰ ਭਾਰੀ ਲੀਡ ਦੁਆਉਣ ਲਈ ਯੂਥ ਅਕਾਲੀ ਦਲ ਅਹਿਮ ਰੋਲ ਅਦਾ ਕਰੇਗਾ ਅਤੇ ਪਾਰਟੀ ਉਮੀਦਵਾਰ ਦੀ ਜਿੱਤ ਨੂੰ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਗਿਣਤੀ ਵਿਚ ਯੂਥ ਅਕਾਲੀ ਦਲ ਨਾਲ ਜੁੜਨ ਅਤੇ ਪੰਜਾਬ ਦੀ ਇਕਲੌਤੀ ਖੇਤਰੀ ਪਾਰਟੀ ਨੂੰ ਮਜਬੂਤ ਕਰਨ ਤਾਂ ਕਿ ਇਨ੍ਹਾਂ ਲੋਕ ਸਭਾ ਵਿਚ ਸ਼੍ਰੋਮਣੀ ਅਕਾਲੀ ਦਲ ਇਕ ਲਹਿਰ ਬਣਕੇ ਉਭਰੇ ਅਤੇ ਪੰਜਾਬ ਤੇ ਪੰਜਾਬੀਅਤ ਦਾ ਭਵਿੱਖ ਸੁਨਹਿਰਾ ਹੋ ਸਕੇ।

# ਐਮ ਏ-2 (ਹਿੰਦੀ) ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦਿੱਤੀ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਸਰਕਾਰੀ ਕਾਲਜ, ਹੁਸ਼ਿਆਰਪੁਰ ਦੇ ਐਮ.ਏ-1 ਦੇ ਹਿੰਦੀ ਵਿਦਿਆਰਥੀਆਂ ਨੇ ਐਮ.ਏ-2 ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦਿੱਤੀ। ਇਹ ਪਾਰਟੀ ਹਿੰਦੀ ਵਿਭਾਗ ਦੇ ਸਟਾਫ ਮੈਂਬਰਾਂ ਮੁਖੀ ਵਿਜੇ ਕੁਮਾਰ, ਅਸਿਸਟੈਂਟ ਪ੍ਰੋਫੈਸਰ ਸਰੋਜ ਸ਼ਰਮਾ, ਜਸਵਿੰਦਰ ਕੌਰ, ਨੀਤੀ ਸ਼ਰਮਾ ਅਤੇ ਤਜਿੰਦਰ ਕੌਰ ਦੇ ਸਹਿਯੋਗ ਨਾਲ ਦਿੱਤੀ ਗਈ। ਇਸ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਕਾਲਜ ਦੇ ਪ੍ਰਿੰਸੀਪਲ ਅਨੀਤਾ ਸਾਗਰ ਹਾਜ਼ਰ ਹੋਏ। ਉਹਨਾਂ ਵਿਦਿਆਰਥੀਆਂ ਨੂੰ ਇੱਕ ਮੁਕਾਮ 'ਤੇ ਪਹੁੰਚਣ 'ਤੇ ਵਧਾਈ ਦਿੱਤੀ ਅਤੇ ਉਹਨਾਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ। ਹਿੰਦੀ ਵਿਭਾਗ ਦੇ ਮੁਖੀ ਵਿਜੇ ਕੁਮਾਰ ਨੇ ਵਿਦਿਆਰਥੀਆਂ ਨੂੰ ਅਨੁਸ਼ਾਸਨ ਦੇ ਮਹੱਤਵ ਦੀ ਜਾਣਕਾਰੀ ਦਿੱਤੀ। ਇਸ ਮੌਕੇ ਵਿਦਿਆਰਥੀਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕੀਤਾ ਗਿਆ। ਐਮ.ਏ-2 ਦੇ ਵਿਦਿਆਰਥੀਆਂ ਵਿੱਚ ਉਹ ਭਾਵਨਾਤਮਕ ਰੂਪ ਦੇਖਣ ਨੂੰ ਮਿਲਿਆ ਜਿਸ ਨੂੰ ਭੁਲਾ ਪਾਉਣਾ ਸੰਭਵ ਨਹੀਂ ਹੈ। ਐਮ.ਏ-2 ਦੇ ਵਿਦਿਆਰਥੀਆਂ ਨੂੰ ਇੱਕ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਐਮ.ਏ-2 ਦੇ ਵਿਦਿਆਰਥੀਆਂ ਨਾਲ ਕਾਲਜ ਦੇ ਪ੍ਰਿੰਸੀਪਲ ਅਨੀਤਾ ਸਾਗਰ, ਹਿੰਦੀ ਵਿਭਾਗ ਦੇ ਮੁੱਖੀ ਵਿਜੇ ਕੁਮਾਰ, ਸਰੋਜ ਸ਼ਰਮਾ, ਜਸਵਿੰਦਰ ਕੌਰ, ਨੀਤੀ ਸ਼ਰਮਾ ਅਤੇ ਤਜਿੰਦਰ ਕੌਰ ਨੇ ਯਾਦਗਾਰੀ ਫੋਟੋ ਖਿਚਵਾਈ।

# ਜਾਵੇਦ ਅਖਤਰ ਨੇ ਐੱਲ ਪੀ ਯੂ ਦੇ ਮੀਡੀਆ ਫੈਸਟ ਐਕਸਪ੍ਰੈਸ਼ਨ ਦਾ ਕੀਤਾ ਆਗਾਜ਼




**ਜਲੰਧਰ (ਸ਼ੈਲੀ ਐਲਬਰਟ)**:- ਬਾਲੀਵੁੱਡ ਦੇ ਬਹੁਤ ਹੀ ਮੰਨੇ-ਪ੍ਰਮੰਨੇ ਅਤੇ ਕਈ ਅਵਾਰਡ-ਵਿਜੇਤਾ ਲੇਖਕ ਜਾਵੇਦ ਅਖਤਰ ਨੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ.ਪੀ.ਯੂ.) ਦੇ ਮੀਡੀਆ ਫੈਸਟ, ਐਕਸਪ੍ਰੈਸ਼ਨਜ਼-2024 ਦਾ ਆਗਾਜ਼ ਕੀਤਾ, ਜਿਸਨੇ 25 ਤੋਂ ਵੱਧ ਬੇਹਤਰੀਨ ਭਾਰਤੀ ਯੂਨੀਵਰਸਿਟੀਆਂ ਦੇ ਪੱਤਰਕਾਰੀ, ਫਿਲਮ ਅਤੇ ਟੈਲੀਵਿਜ਼ਨ ਦੇ ਭਾਗ ਲੈਣ ਵਾਲੇ ਸੈਂਕੜਾਂ ਵਿਦਿਆਰਥੀਆਂ 'ਤੇ ਅਮਿੱਟ ਪ੍ਰਭਾਵ ਛੱਡਿਆ। ਸਕੂਲ ਆਫ ਲਿਬਰਲ ਐਂਡ ਕ੍ਰਿਏਟਿਵ ਆਰਟਸ (ਪੱਤਰਕਾਰੀ, ਫਿਲਮ ਅਤੇ ਟੈਲੀਵਿਜ਼ਨ) ਦੁਆਰਾ ਐਲ ਪੀ ਯੂ ਵਿਖੇ ਆਯੋਜਿਤ ਦੋ-ਰੋਜ਼ਾ ਸਮਾਗਮ ਦਾ ਉਦੇਸ਼ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਅਤੇ ਉਦਯੋਗ ਦੇ ਮਾਹਰਾਂ ਤੋਂ ਕੀਮਤੀ ਸੂਝ ਪ੍ਰਾਪਤ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਨਾ ਰਿਹਾ।ਜਿਵੇਂ ਹੀ ਜਾਵੇਦ ਅਖਤਰ ਯੂਨੀਵਰਸਿਟੀ ਵਿੱਚ ਦਾਖਲ ਹੋਏ, ਉਹ ਇਸਦੀ ਵਿਸ਼ਾਲਤਾ ਤੋਂ ਹੈਰਾਨ ਰਹਿ ਗਏ ਅਤੇ ਟਿੱਪਣੀ ਕੀਤੀ ਕਿ ਐਲਪੀਯੂ ਨੂੰ ਲਵਲੀ ਨਾਂਅ ਪੂਰੀ ਤਰ੍ਹਾਂ ਸਹੀ ਤੌਰ 'ਤੇ ਦਿੱਤਾ ਗਿਆ ਹੈ।ਅਖਤਰ ਦੀ ਮੌਜੂਦਗੀ ਨੇ ਸਾਰੇ ਭਾਗੀਦਾਰਾਂ ਲਈ ਇੱਕ ਗਿਆਨਵਾਨ ਅਨੁਭਵ ਲਈ ਟੋਨ ਸੈੱਟ ਕਰਦੇ ਹੋਏ, ਇਵੈਂਟ ਵਿੱਚ ਮਾਣ ਅਤੇ ਪ੍ਰੇਰਨਾ ਦੀ ਇੱਕ ਛੋਹ ਵੀ ਜੋੜੀ ਇੰਟਰਐਕਟਿਵ ਸੈਸ਼ਨ ਦੌਰਾਨ, ਜਾਵੇਦ ਅਖਤਰ, ਜੋ ਕਿ ਆਪਣੀਆਂ ਧਰਮ ਨਿਰਪੱਖ, ਉਦਾਰਵਾਦੀ ਅਤੇ ਅਗਾਂਹਵਧੂ ਕਦਰਾਂ-ਕੀਮਤਾਂ ਲਈ ਜਾਣੇ ਜਾਂਦੇ ਹਨ, ਨੇ ਵੱਖ-ਵੱਖ ਸਮਾਜਿਕ ਮੁੱਦਿਆਂ 'ਤੇ ਆਪਣੇ ਵਿਚਾਰ-ਪ੍ਰੇਰਕ ਦੋਹੜਿਆਂ ਨਾਲ ਸਰੋਤਿਆਂ ਨੂੰ ਮੋਹਿਤ ਕੀਤਾ।ਉਨ੍ਹਾਂ ਨੇ ਚਾਹਵਾਨ ਪੱਤਰਕਾਰਾਂ, ਫਿਲਮ ਨਿਰਮਾਤਾਵਾਂ ਅਤੇ ਟੈਲੀਵਿਜ਼ਨ ਪੇਸ਼ੇਵਰਾਂ ਨੂੰ ਨਵੀਨਤਾਕਾਰੀ ਰਚਨਾਵਾਂ ਬਣਾਉਣ ਦੀ ਅਪੀਲ ਕੀਤੀ ਜੋ ਦਰਸ਼ਕਾਂ ਨਾਲ ਜੁੜਦੇ ਹਨ ਅਤੇ ਸਮੇਂ ਦੀ ਭਾਵਨਾ ਨੂੰ ਦਰਸਾਉਂਦੇ ਹਨ।ਇਸ ਮੌਕੇ ਐਲਪੀਯੂ ਦੇ ਪ੍ਰੋ-ਵਾਈਸ-ਚਾਂਸਲਰ ਪ੍ਰੋ. ਡਾ. ਸੰਜੇ ਮੋਦੀ ਨੇ ਕਿਹਾ ਕਿ ਐਲਪੀਯੂ ਦੇ ਮੀਡੀਆ ਫੈਸਟ, ਐਕਸਪ੍ਰੈਸ-2024, ਨੇ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਅਤੇ ਜਾਵੇਦ ਅਖਤਰ ਵਰਗੇ ਉਦਯੋਗਪਤੀਆਂ ਤੋਂ ਸਿੱਖਣ ਲਈ ਇੱਕ ਅਨਮੋਲ ਪਲੇਟਫਾਰਮ ਪ੍ਰਦਾਨ ਕੀਤਾ ਹੈ।

# ਡਿਪਟੀ ਕਮਿਸ਼ਨਰ ਵੱਲੋਂ ਪੌਦਾ ਲਗਾ ਕੇ ਵਿਦਿਆਰਥੀਆਂ ਨਾਲ ਮਨਾਇਆ ਧਰਤੀ ਦਿਵਸ

**ਨਵਾਂਸ਼ਹਿਰ, (ਮਨੋਜ ਲਾਡੀ)** ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਨਵਾਂਸ਼ਹਿਰ ਵਿਖੇ ਕੇ ਸੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨਾਲ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਵੱਲੋਂ ਪੌਦੇ ਲਗਾ ਕੇ ਧਰਤੀ ਦਿਵਸ ਸੰਬੰਧੀ ਮਨਾਇਆ ਗਿਆ। ਇਸ ਮੌਕੇ ਉਨ੍ਹਾਂ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਵੀ ਸਨ। ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਹਰ ਸਾਲ 22 ਅਪ੍ਰੈਲ ਨੂੰ ਪੂਰੀ ਦੁਨੀਆਂ 'ਚ ਧਰਤੀ ਦਿਵਸ ਮਨਾਇਆ ਜਾਂਦਾ ਹੈ ਇਸ ਦਿਨ ਨੂੰ ਮਨਾਉਣ ਦੀ ਮਹੱਤਤਾ ਧਰਤੀ ਨੂੰ ਬਚਾਉਣਾ ਹੈ।

ਉਨ੍ਹਾਂ ਕਿਹਾ ਕਿ ਧਰਤੀ ਨੂੰ ਹਰਿਆ-ਭਰਿਆ ਰੱਖਣ ਲਈ ਵੱਧ-ਵੱਧ ਪੌਦੇ ਲਗਾਉਣੇ ਚਾਹੀਦੇ ਹਨ ਤਾਂ ਜੋ ਸਾਡਾ ਵਾਤਾਵਰਣ ਸ਼ੁੱਧ ਅਤੇ ਹਰਿਆ-ਭਰਿਆ ਰਹਿ ਸਕੇ। ਉਨ੍ਹਾਂ ਵਿਦਿਆਰਥੀਆਂ ਨੂੰ ਕੁਦਰਤੀ ਸੋਮਿਆਂ ਨੂੰ ਬਚਾਉਣ ਲਈ ਪ੍ਰੇਰਿਤ ਕਰਨ ਦੇ ਨਾਲ-ਨਾਲ ਵੋਟ ਦੇ ਮਹੱਤਤਾ ਬਾਰੇ ਵੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਨੌਜਵਾਨਾ ਹੀ ਦੇਸ਼ ਦਾ ਭਵਿੱਖ ਹੁੰਦੇ ਹਨ ਅਤੇ ਚੋਣਾਂ ਦੌਰਾਨ ਨੌਜਵਾਨ ਆਪਣੀ ਵੋਟ ਦਾ ਇਸਤੇਮਾਲ ਕਰਕੇ ਲੋਕਤੰਤਰ ਨੂੰ ਮਜ਼ਬੂਤ ਕਰਨ ਵਿੱਚ ਆਪਣੀ ਭਾਗੀਦਾਰੀ ਨਿਭਾਉਣ।

# ਮੋਦੀ ਸਰਕਾਰ ਵੱਲੋਂ ਪੰਜਾਬ ਦੇ ਰੋਕੇ ਅਰਬਾਂ ਦੇ ਫੰਡ ਜਾਰੀ ਕਰਵਾਉਣ ਲਈ ਸੰਸਦ 'ਚ ਜ਼ੋਰਦਾਰ ਆਵਾਜ਼ ਉਠਾਵਾਂਗਾ : ਟੀਨੂੰ



**ਜਲੰਧਰ (ਸ਼ੈਲੀ ਐਲਬਰਟ)** ਆਮ ਆਦਮੀ ਦੇ ਲੋਕ ਸਭਾ ਹਲਕਾ ਜਲੰਧਰ ਤੋਂ ਉਮੀਦਵਾਰ ਪਵਨ ਕੁਮਾਰ ਟੀਨੂ ਵੱਲੋਂ ਸਾਥੀਆਂ ਸਮੇਤ ਆਦਮਪੁਰ ਹਲਕੇ ਦੇ ਜਲੰਧਰ ਸ਼ਹਿਰ ਦੇ ਨੇੜਲੇ ਪਿੰਡਾਂ ਦਾ ਤੂਫਾਨੀ ਦੌਰਾ ਕੀਤਾ ਗਿਆ। ਪਿੰਡ ਪਤਾਰਾ, ਜੈਤਵਾਲੀ, ਈਸ਼ਰਵਾਲ,ਤੱਲਣ, ਹਰੀਪੁਰ ਫੰਡੋਰ, ਮੂਸਾਪੁਰ ਡਰੋਲੀ ਖੁਰਦ ਕਾਲੜਾ ਆਦਿ ਪਿੰਡਾਂ ਦਾ ਦੌਰਾ ਕਰਦਿਆਂ ਪਵਨ ਕੁਮਾਰ ਟੀਨੂ ਨੇ ਪਿੰਡ ਵਾਸੀਆਂ ਨੂੰ ਮੋਦੀ ਸਰਕਾਰ ਵੱਲੋਂ ਪੰਜਾਬ ਦੇ ਰੋਕੇ ਹੋਏ ਪੇਂਡੂ ਵਿਕਾਸ ਫੰਡਾਂ ਬਾਰੇ ਵੇਰਵਾ ਸਹਿਤ ਦੱਸਿਆ। ਉਹਨਾਂ ਕਿਹਾ ਕਿ ਭਾਜਪਾ ਗਿਣੇ ਮਿੱਥੇ ਢੰਗ ਨਾਲ ਇਹਨਾਂ ਫੰਡਾਂ ਨੂੰ ਰੋਕ ਕੇ ਪੰਜਾਬ ਦੇ ਪਿੰਡਾਂ ਦੀ ਹਾਲਤ ਵਿਗਾੜਨਾ ਚਾਹੁੰਦੀ ਹੈ ਆਪਣੀਆਂ ਕੋਜੀਆਂ ਨੀਤੀਆਂ ਨਾਲ ਵਿਕਾਸ ਨੂੰ ਪ੍ਰਭਾਵਿਤ ਕਰਕੇ ਦੋਸ਼ ਮਾਨ ਸਰਕਾਰ ਦੇ ਸਿਰ ਮੜਨਾ ਚਾਹੁੰਦੀ ਹੈ। ਪਰ ਪੰਜਾਬ ਦੇ ਸਿਆਣੇ ਲੋਕ ਸਭ ਜਾਣਦੇ ਹਨ ਪਵਨ ਟੀਨੂ ਨੇ ਭਰਮੇ ਇਕੱਠ ਵਿੱਚ ਐਲਾਨ ਕੀਤਾ ਕਿ ਜਲੰਧਰ ਲੋਕ ਸਭਾ ਹਲਕੇ ਦੇ ਵਾਸੀ ਆਪਣੀ ਆਮ ਆਦਮੀ ਪਾਰਟੀ ਦੇ ਇਸ ਆਮ ਉਮੀਦਵਾਰ ਨੂੰ ਜਿਤਾਉਣਗੇ ਅਤੇ ਮੈਂ ਸੰਸਦ ਵਿੱਚ ਜਾ ਕੇ ਇਹਨਾਂ ਫੰਡਾਂ ਨੂੰ ਜਾਰੀ ਕਰਵਾਉਣ ਲਈ ਜ਼ੋਰਦਾਰ ਆਵਾਜ਼ ਉਠਾਵਾਂਗਾ। ਇਸ ਮੌਕੇ ਤੇ ਪਵਨ ਕੁਮਾਰ ਟੀਨੂ ਦੇ ਨਾਲ ਜੀਤ ਲਾਲ ਭੱਟੀ ਹਲਕਾ ਇੰਚਾਰਜ ਆਦਮਪੁਰ ਮੰਗਲ ਸਿੰਘ ਬੱਸੀ ਚੇਅਰਮੈਨ ਪੰਜਾਬ ਐਗਰੋ ਪਰਮਜੀਤ ਸਿੰਘ ਰਾਜ ਬੰਸ ਚੇਅਰਮੈਨ ਮੰਡੀ ਬੋਰਡ ਦਲਜੀਤ ਸਿੰਘ ਆਦਮਪੁਰ ਬੂਟਾ ਸਿੰਘ ਪਾਤਰਾ ਬਲਾਕ ਪ੍ਰਧਾਨ ਅਮਰੀਕ ਸਿੰਘ ਬਲਾਕ ਪ੍ਰਧਾਨ ਸੁਖਵਿੰਦਰ ਸਿੰਘ ਬਲਾਕ ਪ੍ਰਧਾਨ ਕਰਮਜੀਤ ਸਿੰਘ ਬਲਾਕ ਪ੍ਰਧਾਨ ਹੈਪੀ ਹਰੀਪੁਰ ਅਤੇ ਹੋਰ ਸਾਥੀ ਸ਼ਾਮਲ ਸਨ।

# ਐਂਬੂਲੈਂਸ ਦੇ ਘਸੇ ਹੋਏ ਟਾਇਰਾਂ ਦੇ ਫਟਣ ਨਾਲ ਵਾਪਰ ਸਕਦਾ ਵੱਡਾ ਹਾਦਸਾ

**ਮੋਰਿੰਡਾ ( ਜੈਜ਼ੀ ਸਰਦਾਰ)** ਸਥਾਨਕ ਸ਼ਹਿਰ ਦੇ ਸੀ ਐਚ ਸੀ ਹਸਪਤਾਲ ਵਿਖੇ ਮਰੀਜ਼ਾਂ ਦੀ ਐਮਰਜੈਂਸੀ ਵਿੱਚ ਜਾਨ ਬਚਾਉਣ ਵਾਲੀ ਅਜਿਹੀ ਐਂਬੂਲੈਂਸ ਪੀ ਬੀ 65 1ਹ 5098 ਇੱਕ ਮਰੀਜ਼ ਸ਼ੀਲਾ ਦੇਵੀ ਜਿਸ ਨੂੰ ਮੋਰਿੰਡਾ ਹਸਪਤਾਲ ਤੋਂ ਰੋਪੜ ਲਈ ਰੈਫਰ ਕੀਤਾ ਗਿਆ ਸੀ ਨੂੰ ਸਰਵਿਸਿਜ਼ ਦੇਣ ਲਈ ਪਹੁੰਚੀ।ਜਿਸ ਦੇ ਪਿਛਲੇ ਦੋਵੇਂ ਟਾਇਰਾਂ ਦੀ ਹਾਲਤ ਘਸ-ਘਸ ਕੇ ਐਨੀਂ ਮਾੜੀ ਹੋ ਚੁੱਕੀ ਹੈ ਕਿ ਇਹ ਐਂਬੂਲੈਂਸ ਦੇ ਟਾਇਰ ਕਦੇ ਵੀ ਖੱਡਿਆਂ ਵਿੱਚ ਲੱਗਣ ਜਾਂ ਗਰਮੀ ਦੇ ਮੌਸਮ ਵਿੱਚ ਗ਼ਰਮ ਹੋਣ ਨਾਲ ਫੱਟ ਸਕਦੇ ਹਨ।ਅਚਾਨਕ ਟਾਇਰ ਫੱਟਣ ਕਾਰਨ ਐਂਬੂਲੈਂਸ ਦਾ ਬੈਲੈਂਸ ਵਿਗੜ ਸਕਦਾ ਹੈ ਤੇ ਐਂਬੂਲੈਂਸ ਹਾਦਸਾ ਗ੍ਰਸਤ ਹੋ ਸਕਦੀ ਹੈ। ਜਦੋਂ ਪੱਤਰਕਾਰ ਵੱਲੋਂ ਐਂਬੂਲੈਂਸ ਦੇ ਡਰਾਈਵਰ ਨਾਲ ਗੱਲ ਕਰਨ ਕੋਸ਼ਿਸ਼ ਕੀਤੀ ਗਈ ਤਾਂ ਉਨ੍ਹਾਂ ਵੱਲੋਂ ਕੋਈ ਵੀ ਜਵਾਬ ਨਾਂ ਦਿੰਦੇ ਹੋਏ ਮੀਡੀਆ ਤੋਂ ਦੂਰੀ ਬਣਾਈ ਰੱਖੀ ਅਤੇ ਪੱਤਰਕਾਰ ਦੇ ਸਵਾਲਾਂ ਦਾ ਕੋਈ ਵੀ ਜਵਾਬ ਨਹੀਂ ਦਿੱਤਾ ਗਿਆ।ਇਨਸਾਨ ਦੀ ਜ਼ਿੰਦਗੀ ਬਚਾਉਣ ਵਾਲੇ ਇਨ੍ਹਾਂ ਮੁਲਾਜ਼ਮਾਂ ਦੀ ਜ਼ਿੰਦਗੀ ਤਾਂ ਆਪ ਰੱਬ ਦੇ ਆਸਰੇ ਨਾਲ ਚੱਲ ਰਹੀ ਲੱਗਦੀ ਜਾਪ ਰਹੀ ਹੈ ਜੋ ਕਿ ਲੋਕਾਂ ਦੀ ਜਾਨ ਬਚਾਉਣ ਲਈ ਰੋਜ਼ਾਨਾ ਆਪਣੀ ਜਾਨ ਖ਼ਤਰੇ ਵਿੱਚ ਪਾਉਂਦੇ ਹਨ।

ਮੁਲਾਜ਼ਮਾਂ ਅਤੇ ਮਰੀਜ਼ਾਂ ਦੀ ਜ਼ਿੰਦਗੀ ਐਂਬੂਲੈਂਸ ਦੇ ਇਨ੍ਹਾਂ ਘਸੇ ਹੋਏ ਟਾਇਰਾਂ ਕਰਕੇ ਕਦੇ ਵੀ ਖ਼ਤਰੇ ਵਿੱਚ ਪੈ ਸਕਦੀ ਹੈ। ਪ੍ਰਸ਼ਾਸਨ ਨੂੰ ਜਲਦ ਤੋਂ ਜਲਦ ਕੋਈ ਅਨਹੋਣੀ ਵਾਪਰਨ ਤੋਂ ਪਹਿਲਾਂ ਧਿਆਨ ਦੇਣ ਦੀ ਲੋੜ ਹੈ।

# ਸੁੰਦਰ ਦਸਤਾਰ ਸਜਾਉਣ ਮੁਕਾਬਲਾ ਕਰਵਾਇਆ



**ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ, ਓ ਪੀ ਰਾਣਾ)** ਦੁਆਬਾ ਯੂਥ ਕਲੱਬ ਰਜਿ. ਹੁਸ਼ਿਆਰਪੁਰ ਵੱਲੋਂ ਅਜਵਿੰਦਰ ਸਿੰਘ ਦੀ ਯਾਦ ਨੂੰ ਸਮਰਪਿਤ ਸੂਬਾ ਪੱਧਰੀ ਤੀਸਰਾ ਸੁੰਦਰ ਦਸਤਾਰ ਸਜਾਉਣ ਮੁਕਾਬਲਾ ਗੁਰਦੁਆਰਾ ਮਿੱਠਾ ਟਿਵਾਣਾ ਸਾਹਿਬ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਸਿੱਖ ਵੈਲਫੇਅਰ ਸੁਸਾਇਟੀ ਦੇ ਸਹਿਯੋਗ ਨਾਲ ਕਰਵਾਇਆ ਗਿਆ। ਕਲੱਬ ਪ੍ਰਧਾਨ ਹਰਕਮਲ ਸਿੰਘ ਵਿੱਕੀ ਦੀ ਅਗਵਾਈ ਅਤੇ ਸਿੱਖ ਵੈਲਫੇਅਰ ਸੁਸਾਇਟੀ ਪ੍ਰਧਾਨ ਗੁਰਪ੍ਰੀਤ ਸਿੰਘ ਦੀ ਸਰਪ੍ਰਸਤੀ ਹੇਠ ਕਰਵਾਏ ਦਸਤਾਰ ਮੁਕਾਬਲੇ 'ਚ ਪੂਰੇ ਪੰਜਾਬ ਭਰ 'ਚੋਂ 170 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਐਨੀਮਲ ਫਿਲਮ 'ਚ ਸਿੱਖੀ ਸਰੂਪ ਦਾ ਕਿਰਦਾਰ ਨਿਭਾਉਣ ਵਾਲੇ ਅਦਾਕਾਰ ਮਨਜੋਤ ਸਿੰਘ ਮੁੰਬਈ ਅਤੇ ਵਿਸ਼ੇਸ਼ ਮਹਿਮਾਨ ਵਜੋਂ ਸੰਤ ਪ੍ਰਿਤਪਾਲ ਸਿੰਘ ਸੇਵਾ ਪੰਥੀ ਗੁਰਦੁਆਰਾ ਮਿੱਠਾ ਟਿਵਾਣਾ, ਜਥੇਦਾਰ ਸੰਤ ਬਾਬਾ ਗੁਰਦੇਵ ਸਿੰਘ ਮੁਖੀ ਸਾਹਿਬਜਾਦਾ ਬਾਬਾ ਫਤਿਹ ਸਿੰਘ ਤਰਨਾ ਦਲ, ਬਾਬਾ ਹਰਦੇਵ ਸਿੰਘ ਤਲਵੰਡੀ ਰਾਈਆਂ, ਸੰਤ ਬਾਬਾ ਅਜੀਤ ਸਿੰਘ ਮਿੱਠਾ ਟਿਵਾਣਾ, ਸੰਤ ਬਾਬਾ ਹਰਮਨਜੋਤ ਸਿੰਘ ਸਿੰਗੜੀਵਾਲਾ, ਗਿਆਨੀ ਤਰਲੋਚਨ ਸਿੰਘ ਵਿਰਕਤਾਂ, ਬਾਬਾ ਹਰਅਵਤਾਰ ਸਿੰਘ ਸਮਾਧਾਂ, ਸੰਤ ਬਲਬੀਰ ਸਿੰਘ ਬਿਰਧ ਆਸਰਮ ਹਰਿਆਣਾ ਨੇ ਸ਼ਿਰਕਤ ਕੀਤੀ। ਪਹਿਲਾ ਗਰੁੱਪ 4 ਤੋਂ 9 ਸਾਲ ਦੇ ਬੱਚੇ ਪਹਿਲਾ ਇਨਾਮ ਕਰਮਨਪ੍ਰੀਤ ਸਿੰਘ, ਦੂਸਰਾ ਇਨਾਮ ਮਨਵੀਰ ਸਿੰਘ, ਤੀਸਰਾ ਇਨਾਮ ਗੁਰਮੀਤ ਸਿੰਘ ਨੇ ਜਿੱਤਿਆ। ਦੂਸਰਾ ਗਰੁੱਪ 10 ਤੋਂ 13 ਸਾਲ ਦੇ ਵਰਗ 'ਚ ਤਰਨਜੋਤ ਸਿੰਘ ਪਹਿਲਾ ਸਥਾਨ, ਸਾਹਿਲ ਪ੍ਰੀਤ ਸਿੰਘ ਦੂਜਾ ਸਥਾਨ, ਜੀਵਨ ਜੋਤ ਸਿੰਘ ਤੀਸਰਾ ਸਥਾਨ, ਤੀਸਰੇ ਗਰੁੱਪ 'ਚੋਂ 14 ਤੋਂ 16 ਸਾਲ ਵਰਗ ਦਾ ਪਹਿਲਾ ਇਨਾਮ ਗੁਰਸਿਮਰਨ ਸਿੰਘ ਤੇ ਦੂਸਰਾ ਇਨਾਮ ਗੁਰਲਵਦੀਪ ਸਿੰਘ, ਤੀਸਰਾ ਇਨਾਮ ਬਲਰਾਜ ਸਿੰਘ ਨੇ ਪ੍ਰਾਪਤ ਕੀਤਾ। ਸਪੈਸ਼ਲ ਇਨਾਮ ਨਗਦ 11000/- ਰੁਪਏ ਇਨਾਮ ਪ੍ਰਿੰਸ਼ੂ ਨੂੰ ਦਿੱਤਾ ਗਿਆ।

# ਫਾਲਕਨ ਇੰਟਰਨੈਸ਼ਨਲ ਸਕੂਲ 'ਚ ਸੁੰਦਰ ਲਿਖਾਈ ਮੁਕਾਬਲੇ



**ਸੁਲਤਾਨਪੁਰ ਲੋਧੀ, (ਹਨੀ)** ਤਲਵੰਡੀ ਚੌਧਰੀਆਂ ਰੋਡ ਸਥਿਤ ਫਾਲਕਨ ਇੰਟਰਨੈਸ਼ਨਲ ਸਕੂਲ ਵਿਖੇ ਪ੍ਰਿੰਸੀਪਲ ਬਲਜੀਤ ਕੌਰ ਦੀ ਅਗਵਾਈ ਵਿਖੇ ਵਿਦਿਆਰਥੀਆਂ ਦਰਮਿਆਨ ਵੱਖ ਵੱਖ ਮੁਕਾਬਲੇ ਕਰਵਾਏ ਗਏ।ਸਕੂਲ ਦੀ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਕਰਨਲ ਅਜੀਤ ਸਿੰਘ ਢਿੱਲੋਂ ਅਤੇ ਡਾਇਰੈਕਟਰ ਨਵਦੀਪ ਕੌਰ ਢਿੱਲੋਂ ਬਤੌਰ ਮੁੱਖ ਮਹਿਮਾਨ ਸਮਾਗਮ ਵਿਚ ਸ਼ਾਮਲ ਹੋਏ, ਜਿਨ੍ਹਾਂ ਦਾ ਸਟਾਫ਼ ਮੈਂਬਰਾਂ ਅਤੇ ਵਿਦਿਆਰਥੀਆਂ ਨਿੱਘਾ ਸਵਾਗਤ ਕੀਤਾ।ਪਹਿਲੀ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਦਰਮਿਆਨ ਸੁੰਦਰ ਲਿਖਾਈ ਅਤੇ ਛੇਵੀਂ ਤੋਂ ਦਸਵੀਂ ਜਮਾਤ ਦੇ ਵਿਦਿਆਰਥੀਆਂ ਦਰਮਿਆਨ ਮੈਪ ਸਕਿੱਲ ਅਧਾਰਿਤ ਪ੍ਰਤੀਯੋਗਤਾ ਕਰਵਾਈ ਗਈ।ਇਸ ਦੌਰਾਨ ਵਿਦਿਆਰਥੀਆਂ ਵੱਲੋਂ ਵੱਡੀ ਗਿਣਤੀ ਵਿੱਚ ਹਿੱਸਾ ਲਿਆ ਅਤੇ ਆਪਣੀ ਕਲਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।ਪਹਿਲੀ ਜਮਾਤ 'ਚੋਂ ਕਾਵਿਆ ਫਸਟ, ਯੁਵਰਾਜ ਸੈਕੰਡ ਅਤੇ ਦਕਸ਼ਿਤਾ ਤੇ ਗੁਰਕੀਰਤ ਸਾਂਝੇ ਤੌਰ 'ਤੇ ਥਰਡ ਰਹੇ।ਦੂਜੀ ਜਮਾਤ 'ਚੋਂ ਹਰਮਨਪ੍ਰੀਤ ਕੌਰ, ਕਿਰਨਜੋਤ ਕੌਰ ਅਤੇ ਹਰਗੁਨਪ੍ਰੀਤ ਕੌਰ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹੇ।ਤੀਜੀ ਜਮਾਤ ਦਿਲਰੀਤ ਕੌਰ ਪਹਿਲੇ, ਰੋਜਪ੍ਰੀਤ ਕੌਰ ਦੂਜੇ ਅਤੇ ਫਤਿਹ ਸਿੰਘ ਬਿੰਦ ਤੀਜੇ ਸਥਾਨ 'ਤੇ ਰਿਹਾ।ਚੌਥੀ ਜਮਾਤ ਸੁਖਮਨ, ਸਮਰਿਧੀ ਸ਼ਰਮਾ ਅਤੇ ਪ੍ਰਭਜੋਤ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ । ਇਸੇ ਤਰ੍ਹਾਂ ਪੰਜਵੀਂ ਜਮਾਤ 'ਚੋਂ ਅਗਮਜੋਤ ਕੌਰ ਨੇ ਪਹਿਲਾ, ਡੋਲੀ ਸਿੰਘ ਨੇ ਦੂਜਾ ਅਤੇ ਜਸਪ੍ਰੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ । ਸਮਾਗਮ ਦੇ ਅੰਤ ਵਿੱਚ ਕਰਨਲ ਅਜੀਤ ਸਿੰਘ ਢਿੱਲੋਂ, ਡਾਇਰੈਕਟਰ ਨਵਦੀਪ ਕੌਰ ਢਿੱਲੋਂ ਅਤੇ ਸਟਾਫ਼ ਮੈਂਬਰਾਂ ਨੇ ਜੇਤੂ ਰਹੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ।ਇਸ ਮੌਕੇ ਮੈਡਮ ਰਵਿੰਦਰਜੀਤ ਕੌਰ, ਸੁਨੀਤਾ ਰਾਣੀ, ਨਵਜੋਤ ਕੌਰ, ਰਜਨੀ ਧੀਰ, ਨਾਇਕਾ ਪਸਰੀਚਾ ਆਦਿ ਸਟਾਫ਼ ਮੈਂਬਰ ਹਾਜ਼ਰ ਸਨ ।

# ਚੰਨੀ ਨੇ ਹਲਕਾ ਆਦਮਪੁਰ ਦੇ ਵਰਕਰਾਂ ਨਾਲ ਕੀਤੀ ਮੀਟਿੰਗ



**ਆਦਮਪੁਰ (ਪਰਮਜੀਤ ਸਿੰਘ)**-ਲੋਕ ਸਭਾ ਹਲਕਾ ਜਲੰਧਰ ਤੋਂ ਕਾਂਗਰਸ ਪਾਰਟੀ ਦੇ ਐਲਾਨੇ ਗਏ ਉਮੀਦਵਾਰ ਚਰਨਜੀਤ ਸਿੰਘ ਚੰਨੀ ਸਾਬਕਾ ਮੁੱਖ ਮੰਤਰੀ ਪੰਜਾਬ ਵੱਲੋਂ ਹਲਕਾ ਆਦਮਪੁਰ ਦੇ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਦੀ ਅਗਵਾਈ ਹੇਠ ਵਿਧਾਨ ਸਭਾ ਹਲਕਾ ਆਦਮਪੁਰ ਅਧੀਨ ਆਉਂਦੇ ਵੱਖ ਵੱਖ ਪਿੰਡਾਂ ਦੇ ਵਰਕਰਾਂ, ਆਗੂਆਂ ਨਾਲ ਲੋਕ ਸਭਾ ਚੋਣਾਂ ਸਬੰਧੀ ਮੀਟਿੰਗਾਂ ਕੀਤੀਆਂ ਗਈਆਂ। ਵਿਧਾਨ ਸਭਾ ਹਲਕਾ ਆਦਮਪੁਰ ਵਿਖੇ ਦਰਸ਼ਨ ਸਿੰਘ ਕਰਵਲ ਪ੍ਰਧਾਨ ਨਗਰ ਕੌਂਸਲ, ਪਰਮਿੰਦਰ ਸਿੰਘ ਮੱਲੀ ਬਲਾਕ ਸੰਮਤੀ ਮੈਂਬਰ ਹਰੀਪੁਰ ਦੇ ਗ੍ਰਹਿ ਵਿਖੇ ਕੀਤੀ ਮੀਟਿੰਗ ਦੌਰਾਨ ਸਮੂਹ ਵਰਕਰਾਂ ਅਤੇ ਆਗੂਆਂ ਨੂੰ ਲੋਕ ਸਭਾ ਚੋਣਾਂ ਲਈ ਲਾਮਬੰਦ ਕਰਨ ਲਈ ਹਰ ਪਿੰਡ ਕਸਬੇ ਵਿੱਚ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰਨ ਦੇ ਨਾਲ ਨਾਲ ਕਾਂਗਰਸ ਪਾਰਟੀ ਦੀਆਂ ਲੋਕਪੱਖੀ ਨੀਤੀਆਂ ਨੂੰ ਘਰ ਘਰ ਪਹੁੰਚਾਉਣ ਲਈ ਅਪੀਲ ਕੀਤੀ। ਪਾਰਟੀਆਂ ਤੋਂ ਭਗੌੜੇ ਰਾਜਨੀਤਕ ਲੋਕਾਂ ਉਤੇ ਤਨਜ਼ ਕੱਸਦਿਆਂ ਚੰਨੀ ਨੇ ਕਿਹਾ ਕਿ ਆਪ, ਅਕਾਲੀ ਦਲ, ਬੀ ਜੇ ਪੀ ਦੇ ਲੀਡਰਾਂ ਦਾ ਕੋਈ ਮਿਆਰ ਨਹੀਂ ਹੈ। ਉਨ੍ਹਾਂ ਕਿਹਾ ਭਗੌੜੇ ਰਾਜਨੀਤਕ ਲੀਡਰਾਂ ਨੂੰ ਲੋਕੀਂ ਮੂੰਹ ਨਾ ਲਗਾਉਣ ਕਿਉਂਕਿ ਇਹ ਲੋਕ ਮੌਸਮ ਵਾਂਗ ਬਦਲ ਰਹੇ ਹਨ ਪਰ ਵਰਕਰ ਅੱਜ ਉਥੇ ਹੀ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਮੇਰਾ ਆਦਮਪੁਰ ਨਾਲ ਪੁਰਾਣਾ ਪਿਆਰ ਹੈ। ਇਸ ਮੌਕੇ ਸੁਖਵਿੰਦਰ ਸਿੰਘ ਕੋਟਲੀ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਚੰਨੀ ਦੇ ਤਿੰਨ ਮਹੀਨੇ ਕਾਰਜਕਾਲ ਦੌਰਾਨ ਆਦਮਪੁਰ ਹਲਕੇ ਨੂੰ ਸਬ ਡਵੀਜ਼ਨ ਬਣਾਇਆ ਤੇ ਕਰੋੜਾਂ ਰੁਪਏ ਮਨਜ਼ੂਰ ਕਰ ਆਦਮਪੁਰ ਤੇ ਭੋਗਪੁਰ ਦੇ ਵਿਕਾਸ ਕਾਰਜ ਸ਼ੁਰੂ ਕਰਵਾਏ। ਚੰਗੇ ਕਿਰਦਾਰ ਦੇ ਮਾਲਕ ਚਰਨਜੀਤ ਸਿੰਘ ਚੰਨੀ ਪੰਜਾਬ ਦੇ ਲੋਕਾਂ ਦੇ ਪਿਆਰ ਸਤਿਕਾਰ ਸਦਕਾ ਅੱਜ ਲੋਕ ਸਭਾ ਸੀਟ ਜਲੰਧਰ ਤੋਂ ਕਾਂਗਰਸ ਪਾਰਟੀ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ, ਜਿਨ੍ਹਾਂ ਨੂੰ ਹਲਕਾ ਆਦਮਪੁਰ ਦੇ ਲੋਕਾਂ ਵਲੋਂ ਵੱਡਾ ਹੁੰਗਾਰਾ ਮਿਲ ਰਿਹਾ ਹੈ। ਚਰਨਜੀਤ ਸਿੰਘ ਚੰਨੀ ਨੂੰ ਵੱਡੀ ਗਿਣਤੀ ਵਿੱਚ ਵੋਟਾਂ ਪਾ ਕੇ ਜਿਤਾ ਕੇ ਲੋਕ ਸਭਾ ਵਿੱਚ ਭੇਜਿਆ ਜਾਵੇਗਾ। ਇਸ ਮੌਕੇ ਰਣਦੀਪ ਸਿੰਘ ਰਾਣਾ, ਅਜੇ ਸ਼ਿਗਾਰੀ, ਭੁਪਿੰਦਰ ਸਿੰਘ ਢਿੱਲਾਂ, ਹਰਜਿੰਦਰ ਸਿੰਘ ਕਰਵਲ, ਜਗਦੀਪ ਢੱਡਾ, ਰਾਕੇਸ਼ ਕੁਮਾਰ ਰਾਜੂ, ਰਣਜੀਤ ਕਰਵਲ, ਕੈਪਟਨ ਗੁਰਮੀਤ ਸਿੰਘ, ਵਰੁਣ ਢੱਡਾ, ਗਿਆਨ ਸਿੰਘ, ਜੁਗਿੰਦਰ ਪਾਲ, ਲਖਣ ਬਾਹਰੀ, ਦੀਪਾ ਸਸੋਦੀਆ, ਜਸਵਿੰਦਰ ਸਿੰਘ ਸਰਪੰਚ, ਸੁਸ਼ਮਾ ਰਾਣੀ, ਸੁਖਵਿੰਦਰ ਕੌਰ, ਸੁਖਦੇਵ ਸਿੰਘ ਵੱਡੀ ਗਿਣਤੀ ਵਿੱਚ ਕਾਂਗਰਸੀ ਵਰਕਰ ਹਾਜ਼ਰ ਸਨ।

# ਬੇਲਾ ਕਾਲਜ ਦੇ ਚਾਰ ਖਿਡਾਰੀਆਂ ਦੀ ਰੋਇੰਗ ਲਈ ਚੋਣ



**ਸ੍ਰੀ ਚਮਕੌਰ ਸਾਹਿਬ(ਗੁਰਵਿੰਦਰਪਾਲ ਸਿੰਘ ਬੱਬੀ)**-ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਦੇ ਰੋਇੰਗ ਟੀਮ ਦੇ ਖਿਡਾਰੀਆਂ ਦੀ ਚੋਣ ਵਿਸ਼ਵ ਯੂਨੀਵਰਸਿਟੀ ਚੈਂਪੀਅਨਸ਼ਿਪ ਲਈ ਹੋਈ ਹੈ।ਕਾਲਜ ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਨੇ ਦੱਸਿਆ ਕਿ 14 ਅਤੇ 15 ਅਪ੍ਰੈਲ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਇੰਡੀਅਨ ਯੂਨੀਵਰਸਿਟੀ ਰੋਇੰਗ ਟੀਮ ਵਿੱਚ ਖਿਡਾਰੀਆਂ ਦੀ ਚੋਣ ਲਈ ਟਰਾਇਲ ਕਰਵਾਏ ਗਏ ਸਨ, ਜਿਸ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕਾਲਜ ਦੇ ਚਾਰ ਖਿਡਾਰੀ ਫਾਈਨਲ ਸੂਚੀ ਵਿੱਚ ਜਗ੍ਹਾ ਬਣਾਉਣ ਵਿੱਚ ਕਾਮਯਾਬ ਹੋਏ ਹਨ। ਉਨ੍ਹਾ ਦੱਸਿਆ ਕਿ ਖਿਡਾਰਨ ਅਮਨਦੀਪ ਕੌਰ ਸਿੱਧੇ ਤੌਰ 'ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਪ੍ਰਤੀਨਿਧਤਾ ਡਬਲਯੂ ਯੂ-ਸੀ-2024 ਜੋ ਕਿ ਨੀਦਰਲੈਂਡ ਵਿਖੇ ਹੋ ਰਹੀਆਂ ਹਨ, ਵਿੱਚ ਕਰੇਗੀ। ਜਦੋਂ ਕਿ ਖਿਡਾਰਨਾਂ ਜਸ਼ਨਪ੍ਰੀਤ ਕੌਰ, ਜੈਸਮੀਨ ਕੌਰ ਅਤੇ ਏਕਬਾਲ ਸਿੰਘ ਨੇ ਸੂਚੀ ਵਿੱਚ ਆਪਣੀ ਜਗ੍ਹਾ ਪਹਿਲੇ ਤਿੰਨ ਖਿਡਾਰੀਆਂ ਵਿੱਚ ਬਣਾਈ ਹੈ। ਡਾ. ਮਮਤਾ ਅਰੋੜਾ ਨੇ ਦੱਸਿਆ ਕਿ ਕਾਲਜ ਕਮੇਟੀ ਦੇ ਪ੍ਰਧਾਨ ਸੰਤ ਸਿੰਘ ਲੌਂਗੀਆ, ਮੈਨੇਜਰ ਸੁਖਵਿੰਦਰ ਸਿੰਘ ਵਿਸਕੀ ਅਤੇ ਸਕੱਤਰ ਜਗਵਿੰਦਰ ਸਿੰਘ ਪੰਮੀ ਨੇ ਖਿਡਾਰੀਆਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਅਤੇ ਵਿਸ਼ਵ ਚੈਂਪੀਅਨਸ਼ਿਪ ਵਿੱਚ ਵਧੀਆ ਖੇਡ ਦਾ ਮੁਜ਼ਾਹਰਾ ਕਰਨ ਦੀ ਤਾਕੀਦ ਕੀਤੀ। ਇਸ ਮੌਕੇ ਪ੍ਰੋ. ਸੁਨੀਤਾ ਰਾਣੀ, ਪ੍ਰੋ. ਪ੍ਰਿਤਪਾਲ ਸਿੰਘ, ਡਾ. ਅਣਖ ਸਿੰਘ, ਪ੍ਰੋ. ਇਸ਼ੂ ਬਾਲਾ, ਪ੍ਰੋ. ਰਾਕੇਸ਼ ਜੋਸ਼ੀ, ਪ੍ਰੋ. ਗੁਰਲਾਲ ਸਿੰਘ ਅਤੇ ਡਾ. ਸੰਦੀਪ ਕੌਰ ਆਦਿ ਹਾਜ਼ਰ ਸਨ।

# ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਵੱਲੋਂ ਪੋਸਟਰ ਜਾਰੀ



**ਮੋਹਨਿਆਣਾ (ਜਗਤਾਰ ਸਿੰਘ ਭੁੰਗਰਨੀ)** ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੀ ਸੂਬਾ ਇਕਾਈ ਵੱਲੋਂ ਕੀਤੇ ਗਏ ਐਲਾਨ ਅਨੁਸਾਰ ਲੋਕ ਸਭਾ ਚੋਣਾਂ ਦੇ ਮੱਦੇਨਜਰ ਬਲਾਕ ਪ੍ਰਧਾਨ ਨਰਿੰਦਰ ਅਜਨੋਹਾ ਅਤੇ ਜਨਰਲ ਸਕੱਤਰ ਉਂਕਾਰ ਸਿੰਘ ਵਲੋਂ ਐਨ ਪੀ ਐਸ ਮੁਲਾਜ਼ਮਾਂ ਦੇ ਇਕੱਠ 'ਚ ਇੱਕ ਪੋਸਟਰ ਜਾਰੀ ਕੀਤਾ ਗਿਆ। ਆਗੂਆਂ ਵੱਲੋਂ ਆਪਣੇ ਸੰਬੋਧਨ ਦੌਰਾਨ ਕਿਹਾ ਗਿਆ ਕਿ ਪੰਜਾਬ ਸਰਕਾਰ ਵੱਲੋਂ ਦੋ ਸਾਲ ਬੀਤਣ ਤੇ ਬਾਅਦ ਵੀ ਮੁਲਾਜਮਾਂ ਲਈ ਕੋਈ ਪੁਰਾਣੀ ਪੈਨਸਨ ਦਾ ਅਮਲੀ ਜਾਮਾ ਨਹੀਂ ਪਹਿਨਾਇਆ ਗਿਆ। ਜਦਕਿ ਸਰਕਾਰ ਵੱਲੋਂ ਇੱਕ ਅਧੂਰਾ ਨੋਟੀਫਿਕੇਸ਼ਨ ਵੀ ਜਾਰੀ ਕੀਤਾ ਗਿਆ ਸੀ। ਆਪ ਦੇ ਉਮੀਦਵਾਰਾਂ ਨੂੰ ਵੀ ਐਨ.ਪੀ.ਐਸ ਮੁਲਾਜਮ ਇਹ ਸਵਾਲ ਕਰਨਗੇ ਕਿ ਇੱਕ ਜਨਵਰੀ 2004 ਤੋਂ ਬਾਅਦ ਵਾਲੇ ਮੁਲਾਜਮਾਂ ਲਈ ਪੁਰਾਣੀ ਪੈਨਸਨ ਬਹਾਲ ਕਿਉਂ ਨਹੀਂ ਕੀਤੀ। ਇਸਦੇ ਉਲਟ ਪੰਜਾਬ ਸਰਕਾਰ ਕੇਂਦਰ ਦੀ ਮੋਦੀ ਦੀ ਸਰਕਾਰ ਵੱਲੋਂ ਇੱਕ ਖਾਸ ਨੀਤੀ ਤਹਿਤ ਪੁਰਾਣੀ ਪੈਨਸਨ ਦੀ ਜਗ੍ਹਾ ਕੋਈ ਸਮਝੌਤੇ ਵਾਲੀ ਪੈਨਸਨ ਦੀ ਨਕਲ ਕਰਨ ਦੀ ਉਡੀਕ ਕਰ ਰਹੀ ਹੈ ਜਿਸ ਨੂੰ ਕਿ ਮੁਲਾਜਮ ਕਿਸੇ ਵੀ ਕੀਮਤ ਤੇ ਸਵੀਕਾਰ ਨਹੀਂ ਕਰਨਗੇ।

ਇਸ ਪੋਸਟਰ ਵਿੱਚ ਐਨ.ਪੀ.ਐਸ ਕਰਮਚਾਰੀਆਂ ਉੱਪਰ ਜਬਰੀ ਥੋਪੀ ਗਈ ਨਵੀਂ ਪੈਨਸ਼ਨ ਸਕੀਮ ਦੇ ਵਿਰੋਧ ਵਜੋਂ ਸਾਰੇ ਐਨ ਪੀ ਐਸ ਮੁਲਾਜਮ ਆਪਣੇ ਪਰਵਾਰਾਂ ਸਮੇਤ ਉਸ ਪਾਰਟੀ ਦੀ ਵੋਟਾਂ ਵਿੱਚ ਮਦਦ ਕਰਨਗੇ ਜਿਹੜੀ ਪਾਰਟੀ ਉਹਨਾਂ ਲਈ ਪੁਰਾਣੀ ਪੈਨਸਨ ਸਕੀਮ ਬਹਾਲ ਕਰਨਗੀ। ਇਸ ਮੌਕੇ ਕਰਮਜੀਤ ਸਿੰਘ, ਕਮਲਜੀਤ ਸਿੰਘ, ਅਜੇ ਕੁਮਾਰ, ਰਵਿੰਦਰ ਕੁਮਾਰ, ਅਮਰਜੀਤ ਕੁਮਾਰ,ਵਰਿੰਦਰ ਕੁਮਾਰ, ਸੁਰਿੰਦਰ ਸਿੰਘ, ਅਵਤਾਰ ਸੂਨੀ, ਲਖਜੀਤ ਕੌਰ, ਦਰਸਨ ਕੌਰ, ਕੁਲਵੀਰ ਕੌਰ, ਅੰਕੀਤਾ, ਰਚਨਾ, ਮੀਨਾਕਸ਼ੀ, ਸੁਰਜੀਤ ਕੌਰ ਅਤੇ ਕਈ ਹੋਰ ਐਨ.ਪੀ.ਐਸ ਮੁਲਾਜਮ ਮੌਜੂਦ ਸਨ।

# ਸੁਭਾਸ਼ ਨਗਰ 'ਚ ਨੌਵਾਂ ਪੈਨਸ਼ਨ ਤੇ ਰਾਸ਼ਨ ਵੰਡ ਸਮਾਗਮ







**ਫਗਵਾੜਾ (ਡਾ.ਰਮਨ, ਢੱਡਾ)**-ਸ਼ਹਿਰ ਦੀ ਇਲੈਵਨ ਸਟਾਰ ਹੰਡਰਡ ਪਰਸੈਂਟ ਐਕਟਿਵ ਲਾਇਨਜ਼ ਕਲੱਬ ਫਗਵਾੜਾ ਸਿਟੀ ਵੱਲੋਂ ਕਲੱਬ ਪ੍ਰਧਾਨ ਲਾਇਨ ਆਸ਼ੂ ਮਾਰਕੰਡਾ ਦੀ ਅਗਵਾਈ ਹੇਠ ਲੋੜਵੰਦ ਔਰਤਾਂ ਨੂੰ ਮਹੀਨਾਵਾਰ ਪੈਨਸ਼ਨ ਅਤੇ ਆਟੇ ਦੀਆਂ ਥੈਲੀਆਂ ਵੰਡਣ ਸਬੰਧੀ ਨੌਵਾਂ ਸਮਾਗਮ ਸੁਭਾਸ਼ ਨਗਰ ਸਥਿਤ ਚਿਰਾਗ ਐਸੋਸੀਏਟਸ ਦੇ ਦਫਤਰ ਵਿਖੇ ਕਰਵਾਇਆ ਗਿਆ। ਸਮਾਗਮ ਵਿਚ ਬਤੌਰ ਮੁੱਖ ਮਹਿਮਾਨ ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਭਾਜਪਾ ਉਮੀਦਵਾਰ ਅਨੀਤਾ ਸੋਮ ਪ੍ਰਕਾਸ਼ ਦੀ ਭੈਣ ਸੁਰਜੀਤ ਕੌਰ ਨੇ ਸ਼ਿਰਕਤ ਕੀਤੀ। ਉਨ੍ਹਾ ਦੇ ਨਾਲ ਸਨਮਾਨਤ ਮਹਿਮਾਨਾਂ ਵਜੋਂ ਭਾਜਪਾ ਦੀ ਮਹਿਲਾ ਮੋਰਚਾ ਆਗੂ ਚੰਦਰ ਰੇਖਾ ਸ਼ਰਮਾ, ਮਨਜੀਤ ਕੌਰ, ਸਵਿਤਾ ਆਹੂਜਾ ਸਾਬਕਾ ਕੌਂਸਲਰ, ਬੌਬੀ ਅਰੋੜਾ ਪ੍ਰਧਾਨ ਸ਼ਿਵ ਮੰਦਰ ਤਾਲਾਬ ਅਰੋੜਿਆਂ, ਸਮਾਜ ਸੇਵਕ ਬੱਬੂ ਮਨੀਲਾ, ਸਮਾਜ ਸੇਵਕ ਤਜਿੰਦਰ ਬਾਵਾ, ਯੂਥ ਕਾਂਗਰਸ ਦੇ ਸਾਬਕਾ ਪ੍ਰਧਾਨ ਅਸ਼ੋਕ ਵਧਵਾ, ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਚੇਅਰਮੈਨ (ਮਨੋਰੰਜਨ) ਲਾਇਨ ਜਸਵੀਰ ਮਾਹੀ, ਜ਼ੋਨ ਚੇਅਰਮੈਨ ਲਾਇਨ ਸੁਨੀਲ ਢੀਂਗਰਾ ਨੇ ਸ਼ਿਰਕਤ ਕੀਤੀ। ਮੁੱਖ ਮਹਿਮਾਨ ਸੁਰਜੀਤ ਕੌਰ ਨੇ ਲੋੜਵੰਦ ਮਹਿਲਾਵਾਂ ਨੂੰ ਆਟੇ ਦੀ ਥੈਲੀ ਤੇ ਪੈਨਸ਼ਨ ਰਾਸ਼ੀ ਭੇਟ ਕਰਦਿਆਂ ਕਲੱਬ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਕੰਮਾਂ ਦੀ ਸ਼ਲਾਘਾ ਕੀਤੀ। ਸਮਾਗਮ ਦੌਰਾਨ ਹਾਜ਼ਰ ਰਹੇ ਸਮਾਜ ਸੇਵਕ ਬੱਬੂ ਮਨੀਲਾ ਅਤੇ ਲਾਇਨ ਤਜਿੰਦਰ ਬਾਵਾ ਨੇ ਲਾਇਨ ਆਸ਼ੂ ਮਾਰਕੰਡਾ ਅਤੇ ਉਨ੍ਹਾ ਦੀ ਟੀਮ ਵਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਫਗਵਾੜਾ 'ਚ ਲਾਇਨ ਆਸ਼ੂ ਮਾਰਕੰਡਾ ਮੋਹਰੀ ਹੋ ਕੇ ਸਮਾਜ ਸੇਵਾ ਦੇ ਕੰਮ ਕਰ ਰਹੇ ਹਨ ਜੋ ਕਿ ਬਹੁਤ ਹੀ ਸ਼ਲਾਘਾਯੋਗ ਹੈ।

ਕਲੱਬ ਪ੍ਰਧਾਨ ਲਾਇਨ ਆਸ਼ੂ ਮਾਰਕੰਡਾ ਨੇ ਆਏ ਹੋਏ ਮੁੱਖ ਮਹਿਮਾਨਾਂ ਅਤੇ ਪਤਵੰਤਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਲੱਡੂ ਖੋਸਲਾ, ਵਿਪਨ ਮਦਾਨ, ਹੈਪੀ ਬਰੋਕਰ, ਮਨੀਸ਼ ਕਨੌਂਜੀਆ ਪ੍ਰਧਾਨ ਪੰਜਾਬ ਪ੍ਰਦੇਸ਼ ਧਾਰਮਿਕ ਕਮੇਟੀ ਤੋਂ ਇਲਾਵਾ ਕਲੱਬ ਸਕੱਤਰ ਸੰਜੀਵ ਲਾਂਬਾ, ਕੈਸ਼ੀਅਰ ਜੁਗਲ ਬਵੇਜਾ, ਪੀ.ਆਰ.ਓ. ਲਾਇਨ ਸੁਮਿਤ ਭੰਡਾਰੀ, ਈਸ਼ ਕੁਮਾਰ, ਸੰਜੇ ਤ੍ਰੇਹਨ, ਦਿਨੇਸ਼ ਖਰਬੰਦਾ, ਵਿਜੇ ਅਰੋੜਾ ਅਤੇ ਗੁਲਸ਼ਨ ਸ਼ਰਮਾ ਲੱਕੀ ਆਦਿ ਹਾਜ਼ਰ ਸਨ।

# ਐੱਸ ਡੀ ਕਾਲਜ ਲੜਕੀਆਂ ਵਿਖੇ ਈ-ਵੇਸਟ ਮੈਨੇਜਮੈਂਟ 'ਤੇ ਸੈਮੀਨਾਰ



**ਜਲੰਧਰ (ਇਕਬਾਲ ਸਿੰਘ ਉਭੀ)**-ਸਥਾਨਕ ਐਸ ਡੀ ਕਾਲਜ ਲੜਕੀਆਂ ਵਿਖੇ ਪੀ ਜੀ ਡਿਪਾਰਟਮੈਂਟ ਆਫ ਕੰਪਿਊਟਰ ਸਾਇੰਸ ਐਂਡ ਆਈ ਟੀ ਵੱਲੋਂ ਗ੍ਰੀਨ ਐਂਡ ਐਨਵਾਇਰਮੈਂਟ ਆਡਿਟ ਸੈੱਲ ਦੇ ਸਹਿਯੋਗ ਨਾਲ 'ਈ-ਵੇਸਟ ਮੈਨੇਜਮੈਂਟ' ਵਿਸ਼ੇ 'ਤੇ ਸੈਮੀਨਾਰ ਕੀਤਾ ਗਿਆ।ਸੈਮੀਨਾਰ ਦਾ ਉਦੇਸ਼ ਅੱਜ ਦੇ ਨੌਜਵਾਨਾਂ ਵਿੱਚ ਈ-ਕੂੜੇ ਨੂੰ ਸੰਭਾਲਣ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ। ਰੀਸਾਈਕਲਿੰਗ ਵਿਲਾ - ਦਿ ਰੀਸਾਈਕਲਿੰਗ ਸਲਿਊਸ਼ਨਜ਼ (ਐਲ ਡੀ ਐਚ, ਪੰਜਾਬ) ਦੇ ਮੁਖੀ ਮੋਹਿਤ ਕੁਮਾਰ ਅਤੇ ਪਲਾਂਟਰ ਦੇ ਸੁਪਰਵਾਈਜ਼ਰ ਆਰੀਅਨ ਸ਼ਰਮਾ ਨੇ ਵਿਦਿਆਰਥੀਆਂ ਨੂੰ ਇਲੈਕਟ੍ਰੀਕਲ ਅਤੇ ਇਲੈਕਟ੍ਰਾਨਿਕ (ਡਬਲਯੂ.ਈ.ਈ.ਈ.) ਰਹਿੰਦ-ਖੂੰਹਦ ਦੀ ਸਰਕਾਰੀ ਦਿਸ਼ਾ ਨਿਰਦੇਸ਼ਾਂ ਦੇ ਨਾਲ ਸਹੀ ਰੀਸਾਈਕਲਿੰਗ ਬਾਰੇ ਮਾਰਗਦਰਸ਼ਨ ਕਰਨ ਲਈ ਸੱਦਾ ਦਿੱਤਾ ਗਿਆ ਸੀ। ਸੈਮੀਨਾਰ ਦੌਰਾਨ ਕੁਮਾਰ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਈ-ਵੇਸਟ ਦੇ ਤੌਰ 'ਤੇ ਵਰਗੀਕ੍ਰਿਤ ਇਲੈਕਟ੍ਰਾਨਿਕ ਉਪਕਰਨਾਂ ਦਾ ਸਹੀ ਢੰਗ ਨਾਲ ਇਲਾਜ, ਨਿਪਟਾਰਾ ਅਤੇ ਰੀਸਾਈਕਲ ਨਾ ਕੀਤੇ ਜਾਣ 'ਤੇ ਵਾਤਾਵਰਣ ਅਤੇ ਮਨੁੱਖੀ ਸਿਹਤ ਲਈ ਖਤਰਾ ਪੈਦਾ ਹੋ ਸਕਦਾ ਹੈ। ਸਮਾਗਮ ਦੇ ਅੰਤ ਵਿੱਚ ਗ੍ਰੀਨ ਐਂਡ ਐਨਵਾਇਰਮੈਂਟ ਆਡਿਟ ਸੈੱਲ ਦੀ ਇੰਚਾਰਜ ਉਜਲਾ ਦਾਦਾ ਜੋਸ਼ੀ ਅਤੇ ਪੀ ਜੀ ਡਿਪਾਰਟਮੈਂਟ ਆਫ ਕੰਪਿਊਟਰ ਸਾਇੰਸ ਐਂਡ ਆਈ ਟੀ ਦੇ ਮੁਖੀ ਸ਼ਿਵਾਨੀ ਸ਼ਰਮਾ ਨੇ ਡੀਨ ਡਾ. ਲਵਲੀ ਅਤੇ ਸਮਾਗਮ ਦੇ ਪ੍ਰਬੰਧਕਾਂ ਸਪਨਾ, ਜਸਪ੍ਰੀਤ ਕੌਰ, ਸ਼ਾਲਿਨੀ ਅਤੇ ਅਕਾਂਸ਼ਾ ਸੈਮੀਨਾਰ ਦੇ ਸਫਲ ਆਯੋਜਨ ਲਈ ਆਈ ਟੀ ਗਰੁੱਪ ਨੂੰ ਵਧਾਈ ਦਿੱਤੀ।ਇਸ ਮੌਕੇ ਪ੍ਰਧਾਨ ਨਰੇਸ਼ ਬੁਧੀਆ, ਮੀਤ ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕੀ ਕਮੇਟੀ ਦੇ ਹੋਰ ਮੈਂਬਰਾਂ ਅਤੇ ਪ੍ਰਿੰਸੀਪਲ, ਪ੍ਰੋ. (ਡਾ.) ਪੂਜਾ ਪਰਾਸ਼ਰ ਨੇ ਸੈਮੀਨਾਰ ਦੇ ਆਯੋਜਨ ਵਿੱਚ ਵਿਭਾਗ ਅਤੇ ਗ੍ਰੀਨ ਐਂਡ ਇਨਵਾਇਰਮੈਂਟ ਆਡਿਟ ਸੈੱਲ ਦੇ ਸਮਰਪਤ ਯਤਨਾਂ ਦੀ ਸ਼ਲਾਘਾ ਕੀਤੀ।

# ਮੰਡੀਆਂ 'ਚ ਕੀਤੇ ਖਰੀਦ ਪ੍ਰਬੰਧਾਂ ਤੋਂ ਕਿਸਾਨ ਖੁਸ਼ : ਬਰਸਟ

**ਐਸ.ਏ.ਐਸ. ਨਗਰ ਮੋਹਾਲੀ / ਚੰਡੀਗੜ੍ਹ- (ਗੁਰਜੀਤ ਬਿੱਲਾ)**- ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਦੱਸਿਆ ਕਿ ਪੰਜਾਬ ਮੰਡੀ ਬੋਰਡ ਵੱਲੋਂ ਮੰਡੀਆਂ ਵਿੱਚ ਕੀਤੇ ਗਏ ਖਰੀਦ ਪ੍ਰਬੰਧਾਂ ਤੋਂ ਕਿਸਾਨ, ਆੜ੍ਹਤੀਏ ਅਤੇ ਮਜ਼ਦੂਰ ਬਹੁਤ ਖੁਸ਼ ਹਨ ਅਤੇ ਹੁਣ ਤੱਕ ਮੰਡੀਆਂ ਵਿੱਚ 43.08 ਲੱਖ ਮੀਟ੍ਰਿਕ ਟਨ ਕਣਕ ਦੀ ਫਸਲ ਦੀ ਆਮਦ ਹੋ ਚੁੱਕੀ ਹੈ, ਜਿਸ ਵਿੱਚੋਂ 38.44 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਹੋ ਚੁੱਕੀ ਹੈ। ਉਨ੍ਹਾ ਕਿਹਾ ਕਿ ਹਾੜ੍ਹੀ ਸੀਜ਼ਨ 2024-2025 ਦੌਰਾਨ ਮੰਡੀਆਂ ਵਿੱਚ ਕਿਸਾਨਾਂ, ਆੜ੍ਹਤੀਆਂ ਅਤੇ ਮਜ਼ਦੂਰਾਂ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਪੁਖਤਾ ਪ੍ਰਬੰਧ ਕੀਤੇ ਗਏ ਹਨ। ਹਾਲਾਂਕਿ ਕੁਦਰਤ ਦੀ ਕਰੋਪੀ ਕਾਰਨ ਛਿਟ-ਪੁੱਟ ਕਮੀਆਂ ਪੇਸ਼ੀਆਂ ਆ ਜਾਂਦੀਆਂ ਹਨ, ਪਰ ਇਨ੍ਹਾਂ ਕਮੀਆਂ ਨੂੰ ਨਾਲ ਦੀ ਨਾਲ ਦੂਰ ਕੀਤਾ ਜਾ ਰਿਹਾ ਹੈ। ਬਰਸਟ ਨੇ ਦੱਸਿਆ ਕਿ ਪੰਜਾਬ ਮੰਡੀ ਬੋਰਡ ਦੇ ਅਫਸਰਾਂ, ਮੁਲਾਜ਼ਮਾਂ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਹਰ ਪੱਧਰ 'ਤੇ ਸਹਿਯੋਗ ਅਤੇ ਸਹਾਇਤਾ ਕੀਤਾ ਜਾ ਰਹੀ ਹੈ। ਪੰਜਾਬ ਦੀਆਂ ਮੰਡੀਆਂ ਵਿੱਚ ਜਗ੍ਹਾ ਦੀ ਘਾਟ ਹੋਣ ਦੇ ਬਾਵਜੂਦ ਬੰਪਰ ਫਸਲ ਦੀ ਸਾਂਭ-ਸੰਭਾਲ ਦੇ ਪ੍ਰਬੰਧ ਕੀਤੇ ਜਾ ਚੁੱਕੇ ਹਨ।ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ ਦੱਸਿਆ ਕਿ ਮੰਡੀਆਂ ਵਿੱਚ ਖਰੀਦ ਪ੍ਰਬੰਧਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਦੇ ਲਈ ਮੰਡੀ ਬੋਰਡ ਦੇ ਅਫਸਰਾਂ ਦੀਆਂ ਡਿਊਟੀਆਂ ਲਗਾ ਕੇ ਖਰੀਦ ਪ੍ਰਬੰਧਾਂ ਅਤੇ ਹੋਰ ਪ੍ਰਬੰਧਾਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਸਮੱਸਿਆਵਾਂ ਅਤੇ ਕਮੀਆਂ ਨੂੰ ਤੁਰੰਤ ਮੌਕੇ 'ਤੇ ਹੀ ਹੱਲ ਕੀਤਾ ਜਾ ਰਿਹਾ ਹੈ। ਉਨ੍ਹਾ ਦੱਸਿਆ ਕਿ ਪੰਜਾਬ ਮੰਡੀ ਬੋਰਡ ਦੀਆਂ 1907 ਮੰਡੀਆਂ ਅਤੇ 721 ਨੋਟੀਫਾਈਡ ਆਰਜ਼ੀ ਖਰੀਦ ਕੇਂਦਰਾਂ ਵਿੱਚ ਹੁਣ ਤੱਕ 43.08 ਲੱਖ ਮੀਟ੍ਰਿਕ ਟਨ ਕਣਕ ਦੀ ਫਸਲ ਦੀ ਆਮਦ ਹੋ ਚੁੱਕੀ ਹੈ, ਜਿਸ ਵਿੱਚ 38.44 ਲੱਖ ਮੀਟ੍ਰਿਕ ਟਨ ਕਣਕ ਦੀ ਫਸਲ ਦੀ ਖਰੀਦ ਵੀ ਹੋ ਗਈ ਹੈ ਅਤੇ 4.64 ਲੱਖ ਮੀਟ੍ਰਿਕ ਟਨ ਫਸਲ ਦੀ ਖਰੀਦ ਬਾਕੀ ਹੈ। ਉਨ੍ਹਾ ਦੱਸਿਆ ਕਿ ਹੁਣ ਤੱਕ ਮੰਡੀਆਂ ਵਿੱਚੋਂ 9.15 ਲੱਖ ਮੀਟ੍ਰਿਕ ਟਨ ਕਣਕ ਦੀ ਫਸਲ ਦੀ ਲਿਫਟਿੰਗ ਹੋ ਚੁੱਕੀ ਹੈ।

# ਜੇ ਸੀ ਆਈ ਵੱਲੋਂ ਸਮੂਹਿਕ ਵਿਆਹ ਸੰਮੇਲਨ




**ਆਦਮਪੁਰ (ਪਰਮਜੀਤ ਸਿੰਘ)**- ਜੇ ਸੀ ਆਈ ਆਦਮਪੁਰ ਵਲੋਂ 9ਵਾਂ ਜ਼ਰੂਰਤਮੰਦ ਲੜਕੀਆਂ ਦਾ ਸਮੂਹਿਕ ਵਿਆਹ ਸੰਮੇਲਨ ਮਹਾਰਾਜਾ ਪੈਲੇਸ ਹਰੀਪੁਰ ਰੋਡ ਆਦਮਪੁਰ ਵਿਖੇ ਸਮੂਹ ਇਲਾਕਾ ਨਿਵਾਸੀਆਂ ਅਤੇ ਐਨ.ਆਰ.ਆਈਜ਼ ਦੇ ਸਹਿਯੋਗ ਨਾਲ ਕਰਵਾਇਆ ਗਿਆ।ਇਸ ਮੌਕੇ ਹਲਕਾ ਵਿਧਾਇਕ ਆਦਮਪੁਰ ਸੁਖਵਿੰਦਰ ਸਿੰਘ ਕੋਟਲੀ, ਸਾਬਕਾ ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ, ਉਘੇ ਸਮਾਜ ਸੇਵਕ ਹਨੀ ਸੇਠੀ, ਇੰਪੀਰੀਅਲ ਸਕੂਲ ਦੇ ਡਾਇਰੈਕਟਰ ਅਤੇ ਸਮਾਜ ਸੇਵਕ ਜਗਦੀਸ਼ ਪਸਰੀਚਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਆਏ ਮਹਿਮਾਨਾਂ ਨੇ ਸਾਂਝੇ ਤੌਰ 'ਤੇ ਨਵੇਂ ਵਿਆਹੇ ਜੋੜਿਆਂ ਅਤੇ ਜੇ.ਸੀ.ਆਈ ਆਦਮਪੁਰ ਦੇ ਸਮੂਹ ਮੈਂਬਰਾਂ ਨੂੰ ਵਧਾਈ ਦਿੰਦਿਆਂ ਹੋਇਆਂ ਕਿਹਾ ਕਿ ਕਲੱਬ ਵੱਲੋਂ ਇਸ ਤਰ੍ਹਾਂ ਦੇ ਲੋਕ ਭਲਾਈ ਉਪਰਾਲੇ ਕਰਨ ਨਾਲ ਲੋੜਵੰਦ ਅਤੇ ਗਰੀਬ ਲੜਕੀਆਂ ਅਤੇ ਉਨ੍ਹਾਂ ਦੇ ਪਰਵਾਰਾਂ ਨੂੰ ਇਸ ਤਰ੍ਹਾਂ ਪਿਆਰ ਰੂਪੀ ਮਿਲੀ ਮਦਦ ਨਾਲ ਖ਼ੁਸ਼ੀ ਮਹਿਸੂਸ ਹੁੰਦੀ ਹੈ।ਇਸ ਮੌਕੇ ਹਿਤੇਸ਼ ਦਿਲਬਾਗੀ ਸੈਕਟਰੀ, ਨਰਿੰਦਰ ਕੁਕੂ ਕੈਸ਼ੀਅਰ, ਸਤਵਿੰਦਰ ਅਰੋੜਾ, ਜਗਦੀਸ਼ ਪਸਰੀਚਾ, ਜਗਮੋਹਨ ਅਰੋੜਾ, ਅਨੂਪ ਵਰਮਾ, ਮਾਨਵ ਕੋਚਰ, ਸੰਜੀਵ ਨਈਅਰ, ਹਰਪ੍ਰੀਤ ਸਿੰਘ ਸੰਧੂ, ਜਗਦੀਸ਼ ਅਗਰਵਾਲ, ਸੰਦੀਪ ਗੋਇਲ, ਵਿਕਰਮ ਸ਼ਰਮਾ, ਦਿਨਕਰ ਸਿੰਗਲਾ, ਰਜਤ ਦੁੱਗਲ, ਨਵੀਨ ਸੂਰੀ, ਨਵਦੀਪ ਸਿੰਘ, ਸਨੀ ਢਿੱਲੋਂ, ਵਿਵੇਕ ਅਰੋੜਾ, ਫਤਿਹਜੀਤ ਲਾਡੀ, ਸ਼ਰੇਸ਼ ਕਾਲੀ, ਦੀਪਕ ਕਪੂਰ, ਅਮਿਤ ਸਬਰਪਾਲ, ਅਨੀਲ ਗੁਪਤਾ, ਦਵਿੰਦਰ ਕੁਮਾਰ ਡੀ.ਸੀ., ਰਮਨ ਬੌਬੀ, ਅਮੀਰ ਸਿੰਘ, ਸੰਜੀਵ ਗਾਂਧੀ, ਸਾਰੇ ਜੇ ਸੀ ਮੈਂਬਰ ਅਤੇ ਹੋਰ ਹਾਜ਼ਰ ਸਨ।

# ਕੋਈ ਵੀ ਬੁਖਾਰ ਹੋ ਸਕਦੇ ਹੈ ਮਲੇਰੀਆ, ਹਸਪਤਾਲ 'ਚੋਂ ਮੁਫਤ ਕਰਵਾਓ ਟੈਸਟ : ਡਾ. ਜਸਪ੍ਰੀਤ ਕੌਰ


**ਨਵਾਂਸ਼ਹਿਰ (ਮਨੋਜ ਲਾਡੀ, ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹਾ ਸਿਹਤ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਵਿਸ਼ਵ ਮਲੇਰੀਆ ਦਿਵਸ ਦੇ ਸੰਦਰਭ 'ਚ ਆਮ ਲੋਕਾਂ 'ਚ ਜਾਗਰੂਕਤਾ ਫੈਲਾਉਣ ਲਈ ਜਾਗਰੂਕਤਾ ਪੋਸਟਰ ਰਿਲੀਜ਼ ਕੀਤਾ ਗਿਆ। ਇਸ ਮੌਕੇ ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਨੇ ਸੰਬੋਧਨ ਕਰਦਿਆਂ ਦੱਸਿਆ ਕਿ 25 ਅਪ੍ਰੈਲ ਨੂੰ ਦੁਨੀਆ ਭਰ 'ਚ ਵਿਸ਼ਵ ਮਲੇਰੀਆ ਦਿਵਸ ਮਨਾਇਆ ਜਾਂਦਾ ਹੈ ਅਤੇ ਇਸ ਦਿਵਸ ਨੂੰ ਮਨਾਉਣ ਦਾ ਮੁੱਖ ਮੰਤਵ ਆਮ ਨਾਗਰਿਕਾਂ ਨੂੰ ਮਲੇਰੀਆ ਦੇ ਲੱਛਣਾਂ ਅਤੇ ਬਚਾਅ ਬਾਰੇ ਜਾਗਰੂਕ ਕਰਨਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਮਲੇਰੀਆ ਪ੍ਰਤੀ ਚੌਕਸ ਰਹਿਣਾ ਚਾਹੀਦਾ ਹੈ। ਉਨ੍ਹਾਂ ਮਲੇਰੀਆ ਬੁਖਾਰ ਦੇ ਲੱਛਣ, ਬਚਾਅ ਤੇ ਇਲਾਜ ਪ੍ਰਬੰਧਨ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਲੇਰੀਆ ਬੁਖ਼ਾਰ ਮਾਦਾ ਐਨਫਲੀਜ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਮਲੇਰੀਆ ਦੇ ਮੁੱਖ ਲੱਛਣ ਤੇਜ਼ ਬੁਖਾਰ, ਠੰਡ ਲੱਗਣਾ, ਸਿਰਦਰਦ, ਥਕਾਵਟ, ਸ਼ਰੀਰ 'ਚ ਟੁੱਟ-ਭੱਜ, ਘਬਰਾਹਟ ਹੋਣ ਦੇ ਨਾਲ-ਨਾਲ ਕੰਬਣੀ ਛੇੜਨਾ ਹੈ। ਇਸ ਬਿਮਾਰੀ ਤੋਂ ਬਚਣ ਲਈ ਸਾਨੂੰ ਸਾਫ-ਸਫਾਈ ਰੱਖਣੀ ਚਾਹੀਦੀ ਹੈ, ਕਿਤੇ ਵੀ ਪਾਣੀ ਨਹੀਂ ਖੜ੍ਹਾ ਹੋਣ ਦੇਣਾ ਚਾਹੀਦਾ, ਸੌਣ ਵੇਲੇ ਮੱਛਰਦਾਨੀ ਤੇ ਮੱਛਰ ਭਜਾਉਣ ਵਾਲੀ ਕਰੀਮਾਂ ਤੇ ਮਸ਼ੀਨਾਂ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਕੋਈ ਵੀ ਬੁਖ਼ਾਰ ਮਲੇਰੀਆ ਹੋ ਸਕਦਾ ਹੈ। ਜੇਕਰ ਕਿਸੇ ਵੀ ਵਿਅਕਤੀ ਨੂੰ ਮਲੇਰੀਆ ਬੁਖ਼ਾਰ ਦੇ ਲੱਛਣ ਮਹਿਸੂਸ ਹੁੰਦੇ ਹਨ ਤਾਂ ਤੁਰੰਤ ਨੇੜੇ ਦੀ ਸਰਕਾਰੀ ਸਿਹਤ ਸੰਸਥਾ ਵਿਖੇ ਆਪਣੀ ਜਾਂਚ ਕਰਵਾਉਣੀ ਚਾਹੀਦੀ ਹੈ। ਮਲੇਰੀਆ ਦਾ ਟੈਸਟ ਅਤੇ ਇਲਾਜ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮੁਫਤ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਮੱਛਰ ਦੀ ਪੈਦਾਇਸ਼ ਨੂੰ ਰੋਕਣ ਲਈ ਹਰ ਸ਼ੁੱਕਰਵਾਰ-ਡੇਂਗੂ 'ਤੇ ਵਾਰ ਮਨਾਉਣਾ ਚਾਹੀਦਾ ਹੈ ਅਤੇ ਘਰਾਂ ਵਿਚ ਕੂਲਰ, ਗਮਲੇ ਅਤੇ ਫਰਿੱਜਾਂ ਦੀਆਂ ਟਰੇਆਂ ਨੂੰ ਖਾਲੀ ਕਰਕੇ ਸੁਕਾਉਣਾ ਚਾਹੀਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਮਨਦੀਪ ਕਮਲ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਹਰਪ੍ਰੀਤ ਸਿੰਘ, ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਸਰਬਰਿੰਦਰ ਸਿੰਘ ਸੇਠੀ, ਪੀ ਏ ਅਜੇ ਕੁਮਾਰ, ਬਲਾਕ ਐਕਸਟੈਂਸ਼ਨ ਐਜੂਕੇਟਰ ਵਿਕਾਸ ਵਿਰਦੀ, ਹੈਲਥ ਇੰਸਪੈਕਟਰ ਰਾਜੀਵ ਸ਼ਰਮਾ ਸਮੇਤ ਹੋਰ ਸਿਹਤ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

# ਮਰਦਾਂ 'ਤੇ ਹੋ ਰਹੇ ਅੱਤਿਆਚਾਰਾਂ ਨੂੰ ਠੱਲ੍ਹ ਪਾਉਣ ਲਈ ਬਣਾਇਆ ਜਾਵੇ ਆਯੋਗ : ਰਣਯੋਧ

**ਕਾਲਾ ਸੰਘਿਆ (ਮਨਜੀਤ ਸਿੰਘ ਮਾਨ)**-ਅਸੀਂ ਔਰਤਾ ਦਾ ਬਹੁਤ ਮਾਣ ਸਤਿਕਾਰ ਕਰਦੇ ਹਾਂ, ਮਰਦ ਤੇ ਔਰਤਾਂ ਵਿੱਚ ਕੋਈ ਫਰਕ ਨਹੀਂ ਹੈ। ਗੁਰੂ ਸਾਹਿਬਾਨ ਫਰਮਾਉਂਦੇ ਹਨ ਕਿ 'ਸੋ ਕਿਉ ਮੰਦਾ ਆਖੀਐ ਜਿਤੁ ਜਮਹਿ ਰਾਜਾਨ' ਗੁਰੂ ਨਾਨਕ ਸਾਹਿਬ ਜੀ ਦੇ ਕਹੇ ਉਪਰੋਕਤ ਅਨਮੋਲ ਬਚਨਾਂ ਦਾ ਉਲੇਖ, ਸਿੱਖ ਧਰਮ ਦੇ ਨੁਕਤੇ-ਨਿਗਾਹ ਅਨੁਸਾਰ, ਮਨੁੱਖੀ ਸਮਾਜ ਵਿਚ ਇਸਤਰੀ ਦਾ ਵਾਜਬ ਸਥਾਨ ਦਰਸਾਉਂਦਾ ਹੈ। ਇਸ ਬਚਨ ਦਾ ਉਪਯੋਗ ਆਏ ਦਿਨ ਵਿਦਵਾਨਾਂ ਦੇ ਲੇਖਾਂ ਅਤੇ ਪ੍ਰਚਾਰਕਾਂ ਦੇ ਮੌਖਿਕ ਵਿਚਾਰਾਂ ਵਿਚ ਹੁੰਦਾ ਰਹਿੰਦਾ ਹੈ। ਇਸ ਗੱਲ 'ਚ ਕੋਈ ਸ਼ੱਕ ਨਹੀਂ ਕਿ ਗੁਰੂ ਦੇ ਬਚਨ ਸਦੀਵੀਂ ਹਨ ਅਤੇ ਉਹ ਇੱਕ ਸਥਿਤੀ ਵਿਸ਼ੇਸ਼ ਵੱਲ ਸਿੱਖਿਆਤਮਕ ਇਸ਼ਾਰਾ ਕਰਨ ਦੇ ਨਾਲ-ਨਾਲ ਮਨੁੱਖ ਨੂੰ ਵੱਖੋ-ਵੱਖ ਸਥਿਤੀਆਂ ਨੂੰ ਵੀ ਸਮਝਣ ਵਿੱਚ ਸਹਾਈ ਹੁੰਦੇ ਹਨ। ਪਰ ਅੱਜ ਕੱਲ੍ਹ ਅਸੀਂ ਦੇਖਦੇ ਹਾਂ ਕਿ ਕੁਝ ਮਾੜੀ ਸੋਚ ਦੇ ਆਦਮੀ ਔਰਤਾਂ ਤੇ ਜ਼ੁਲਮ ਢਾਉਂਦੇ ਹਨ, ਜਿਸ ਦਾ ਵਿਰੋਧ ਕਰਨਾ ਸਾਡਾ ਸਭ ਦਾ ਨੈਤਿਕ ਫਰਜ ਹੈ ਲੇਕਿਨ ਦੂਜੇ ਪਾਸੇ ਕੁਝ ਮਾੜੀ ਬੁੱਧੀ ਦੀਆਂ ਔਰਤਾਂ ਵੀ ਘੱਟ ਨਹੀਂ ਅੱਜ ਇਥੇ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਉੱਘੇ ਨੌਜਆਨ ਆਗੂ ਤੇ ਜਰਨਲਿਸਟ ਪ੍ਰੈਸ ਕਲੱਬ (ਰਜਿ.) ਪੰਜਾਬ ਦੇ ਐਨ ਆਰ ਆਈ ਵਿੰਗ ਦੇ ਪ੍ਰਧਾਨ ਰਣਯੋਧ ਸਿੰਘ ਯੋਧੂ ਨੇ ਕਰਦਿਆ ਕਿਹਾ ਕਿ ਅਜੇ ਕੁਝ ਦਿਨ ਦੀ ਖ਼ਬਰ ਹੈ ਕਿ ਇਕ ਸੱਸ ਸੋਹਰੇ ਨੂੰ ਜ਼ਿੰਦਾ ਸਾੜ ਦਿੱਤਾ ਜਾਂ ਕੁਝ ਮਾੜੀ ਸੋਚ ਦੀਆਂ ਔਰਤਾਂ ਡੋਰੀ ਐਕਟ ਦਾ ਵੀ ਦੁਰਉਪਯੋਗ ਕਰ ਰਹੀਆਂ ਹਨ, ਅਜਿਹੀਆਂ ਸ਼ਰਾਰਤੀ ਔਰਤਾਂ ਤੇ ਸਖਤ ਕਾਰਵਾਈ ਕਰਨ ਦੀ ਲੋੜ ਹੈ, ਰਣਯੋਧ ਸਿੰਘ ਯੋਧੂ ਨੇ ਸਰਕਾਰ ਤੋਂ ਮੰਗ ਕਰਦਿਆ ਕਿਹਾ ਕਿ ਮਹਿਲਾ ਆਯੋਗ ਦੀ ਤਰਜ ਤੇ ਮਰਦ ਆਯੋਗ ਵੀ ਬਣੇ ਤਾਂ ਜੋ ਬੇਕਸੂਰੇ ਮਰਦਾਂ ਨੂੰ ਵੀ ਇਨਸਾਫ ਮਿਲੇ।



# ਕਾਂਗਰਸ ਦੇਸ਼ ਲਈ ਖ਼ਤਰਾ : ਰਣਜੀਤ ਪਵਾਰ



**ਫਿਲੌਰ (ਨਿਰਮਲ)**- ਰਣਜੀਤ ਸਿੰਘ ਪਵਾਰ ਨੇ ਫਿਲੌਰ ਵਿਖੇ ਇੱਕ ਪ੍ਰੈਸ ਕਾਨਫਰੰਸ ਕੀਤੀ, ਉਹਨਾਂ ਕਿਹਾ ਕਿ ਕਾਂਗਰਸ ਦੇਸ਼ ਲਈ ਖਤਰਾ ਹੈ ਇਹ ਪਰਵਾਰਵਾਦੀ ਪਾਰਟੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਤੋਂ ਸਾਨੂੰ ਬਚਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਿਰਫ ਦੇਸ ਹਿੱਤ 'ਚ ਕੰਮ ਕਰਨ ਵਾਲੀ ਪਾਰਟੀ ਭਾਰਤੀ ਜਨਤਾ ਪਾਰਟੀ ਨੂੰ ਹੀ ਦੇਸ਼ ਹਿੱਤ 'ਚ ਵੋਟ ਪਾ ਕੇ ਅੱਗੇ ਲਿਆਈਏ। ਇਸ ਮੌਕੇ ਕੁਲਵਿੰਦਰ ਸਿੰਘ, ਵਿਨੋਦ ਰਹੇਜਾ, ਰਾਮ ਰਾਜ ਬਿਰਦੀ ਬਾਬਾ, ਸ਼ਾਮ ਲਾਲ ਅਤੇ ਅਮਰਜੀਤ ਸਿੰਘ ਫਿਲੌਰ ਆਦਿ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਵੱਲੋਂ ਦਫਤਰਾਂ ਦੀ ਅਚਨਚੇਤ ਜਾਂਚ




**ਫਿਲੌਰ, (ਨਿਰਮਲ)**-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਫਿਲੌਰ ਉਪ ਮੰਡਲ ਵਿਖੇ ਦਫਤਰਾਂ ਦੀ ਅਚਨਚੇਤ ਜਾਂਚ ਕਰਕੇ ਕੰਮਕਾਜ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਐਸ ਡੀ ਐਮ. ਦਫਤਰ , ਸੇਵਾ ਕੇਂਦਰ, ਤਹਿਸੀਲ ਤੇ ਲੋਕ ਸਭਾ ਚੋਣਾਂ 2024 ਲਈ ਸਥਾਪਿਤ ਕੀਤੇ ਚੋਣ ਸੈੱਲ ਦਾ ਦੌਰਾ ਕੀਤਾ। ਸੇਵਾ ਕੇਂਦਰ ਵਿਖੇ ਕੰਮ ਲਈ ਆਏ ਲੋਕਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਲੋਕਾਂ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਤੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸੇਵਾਵਾਂ ਪ੍ਰਾਪਤ ਕਰਨ ਲਈ ਦਿੱਤੇ ਯੋਗ ਬਿਨੈ-ਪੱਤਰਾਂ ਦਾ ਸਮੇਂ ਸਿਰ ਨਿਪਟਾਰਾ ਯਕੀਨੀ ਬਣਾਇਆ ਜਾਵੇ। ਡਿਪਟੀ ਕਮਿਸ਼ਨਰ ਨੇ ਚੋਣ ਦਫਤਰ ਦੇ ਦੌਰੇ ਦੌਰਾਨ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਕਿਹਾ ਕਿ ਲੋਕ ਸਭਾ ਚੋਣਾਂ 2024 ਨੂੰ ਸਫਲਤਾ ਪੂਰਵਕ ਕਰਵਾਉਣ ਲਈ ਉਹ ਪੂਰੀ ਤਨਦੇਹੀ ਨਾਲ ਡਿਊਟੀ ਨਿਭਾਉਣ।

ਇਸ ਤੋਂ ਇਲਾਵਾ ਉਨ੍ਹਾਂ ਸਿਆਸੀ ਪਾਰਟੀਆਂ ਤੇ ਉਮੀਦਵਾਰਾਂ ਨੂੰ ਵੱਖ-ਵੱਖ ਮਨਜ਼ੂਰੀਆਂ ਦੇਣ ਲਈ ਸਥਾਪਿਤ ਕੀਤੇ ਗਏ ਸੈੱਲਾਂ ਵਿਖੇ ਭਾਰਤੀ ਚੋਣ ਕਮਿਸ਼ਨ ਵੱਲੋਂ ਨਿਰਧਾਰਤ ਸਮਾਂ ਸੀਮਾ ਅੰਦਰ ਯੋਗ ਮਨਜ਼ੂਰੀ ਦਿੱਤੇ ਜਾਣਾ ਯਕੀਨੀ ਬਣਾਉਣ ਲਈ ਕਿਹਾ। ਡਾ. ਅਗਰਵਾਲ ਵੱਲੋਂ ਐਸ ਡੀ ਐਮ ਦਫਤਰ ਤੇ ਤਹਿਸੀਲ ਵਿਖੇ ਵੀ ਲੋਕਾਂ ਨਾਲ ਗੱਲਬਾਤ ਕੀਤੀ ਗਈ। ਉਨ੍ਹਾਂ ਕਿਹਾ ਕਿ ਦਫਤਰਾਂ ਵਿਖੇ ਲੋਕਾਂ ਦੇ ਬੈਠਣ, ਸਾਫ ਸਫਾਈ, ਪੀਣ ਵਾਲੇ ਪਾਣੀ ਦੇ ਪ੍ਰਬੰਧ ਆਦਿ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਦਫਤਰੀ ਰਿਕਾਰਡ ਦੀ ਸੁਚੱਜੀ ਸਾਂਭ ਸੰਭਾਲ ਹਰ ਪੱਖੋਂ ਨਿਸਚਿਤ ਕੀਤੀ ਜਾਵੇ।

ਇਸ ਮੌਕੇ ਐਸ ਡੀ ਐਮ ਅਮਨਪਾਲ ਸਿੰਘ ਵੀ ਹਾਜ਼ਰ ਸਨ।

# 1 ਤੋਂ 7 ਜੂਨ ਤੱਕ ਫਲਾਈਟ ਟਿਕਟ ਬੁਕਿੰਗ 'ਤੇ ਸਰਵਿਸ ਚਾਰਜਿਜ਼ 'ਚ ਛੋਟ ਦੇਣ ਦਾ ਐਲਾਨ




**ਜਲੰਧਰ, (ਸੁਰਿੰਦਰ ਕੁਮਾਰ)** ਸਥਾਨਕ ਜਲੰਧਰ 'ਚ ਲੋਕਾਂ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਕੱਢਿਆ ਨਵਾਂ ਤਰੀਕਾ ਜਿਸ ਤਹਿਤ ਜਲੰਧਰ ਦੇ ਜ਼ਿਲ੍ਹਾ ਪ੍ਰਸ਼ਾਸਨ ਦੀ ਵੋਟਰ ਜਾਗਰੂਕਤਾ ਮੁਹਿੰਮ ਨਾਲ ਜੁੜੇ ਟ੍ਰੈਵਲ ਏਜੰਟ, ਇਮੀਗ੍ਰੇਸ਼ਨ ਕੰਸਲਟੈਂਟ ਤੇ ਆਈਲੈਟਸ ਸੈਂਟਰ ਇਸ ਉਪਰਾਲੇ ਨਾਲ ਨੌਜਵਾਨ ਵੋਟਰ ਵੋਟ ਪਾਉਣ ਲਈ ਉਤਸ਼ਾਹਿਤ ਹੋਣਗੇ। ਲੋਕ ਸਭਾ ਚੋਣਾਂ-2024 ਦੌਰਾਨ 70 ਫੀਸਦੀ ਵੋਟਿੰਗ ਦੇ ਟੀਚੇ ਨੂੰ ਪਾਰ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚਲਾਈ ਜਾ ਰਹੀ ਵੋਟਰ ਜਾਗਰੂਕਤਾ ਮੁਹਿੰਮ ਨਾਲ ਜੁੜਦਿਆਂ ਜ਼ਿਲ੍ਹੇ ਦੇ ਕਰੀਬ 40 ਟ੍ਰੈਵਲ ਏਜੰਟਾਂ, ਇਮੀਗ੍ਰੇਸ਼ਨ ਕੰਸਲਟੈਂਟਾਂ ਤੇ ਆਈਲੈਟਸ ਸੈਂਟਰਾਂ ਵੱਲੋਂ ਸਵੈ ਇੱਛਾ ਨਾਲ 1 ਤੋਂ 7 ਜੂਨ ਤੱਕ ਫਲਾਈਟ ਟਿਕਟ ਦੀ ਬੁਕਿੰਗ 'ਤੇ ਸਰਵਿਸ ਚਾਰਜਿਸ 'ਚ ਅਤੇ ਆਈਲੈਟਸ ਸੈਂਟਰਾਂ 'ਚ ਇਕ ਮਹੀਨੇ ਦੀ ਕੋਚਿੰਗ ਫੀਸ 'ਤੇ 50 ਫੀਸਦੀ ਛੋਟ ਦੇਣ ਦਾ ਫੈਸਲਾ ਕੀਤਾ ਗਿਆ ਹੈ।ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੀਟਿੰਗ ਦੌਰਾਨ ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਟ੍ਰੈਵਲ ਏਜੰਟਾਂ, ਇਮੀਗ੍ਰੇਸ਼ਨ ਕੰਸਲਟੈਂਟਾਂ ਅਤੇ ਆਈਲੈਟਸ ਸੈਂਟਰਾਂ ਦੇ ਪ੍ਰਬੰਧਕਾਂ/ਮਾਲਕਾਂ ਦਾ ਵੋਟਰ ਜਾਗਰੂਕਤਾ ਮੁਹਿੰਮ ਨਾਲ ਜੁੜਨ ਲਈ ਧੰਨਵਾਦ ਕਰਦਿਆਂ ਕਿਹਾ ਕਿ ਇਸ ਨਾਲ ਵੋਟਰ ਖਾਸ ਕਰ ਨੌਜਵਾਨ ਵੋਟਰ ਆਪਣੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਕਰਨ ਲਈ ਉਤਸ਼ਾਹਿਤ ਹੋਣਗੇ। ਉਨ੍ਹਾਂ ਦੱਸਿਆ ਕਿ ਇਹ ਛੋਟ 1 ਜੂਨ ਨੂੰ ਵੋਟ ਪਾਉਣ ਉਪਰੰਤ ਉਂਗਲੀ 'ਤੇ ਲੱਗਾ ਸਿਆਹੀ ਦਾ ਨਿਸ਼ਾਨ ਦਿਖਾ ਕੇ ਜ਼ਿਲ੍ਹੇ ਦੇ ਚੋਣਵੇ ਟ੍ਰੈਵਲ ਏਜੰਟਾਂ, ਇਮੀਗ੍ਰੇਸ਼ਨ ਕੰਸਲਟੈਂਟਾਂ ਪਾਸੋਂ ਅਤੇ ਆਈਲੈਟਸ ਸੈਂਟਰਾਂ ਵਿੱਚ 1 ਤੋਂ 7 ਜੂਨ ਤੱਕ ਪ੍ਰਾਪਤ ਕੀਤੀ ਜਾ ਸਕਦੀ ਹੈ।

ਟ੍ਰੈਵਲ ਏਜੰਟਾਂ, ਇਮੀਗ੍ਰੇਸ਼ਨ ਕੰਸਲਟੈਂਟਾਂ ਤੇ ਆਈਲੈਟਸ ਸੈਂਟਰਾਂ ਨੂੰ ਵੋਟਰ ਜਾਗਰੂਕਤਾ ਵਿੱਚ ਸਰਗਰਮ ਭੂਮਿਕਾ ਨਿਭਾਉਣ ਦਾ ਸੱਦਾ ਦਿੰਦਿਆਂ ਡਾ. ਹਿਮਾਂਸ਼ੂ ਅਗਰਵਾਲ ਨੇ ਆਈਲੈਟਸ ਸੈਂਟਰਾਂ ਦੇ ਪ੍ਰਬੰਧਕਾਂ/ਮਾਲਕਾਂ ਨੂੰ ਆਪਣੇ ਸੈਂਟਰਾਂ ਵਿੱਚ ਪੜ੍ਹਦੇ ਲੜਕੇ/ਲੜਕੀਆਂ, ਜਿਨ੍ਹਾਂ ਦੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੈ ਅਤੇ ਵੋਟ ਬਣੀ ਹੈ, ਨੂੰ 1 ਜੂਨ ਨੂੰ ਆਪਣੀ ਵੋਟ ਪਾਉਣ ਲਈ ਉਤਸ਼ਾਹਿਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ, ਐਸ.ਡੀ.ਐਮ. ਜੈ ਇੰਦਰ ਸਿੰਘ, ਸਹਾਇਕ ਨੋਡਲ ਅਫ਼ਸਰ (ਸਵੀਪ) ਡਾ. ਸੁਰਜੀਤ ਲਾਲ, ਟ੍ਰੈਵਲ ਏਜੰਟ, ਇਮੀਗ੍ਰੇਸ਼ਨ ਕੰਸਲਟੈਂਟ ਤੇ ਆਈਲੈਟਸ ਸੈਂਟਰਾਂ ਦੇ ਪ੍ਰਬੰਧਕ/ਮਾਲਕ ਵੀ ਮੌਜੂਦ ਸਨ।

# ਸੰਤ ਨਿਰੰਕਾਰੀ ਮੰਡਲ ਵੱਲੋਂ ਖ਼ੂਨਦਾਨ ਕੈਂਪ



**ਫਿਲੌਰ ( ਨਿਰਮਲ )**- ਸੰਤ ਨਿਰੰਕਾਰੀ ਫਾਊਂਡੇਸ਼ਨ ਦੁਆਰਾ ਦੇਸ਼ ਭਰ 'ਚ ਲਾਏ ਜਾਣ ਵਾਲੇ ਖ਼ੂਨਦਾਨ ਕੈਂਪਾਂ ਦੀ ਲੜੀ ਤਹਿਤ ਮਾਨਵ ਏਕਤਾ ਦਿਵਸ ਦੇ ਸਬੰਧ 'ਚ ਬੁੱਧਵਾਰ ਸੰਤ ਨਿਰੰਕਾਰੀ ਮੰਡਲ ਫਿਲੌਰ ਵਿਖੇ ਖ਼ੂਨਦਾਨ ਕੈਂਪ ਲਗਾਇਆ ਗਿਆ। ਕੈਂਪ 'ਚ ਨਿਰੰਕਾਰੀ ਸ਼ਰਧਾਲੂਆਂ ਵੱਲੋਂ 64 ਯੂਨਿਟ ਖ਼ੂਨਦਾਨ ਕੀਤਾ ਗਿਆ, ਜਿਸ 'ਚ ਮਹਿਲਾਵਾਂ ਵੀ ਸ਼ਾਮਲ ਹਨ। ਕੈਂਪ ਦਾ ਉਦਘਾਟਨ ਮਹਾਤਮਾ ਗੁਰਪ੍ਰਕਾਸ਼ ਪਾਸ਼ੀ ਨੇ ਕੀਤਾ। ਇਸ ਮੌਕੇ ਬ੍ਰਾਂਚ ਮੁਖੀ ਫਿਲੌਰ ਜਗਤਾਰ ਸਿੰਘ, ਬ੍ਰਾਂਚ ਮੁਖੀ ਅੱਪਰਾ ਕੁਲਦੀਪ ਸਿੰਘ, ਬ੍ਰਾਂਚ ਮੁਖੀ ਗੁਰਾਇਆ ਜਸਵੀਰ ਕੁਮਾਰ ਵੀ ਮੌਜੂਦ ਸਨ। ਖ਼ੂਨਦਾਨ ਕੈਂਪ ਬਾਰੇ ਪਾਸ਼ੀ ਨੇ ਦੱਸਿਆ ਕਿ ਹਰ ਸਾਲ ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਦੇ ਆਦੇਸ਼ਾਂ ਅਨੁਸਾਰ ਵਿਸ਼ਵ ਭਰ 'ਚ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਖ਼ੂਨਦਾਨ ਕਰਕੇ ਅਸੀਂ ਕਿਸੇ ਦੂਜੇ ਉੱਤੇ ਅਹਿਸਾਨ ਨਹੀਂ ਕਰਦੇ, ਇਹ ਤਾਂ ਮਾਨਵ ਹੋਣ ਦੇ ਨਾਤੇ ਸਾਡਾ ਮਾਨਵੀ ਫਰਜ਼ ਹੈ। ਉਨ੍ਹਾਂ ਕਿਹਾ ਕਿ ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਵੱਲੋਂ ਮਾਨਵਤਾ ਦੀ ਭਲਾਈ ਅਤੇ ਵਾਤਾਵਰਣ ਦੇ ਸੁਧਾਰ ਲਈ ਬੂਟੇ, ਸਫ਼ਾਈ ਅਭਿਆਨ ਅਤੇ ਕੁਦਰਤੀ ਆਫ਼ਤਾਂ ਮੌਕੇ ਆਰਥਿਕ ਸਹਾਇਤਾ ਤੇ ਸੇਵਾਦਲ ਭੇਜ ਕੇ ਲੋੜਵੰਦਾਂ ਦੀ ਸੇਵਾ ਕੀਤੀ ਜਾਂਦੀ ਹੈ। ਖ਼ੂਨਦਾਨ ਕੈਂਪ 'ਚ ਸਿਵਲ ਹਸਪਤਾਲ ਲੁਧਿਆਣਾ ਟੀਮ ਹਾਜ਼ਰ ਸੀ। ਇਸ ਮੌਕੇ ਪ੍ਰਚਾਰਕ ਮਹਾਤਮਾ ਰਾਮ ਜੀ ਦਾਸ, ਰਾਮ ਸਰੂਪ, ਲਖਵਿੰਦਰ ਲਾਲ, ਸੋਹਨ ਲਾਲ, ਪਾਲ ਫੌਜੀ, ਭੈਣ ਸੁਨੀਤਾ, ਭੈਣ ਸੰਤੋਸ਼, ਭੈਣ ਸਿਮਰਨ, ਬ੍ਰਾਂਚ ਅਮਨ , ਕੁਲਵੰਤ ਸਿੰਘ, ਸੁਰਿੰਦਰ ਮਾਹਲਾਂ ਸਮੂਹ ਸਾਧ ਸੰਗਤ ਅਤੇ ਸੇਵਾਦਲ ਹਾਜ਼ਰ ਸਨ।

# ਸਾਬਕਾ ਵਿਧਾਇਕ ਦੀ ਗੱਡੀ ਐਂਬੂਲੈਂਸ ਨਾਲ ਟਕਰਾਈ

**ਨਵਾਂਸ਼ਹਿਰ (ਮਨੋਜ ਲਾਡੀ)** -ਬਲਾਚੌਰ-ਰੋਪੜ ਮਾਰਗ 'ਤੇ ਸਥਿਤ ਪਿੰਡ ਟੌਂਸਾ ਦੇ ਨਜ਼ਦੀਕ ਨਵਾਂਸ਼ਹਿਰ ਦੇ ਸਾਬਕਾ ਵਿਧਾਇਕ ਅੰਗਦ ਸਿੰਘ ਦੀ ਫਾਰਚੂਨਰ ਗੱਡੀ ਸੜਕ 'ਤੇ ਖੜੀ ਐਂਬੂਲੈਂਸ ਨਾਲ ਜਾ ਟਕਰਾਈ 'ਤੇ ਸਾਬਕਾ ਵਿਧਾਇਕ ਅੰਗਦ ਸਿੰਘ ਉਨ੍ਹਾਂ ਦੇ ਗਨਮੈਨ ਅਤੇ ਡਰਾਈਵਰ ਜ਼ਖਮੀ ਹੋ ਗਏ।ਇਸ ਘਟਨਾ ਦੀ ਸੂਚਨਾ ਮਿਲਦੇ ਹੀ ਸੜਕ ਸੁਰੱਖਿਆ ਫੋਰਸ ਦੀ ਗੱਡੀ ਨੇ ਮੌਕੇ 'ਤੇ ਪੁੱਜ ਕੇ ਜ਼ਖਮੀਆਂ ਨੂੰ ਮੁਢਲੀ ਸਹਾਇਤਾ ਦਿੱਤੀ ਜਿਸ ਉਪਰੰਤ ਜ਼ਖਮੀਆਂ ਨੂੰ ਮੋਹਾਲੀ ਦੇ ਇਕ ਨਿੱਜੀ ਹਸਪਤਾਲ ਵਿਚ ਇਲਾਜ ਲਈ ਦਾਖਲ ਕਰਵਾਇਆ ਗਿਆ ਅਤੇ ਮੌਕੇ 'ਤੇ ਮਿਲੀ ਜਾਣਕਾਰੀ ਅਨੁਸਾਰ ਸਾਬਕਾ ਵਿਧਾਇਕ ਦੀ ਗੱਡੀ ਦੇ ਐਂਬੂਲੈਂਸ ਨਾਲ ਟਕਰਾਉਣ ਤੋਂ ਬਾਅਦ ਪਿੱਛੇ ਤੋਂ ਆ ਰਹੀ ਇਕ ਹੋਰ ਇਨੋਵਾ ਵੀ ਫਾਰਚੂਨਰ ਗੱਡੀ ਵਿਚ ਜਾ ਵੱਜੀ।ਹਾਦਸੇ 'ਚ ਫਾਰਚੂਨਰ ਅਤੇ ਐਂਬੂਲੈਂਸ ਬੁਰੀ ਤਰ੍ਹਾਂ ਨਾਲ ਨੁਕਸਾਨੀਆਂ ਗਈਆਂ। ਜਾਣਕਾਰੀ ਦਿੰਦੇ ਹੋਏ ਬਲਾਚੌਰ ਦੇ ਡੀ ਐੱਸ ਪੀ ਸ਼ਾਮ ਸੁੰਦਰ ਸ਼ਰਮਾ ਨੇ ਦੱਸਿਆ ਕਿ ਘਟਨਾ ਸਥਾਨ ਦੇ ਨੇੜੇ ਇਕ ਪਸ਼ੂ ਮਰਿਆ ਪਿਆ ਸੀ ਜਿਸ ਨੂੰ ਚੁਕਾਉਣ ਲਈ ਉਕਤ ਐਂਬੂਲੈਂਸ ਆਈ ਸੀ। ਪਿੱਛੇ ਤੋਂ ਆਈ ਸਾਬਕਾ ਵਿਧਾਇਕ ਦੀ ਫਾਰਚੂਨਰ ਐਂਬੂਲੈਂਸ ਨਾਲ ਟਕਰਾ ਗਈ।ਇਸ ਦੌਰਾਨ ਫਾਰਚੂਨਰ ਦੇ ਪਿੱਛੇ ਆ ਕੇ ਇਕ ਇਨੋਵਾ ਗੱਡੀ ਵੀ ਵੱਜੀ। ਉਨ੍ਹਾਂ ਦੱਸਿਆ ਕਿ ਸਾਬਕਾ ਵਿਧਾਇਕ ਦੀ ਗੱਡੀ - ਦੇ ਏਅਰ ਬੈਗ ਖੁੱਲ੍ਹਣ ਨਾਲ ਕਿਸੇ ਵੀ ਤਰ੍ਹਾਂ ਦਾ ਜਾਨੀ ਨੁਕਸਾਨ ਹੋਣ ਤੋਂ ਬਚਾ ਹੋ ਗਿਆ। ਉਨ੍ਹਾਂ ਦੱਸਿਆ ਕਿ ਸਾਬਕਾ ਵਿਧਾਇਕ ਦੇ ਨਾਲ ਉਨ੍ਹਾਂ ਦੇ ਗਨਮੈਨ ਅਤੇ ਡਰਾਈਵਰ ਦੇ ਸੱਟਾਂ ਲੱਗੀਆਂ ਹਨ ਅਤੇ ਸਾਰੇ ਜ਼ਖਮੀ ਖਤਰੇ ਤੋਂ ਬਾਹਰ ਹਨ।ਸਾਬਕਾ ਵਿਧਾਇਕ ਅੰਗਦ ਸਿੰਘ ਨੇ ਆਪਣੇ ਅਧਿਕਾਰਤ ਸੋਸ਼ਲ ਮੀਡੀਆ ਪੇਜ 'ਤੇ ਪੋਸਟ ਪਾ ਕੇ ਸੂਚਿਤ ਕੀਤਾ ਕਿ ਤੁਹਾਡੀਆਂ ਦੁਆ ਸਦਕਾ ਭਿਆਨਕ ਹਾਦਸੇ ਵਿਚ ਜਾਨੀ ਨੁਕਸਾਨ ਤੋਂ ਬਚਾ ਹੋਇਆ ਹੈ। ਮੇਰੇ ਡਰਾਈਵਰ ਅਤੇ ਗੰਨਮੈਨ ਦੇ ਗੰਭੀਰ ਸੱਟਾਂ ਲੱਗੀਆਂ ਹਨ।

# ਭਾਜਪਾ ਫਿਰਕੂ ਧਰੁਵੀਕਰਨ ਦੇ ਸਹਾਰੇ ਚੋਣਾਂ ਜਿੱਤਣਾ ਚਾਹੁੰਦੀ : ਸੇਖੋਂ

**ਨਵਾਂਸ਼ਹਿਰ ( ਮਨੋਜ ਲਾਡੀ)** -ਲੋਕ ਸਭਾ ਚੋਣਾਂ ਦੇ ਮੌਜੂਦਾ ਦੌਰ ਵਿੱਚ ਸਿਆਸੀ ਆਗੂਆਂ ਵਰਕਰਾਂ ਦੀ ਮੰਡੀ ਲੱਗੀ ਹੋਈ ਹੈ ਅਤੇ ਸਰਮਾਏਦਾਰ ਜਗੀਰਦਾਰ ਪਾਰਟੀਆਂ ਦੇ ਵਧੇਰੇ ਆਗੂ ਵਿਕਣ ਲਈ ਤਿਆਰ ਹਨ। ਇਹ ਇੰਕਸਾਫ਼ ਕਰਦਿਆਂ ਸੀ ਪੀ ਆਈ ਐੱਮ ਪੰਜਾਬ ਦੇ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਅਜਿਹੇ ਲੋਕਾਂ ਦਾ ਖਰੀਦਦਾਰ ਇੱਕੋ ਹੈ, ਜੋ ਸਾਜਿਸਾਂ ਰਚ ਕੇ ਚੋਣਾਂ ਜਿੱਤਣਾ ਚਾਹੁੰਦਾ ਹੈ।ਸ੍ਰੀ ਸੇਖੋਂ ਨੇ ਕਿਹਾ ਕਿ ਚੋਣਾਂ ਦੇ ਅੱਜ ਦੇ ਸਮੇਂ ਕਮਿਊਨਿਸਟਾਂ ਨੂੰ ਛੱਡ ਕੇ ਸਰਮਾਏਦਾਰ ਪਾਰਟੀਆਂ ਦੇ ਬਹੁਤ ਸਾਰੇ ਆਗੂ ਵਿਕਣ ਲਈ ਮੰਡੀ ਦੀ ਵਸਤੂ ਬਣੇ ਹੋਏ ਹਨ।ਦੇਸ਼ ਲਈ ਘਾਤਕ ਪਹਿਲੂ ਇਹ ਹੈ ਕਿ ਇਹਨਾਂ ਲੋਕਾਂ ਦਾ ਖਰੀਦਦਾਰ ਵੀ ਇੱਕੋ ਹੀ ਹੈ, ਜੋ ਲੋਕ ਮੁੱਦਿਆਂ ਮਹਿੰਗਾਈ, ਬੇਰੁਜਗਾਰੀ ਆਦਿ ਤੋਂ ਲੋਕਾਂ ਦਾ ਧਿਆਨ ਲਾਂਭੇ ਕਰਕੇ ਫਿਰਕੂ ਧਰੁਵੀਕਰਨ ਨਾਲ ਚੋਣਾਂ ਜਿੱਤਣਾ ਚਾਹੁੰਦਾ ਹੈ।ਉਹਨਾਂ ਕਿਹਾ ਕਿ ਦੇਸ਼ ਦੀ ਸੱਤ੍ਹਾ ਤੇ ਕਾਬਜ ਭਾਰਤੀ ਜਨਤਾ ਪਾਰਟੀ ਫਿਰਕੂ ਤੇ ਪਿਛਾਖੜੀ ਸ਼ਕਤੀ ਨਾਲ ਦੇਸ਼ ਦੀ ਧਰਮ ਨਿਰਪੱਖਤਾ ਅਤੇ ਜਮਹੂਰੀਅਤ ਨੂੰ ਕਮਜ਼ੋਰ ਕਰ ਰਹੀ ਹੈ। ਜੇਕਰ ਮੁੜ ਉਹ ਸੱਤਾ ਹਥਿਆਉਣ ਵਿੱਚ ਕਾਮਯਾਬ ਹੋ ਗਈ ਤਾਂ ਸੰਵਿਧਾਨ ਬਦਲ ਕੇ ਦੇਸ਼ ਨੂੰ ਤਬਾਹੀ ਵੱਲ ਧੱਕ ਦੇਵੇਗੀ।ਸੂਬਾ ਸਕੱਤਰ ਨੇ ਕਿਹਾ ਕਿ ਫਾਸ਼ੀਵਾਦੀ ਤਾਕਤਾਂ ਨੂੰ ਖਤਮ ਕਰਨ ਲਈ ਇੱਕ ਜੁੱਟ ਹੋ ਕੇ ਚੋਣ ਲੜਣ ਦਾ ਸਮਾਂ ਹੈ। ਸੀ ਪੀ ਆਈ ਐੱਮ ਵੀ ਆਪਣੀ ਵਿਚਾਰਧਾਰਾ ਨੂੰ ਲੋਕਾਂ ਵਿੱਚ ਲਿਜਾਣ ਲਈ ਚੋਣਾਂ ਲੜ ਰਹੀ ਹੈ।ਫਾਸ਼ੀਵਾਦੀ ਤਾਕਤਾਂ ਦੀਆਂ ਵਿਰੋਧੀ ਵੋਟਾਂ ਨੂੰ ਵੰਡਣ ਤੋਂ ਬਚਾਉਣ ਲਈ ਉਸਨੇ ਪੰਜਾਬ ਵਿੱਚ ਸਿਰਫ਼ ਇੱਕ ਜਲੰਧਰ ਸੀਟ ਤੇ ਚੋਣ ਲੜਣ ਦਾ ਫੈਸਲਾ ਕੀਤਾ ਹੈ, ਜਿੱਥੋਂ ਪਾਰਟੀ ਦੇ ਉਮੀਦਵਾਰ ਪ੍ਰਸ਼ੋਤਮ ਲਾਲ ਬਿਲਗਾ ਨੂੰ ਮੈਦਾਨ ਵਿੱਚ ਉਤਾਰਿਆ ਗਿਆ ਹੈ। ਸੇਖੋਂ ਨੇ ਕਿਹਾ ਕਿ ਗਰੀਬੀ ਦੀ ਦਲਦਲ 'ਚੋਂ ਪਰਵਾਰਾਂ ਨੂੰ ਕੱਢਣ ਲਈ ਕਿਰਤੀਆਂ ਮਜਦੂਰਾਂ ਕਿਸਾਨਾਂ ਦੇ ਬੱਚੇ ਫੌਜ ਵਿੱਚ ਭਰਤੀ ਹੁੰਦੇ ਹਨ, ਅੰਡਾਨੀਆਂ ਅੰਬਾਨੀਆਂ ਦੇ ਬੱਚੇ ਭਰਤੀ ਨਹੀਂ ਹੁੰਦੇ।ਪਰ ਮੋਦੀ ਸਰਕਾਰ ਨੇ ਅਗਨੀਵੀਰ ਸਕੀਮ ਲਿਆ ਕੇ ਫੌਜ ਦੀ ਭਰਤੀ ਵੀ ਰੋਕ ਦਿੱਤੀ ਹੈ, ਦੂਜੇ ਪਾਸੇ ਕਾਰਪੋਰੇਟ ਘਰਾਣਿਆਂ ਨੂੰ ਰੱਜਵੀਆਂ ਸਹੂਲਤਾਂ ਮੁਹੱਈਆਂ ਕਰਵਾਈਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਦੇਸ਼ ਦੀ ਰਾਖ਼ੀ ਕਿਰਤੀ ਮਜਦੂਰ ਕਰਦੇ ਹਨ, ਲੋਕਾਂ ਦਾ ਢਿੱਡ ਕਿਸਾਨ ਭਰਦੇ ਹਨ ਪਰ ਮੋਦੀ ਸਰਕਾਰ ਨੇ ਨੀਤੀਆਂ ਸਹੂਲਤਾਂ ਦਾ ਮੂੰਹ ਅੰਡਾਨੀਆਂ ਅੰਬਾਨੀਆਂ ਵੱਲ ਕੀਤਾ ਹੋਇਆ ਹੈ। ਇੱਕ ਸਵਾਲ ਦੇ ਜਵਾਬ ਵਿੱਚ ਉਹਨਾਂ ਕਿਹਾ ਕਿ ਸੀ ਪੀ ਆਈ ਵੱਲੋਂ ਪੰਜਾਬ ਦੀਆਂ ਤਿੰਨ ਸੀਟਾਂ ਤੇ ਚੋਣ ਲੜੀ ਜਾ ਰਹੀ ਹੈ, ਜਿਹਨਾਂ ਤੇ ਸੀ ਪੀ ਆਈ ਐੱਮ ਉਸਦੇ ਉਮੀਦਵਾਰਾਂ ਦੀ ਮੱਦਦ ਕਰੇਗੀ।

# ਜਲੰਧਰ ਦੇ ਲੋਕ ਦਲ-ਬਦਲੂਆਂ ਨੂੰ ਮੂੰਹ ਨਹੀਂ ਲਗਾਉਣਗੇ : ਚੰਨੀ

**ਜਲੰਧਰ (ਇਕਬਾਲ ਸਿੰਘ ਉਭੀ, ਸੁਰਿੰਦਰ ਕੁਮਾਰ)**-ਜਲੰਧਰ ਲੋਕ ਸਭਾ ਹਲਕੇ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪੰਜਾਬ ਸਰਕਾਰ 'ਤੇ ਨਿਸ਼ਾਨੇ ਸਾਧਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸੂਬੇ 'ਚ ਆਰਥਿਕ ਐਮਰਜੈਂਸੀ ਵਰਗੇ ਹਾਲਾਤ ਬਣਾ ਦਿੱਤੇ ਹਨ। ਉਨ੍ਹਾ ਕਿਹਾ ਕਿ ਅਪ੍ਰੈਲ ਮਹੀਨਾ ਖ਼ਤਮ ਹੋਣ ਦੇ ਕਿਨਾਰੇ ਜਾ ਰਿਹਾ ਹੈ ਤੇ ਅਜੇ ਤੱਕ ਪੰਜਾਬ ਪੁਲਸ ਦੇ ਮੁਲਾਜ਼ਮਾਂ ਨੂੰ ਮਾਰਚ ਮਹੀਨੇ ਦੀ ਤਨਖ਼ਾਹ ਨਹੀਂ ਮਿਲ ਸਕੀ ਜਦ ਕਿ ਸਿਹਤ ਵਿਭਾਗ ਵਿੱਚ ਵੀ ਸੇਵਾਵਾਂ ਨਿਭਾ ਰਹੇ ਮੁਲਾਜ਼ਮਾਂ ਨੂੰ ਵੀ ਤਨਖ਼ਾਹ ਨਹੀਂ ਮਿਲ ਰਹੀ। ਚੰਨੀ ਦੇ ਵਿਧਾਨ ਸਭਾ ਹਲਕਾ ਆਦਮਪੁਰ ਦੌਰੇ ਦੌਰਾਨ ਆਦਮਪੁਰ ਤੋਂ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਵੀ ਉਨ੍ਹਾ ਨਾਲ ਮੌਜੂਦ ਸਨ । ਗੁਰਦੁਆਰਾ ਸ਼ਹੀਦ ਬਾਬਾ ਨਿਹਾਲ ਸਿੰਘ ਜੀ ਤੱਲ੍ਹਣ ਵਿਖੇ ਨਤਮਸਤਕ ਹੋ ਕੇ ਵੱਖ ਵੱਖ ਪਿੰਡਾਂ ਵਿੱਚ ਸੁਖਵਿੰਦਰ ਕੋਟਲੀ ਵੱਲੋਂ ਰੱਖੀਆਂ ਮੀਟਿੰਗਾਂ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਅੱਜ ਜਲੰਧਰ ਦੇ ਹਾਲਾਤ ਇਹ ਬਣ ਗਏ ਹਨ ਕਿ ਦਲ ਬਦਲੀ ਲੀਡਰਾਂ ਨੇ ਪੰਜਾਬ ਦੇ ਸੱਭਿਆਚਾਰ ਨੂੰ ਗੰਧਲਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਲੋਕ ਇਨ੍ਹਾਂ ਦਲ ਬਦਲੂਆਂ ਨੂੰ ਮੂੰਹ ਨਹੀਂ ਲਗਾਉਣਗੇ। ਉਨ੍ਹਾ ਅੱਗੇ ਕਿਹਾ ਕਿ ਕੁਝ ਰਾਜਨੀਤਕ ਨੇਤਾਵਾਂ ਦਾ ਕਿਰਦਾਰ ਇਸ ਕਦਰ ਹੋ ਗਿਆ ਹੈ ਕਿ ਉਹ ਦਿਨ 'ਚ ਤਿੰਨ-ਤਿੰਨ ਵਾਰ ਮੁੱਲ ਵਿਕਦੇ ਹਨ।ਆਦਮਪੁਰ ਵਿਧਾਨ ਸਭਾ ਹਲਕੇ ਵਿੱਚ ਵੱਖ ਵੱਖ ਮੀਟਿੰਗਾਂ ਦੌਰਾਨ ਲੋਕਾਂ ਨਾਲ ਗੱਲਬਾਤ ਕਰਦਿਆਂ ਚੰਨੀ ਨੇ ਕਿਹਾ ਕਿ ਮੈਂ ਜਲੰਧਰ ਵਿੱਚ ਵਸਣ ਆਇਆ ਹਾਂ ਤੇ ਇਥੇ ਪੱਕੇ ਤੌਰ 'ਤੇ ਰਹਾਂਗਾ। ਉਨ੍ਹਾ ਕਿਹਾ ਕਿ ਤਿੰਨ ਮਹੀਨੇ ਮੁੱਖ ਮੰਤਰੀ ਰਹਿੰਦਿਆਂ ਉਨ੍ਹਾਂ ਆਦਮਪੁਰ ਵਿੱਚ ਸਾਹਿਬ ਕਾਂਸ਼ੀ ਰਾਮ ਦੇ ਨਾਂ 'ਤੇ ਕਾਲਜ ਸ਼ੁਰੂ ਕਰਵਾਇਆ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਹ ਕੰਮ ਰੋਕ ਦਿੱਤਾ।ਇਸ ਤੋਂ ਇਲਾਵਾ ਆਦਮਪੁਰ ਨੂੰ ਸਬ ਡਵੀਜ਼ਨ ਬਣਾਇਆ ਅਤੇ 38 ਕਰੋੜ ਰੁਪਏ ਦੀ ਲਾਗਤ ਨਾਲ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂ 'ਤੇ ਹਵਾਈ ਅੱਡੇ ਵਾਲੀ ਸੜਕ ਬਣਾਈ। ਉਨ੍ਹਾ ਕਿਹਾ ਕਿ ਪਵਨ ਟੀਨੂੰ ਵੱਲੋਂ 20 ਸਾਲਾਂ 'ਚ ਕੀਤੇ ਕੰਮਾਂ ਤੋਂ ਵੱਧ ਮੈਂ ਆਦਮਪੁਰ ਲਈ ਤਿੰਨ ਮਹੀਨੇ 'ਚ ਵੱਡੇ ਕੰਮ ਕੀਤੇ ਹਨ।ਇਸ ਮੌਕੇ ਵਿਧਾਇਕ ਕੋਟਲੀ ਨੇ ਕਿਹਾ ਕਿ ਆਦਮਪੁਰ ਦੇ ਲੋਕ ਚਰਨਜੀਤ ਸਿੰਘ ਚੰਨੀ ਨੂੰ ਉਨ੍ਹਾਂ ਨੂੰ ਜਿੱਤ ਤੋਂ ਵੀ ਵੱਡੀ ਜਿੱਤ ਦੇਣਗੇ। ਉਨ੍ਹਾ ਕਿਹਾ ਕਿ ਚੰਨੀ ਵਰਗੇ ਨਿਧੜਕ ਲੀਡਰ ਹੀ ਪੰਜਾਬ ਦੇ ਮੁੱਦਿਆਂ ਨੂੰ ਲੋਕ ਸਭਾ ਵਿੱਚ ਜ਼ੋਰਦਾਰ ਤਰੀਕੇ ਨਾਲ ਰੱਖ ਸਕਦੇ ਹਨ।ਆਦਮਪੁਰ ਵਿਧਾਨ ਸਭਾ ਹਲਕੇ ਦੇ ਇਸ ਦੌਰੇ ਦੌਰਾਨ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਗੁਰਦੁਆਰਾ ਤੱਲ੍ਹਣ ਸਾਹਿਬ ਵਿਖੇ ਨਤਮਸਤਕ ਹੋਏ ਤੇ ਇੱਥੇ ਮੈਨੇਜਰ ਬਲਜੀਤ ਸਿੰਘ ਨੇ ਉਨ੍ਹਾਂ ਨੂੰ ਸਿਰੋਪੇ ਦੀ ਬਖ਼ਸ਼ਿਸ਼ ਕੀਤੀ। ਇਸ ਤੋਂ ਬਾਅਦ ਡੇਰਾ ਬਾਪੂ ਮੰਗਲ ਦਾਸ ਪਿੰਡ ਉੱਚਾ ਵਿਖੇ ਨਤਮਸਤਕ ਹੋਏ ਉਪਰੰਤ ਸੰਤ ਹਰਚਰਨ ਦਾਸ ਨੇ ਉਨ੍ਹਾਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ।ਜਦ ਕਿ ਗੁਰਦੁਆਰਾ ਦੇਸ਼ ਭਗਤ ਸੰਤਪੁਰਾ, ਕਾਲਰਾ ਵਿਖੇ ਬਾਬਾ ਮਨਜੀਤ ਸਿੰਘ ਅਤੇ ਡੇਰਾ ਸੰਤਪੁਰਾ ਜੱਬੜ ਮਾਣਕੂ ਵਿਖੇ ਬਾਬਾ ਸਰਵਣ ਸਿੰਘ ਨੇ ਚਰਨਜੀਤ ਸਿੰਘ ਚੰਨੀ ਨੂੰ ਸਨਮਾਨਤ ਕੀਤਾ। ਇਸ ਦੌਰਾਨ ਚਰਨਜੀਤ ਸਿੰਘ ਚੰਨੀ ਨੇ ਪਿੰਡ ਮੁਜ਼ੱਫਰਪੁਰ, ਡਰੋਲੀ ਖੁਰਦ, ਮਾਣਕੋ, ਆਦਮਪੁਰ, ਹਰੀਪੁਰ, ਢੱਡੇ, ਨਾਜ਼ਕਾ, ਭੋਗਪੁਰ, ਕਾਲਾ ਬੱਕਰਾ, ਸੰਘਵਾਲ ਸਮੇਤ ਆਦਮਪੁਰ ਦੇ ਵੱਖ ਵੱਖ ਇਲਾਕਿਆਂ 'ਚ ਮੀਟਿੰਗਾਂ ਕੀਤੀਆਂ, ਜਿੱਥੇ ਲੋਕਾਂ ਦਾ ਭਰਵਾਂ ਹੁੰਗਾਰਾ ਮਿਲਿਆ ਤੇ ਲੋਕਾਂ ਨੇ ਚੰਨੀ ਨੂੰ ਵੱਡੇ ਫ਼ਰਕ ਦਾ ਜਿਤਾਉਣ ਦਾ ਐਲਾਨ ਕੀਤਾ।

ਇਨ੍ਹਾਂ ਮੀਟਿੰਗਾਂ ਦੌਰਾਨ ਹਲਕਾ ਆਦਮਪੁਰ ਦੇ ਕੋ-ਆਰਡੀਨੇਟਰ ਅੰਮ੍ਰਿਤਪਾਲ ਭੌਂਸਲੇ ਫਿਲੌਰ, ਬਲਾਕ ਪ੍ਰਧਾਨ ਸੁਖਵਿੰਦਰ ਸਿੰਘ ਸਰਪੰਚ ਮੁਜ਼ੱਫਰਪੁਰ, ਬਲਾਕ ਪ੍ਰਧਾਨ ਰਣਦੀਪ ਸਿੰਘ ਰਾਣਾ ਨਾਜ਼ਕਾ, ਗੁਰਦੀਪ ਸਿੰਘ ਕਾਲਰਾ ਚੇਅਰਮੈਨ, ਲਖਵੀਰ ਸਿੰਘ ਕੋਟਲੀ, ਮਨਜੀਤ ਸਿੰਘ ਬੂਟਾ, ਰਣਜੀਤ ਸਿੰਘ ਰਾਣਾ, ਪੰਚ ਕੁਲਵਿੰਦਰ ਸਿੰਘ, ਹਰਪ੍ਰੀਤ ਭੁੱਲਰ, ਸਰਪੰਚ ਪਰਗਟ ਪਤਾਰਾ, ਤਰਸੇਮ ਜੈਤੇਵਾਲੀ, ਸਰਪੰਚ ਗਰੀਬਦਾਸ, ਅਸ਼ਵਨੀ ਪੂਰਨਪੁਰ, ਅਜੈਬ ਸਿੰਘ ਹਜ਼ਾਰਾ, ਹਰਤੇਜ ਸਿੰਘ ਲਾਲੀ, ਬਲਦੇਵ ਸਿੰਘ ਨੰਬਰਦਾਰ, ਸੋਹਨ ਸਿੰਘ, ਗੁਰਮੀਤ ਸਿੰਘ ਮੱਲ੍ਹੀ, ਬਲਾਕ ਸੰਮਤੀ ਮੈਂਬਰ ਨਛੱਤਰ ਕੌਰ, ਮਹਿੰਦਰ ਸਿੰਘ ਬੱਬੀ, ਰਛਪਾਲ ਸਿੰਘ ਚੰਗਿਆਈ, ਦਰਸ਼ਨ ਸਿੰਘ ਕੜਵਲ ਪ੍ਰਧਾਨ ਨਗਰ ਕੌਂਸਲ ਆਦਮਪੁਰ, ਦਵਿੰਦਰ ਸਿੰਘ, ਸੁਸ਼ਮਾ, ਗੁਰਮੀਤ ਸਿੰਘ, ਰਜਿੰਦਰ ਸਿੰਘ, ਜੋਗਿੰਦਰਪਾਲ ਸਿੰਘ ਤੇ ਲਾਲਾ ਮਦਨ ਲਾਲ ਸਮੇਤ ਵੱਡੀ ਗਿਣਤੀ ਵਿਚ ਹਲਕੇ ਦੇ ਮੋਹਤਬਰ ਲੋਕ ਸ਼ਾਮਲ ਹੋਏ।

# ਆਗੂਆਂ ਦੀਆਂ ਨਲਾਇਕੀਆਂ ਕਾਰਨ ਦੇਸ਼ ਸੰਕਟਾਂ 'ਚ ਘਿਰਿਆ : ਤਲਵਿੰਦਰ ਹੀਰ



**ਮਾਹਿਲਪੁਰ (ਸਫਰੀ)**- ਦੇਸ਼ ਦੇ ਕਿਰਤੀ ਲੋਕਾਂ ਦੇ ਹਾਲਾਤ ਦਿਨੋ ਦਿਨ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ।ਸੱਤਾ ਦੇ ਭੁੱਖੇ ਸਿਆਸੀ ਆਗੂਆਂ ਨੇ ਸਾਰੇ ਸਰਕਾਰੀ ਵਿਭਾਗਾਂ, ਜਾਇਦਾਦਾਂ, ਕੁਦਰਤੀ ਸਰੋਤਾਂ 'ਤੇ ਸਰਮਾਏਦਾਰਾਂ ਨੂੰ ਕਾਬਜ਼ ਕਰਵਾ ਦਿੱਤਾ ਹੈ।ਦੇਸ਼ ਦੀ ਆਜ਼ਾਦੀ ਖਾਤਰ ਜਾਨਾਂ ਕੁਰਬਾਨ ਕਰਨ ਵਾਲੇ ਮਹਾਨ ਸ਼ਹੀਦਾਂ ਦੇ ਵਾਰਿਸ ਕਿਰਤੀ ਲੋਕਾਂ ਨੂੰ ਅਜੇ ਤੱਕ ਜੀਵਨ ਜਿਉਣ ਲਈ ਲੋੜੀਂਦੀਆਂ ਮੁਢਲੀਆਂ ਸਹੂਲਤਾਂ ਵੀ ਪ੍ਰਾਪਤ ਨਹੀਂ।ਹਾਕਮ ਧਿਰ ਵਲੋਂ ਸੰਵਿਧਾਨ ਦੇ ਮੂਲ ਰੂਪ ਨੂੰ ਬਦਲਣ ਲਈ ਕੋਸ਼ਿਸ਼ਾਂ ਨਿਰੰਤਰ ਜਾਰੀ ਹਨ।ਦੇਸ਼ ਦੀ ਸਿਆਸਤ ਮੁੱਦਾਹੀਣ, ਦਿਸ਼ਾਹੀਣ ਤੇ ਨੈਤਿਕਤਾ ਤੋਂ ਵਾਂਝੀ ਹੋ ਚੁੱਕੀ ਹੈ।ਲੋਕਾਂ ਦੇ ਮੌਲਿਕ ਅਧਿਕਾਰਾਂ ਨੂੰ ਕੁਚਲਿਆ ਜਾ ਰਿਹਾ ਹੈ।ਦੇਸ਼ ਅੰਦਰ ਬੇਰੁਜ਼ਗਾਰੀ, ਭੁੱਖਮਰੀ, ਮਹਿੰਗਾਈ, ਫਿਰਕਾਪ੍ਰਸਤੀ ਤੇ ਸਰਕਾਰੀ ਧੱਕੇਸ਼ਾਹੀ ਦਾ ਬੋਲਬਾਲਾ ਹੈ।ਹੱਕਾਂ ਖਾਤਰ ਆਵਾਜ਼ ਬੁਲੰਦ ਕਰ ਰਹੇ ਨਿਹੱਥੇ ਕਿਰਤੀ ਲੋਕਾਂ 'ਤੇ ਅੰਨ੍ਹੇਵਾਹ ਲਾਠੀਆਂ ਤੇ ਗੋਲੀਆਂ ਵਰ੍ਹਾਈਆਂ ਜਾ ਰਹੀਆਂ ਹਨ।ਦੇਸ਼ ਦੇ ਹਾਕਮ ਕਿਰਤੀ ਲੋਕਾਂ ਨਾਲ ਕੀਤੇ ਲਿਖਤੀ ਵਾਅਦੇ ਪੂਰੇ ਕਰਨ ਤੋਂ ਵੀ ਇਨਕਾਰੀ ਹਨ।ਦੇਸ਼ ਦੀ ਪੜ੍ਹੀ ਲਿਖੀ ਨੌਜਵਾਨ ਪੀੜ੍ਹੀ ਵਿਦੇਸ਼ਾਂ 'ਚ ਰੁਲਣ ਲਈ ਮਜਬੂਰ ਹੈ।ਕਿਸੇ ਪਾਰਟੀ ਕਿਸੇ ਆਗੂ ਕੋਲ ਦੇਸ਼ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਤੇ ਲੋਕਾਂ ਨੂੰ ਮੁਢਲੀਆਂ ਸਹੂਲਤਾਂ ਪ੍ਰਦਾਨ ਕਰਨ ਲਈ ਕੋਈ ਯੋਜਨਾ ਨਹੀਂ ਹੈ। ਅਜਿਹੇ 'ਚ ਸਿਆਸੀ ਆਗੂਆਂ ਵਲੋਂ ਕੀਤੇ ਜਾ ਰਹੇ ਨਫ਼ਰਤ ਭਰੇ ਪ੍ਰਚਾਰ ਤੋਂ ਬਚਣਾ ਪਵੇਗਾ।ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਕੇ ਸ਼ਾਂਤੀ ਤੇ ਸਦਭਾਵਨਾ ਬਣਾਈ ਰੱਖਣ ਲਈ ਨਿਰੰਤਰ ਯਤਨਸ਼ੀਲ ਰਹਿਣਾ ਪਵੇਗਾ।ਆਪਣੇ ਵੋਟ ਦੇ ਹੱਕ ਦੀ ਵਰਤੋਂ ਬਹੁਤ ਸੋਚ ਸਮਝ ਕੇ ਕਰਨੀ ਪਵੇਗੀ।ਲੋਕਾਂ ਨੂੰ ਜਾਤਾਂ, ਧਰਮਾਂ, ਇਲਾਕਿਆਂ ਦੇ ਨਾਂ 'ਤੇ ਵੰਡਣ ਵਾਲੇ ਸਿਆਸਤਦਾਨਾਂ ਨੂੰ ਸਬਕ ਸਿਖਾਉਣਾ ਪਵੇਗਾ,ਤਾਂ ਹੀ ਦੇਸ਼ ਬਚ ਸਕੇਗਾ। ਲੋਕਾਂ ਨੂੰ ਅਜੇ ਸਰਕਾਰਾਂ ਤੋਂ ਕਿਸੇ ਵੀ ਤਰ੍ਹਾਂ ਦੇ ਭਲੇ ਦੀ ਆਸ ਨਹੀਂ ਰੱਖਣੀ ਚਾਹੀਦੀ ਤੇ ਆਪਣੀ ਰਾਖੀ ਆਪ ਕਰਨੀ ਚਾਹੀਦੀ ਹੈ। ਦੇਸ਼ ਦੇ ਦਰਦਮੰਦ ਵਿਦਵਾਨਾਂ, ਲੇਖਕਾਂ, ਪੱਤਰਕਾਰਾਂ ਨੂੰ ਦੇਸ਼ ਦੇ ਲੋਕਾਂ ਨੂੰ ਜਾਗਰੂਕ ਕਰਨ ਤੇ ਦੇਸ਼ ਨੂੰ ਬਚਾਉਣ ਲਈ ਆਪਣਾ ਬਣਦਾ ਫਰਜ਼ ਅਦਾ ਕਰਨਾ ਚਾਹੀਦਾ ਹੈ।

# ਪ੍ਰਧਾਨ ਮੰਤਰੀ ਮੋਦੀ ਜ਼ਹਿਰ ਉਗਲ ਰਿਹਾ : ਅਮਰ ਸਿੰਘ

## ਭਾਜਪਾ ਸੱਤਾ 'ਚ ਆਈ ਤਾਂ ਕਿਸਾਨ, ਮਜ਼ਦੂਰ ਤੇ ਆੜ੍ਹਤੀ ਤਬਾਹ ਹੋ ਜਾਵੇਗਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਲੋਕ ਸਭਾ ਹਲਕਾ ਫ਼ਤਿਹਗੜ੍ਹ ਸਾਹਿਬ ਤੋਂ ਕਾਂਗਰਸ ਦੇ ਉਮੀਦਵਾਰ ਡਾ. ਅਮਰ ਸਿੰਘ ਨੇ ਕਿਹਾ ਕਿ ਦੇਸ਼ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬੜੇ ਹੀ ਘਟੀਆ ਕਿਸਮ ਦੇ ਦੇਸ਼ ਵਿੱਚ ਅੱਗ ਲਾਉਣ ਵਾਲੇ ਬਿਆਨ ਦੇ ਕੇ ਜ਼ਹਿਰ ਉਗਲ ਰਿਹਾ ਹੈ, ਜਿਸ ਤੋਂ ਲੋਕਾਂ ਨੂੰ ਸੁਚੇਤ ਹੋਣ ਦੀ ਲੋੜ ਹੈ। ਦਾਣਾ ਮੰਡੀ ਵਿਖੇ ਦੌਰਾ ਕਰਨ ਉਪਰੰਤ ਕਾਂਗਰਸ ਦੇ ਸੀਨੀਅਰ ਆਗੂ ਆੜ੍ਹਤੀ ਸ਼ਕਤੀ ਆਨੰਦ ਦੀ ਦੁਕਾਨ 'ਤੇ ਗੱਲਬਾਤ ਕਰਦਿਆਂ ਡਾ. ਅਮਰ ਸਿੰਘ ਨੇ ਕਿਹਾ ਕਿ ਜੇਕਰ ਭਾਜਪਾ ਸੱਤਾ ਵਿਚ ਆਈ ਤਾਂ ਦੇਸ਼ ਦਾ ਕਿਸਾਨ, ਮਜ਼ਦੂਰ ਤੇ ਆੜ੍ਹਤੀ ਵਰਗ ਤਬਾਹ ਹੋ ਜਾਵੇਗਾ, ਕਿਉਂਕਿ ਇਹ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਲੁਟਾਉਣ ਵਿੱਚ ਲੱਗੀ ਹੋਈ ਹੈ।

ਉਨ੍ਹਾਂ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਜੇਕਰ ਕਾਂਗਰਸ ਦੀ ਸਰਕਾਰ ਆਈ ਤਾਂ ਔਰਤਾਂ ਦੇ ਮੰਗਲ ਸੂਤਰ ਖੋਹ ਲਏ ਜਾਣਗੇ, ਜੋ ਇੱਕ ਬੇਬੁਨਿਆਦ ਤੇ ਭੜਕਾਊ ਬਿਆਨ ਹੈ। ਡਾ. ਅਮਰ ਸਿੰਘ ਨੇ ਕਿਹਾ ਕਿ ਭਾਜਪਾ ਸਰਕਾਰ ਖੇਤੀਬਾੜੀ ਵਿਰੋਧੀ ਕਾਲੇ ਕਾਨੂੰਨ ਨੂੰ ਵਾਪਸ ਲੈਣ ਦਾ ਵਾਅਦਾ ਕਰਕੇ ਮੁੱਕਰ ਗਈ ਤੇ ਕਿਸਾਨ ਸੰਘਰਸ਼ ਕਰ ਰਹੇ ਹਨ, ਜਿਸ ਤੋਂ ਸਾਫ਼ ਹੋ ਗਿਆ ਹੈ ਕਿ ਇਸਦੇ ਵਾਅਦਿਆਂ 'ਤੇ ਯਕੀਨ ਨਹੀਂ ਕੀਤਾ ਜਾ ਸਕਦਾ। ਡਾ. ਅਮਰ ਸਿੰਘ ਨੇ ਕਿਹਾ ਕਿ ਜੇਕਰ ਦੇਸ਼ ਨੂੰ ਬਚਾਉਣਾ ਹੈ ਤਾਂ ਭਾਜਪਾ ਨੂੰ ਲਾਂਭੇ ਕਰਨਾ ਪਵੇਗਾ ਤੇ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਨੂੰ ਲੋਕ ਵੱਧ ਤੋਂ ਵੱਧ ਵੋਟਾਂ ਪਾ ਕੇ ਜਿਤਾਉਣ ਤਾਂ ਜੁ ਕਾਰਪੋਰੇਟ ਘਰਾਣਿਆਂ ਨੂੰ ਲਾਂਭੇ ਕਰ ਦੇਸ਼ ਦਾ ਪੈਸਾ ਆਮ ਲੋਕਾਂ ਦੀ ਖੁਸ਼ਹਾਲੀ ਲਈ ਖਰਚਿਆ ਜਾ ਸਕੇ। ਉਨ੍ਹਾਂ ਕਿਹਾ ਕਿ ਪਿਛਲੇ ਪੰਜ ਸਾਲ ਦੇ ਕਾਰਜਕਾਲ ਦੌਰਾਨ ਉਨ੍ਹਾਂ ਨੇ ਲੋਕ ਸਭਾ ਵਿੱਚ 220 ਪ੍ਰਸ਼ਨ ਪੁੱਛੇ ਤੇ 78 ਮੁੱਦੇ ਉਠਾਏ ਤੇ ਹੁਣ ਵੀ ਲੋਕ ਉਨ੍ਹਾਂ ਨੂੰ ਭਾਰੀ ਬਹੁਮਤ ਨਾਲ ਜਿਤਾ ਕੇ ਸੰਸਦ ਵਿੱਚ ਭੇਜਣ ਤਾਂ ਜੁ ਲੋਕ ਸਭਾ ਹਲਕਾ ਫ਼ਤਿਹਗੜ੍ਹ ਸਾਹਿਬ ਦੇ ਜੋ ਵਿਕਾਸ ਕਾਰਜ ਹੋਣ ਵਾਲੇ ਹਨ ਉਨ੍ਹਾਂ ਨੂੰ ਪੂਰਾ ਕੀਤਾ ਜਾ ਸਕੇ। ਇਸ ਮੌਕੇ ਹਲਕਾ ਸਮਰਾਲਾ ਤੋਂ ਕਾਂਗਰਸ ਪਾਰਟੀ ਦੇ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਤੇ ਸੀਨੀ. ਆਗੂ ਸ਼ਕਤੀ ਆਨੰਦ ਨੇ ਕਿਹਾ ਕਿ ਇਲਾਕੇ ਦੇ ਸਮੂਹ ਕਾਂਗਰਸੀ ਵਰਕਰ ਉਨ੍ਹਾਂ ਦਾ ਚੋਣ ਪ੍ਰਚਾਰ ਪੂਰੀ ਤਨਦੇਹੀ ਨਾਲ ਕਰਨਗੇ ਅਤੇ ਆੜ੍ਹਤੀ, ਕਿਸਾਨ ਤੇ ਮਜਦੂਰ ਵੀ ਕਾਂਗਰਸ ਪਾਰਟੀ ਦਾ ਡੱਟ ਕੇ ਸਾਥ ਦੇਣਗੇ।

## ਕਣਕ ਨਾਲ ਲੱਦੇ ਘੋੜਾ ਟਰਾਲਾ 'ਚੋਂ 106 ਗੱਟੇ ਚੋਰੀ, 9 ਖਿਲਾਫ਼ ਮਾਮਲਾ ਦਰਜ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਮੱਲਾਂਵਾਲਾ ਫ਼ਿਰੋਜ਼ਪੁਰ ਰੋਡ 'ਤੇ ਸੜਕ 'ਤੇ ਕਣਕ ਨਾਲ ਲੱਦੇ ਘੋੜਾ ਟਰਾਲੇ 'ਚੋਂ 106 ਗੱਟੇ 9 ਵਿਅਕਤੀਆਂ ਵੱਲੋਂ ਚੋਰੀ ਕਰਨ ਦੀ ਖ਼ਬਰ ਮਿਲੀ ਹੈ। ਥਾਣਾ ਆਰਿਫ ਕੇ ਪੁਲਿਸ ਨੇ ਇਕ ਥਾਣੇ ਨੇਮ ਵਿਅਕਤੀ ਸਮੇਤ 7-8 ਅਣਪਛਾਤੇ ਵਿਅਕਤੀਆਂ ਖਿਲਾਫ 379, 457 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਕਮਲਪ੍ਰੀਤ ਸਿੰਘ ਪੁੱਤਰ ਮੇਜਰ ਸਿੰਘ ਵਾਸੀ ਪਿੰਡ ਤੇਗਾ ਸਿੰਘ ਵਾਲਾ ਨੇ ਦੱਸਿਆ ਕਿ 22 ਅਪ੍ਰੈਲ ਨੂੰ ਰਾਤ ਸਮੇਂ ਉਸ ਨੇ ਆਪਣੇ ਦੋਵੇਂ ਘੋੜੇ ਟਰਾਲੇ ਕਣਕ ਨਾਲ ਲੋਡ ਕਰਕੇ ਆਪਣੇ ਕੋਠੇ ਪਾਸੇ ਮੰਡ ਸੜਕ ਮੱਲਾਂਵਾਲਾ ਫ਼ਿਰੋਜ਼ਪੁਰ ਰੋਡ 'ਤੇ ਖੜੇ ਕਰ ਦਿੱਤੇ ਤਾਂ ਕਰੀਬ ਸਾਢੇ 4 ਵਜੇ ਸਵੇਰੇ ਉਸ ਨੇ ਬਾਹਰੋਂ ਖੜਕਾ ਸੁਣਿਆ ਤਾਂ ਉਸ ਦੇ ਪਿਤਾ ਨੇ ਬਾਹਰ ਆ ਕੇ ਵੇਖਿਆ ਕਿ ਸਾਡੇ ਇਕ ਘੋੜਾ ਟਰਾਲਾ ਵਿਚੋਂ 7-8 ਜਣੇ ਕਣਕ ਆਪਣੀ ਗੱਡੀ ਮਹਿੰਦਰਾ ਪਿਕਅੱਪ ਵਿਚ ਚੋਰੀ ਕਰਕੇ ਸੁੱਟ ਰਹੇ ਸੀ। ਕਮਲਪ੍ਰੀਤ ਸਿੰਘ ਨੇ ਦੱਸਿਆ ਕਿ ਉਸ ਦੇ ਪਿਤਾ ਨੇ ਅਵਾਜ਼ ਮਾਰੀ ਕੇ ਕਿਹੜੇ ਹੋ ਤਾਂ ਅੱਗੋ ਇਕ ਲੜਕਾ ਬੋਲਿਆ ਰਾਹੁਲ ਪੁੱਤਰ ਸ਼ਾਮ ਲਾਲ ਵਾਸੀ ਬਸਤੀ ਆਵਾ ਫ਼ਿਰੋਜ਼ਪੁਰ ਫਾਇਰ ਮਾਰ ਤਾਂ ਉਨ੍ਹਾਂ ਵਿਚੋਂ ਇਕ ਨੇ ਫਾਇਰ ਚਲਾ ਦਿੱਤਾ ਤਾਂ ਉਸ ਦੇ ਪਿਤਾ ਪਾਸ ਲਾਇਸੈਂਸੀ ਰਿਵਾਲਵਰ ਸੀ, ਜਿਸ ਨੇ ਵੀ ਦੋ ਫਾਇਰ ਹਵਾਈ ਕੀਤੇ ਤਾਂ ਟਰੱਕ ਉਪਰ ਖੜੇ ਮੁੰਡਿਆਂ ਨੇ ਗੱਡੀ ਵਿਚ ਛਾਲਾਂ ਮਾਰ ਦਿੱਤੀਆਂ ਤਾਂ ਮੌਕੇ ਤੋਂ ਗੱਡੀ ਭਜਾ ਕੇ ਲੈ ਗਏ। ਕਮਲਪ੍ਰੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਚੈੱਕ ਕਰਨ 'ਤੇ 106 ਗੱਟੇ ਕਣਕ ਚੋਰੀ ਹੋਣੀ ਪਾਈ ਗਈ, ਹਰੇਕ ਗੱਟੇ ਦਾ ਵਜ਼ਨ 50 ਕਿਲੋ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਕੁਲਬੀਰ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਅਨ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

## ਵੇਟ ਲਿਫਟਿੰਗ ਮੁਕਾਬਲਿਆਂ 'ਚ ਗੁਰਸੇਵਕ ਤੇ ਨਵਜੋਤ ਦਾ ਪਹਿਲਾ ਸਥਾਨ




**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜ਼ਿਲ੍ਹਾ ਵੇਟ ਲਿਫਟਿੰਗ ਐਸੋਸੀਏਸ਼ਨ ਦੇ ਜਨਰਲ ਸਕੱਤਰ ਸ੍ਰੀ ਐਮ ਐਲ ਵਰਮਾ ਨੇ ਦੱਸਿਆ ਕਿ ਜ਼ਿਲ੍ਹਾ ਪੱਧਰ ਦੇ ਵੇਟ ਲਿਫਟਿੰਗ ਮੁਕਾਬਲੇ ਲੜਕੇ ਤੇ ਲੜਕੀਆਂ ਦੇ ਮਾਤਾ ਗੁਜਰੀ ਕਾਲਜ ਵਿਖੇ ਕਰਾਏ ਗਏ। ਇਸ ਮੌਕੇ ਮਾਤਾ ਗੁਜਰੀ ਕਾਲਜ ਦੇ ਪ੍ਰਿੰਸੀਪਲ ਡਾਕਟਰ ਕਸ਼ਮੀਰ ਸਿੰਘ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ, ਜਿਨ੍ਹਾਂ ਆਪਣੇ ਸੰਬੋਧਨ ਵਿੱਚ ਬੱਚਿਆਂ ਨੂੰ ਅਪਣਾ ਮਨੋਬਲ ਉੱਚਾ ਚੁੱਕਣ ਲਈ ਸ਼ੁਰੂ ਤੋਂ ਹੀ ਖੇਡਾਂ ਵਿਚ ਭਾਗ ਲੈਣਾ ਚਾਹੀਦਾ ਹੈ, ਕਿਉਂਕਿ ਦ੍ਰਿੜ੍ਹ ਭਾਵਨਾ ਨਾਲ ਖੇਡੀ ਗਈ ਖੇਡ ਆਤਮ ਬਲ ਵਧਾਉਂਦੀ ਹੈ, ਉਥੇ ਮਾਨਸਿਕ ਤਣਾਅ ਨੂੰ ਵੀ ਘੱਟ ਕਰਦੀ ਹੈ। ਇਸ ਮੌਕੇ ਸ੍ਰੀ ਹਰਜੋਤ ਸਿੰਘ ਪ੍ਰਧਾਨ ਅਤੇ ਜਨਰਲ ਸਕੱਤਰ ਸ੍ਰੀ ਮਦਨ ਲਾਲ ਵਰਮਾ ਨੇ ਦੱਸਿਆ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਕੋਹੜ ਤੋਂ ਬਚਾਉਣ ਲਈ ਖੇਡਾਂ ਨਾਲ ਜੋੜਨ ਦਾ ਵੇਟ ਲਿਫਟਿੰਗ ਐਸੋਸੀਏਸ਼ਨ ਦਾ ਉਪਰਾਲਾ ਹੈ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਖੇਡਾਂ ਵਿੱਚ ਭਾਗ ਲੈਣ। ਵੇਟ ਲਿਫਟਿੰਗ ਮੁਕਾਬਲਿਆਂ ਵਿੱਚ 11 ਸਾਲ ਤੋਂ 28 ਸਾਲ ਤੱਕ ਦੇ ਬੱਚਿਆਂ ਦੇ ਹੋਏ ਵੇਟ ਲਿਫਟਿੰਗ ਮੁਕਾਬਲਿਆਂ ਵਿੱਚ ਗੁਰਸੇਵਕ ਸਿੰਘ ਨੇ 225 ਕਿਲੋ ਤੇ ਨਵਜੋਤ ਕੌਰ 95 ਕਿਲੋ ਭਾਰ ਚੁੱਕ ਕੇ ਪਹਿਲੇ ਨੰਬਰ 'ਤੇ ਆਏ। ਇਸੇ ਤਰ੍ਹਾਂ 81 ਕਿਲੋ ਵਜ਼ਨ ਵਿੱਚ ਮੰਨਕਰਨ ਸਿੰਘ। 67 ਕਿਲੋ ਵਜ਼ਨ ਵਿੱਚ ਪਰਮਿੰਦਰ ਸਿੰਘ, 107 ਕਿਲੋ ਵਜ਼ਨ ਵਿੱਚ ਹੁਸਨਪ੍ਰੀਤ, 81 ਕਿਲੋ ਵਜ਼ਨ ਵਿੱਚ ਅਨਮੋਲ ਕੁਮਾਰ, 89 ਕਿਲੋ ਵਜ਼ਨ ਵਿੱਚ ਨਿਸਚੇ ਵਰਮਾ, 96 ਕਿਲੋ ਵਜ਼ਨ ਵਿੱਚ ਹਸਰਤ ਸਿੰਘ, 81 ਕਿਲੋ ਵਜ਼ਨ ਵਿੱਚ ਓਂਕਾਰ ਸਿੰਘ, 77 ਕਿਲੋ ਵਜ਼ਨ ਵਿੱਚ ਸਾਹਿਲ ਮੁਹੰਮਦ, 61 ਕਿਲੋ ਵਿੱਚ ਰੌਸ਼ਨ, 73 ਕਿਲੋ ਵਿੱਚ ਪ੍ਰਭਜੋਤ ਸਿੰਘ, 55 ਕਿਲੋ ਵਿੱਚ ਅਵਨੀਤ ਸਿੰਘ, 49 ਕਿਲੋ ਵਿੱਚ ਅੰਕਿਤ ਤੇ ਲੜਕੀਆਂ ਦੇ ਮੁਕਾਬਲਿਆਂ 'ਚ 87 ਕਿਲੋ ਵਜ਼ਨ ਵਿੱਚ ਹਰਸ਼ਪ੍ਰੀਤ, ਗੁਰਸਿਮਰਨ ਕੌਰ 67 ਕਿਲੋ ਵਿੱਚ ਨਵਜੋਤ ਕੌਰ, 76 ਕਿਲੋ ਵਿੱਚ ਹੁਨ, 71 ਕਿਲੋ ਵਿੱਚ ਸ਼ਰਨ, 64 ਕਿਲੋ ਵਿੱਚ ਮਾਨਸੀ, 59 ਕਿਲੋ ਵਜ਼ਨ ਵਿੱਚ ਖੁਸ਼ਪ੍ਰੀਤ, 55 ਕਿਲੋ ਵਿੱਚ ਹਰਸਿਰਤ, 45 ਕਿਲੋ ਵਿੱਚ ਮਹਿਕਦੀਪ ਕੌਰ, 14 ਕਿਲੋ ਵਜ਼ਨ ਵਿੱਚ ਸੁਖਦੀਪ ਕੌਰ ਪਹਿਲੇ ਨੰਬਰ 'ਤੇ ਆਏ।ਐਸੋਸੀਏਸ਼ਨ ਦੇ ਪ੍ਰਬੰਧਕਾਂ ਨੇ ਪਹਿਲੇ, ਦੂਜੇ ਤੇ ਤੀਜੇ ਨੰਬਰ ਤੇ ਆਉਣ ਵਾਲੇ ਵੇਟ ਲਿਫਟਰਾਂ ਦਾ ਮੈਡਲਾਂ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ। ਸ਼੍ਰੀ ਮਦਨ ਲਾਲ ਨੇ ਐਲਾਨ ਕੀਤਾ ਕਿ ਬੱਚਿਆਂ ਨੂੰ ਇਸ ਖੇਡ ਵਿਚ ਦਿਲਚਸਪੀ ਲੈਣ ਦੇ ਮਨੋਰਥ ਨਾਲ ਇਹ ਮੁਕਾਬਲੇ ਅੱਗੋਂ ਵੀ ਜਾਰੀ ਰੱਖੇ ਜਾਣਗੇ।

## ਕਾਤਰਾਂ

### 20 ਕਿਲੋ ਭੁੱਕੀ ਚੂਰਾ ਪੋਸਤ ਤੇ ਸਵਿਫਟ ਸਮੇਤ ਇੱਕ ਗ੍ਰਿਫ਼ਤਾਰ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਸੀਆਈਏ ਸਟਾਫ ਫਿਰੋਜ਼ਪੁਰ ਪੁਲਸ ਨੇ ਗਸ਼ਤ ਅਤੇ ਚੈਕਿੰਗ ਦੌਰਾਨ ਇਕ ਵਿਅਕਤੀ ਨੂੰ 20 ਕਿਲੋ ਭੁੱਕੀ ਚੂਰਾ ਪੋਸਤ ਤੇ ਇਕ ਕਾਰ ਸਮੇਤ ਗ੍ਰਿਫ਼ਤਾਰ ਕਰਕੇ ਉਸ ਖਿਲਾਫ ਥਾਣਾ ਘੱਲਖੁਰਦ ਵਿਖੇ ਐਨਡੀਪੀਐਸ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਸੀਆਈਏ ਸਟਾਫ ਫਿਰੋਜ਼ਪੁਰ ਦੇ ਸਹਾਇਕ ਥਾਣੇਦਾਰ ਗੁਰਚਰਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਿਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿਚ ਪਿੰਡ ਸਰਾਂ ਵਾਲੀ ਪਾਸ ਮੌਜੂਦ ਸੀ ਤਾਂ ਇਕ ਕਾਰ ਸਵਿਫਟ ਨੰਬਰ ਪੀਬੀ 29 ਏਡੀ 1168 ਆਉਂਦੀ ਵਿਖਾਈ ਦਿੱਤੀ, ਜਿਸ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਕਾਰ ਚਾਲਕ ਨੇ ਕਾਰ ਪਿੱਛੇ ਮੋੜਣ ਦੀ ਕੋਸ਼ਿਸ਼ ਕੀਤੀ, ਪਰ ਕਾਰ ਬੰਦ ਹੋ ਗਈ, ਜਿਸ 'ਤੇ ਪੁਲਸ ਪਾਰਟੀ ਵੱਲੋਂ ਸ਼ੱਕ ਦੀ ਬਿਨਾਹ 'ਤੇ ਕਾਰ ਚਾਲਕ ਨੂੰ ਕਾਬੂ ਕਰਕੇ ਨਾਂਅ ਪਤਾ ਪੁੱਛਿਆ ਤਾਂ ਉਸ ਨੇ ਆਪਣਾ ਨਾਮ ਸੁਖਵਿੰਦਰ ਸਿੰਘ ਉਰਫ ਕਿੰਦਰ ਪੁੱਤਰ ਸੰਤੋਖ ਸਿੰਘ ਵਾਸੀ ਪਿੰਡ ਮੁਰਾਦਪੁਰ ਥਾਣਾ ਫਤਿਹਗੜ੍ਹ ਪੰਜਤੂਰ ਜ਼ਿਲ੍ਹਾ ਮੋਗਾ ਦੱਸਿਆ ਤੇ ਤਲਾਸ਼ੀ ਦੌਰਾਨ 20 ਕਿਲੋ ਭੁੱਕੀ ਚੂਰਾ ਪੋਸਤ ਬਰਾਮਦ ਹੋਇਆ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

### ਯੂਥ ਅਕਾਲੀ ਦਲ ਦੇ ਢਾਂਚੇ ਦਾ ਵਿਸਥਾਰ



**ਦਿੜ੍ਹਬਾ (ਜਸਵੀਰ ਲਾਡੀ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਯੂਥ ਅਕਾਲੀ ਦਲ ਦੇ ਸਰਪ੍ਰਸਤ ਬਿਕਰਮ ਸਿੰਘ ਮਜੀਠੀਆ ਤੇ ਯੂਥ ਅਕਾਲੀ ਦਲ ਦੇ ਕੋਆਰਡੀਨੇਟਰ ਪਰਮਬੰਸ ਸਿੰਘ ਰੋਮਾਣਾ ਤੇ ਸੀਨੀਅਰ ਲੀਡਰਸ਼ਿਪ ਦੇ ਨਿਰਦੇਸ਼ਾਂ 'ਤੇ ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਝਿੰਜਰ ਵੱਲੋਂ ਯੂਥ ਅਕਾਲੀ ਦਲ ਦੇ ਜਥੇਬੰਧਕ ਢਾਂਚੇ ਦਾ ਵਿਸਥਾਰ ਕਰਦਿਆਂ ਨਵਇੰਦਰਪ੍ਰੀਤ ਸਿੰਘ ਲੋਗੋਵਾਲ ਨੂੰ ਜ਼ਿਲ੍ਹਾ ਸੰਗਰੂਰ ਦਾ ਯੂਥ ਅਕਾਲੀ ਦਲ ਦਿਹਾਤੀ ਦਾ ਪ੍ਰਧਾਨ ਬਨਣ ਤੇ ਗੁਲਜ਼ਾਰ ਮੂਨਕ, ਉਪਿੰਦਰ ਸਿੰਘ ਹਨੀ, ਹਰਪਾਲ ਸਿੰਘ ਖਡਿਆਲ, ਸੰਸਾਰ ਸਿੰਘ ਛਾਜਲੀ, ਅਮਰੀਕ ਸਿੰਘ ਸੰਗਤੀਵਾਲਾ, ਬਿੱਕਰ ਪਾਟਿਆਵਾਲੀ, ਕੇਵਲ ਡਸਕਾ, ਜੀਤ ਸਿੰਘ ਧਾਲੀਵਾਲ, ਬਿਕਰਮਜੀਤ ਸਿੰਘ ਵਿੱਕੀ, ਭਰਭੂਰ ਸਿੰਘ ਕਾਹਲ, ਜੱਗਾ ਸਿੰਘ ਸਾਬਕਾ ਸਰਪੰਚ ਛਾਜਲਾ, ਰਛਪਾਲ ਪਾਲੀ ਨੀਲੋਵਾਲ ਅਤੇ ਸਤਗੁਰ ਸਿੰਘ ਦਿੜ੍ਹਬਾ ਆਦਿ ਨੇ ਵਧਾਈਆਂ ਦਿੰਦਿਆਂ ਕਿਹਾ ਕਿ ਲੀਡਰਸ਼ਿਪ ਨੇ ਇੱਕ ਯੋਗ ਨੌਜਵਾਨ ਨੂੰ ਪ੍ਰਧਾਨ ਬਣਾ ਕੇ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਵਿੱਚ ਸਹਾਈ ਹੋਵੇਗਾ।

### ਮਲੇਰੀਆ ਜਾਗਰੂਕਤਾ ਕੈਂਪ ਲਾਇਆ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਮਲੇਰੀਆ ਜਾਗਰੂਕ ਐਕਟੀਵਿਟੀ ਸਿਵਲ ਸਰਜਨ ਤੇ ਸੀਐਚਸੀ ਫਿਰੋਜਸ਼ਾਹ ਐਸਐਮਓ ਦੀਪਕ ਚੰਦਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਮਲੇਰੀਆ ਐਕਟੀਵਿਟੀ ਕੀਤੀ ਗਈ, ਜਿਸ ਵਿੱਚ ਰਮੇਸ਼ ਸੋਨੀ ਮੇਲ ਵਰਕਰ ਨੇ ਦੱਸਿਆ ਕਿ ਮਲੇਰੀਆ ਬੁਖਾਰ ਮਾਦਾ ਮੱਛਰ ਦੇ ਕੱਟਣ ਨਾਲ ਫੈਲਦਾ ਹੈ, ਇਹ ਮੱਛਰ ਸਾਫ਼ ਖੜੇ ਪਾਣੀ ਤੇ ਪੈਦਾ ਹੁੰਦੇ ਹਨ। ਇਹ ਮੱਛਰ ਰਾਤ ਅਤੇ ਸਵੇਰ ਦੇ ਟਾਈਮ ਹੀ ਕੱਟਦੇ ਹਨ।ਮਲੇਰੀਆ ਬੁਖਾਰ ਦੇ ਲੱਛਣ ਠੰਡ ਅਤੇ ਕਾਂਬੇ ਨਾਲ ਬੁਖਾਰ, ਤੇਜ਼ ਬੁਖਾਰ ਤੇ ਸਿਰਦਰਦ ਦਾ ਹੋਣਾ, ਬੁਖਾਰ ਉਤਰਨ ਤੋਂ ਬਾਅਦ ਥਕਾਵਟ ਅਤੇ ਪਸੀਨੇ ਦਾ ਆਉਣਾ, ਸਰੀਰ ਵਿੱਚ ਕਮਜ਼ੋਰੀ ਦਾ ਆਉਣਾ।ਮਲੇਰੀਆ ਬੁਖਾਰ ਤੇ ਬਚਾਓ ਜਿਵੇਂ ਘਰਾਂ ਦੇ ਆਲੇ ਦੁਆਲੇ ਛੋਟੇ ਟੋਇਆਂ ਵਿੱਚ ਪਾਣੀ ਇਕੱਠਾ ਨਾ ਹੋਣ ਦਿਓ, ਇਨ੍ਹਾਂ ਨੂੰ ਮਿੱਟੀ ਨਾਲ ਭਰ ਦਿਓ, ਛੱਪੜਾਂ ਵਿੱਚ ਖੜੇ ਪਾਣੀ ਤੇ ਹਫ਼ਤੇ ਵਿੱਚ ਇੱਕ ਵਾਰ ਕਾਲੇ ਤੇਲ ਦਾ ਛਿੜਕਾਓ ਕਰਾਓ, ਕੱਪੜੇ ਅਜਿਹੇ ਪਹਿਨੋ ਕਿ ਤੁਹਾਡਾ ਸਾਰਾ ਸਰੀਰ ਢੱਕਿਆ ਰਹੇ ਤਾਂ ਜੁ ਤੁਹਾਨੂੰ ਮੱਛਰ ਕੱਟ ਨਾ ਸਕੇ।ਸੌਣ ਸਮੇਂ ਮੱਛਰਦਾਨੀਆਂ ਅਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਤੇਲ ਦਾ ਇਸਤੇਮਾਲ ਕਰੋ।ਉਨ੍ਹਾਂ ਦੱਸਿਆ ਕਿ ਕੋਈ ਵੀ ਬੁਖਾਰ ਮਲੇਰੀਆ ਹੋ ਸਕਦਾ ਹੈ, ਇਸ ਲਈ ਆਪਣੇ ਨੇੜੇ ਦੀ ਸਿਹਤ ਕੇਂਦਰ 'ਤੇ ਜਾ ਕੇ ਆਪਣਾ ਚੈੱਕਅੱਪ ਕਰਾਓ ਤੇ ਸਮੇਂ ਸਿਰ ਮੈਡੀਸਨ ਲਈ ਜਾਵੇ ਅਤੇ ਮਲੇਰੀਆ ਬੁਖਾਰ ਤੋਂ ਬਚਿਆ ਜਾਵੇ।

### ਜੇ ਮਨੋਹਰ ਜੀ ਕਮਜ਼ੋਰ ਸਨ ਤਾਂ ਉਨ੍ਹਾ ਸਰਕਾਰ ਤੋਂ ਸਮਰਥਨ ਵਾਪਸ ਕਿਉਂ ਨਹੀਂ ਲਿਆ : ਸੁਨੀਤਾ ਦੁੱਗਲ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਸੰਸਦ ਮੈਂਬਰ ਰਹੇ ਸੁਨੀਤਾ ਦੁੱਗਲ ਨੇ ਕਿਹਾ ਕਿ ਸਿਰਸਾ ਤੇ ਹਿਸਾਰ ਸਮੇਤ ਕਈ ਲੋਕ ਸਭਾ ਹਲਕਿਆਂ ਵਿੱਚ ਭਾਜਪਾ ਉਮੀਦਵਾਰਾਂ ਦੀਆਂ ਟਿਕਟਾਂ ਵਿੱਚ ਤਬਦੀਲੀ ਦਾ ਫ਼ੈਸਲਾ ਸੰਸਦੀ ਬੋਰਡ ਜਾਂ ਉੱਚ ਲੀਡਰਸ਼ਿਪ ਵੱਲੋਂ ਹੀ ਲਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਵੱਲੋਂ ਜੇਤੂ ਉਮੀਦਵਾਰ ਹੀ ਖੜੇ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਕੋਲ ਜ਼ਿਲ੍ਹਾ ਪ੍ਰਧਾਨ ਨਹੀਂ ਹੈ ਤੇ ਸੰਗਠਨ ਦੀ ਘਾਟ ਕਾਰਨ ਕਾਂਗਰਸ ਦਾ ਨੁਕਸਾਨ ਹੋ ਰਿਹਾ ਹੈ।ਕਾਂਗਰਸੀ ਉਮੀਦਵਾਰਾਂ ਦੀ ਸੂਚੀ ਧੜੇਬੰਦੀ ਦਾ ਸ਼ਿਕਾਰ ਹੋ ਰਹੀ ਹੈ।ਸੰਸਦ ਮੈਂਬਰ ਸੁਨੀਤਾ ਦੁੱਗਲ ਨੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਨੂੰ ਸਭ ਤੋਂ ਕਮਜ਼ੋਰ ਉਮੀਦਵਾਰ ਕਹਿਣ 'ਤੇ ਦਿਗਵਿਜੇ ਚੌਟਾਲਾ ਤੇ ਪਲਟਵਾਰ ਕਰਦੇ ਹੋਏ ਕਿਹਾ ਕਿ ਜੇਕਰ ਉਨ੍ਹਾਂ ਨੂੰ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਕਮਜ਼ੋਰ ਲੱਗਦਾ ਹੈ ਤਾਂ ਉਹ ਸਾਢੇ 4 ਸਾਲ ਮਨੋਹਰ ਲਾਲ ਨਾਲ ਸਰਕਾਰ 'ਚ ਕਿਉਂ ਰਹੇ ਤੇ ਉਨ੍ਹਾਂ ਨੇ ਪਾਰਟੀ ਨੂੰ ਕਿਉਂ ਨਹੀਂ ਛੱਡਿਆ ? ਉਸ ਸਮੇਂ ਜੇਜੇਪੀ ਨੇ ਕਰੀਬ 5 ਸਾਲ ਸਰਕਾਰ ਨਾਲ ਕੰਮ ਕੀਤਾ ਹੈ।ਜੇਕਰ ਮਨੋਹਰ ਲਾਲ ਏਨੇ ਹੀ ਕਮਜ਼ੋਰ ਸਨ ਤਾਂ ਉਨ੍ਹਾਂ ਨੇ ਉਸ ਸਮੇਂ ਸਰਕਾਰ ਤੋਂ ਸਮਰਥਨ ਵਾਪਸ ਕਿਉਂ ਨਹੀਂ ਲਿਆ।ਉਨ੍ਹਾਂ ਕਿਹਾ ਕਿ ਦਿਗਵਿਜੇ ਚੌਟਾਲਾ ਨੂੰ ਅਜਿਹੀਆਂ ਬੇਤੁਕੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ।

# ਜਨਵਰੀ ਤੋਂ ਮਾਰਚ ਤੱਕ 108 ਐਂਬੂਲੈਂਸਾਂ ਦੁਆਰਾ 42030 ਲੋਕਾਂ ਨੂੰ ਸੇਵਾ ਪ੍ਰਦਾਨ ਕੀਤੀ ਗਈ




**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**

ਪੰਜਾਬ ਭਰ ਵਿੱਚ 108 ਐਂਬੂਲੈਂਸ ਸੇਵਾਵਾਂ ਦੇ ਲਈ ਜ਼ਿੰਮੇਵਾਰ ਜਿਕਿਤਸਾ ਹੈਲਥ ਕੇਅਰ ਲਿਮ: ਨੇ ਜਨਵਰੀ 2024 ਤੋਂ ਮਾਰਚ 2024 ਤੱਕ 42030 ਤੋਂ ਵੱਧ ਲੋਕਾਂ ਨੂੰ ਤੁਰੰਤ ਸਹਾਇਤਾ ਪ੍ਰਦਾਨ ਕੀਤੀ ਹੈ।

ਇਨ੍ਹਾਂ ਵਿੱਚੋਂ 3275 ਦੁਰਘਟਨਾ ਨਾਲ ਸਬੰਧਤ, 1571 ਦਿਲ ਨਾਲ ਸਬੰਧਤ, 8203 ਗਰਭ ਅਵਸਥਾ ਨਾਲ ਸਬੰਧਤ, 6160 ਮੈਡੀਕਲ ਐਮਰਜੈਂਸੀ ਤੇ 22821 ਹੋਰ ਐਮਰਜੈਂਸੀ ਨਾਲ ਸਬੰਧਤ ਸਨ। ਸਮਰੱਥ ਸਟਾਫ ਦੁਆਰਾ ਪ੍ਰਬੰਧਤ ਐਂਬੂਲੈਂਸਾਂ ਇਹ ਯਕੀਨੀ ਬਣਾਉਂਦੀਆਂ ਹਨ ਕਿ ਹਰੇਕ ਮਾਮਲੇ ਨੂੰ ਸਮੇਂ ਸਿਰ ਹਸਪਤਾਲ ਵਿੱਚ ਭਰਤੀ ਕਰਕੇ ਚੰਗੀ ਤਰ੍ਹਾਂ ਸੰਭਾਲਿਆ ਜਾਵੇ, ਜਿਸ ਨਾਲ ਕੀਮਤੀ ਜਾਨਾਂ ਬਚ ਸਕਣ। 108 ਐਂਬੂਲੈਂਸ ਦਾ ਉਦੇਸ ਹਰ ਮਰੀਜ਼ ਨੂੰ ਸਭ ਤੋਂ ਵਧੀਆ ਸੰਭਵ ਐਮਰਜੈਂਸੀ ਦੇਖਭਾਲ ਪ੍ਰਦਾਨ ਕਰਨਾ ਹੈ। ਮੁਸੀਬਤ ਵਿੱਚ ਲੋਕਾਂ ਦੀ ਸੇਵਾ ਕਰਨ ਦੇ ਮੁੱਖ ਉਦੇਸ਼ ਅਨੁਸਾਰ 108 ਕੇਂਦਰੀਕ੍ਰਿਤ ਕਾਲ ਸੈਂਟਰ ਸਾਰੇ ਮਾਮਲਿਆਂ ਵਿੱਚ ਮਜਬੂਤ ਸਹਾਇਤਾ ਦੇ ਨਾਲ ਤੁਰੰਤ ਸਹਾਇਤਾ ਪ੍ਰਦਾਨ ਕਰਕੇ ਇੱਕ ਮਹੱਤਵਪੂਰਨ ਭੂਮਿਕਾ ਅਦਾ ਕਰਦੀ ਹੈ।

108 ਐਮਰਜੈਂਸੀ ਐਂਬੂਲੈਂਸ ਸੇਵਾਵਾਂ ਦੁਆਰਾ ਪ੍ਰਾਪਤ ਹੋਈਆਂ ਬੇਨਤੀਆਂ ਦੇ ਅਨੁਸਾਰ ਲੁਧਿਆਣਾ ਵਿੱਚ ਸਭ ਤੋਂ ਵੱਧ 10692 ਕੇਸ ਦਰਜ ਕੀਤੇ ਗਏ। ਇਨ੍ਹਾਂ ਕੇਸਾਂ ਵਿੱਚ 342 ਦੁਰਘਟਨਾਵਾਂ, 195 ਦਿਲ ਨਾਲ ਸਬੰਧਤ, 1209 ਗਰਭ ਅਵਸਥਾ ਨਾਲ ਸਬੰਧਤ, 944 ਮੈਡੀਕਲ ਐਮਰਜੈਂਸੀ ਅਤੇ 2656 ਹੋਰ ਐਮਰਜੈਂਸੀ ਸ਼ਾਮਲ ਹਨ। ਇਸ ਤੋਂ ਬਾਅਦ ਜਲੰਧਰ ਵਿੱਚ 7616 ਮਾਮਲੇ ਦਰਜ ਕੀਤੇ ਗਏ, ਜਿਨ੍ਹਾਂ ਵਿੱਚ 275 ਹਾਦਸੇ, 188 ਦਿਲ ਨਾਲ ਸਬੰਧਤ, 824 ਗਰਭ ਅਵਸਥਾ ਨਾਲ ਸਬੰਧਤ, 716 ਮੈਡੀਕਲ ਐਮਰਜੈਂਸੀ ਤੇ 1805 ਹੋਰ ਐਮਰਜੈਂਸੀ ਸ਼ਾਮਲ ਹਨ। ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ 6702, ਅੰਮ੍ਰਿਤਸਰ ਵਿੱਚ 6544, ਪਟਿਆਲਾ ਵਿੱਚ 6220 ਤੇ ਬਠਿੰਡਾ ਵਿੱਚ 4428 ਮਾਮਲੇ ਦਰਜ ਕੀਤੇ ਗਏ ਹਨ। 108 ਐਂਬੂਲੈਂਸ ਆਪਣੀਆਂ ਐਮਰਜੈਂਸੀ ਸੇਵਾਵਾਂ ਦਾ ਵਿਸਤਾਰ ਕਰਕੇ ਤੇ ਸਮੇਂ ਸਿਰ ਸਹਾਇਤਾ ਯਕੀਨੀ ਬਣਾ ਕੇ ਲੋੜਵੰਦ ਲੋਕਾਂ ਦੀ ਸੇਵਾ ਵਿੱਚ ਸਰਗਰਮ ਭੂਮਿਕਾ ਨਿਭਾ ਰਹੀ ਹੈ। ਐਂਬੂਲੈਂਸ ਦੇ ਪਾਇਲਟ ਵੀ ਲੋੜਵੰਦ ਮਰੀਜ਼ਾਂ ਨੂੰ ਇਲਾਜ ਮੁਹੱਈਆ ਕਰਾਉਣ ਲਈ ਪੂਰੀ ਤਰ੍ਹਾਂ ਸਿਖਲਾਈ ਪ੍ਰਾਪਤ ਹਨ।

ਇਹ 108 ਐਂਬੂਲੈਂਸ ਮੁਫ਼ਤ ਸੇਵਾਵਾਂ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਤੇ ਸ਼ਹਿਰਾਂ ਵਿੱਚ ਉਪਲਬਧ ਹਨ। ਵਿਚਾਰ ਸਾਂਝੇ ਕਰਦੇ ਹੋਏ 108 ਐਂਬੂਲੈਂਸ ਦੇ ਪ੍ਰੋਜੈਕਟ ਹੈੱਡ ਸ੍ਰੀ ਮਨੀਸ਼ ਬੱਤਰਾ ਨੇ ਕਿਹਾ, 'ਹਰ ਪਲ ਇੱਕ ਜਾਨ ਬਚਾਉਣ ਦਾ ਮੌਕਾ ਹੈ, ਅਸੀਂ 108 ਐਂਬੂਲੈਂਸ ਵਿੱਚ ਸਮੇਂ ਸਿਰ ਸਹਾਇਤਾ ਪ੍ਰਦਾਨ ਕਰਨ ਲਈ ਵਚਨਬੱਧ ਹਾਂ, ਕਿਉਂਕਿ ਸਾਡੀ ਸਮਰਪਤ ਟੀਮ ਇਹ ਯਕੀਨੀ ਬਣਾਉਂਦੀ ਹੈ ਕਿ ਹਰ ਮਾਮਲੇ ਨੂੰ ਦਇਆ ਤੇ ਧਿਆਨ ਨਾਲ ਸੰਭਾਲਿਆ ਜਾਵੇ, ਆਓ ਐਂਬੂਲੈਂਸਾਂ ਲਈ ਰਸਤਾ ਬਣਾਈਏ-ਉਹ ਇੱਕ ਜੀਵਨ ਰੇਖਾ ਹੈ, ਨਾ ਕਿ ਸਿਰਫ ਇੱਕ ਵਾਹਨ।'

# ਦਲਿਤਾਂ ਦੇ ਸਵਾਲਾਂ 'ਤੇ ਜ਼ੁਬਾਨ ਬੰਦ ਰੱਖਣ ਵਾਲੇ ਲੀਡਰਾਂ ਤੋਂ ਉਮੀਦ ਨਹੀਂ : ਸਮਾਓਂ



**ਬਰੇਟਾ (ਰੀਤਵਾਲ)**

ਵੋਟਾਂ ਲਈ ਘਰ ਘਰ ਗੇੜੇ ਮਾਰਨ ਵਾਲੇ ਰਜਵਾੜੇ ਆਮ ਦਿਨਾਂ 'ਚ ਦਲਿਤਾਂ ਦੇ ਸਵਾਲਾਂ 'ਤੇ ਜ਼ੁਬਾਨ ਤੱਕ ਨਹੀਂ ਖੋਲ੍ਹਦੇ। ਇਹ ਵਿਚਾਰਾਂ ਦਾ ਪ੍ਰਗਟਾਵਾ ਪੱਲੇਦਾਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਲੋਕ ਸਭਾ ਹਲਕਾ ਬਠਿੰਡਾ ਤੋਂ ਪੰਜਾਬ ਸੋਸ਼ਲਿਸਟ ਅਲਾਇੰਸ ਦੀ ਹਮਾਇਤ ਪ੍ਰਾਪਤ ਮਜਦੂਰ ਮੁਕਤੀ ਮੋਰਚਾ ਪੰਜਾਬ ਦੇ ਉਮੀਦਵਾਰ ਭਗਵੰਤ ਸਿੰਘ ਸਮਾਓ ਨੇ ਕੀਤਾ। ਉਨ੍ਹਾਂ ਕਿਹਾ ਕਿ ਸੱਤਾ ਦੀ ਕੁਰਸੀ ਲਈ ਭ੍ਰਿਸ਼ਟ ਤੇ ਮੌਕਾਪ੍ਰਸਤ ਲੀਡਰ ਕੱਪੜਿਆਂ ਦੀ ਤਰ੍ਹਾਂ ਪਾਰਟੀਆਂ ਬਦਲ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਭ੍ਰਿਸ਼ਟ ਹਾਕਮਾਂ ਦੀਆਂ ਨੀਤੀਆਂ ਕਾਰਨ ਹੀ ਲੋਕ ਕਰਜ਼ਿਆਂ, ਬੇਰੁਜ਼ਗਾਰੀ 'ਚ ਨਰਕ ਭੋਗਣ ਲਈ ਮਜਬੂਰ ਹਨ। ਉਨ੍ਹਾਂ ਕਿਹਾ ਕਿ ਭਾਜਪਾ ਮੋਦੀ ਦੇ ਰਾਜ ਵਿੱਚ ਸਿੱਖਿਆ ਦਾ ਬਜਟ ਘਟਾ ਕੇ ਗਰੀਬਾਂ ਤੋਂ ਪੜ੍ਹਾਈ ਦੂਰ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਆਮ ਦਿਨਾਂ 'ਚ ਦਲਿਤਾਂ ਦੇ ਸਵਾਲਾਂ 'ਤੇ ਜ਼ੁਬਾਨ ਬੰਦ ਰੱਖਣ ਵਾਲੇ ਲੀਡਰਾਂ ਤੋਂ ਭਲੇ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਸਭ ਦਾ ਭਲਾ ਕਰਨ ਦੀ ਗੱਲ ਕਰਨ ਵਾਲੇ ਸੱਤਾਧਾਰੀ ਹਾਕਮ ਵੋਟਾਂ ਤੋਂ ਬਾਅਦ ਅਮੀਰਾਂ ਲਈ ਕੰਮ ਕਰਦੇ ਹਨ ਤੇ ਆਮ ਜਨਤਾ ਉਪਰ ਜ਼ੁਲਮ ਕਰਦੇ ਹਨ। ਇਸ ਮੌਕੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਨਿੱਕਾ ਸਿੰਘ ਬਹਾਦਰਪੁਰ ਨੇ ਕਿਹਾ ਕਿ ਬਠਿੰਡਾ ਹਲਕੇ ਤੋਂ ਰਜਵਾੜੇ ਹਾਕਮਾਂ ਖ਼ਿਲਾਫ਼ ਦਲਿਤ ਸਮਾਜ ਦਾ ਪੁੱਤਰ ਜੰਗ ਲੜ ਰਿਹਾ ਹੈ। ਇਸ ਲਈ ਮਜ਼ਦੂਰ ਵਰਗ ਵੱਧ ਤੋਂ ਵੱਧ ਭਗਵੰਤ ਸਮਾਓ ਦਾ ਸਾਥ ਦੇਵੇ।

## ਸਕੂਲੀ ਬੱਸਾਂ ਸੰਬੰਧੀ ਟ੍ਰੈਫਿਕ ਪੁਲਸ ਨੇ ਸੈਮੀਨਾਰ ਲਾਇਆ




**ਬਾਘਾ ਪੁਰਾਣਾ (ਮਨੀ ਸਿੰਗਲਾ)**-ਪੰਜਾਬ ਕੋ-ਐਜੂਕੇਸ਼ਨ ਸਕੂਲ ਵਿੱਚ ਟ੍ਰੈਫਿਕ ਨਿਯਮਾਂ ਬਾਰੇ ਚਾਨਣਾ ਪਾਉਣ ਲਈ ਸੈਮੀਨਾਰ ਲਾਇਆ ਗਿਆ। ਭਾਸ਼ਣ ਵਿੱਚ ਏ.ਐੱਸ.ਆਈ. ਜਗਤਾਰ ਸਿੰਘ, ਏ.ਐੱਸ.ਆਈ. ਦਲਜੀਤ ਸਿੰਘ ਨੇ ਦੱਸਿਆ ਕਿ ਸਾਨੂੰ ਸਕੂਲ ਬੱਸਾਂ ਦੇ ਨਿਯਮਾਂ ਬਾਰੇ ਸੁਚੇਤ ਰਹਿਣਾ ਚਾਹੀਦਾ ਹੈ।ਸਕੂਲ ਬੱਸਾਂ ਦੇ ਡਰਾਈਵਰਾਂ ਵੱਲੋਂ ਸਕੂਲ ਬੱਸਾਂ ਲਈ ਕਿਸੇ ਕਿਸਮ ਦੀ ਲਾਪ੍ਰਵਾਹੀ ਨਾ ਵਰਤੀ ਜਾਵੇ।ਡਰਾਈਵਰਾਂ ਤੇ ਸਹਿ ਕਰਮੀਆਂ ਵੱਲੋਂ ਵਰਦੀ, ਨੇਮ-ਪਲੇਟ ਤੇ ਲਾਈਸੈਂਸ ਨਹੀਂ ਕਦੇ ਵੀ ਢਿੱਲ ਨਾ ਵਰਤੀ ਜਾਵੇ।ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਗੀਨਿਊ ਹੋਣ ਵਾਲੇ ਲਾਈਸੈਂਸ ਕਦੇ ਸਾਂਝ ਕੇਂਦਰ ਵਿੱਚ ਬਿਨਾਂ ਦੇਰੀ ਤੋਂ ਜਾਰੀ ਕੀਤੇ ਜਾਣਗੇ।ਹਰ ਇੱਕ ਡਰਾਇਵਰ ਤੇ ਉਸਦਾ ਸਹਿਕਰਮੀ ਬੱਚਿਆਂ ਨੂੰ ਸਕੂਲੋਂ ਲੈ ਕੇ ਆਉਣ ਤੇ ਘਰ ਛੱਡਣ ਵੇਲੇ ਕਾਹਲੀ ਨਾ ਕਰੇ।ਸਪੀਡ ਦਾ ਖਾਸ ਧਿਆਨ ਰੱਖਿਆ ਜਾਵੇ। ਇਸ ਮੌਕੇ ਤੇ ਪਹੁੰਚੇ ਹੋਏ ਏ.ਐੱਸ.ਆਈ. ਜਗਤਾਰ ਸਿੰਘ, ਦਲਜੀਤ ਸਿੰਘ (ਸਾਂਝ ਕੇਂਦਰ ਬਾਘਾ ਪੁਰਾਣਾ) ਦਾ ਚੇਅਰਮੈਨ ਗੁਰਦੇਵ ਸਿੰਘ, ਪ੍ਰਿੰਸੀਪਲ ਸ਼੍ਰੀ ਸੰਦੀਪ ਮਹਿਤਾ, ਕੋ-ਆਰਡੀਨੇਟਰ ਸ਼੍ਰੀ ਮੁਕੇਸ਼ ਅਰੋੜਾ, (ਟਰਾਂਸਪੋਰਟ) ਬੱਸ ਇੰਚਾਰਜ ਬਲਦੇਵ ਸਿੰਘ ਤੇ ਗੁਰਦੀਪ ਸਿੰਘ ਅਤੇ ਕਮੇਟੀ ਮੈਂਬਰ ਵੱਲੋਂ ਵਿਸ਼ੇਸ਼ ਧੰਨਵਾਦ ਕੀਤਾ ਗਿਆ।

## ਮਾਰੂ ਬਿਮਾਰੀਆਂ ਤੋਂ ਬਚਾਅ ਲਈ ਸੰਪੂਰਨ ਟੀਕਾਕਰਨ ਜ਼ਰੂਰੀ : ਡਾ. ਬਲਵਿੰਦਰ ਕੌਰ



**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਡਾਇਰੈਕਟਰ ਸਿਹਤ ਤੇ ਪਰਵਾਰ ਭਲਾਈ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸਿਵਲ ਸਰਜਨ ਡਾ ਦਵਿੰਦਰਜੀਤ ਕੌਰ ਦੀ ਅਗਵਾਈ ਹੇਠ ਜ਼ਿਲ੍ਹੇ ਅੰਦਰ 24 ਤੋਂ 30 ਅਪ੍ਰੈਲ ਤੱਕ ਵਿਸ਼ਵ ਟੀਕਾਕਰਨ ਸਪਤਾਹ ਮਨਾਇਆ ਜਾ ਰਿਹਾ ਹੈ।ਸਪਤਾਹ ਦੌਰਾਨ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਦਾ ਜਾਇਜਾ ਲੈਣ ਲਈ ਸੂਬਾ ਪੱਧਰ ਤੋਂ ਸਹਾਇਕ ਡਾਇਰੈਕਟਰ (ਟੀਕਾਕਰਨ) ਡਾ. ਬਲਵਿੰਦਰ ਕੌਰ ਨੇ ਜ਼ਿਲ੍ਹੇ ਦਾ ਦੌਰਾ ਕੀਤਾ।ਦੌਰੇ ਦੌਰਾਨ ਵਿਸ਼ਵ ਸਿਹਤ ਸੰਸਥਾ ਤੋਂ ਸਰਵੇਲੈਂਸ ਮੈਡੀਕਲ ਅਫ਼ਸਰ ਡਾ ਵਿਕਰਮ ਗੁਪਤਾ ਅਤੇ ਡਾ ਮਨਹਰਦੀਪ ਕੌਰ ਵੀ ਉਨ੍ਹਾਂ ਨਾਲ ਸਨ।ਇਸ ਮੌਕੇ ਜ਼ਿਲ੍ਹਾ ਹਸਪਤਾਲ ਤੋਂ ਵਿਸ਼ਵ ਟੀਕਾਕਰਨ ਹਫ਼ਤੇ ਅਤੇ ਟੀਕਾਕਰਨ ਦੀ ਮਹੱਤਤਾ ਸਬੰਧੀ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਸਿਹਤ ਵਿਭਾਗ ਵੱਲੋਂ ਜਾਗਰੂਕਤਾ ਰੈਲੀ ਦਾ ਆਯੋਜਨ ਕੀਤਾ ਗਿਆ, ਜਿਸ ਨੂੰ ਸਹਾਇਕ ਡਾਇਰੈਕਟਰ ਡਾ ਬਲਵਿੰਦਰ ਕੌਰ ਤੇ ਸਿਵਲ ਸਰਜਨ ਡਾ ਦਵਿੰਦਰਜੀਤ ਕੌਰ ਵੱਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ।ਇਹ ਰੈਲੀ ਸ਼ਹਿਰ ਦੇ ਵੱਖ-ਵੱਖ ਥਾਂਵਾਂ 'ਤੇ ਆਮ ਲੋਕਾਂ ਨੂੰ ਟੀਕਾਕਰਨ ਸਪਤਾਹ ਸਬੰਧੀ ਜਾਗਰੂਕ ਕਰਦੀ ਹੋਈ ਵਾਪਸ ਸਿਵਲ ਹਸਪਤਾਲ ਵਿਖੇ ਆ ਕੇ ਸਮਾਪਤ ਹੋਈ।ਡਾ. ਬਲਵਿੰਦਰ ਕੌਰ ਨੇ ਕਿਹਾ ਕਿ ਬਿਮਾਰੀਆਂ ਤੋਂ ਬਚਾਉਣ ਲਈ ਗਰਭਵਤੀ ਔਰਤਾਂ ਨੂੰ ਗਰਭ ਦੌਰਾਨ ਟੈਟਨਸ ਦੇ ਟੀਕੇ ਤੇ ਬੱਚਿਆਂ ਦਾ ਸੂਚੀ ਅਨੁਸਾਰ ਸੰਪੂਰਨ ਟੀਕਾਕਰਨ ਕਰਾਉਣਾ ਅਤੀ ਜ਼ਰੂਰੀ ਹੁੰਦਾ।ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਨੇ ਕਿਹਾ ਕਿ ਬੁੱਧਵਾਰ ਦਾ ਦਿਨ ਛੱਡ ਕੇ ਹਫਤੇ ਦੇ ਸਾਰੇ ਦਿਨ ਚੱਲਣ ਵਾਲੀ ਇਸ ਮਹਿਮ ਦੌਰਾਨ ਭੱਠਿਆਂ, ਪਥੇਰਾਂ, ਉਸਾਰੀ ਅਧੀਨ ਬਿਲਡਿੰਗਾਂ, ਝੁੱਗੀਆਂ, ਝੌਂਪੜੀਆਂ ਅਤੇ ਹੋਰ ਅਪਹੁੰਚ ਇਲਾਕੇ ਵਿੱਚ ਸਿਹਤ ਵਿਭਾਗ ਦੀਆਂ ਟੀਮਾਂ ਵਿਸ਼ੇਸ਼ ਸੈਸ਼ਨ ਲਗਾ ਕੇ ਟੀਕਾਕਰਨ ਤੋਂ ਵਾਂਝੇ ਬੱਚਿਆਂ ਦਾ ਟੀਕਾਕਰਨ ਕਰਨਗੀਆਂ ਕਿਉਂਕਿ ਟੀਕਾਕਰਨ ਨਾਲ ਹੀ ਬੱਚਿਆਂ ਦੀ ਮੌਤ ਦਰ ਵਿੱਚ ਕਾਫੀ ਕਮੀ ਆਈ ਹੈ ਤੇ ਪੋਲਿਓ ਵਰਗੀ ਭਿਆਨਕ ਬਿਮਾਰੀ ਤੋਂ ਵੀ ਛੁਟਕਾਰਾ ਪਾਇਆ ਗਿਆ ਹੈ।

## ਬ੍ਰਹਮ ਕੁਮਾਰੀ ਆਸ਼ਰਮ ਨੇ ਪ੍ਰਿਥਵੀ ਦਿਵਸ ਮਨਾਇਆ

**ਭਗਤਾ ਭਾਈ ਕਾ (ਰਾਜੀਵ ਗੋਇਲ)**-ਬ੍ਰਹਮ ਕੁਮਾਰੀ ਆਸ਼ਰਮ ਦੀਆਂ ਸੰਚਾਲਕਾਂ ਬੀ.ਕੇ ਅਨੀਤਾ ਤੇ ਬੀ.ਕੇ ਪਿੰਕੀ ਵੱਲੋਂ ਪ੍ਰਿਥਵੀ ਦਿਵਸ ਮਨਾਇਆ ਗਿਆ। ਇਸ ਮੌਕੇ ਸ਼ਹਿਰ ਅੰਦਰ ਚੱਲ ਰਹੀਆਂ ਸਮਾਜ ਸੇਵੀ ਸੰਸਥਾਵਾਂ ਦੇ ਮੁਖੀਆਂ ਤੇ ਮੋਹਤਬਰ ਲੋਕਾਂ ਨੂੰ ਜਿੱਥੇ ਗਿਆਨ ਪ੍ਰਚਾਰ ਕੀਤਾ ਗਿਆ, ਉੱਥੇ ਹੀ ਪਹੁੰਚੇ ਹੋਏ ਪੁਰਸ਼ਾਂ ਤੋਂ ਜੋਤੀ ਪ੍ਰਚੰਡ ਕਰਾ ਕੇ ਉਨ੍ਹਾਂ ਨੂੰ ਲੰਗਰ ਛਕਾਇਆ ਗਿਆ। ਇਸ ਮੌਕੇ ਇਕੱਤਰ ਹੋਏ ਲੋਕਾਂ ਨੂੰ ਪਿਆਰ ਨਾਲ ਜ਼ਿੰਦਗੀ ਬਤੀਤ ਕਰਨ ਤੇ ਪ੍ਰਮਾਤਮਾ/ਆਤਮਾ ਨਾਲ ਜੁੜੇ ਰਹਿਣ ਦੀ ਅਪੀਲ ਕੀਤੀ ਗਈ।



## 15 ਸਾਲ ਤੋਂ ਮੈਂ ਹਲਕੇ ਦੀ ਸੇਵਾ ਕੀਤੀ, ਫੇਰ ਮੌਕਾ ਦਿਓ : ਹਰਸਿਮਰਤ ਕੌਰ ਬਾਦਲ



**ਬਰੇਟਾ (ਰੀਤਵਾਲ)**-ਆਖਰੀ ਸਾਹ ਤੱਕ ਲੋਕ ਸਭਾ ਹਲਕਾ ਬਠਿੰਡਾ ਦੀ ਸੇਵਾ ਕਰਦੀ ਰਹਾਂਗੀ। ਇਹ ਸ਼ਬਦ ਦੁਰਗਾ ਮੰਦਰ ਧਰਮਸ਼ਾਲਾ ਵਿਖੇ ਚੋਣ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਬੀਬਾ ਹਰਸਿਮਰਤ ਕੌਰ ਬਾਦਲ ਨੇ ਕਹੇ। ਉਨ੍ਹਾਂ ਕਿਹਾ ਕਿ ਪਿਛਲੇ 15 ਸਾਲਾਂ ਤੋਂ ਮੈਂ ਹਲਕੇ ਦੀ ਸੇਵਾ ਕਰਦੀ ਆ ਰਹੀ ਹਾਂ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਪਣੇ ਕਾਰਜਕਾਲ ਦੌਰਾਨ ਹਰ ਵਰਗ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਕਰੋੜਾਂ ਲੋਕਾਂ ਨੂੰ ਲਾਭ ਪੁਚਾਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੇ ਸੰਗਤ ਦਰਸ਼ਨਾਂ ਰਾਹੀਂ ਲੋਕਾਂ ਦੀਆਂ ਸਮੱਸਿਆਵਾਂ ਨੂੰ ਦਰ 'ਤੇ ਜਾ ਕੇ ਹੱਲ ਕੀਤਾ। ਉਨ੍ਹਾਂ ਕਿਹਾ ਕਿ ਮੇਰੇ ਵੱਲੋਂ ਵੀ ਲਗਾਤਾਰ ਹਲਕੇ ਦੇ ਹਰ ਵੋਟਰ ਤੱਕ ਪਹੁੰਚ ਕਰਕੇ ਸਮੱਸਿਆਵਾਂ ਦੇ ਹੱਲ ਦੀ ਕੋਸ਼ਿਸ਼ ਕੀਤੀ ਗਈ ਹੈ।

ਇਸ ਮੌਕੇ ਤੇ ਸ਼ੁਮੇਸ਼ ਬਾਲੀ, ਰਾਜੇਸ਼ ਸਿੰਗਲਾ, ਕਾਲਾ ਜਵੰਦਾ, ਸਿਕੰਦਰ ਸਿੰਘ ਜ਼ੈਲਦਾਰ, ਪਰਵੇਸ਼ ਗੁਪਤਾ, ਰਾਜ ਕੁਮਾਰ ਸਿਧਾਨੀ, ਰਾਜੀਵ ਗੋਇਲ, ਮਹਿੰਦਰ ਪਾਲ, ਰਾਕੇਸ਼ ਕੁਮਾਰ ਚਿੜੀ, ਈਸ਼ਵਰ ਮਿੱਤਲ, ਕਮਲ ਜੈਨ, ਵਿਨੋਦ ਕੁਮਾਰ, ਤਰਸੇਮ ਜਿੰਦਲ, ਕੁਲਵੀਰ ਸਿੰਘ ਜੁਗਲਾਨ, ਹੈਪੀ ਜੁਗਲਾਨ, ਪਵਨ ਕੁਮਾਰ, ਪੱਪੂ ਗਾਗੋਵਾਲ, ਮਲਕੀਤ ਸਿੰਘ ਬੌਬੀ, ਨਾਮਦੇਵ ਸਭਾ ਦੇ ਪ੍ਰਧਾਨ ਦਰਸ਼ਨ ਸਿੰਘ, ਨਰਿੰਦਰ ਸਿੰਘ, ਜਸਦੇਵ ਜੱਸਲ, ਡਾ. ਨਿਸ਼ਾਨ ਸਿੰਘ, ਗੁਰਮੇਲ ਸਿੰਘ ਫਫੜੇ ਭਾਈਕੇ, ਕੇਸਰ ਸਿੰਘ ਤੇ ਵੱਡੀ ਗਿਣਤੀ 'ਚ ਹੋਰ ਵਰਕਰ ਮੌਜੂਦ ਸਨ।

## ਹੋਲੀ ਹਾਰਟ ਸਕੂਲ ਦੇ ਵਿਦਿਆਰਥੀਆਂ ਨੇ ਜ਼ਿਲ੍ਹਾ ਪੱਧਰ 'ਤੇ ਮਾਰੀ ਬਾਜ਼ੀ




**ਮਹਿਲ ਕਲਾਂ (ਬਲਵਿੰਦਰ ਵਜ਼ੀਦਕੇ)**

ਹੋਲੀ ਹਾਰਟ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਸਵੀਪ ਗਤੀਵਿਧੀਆਂ ਦੇ ਅਧੀਨ ਬਲਾਕ ਤੇ ਜ਼ਿਲ੍ਹੇ ਪੱਧਰ 'ਤੇ ਕਰਾਏ ਗਏ ਕੁਇਜ਼ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਹਾਸਲ ਕੀਤਾ।ਇਨ੍ਹਾਂ ਕੁਇਜ਼ ਮੁਕਾਬਲਿਆਂ ਦਾ ਵਿਸ਼ਾ ਚੋਣਾਂ ਰਿਹਾ।ਇਨ੍ਹਾਂ ਮੁਕਾਬਲਿਆਂ ਦੇ ਵਿੱਚ ਵੱਖੋ-ਵੱਖਰੇ ਸਕੂਲਾਂ ਦੀਆਂ 19 ਟੀਮਾਂ ਨੇ ਹਿੱਸਾ ਲਿਆ, ਜਿਸ ਵਿੱਚ ਪਹਿਲਾਂ ਵਿਦਿਆਰਥੀਆਂ ਦਾ ਲਿਖਤੀ ਪੇਪਰ ਹੋਇਆ ਅਤੇ ਲਿਖਤੀ ਪੇਪਰ ਵਿੱਚੋਂ ਪਾਸ ਹੋਣ ਵਾਲੇ ਵਿਦਿਆਰਥੀਆਂ ਨੇ ਕੁਇਜ਼ ਮੁਕਾਬਲਿਆਂ ਵਿੱਚ ਹਿੱਸਾ ਲਿਆ।ਇਹ ਮੁਕਾਬਲੇ ਪਹਿਲਾਂ ਬਲਾਕ ਪੱਧਰ 'ਤੇ ਅਤੇ ਫਿਰ ਜ਼ਿਲ੍ਹਾ ਪੱਧਰ 'ਤੇ ਸਕੂਲ ਆਫ ਐਮੀਨੈਂਸ ਬਰਨਾਲਾ ਵਿਖੇ ਕਰਾਏ ਗਏ।ਇਸ ਮੁਕਾਬਲੇ ਵਿੱਚ ਨਿਤਪ੍ਰੀਤ ਸਿੰਘ (ਦਸਵੀਂ), ਅਮਨਜੋਤ ਕੌਰ (ਗਿਆਰ੍ਹਵੀਂ) ਅਤੇ ਹਰਪ੍ਰੀਤ ਕੌਰ (ਬਾਰ੍ਹਵੀਂ) ਕਲਾਸ ਦੇ ਬੱਚਿਆਂ ਨੇ ਜ਼ਿਲ੍ਹੇ ਪੱਧਰ 'ਤੇ ਪਹਿਲਾ ਸਥਾਨ ਹਾਸਲ ਕੀਤਾ।ਕੁਇਜ਼ ਮੁਕਾਬਲਿਆਂ ਦੀ ਤਿਆਰੀ ਕਰਾਉਣ ਵਾਸਤੇ ਸਮਾਜਿਕ ਸਿੱਖਿਆ ਦੇ ਅਧਿਆਪਕਾਂ ਦਾ ਵਿਸ਼ੇਸ਼ ਯੋਗਦਾਨ ਰਿਹਾ।ਇਸ ਮੌਕੇ ਪ੍ਰਬੰਧਕ ਕਮੇਟੀ ਦੇ ਮੈਨੇਜਿੰਗ ਡਾਇਰੈਕਟਰ ਸ੍ਰੀਮਾਨ ਸੁਸ਼ੀਲ ਗੋਇਲ, ਐਗਜ਼ੀਕਿਊਟਿਵ ਡਾਇਰੈਕਟਰ ਸ੍ਰੀਮਾਨ ਰਾਕੇਸ਼ ਬਾਂਸਲ, ਪ੍ਰਿੰਸੀਪਲ ਸ੍ਰੀਮਤੀ ਗੁਰਪ੍ਰੀਤ ਕੌਰ, ਵਾਈਸ ਪ੍ਰਿੰਸੀਪਲ ਸ੍ਰੀਮਤੀ ਪੂਜਾ ਸ਼ਰਮਾ ਵੱਲੋਂ ਜੇਤੂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਗਈ।

## ਮੀਤ ਹੇਅਰ ਵੱਲੋਂ ਡਾ ਅਨਵਰ ਭਸੌੜ ਨਾਲ ਦੁੱਖ ਪ੍ਰਗਟ



**ਧੂਰੀ (ਸੁਖਦੇਵ ਧੂਰੀ)**-ਲੋਕ ਸਭਾ ਹਲਕਾ ਸੰਗਰੂਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਵੱਲੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਵਕਫ਼ ਬੋਰਡ ਪੰਜਾਬ ਦੇ ਮੈਂਬਰ ਡਾ ਅਨਵਰ ਭਸੌੜ ਦੇ ਘਰ ਉਨ੍ਹਾਂ ਦੀ ਮਾਤਾ ਦੀ ਮੌਤ 'ਤੇ ਸ਼ੋਕ ਦਾ ਪ੍ਰਗਟਾਵਾ ਕਰਦਿਆਂ ਦੁੱਖ ਸਾਂਝਾ ਕੀਤਾ।ਇਸ ਮੌਕੇ ਪ੍ਰੋ. ਓਂਕਾਰ ਸਿੰਘ ਸਿੱਧੂ ਓ ਐਸ ਡੀ ਮੁੱਖ ਮੰਤਰੀ, ਗੁਰਮੇਲ ਸਿੰਘ ਘਰਾਚੋਂ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ, ਅ੍ਰਮਿਤ ਬਰਾੜ ਇੰਚਾਰਜ ਮੁੱਖ ਮੰਤਰੀ ਦਫ਼ਤਰ, ਸਿਕੰਦਰ ਆਸਟਰੇਲੀਆ ਸਮੇਤ ਅਨੇਕਾਂ ਸ਼ਖ਼ਸੀਅਤਾਂ ਹਾਜ਼ਰ ਸਨ।


**ਫਾਰਮ ਏ**
**ਜਨਤਕ ਘੋਸ਼ਣਾ**

[ ਭਾਰਤ ਦੇ ਦੀਵਾਲੀਆਪਣ ਅਤੇ ਦੀਵਾਲੀਆਪਣ ਬੋਰਡ ਦੇ ਨਿਯਮ 6 ਤਹਿਤ (ਕਾਰਪੋਰੇਟ ਵਿਅਕਤੀਆਂ ਲਈ ਦੀਵਾਲੀਆ ਹੱਲ ਪ੍ਰਕਿਰਿਆ) ਰੈਗੂਲੇਸ਼ਨਜ਼ 2016]

**ਮੈਸ : ਭਾਟੀਆ ਹਾਇਰ ਪ੍ਰਚੇਜ਼ ਪ੍ਰਾਈਵੇਟ ਲਿਮਟਿਡ ਦੇ ਲੈਣਦਾਰਾਂ ਦੇ ਧਿਆਨ 'ਚ**

**ਸੰਬੰਧਤ ਵੇਰਵੇ**

| | | |
|---|---|---|
| 1. | ਕਾਰਪੋਰੇਟ ਕਰਜ਼ਦਾਰ ਦਾ ਨਾਂਅ | ਮੈਸਰਜ਼ ਭਾਟੀਆ ਹਾਇਰ ਪ੍ਰਚੇਜ਼ ਪ੍ਰਾਈਵੇਟ ਲਿਮਟਿਡ |
| 2. | ਕਾਰਪੋਰੇਟ ਕਰਜ਼ਦਾਰ ਦੀ ਇਨਕਾਰਪੋਰੇਸ਼ਨ ਮਿਤੀ | 5 ਅਕਤੂਬਰ 1987 |
| 3. | ਅਥਾਰਟੀ ਜਿਸ ਤਹਿਤ ਕਾਰਪੋਰੇਟ ਕਰਜ਼ਦਾਰ ਇਨਕਾਰਪੋਰਟਿਡ ਹੈ | ਕੰਪਨੀਜ਼ ਰਜਿਸਟਰਾਰ ਚੰਡੀਗੜ੍ਹ, ਕੰਪਨੀਜ਼ ਐਕਟ, 1956 |
| 4. | ਕਾਰਪੋਰੇਟ ਕਰਜ਼ਦਾਰ ਦਾ ਕਾਰਪੋਰੇਟ ਪਛਾਣ ਨੰਬਰ | U65921PB1987PTC007706 |
| 5. | ਕਾਰਪੋਰੇਟ ਦੇ ਰਜਿਸਟਰਡ ਦਫਤਰ ਅਤੇ ਮੁੱਖ ਦਫਤਰ ਜੇਕਰ ਕੋਈ ਹੈ, ਦਾ ਪਤਾ | ਈ-378, ਗਣਪਤੀ ਇਨਕਲੇਵ, ਬਠਿੰਡਾ, ਪੰਜਾਬ-151001, ਭਾਰਤ |
| 6. | ਕਾਰਪੋਰੇਟ ਕਰਜ਼ਦਾਰ ਦੇ ਦੀਵਾਲੀਆਪਣ ਦੇ ਸ਼ੁਰੂ ਹੋਣ ਦੀ ਮਿਤੀ | 23 ਅਪ੍ਰੈਲ 2024 |
| 7. | ਦੀਵਾਲੀਆਪਣ ਰੈਜ਼ੂਲੂਸ਼ਨ ਪ੍ਰਕਿਰਿਆ ਦੇ ਬੰਦ ਹੋਣ ਦੀ ਅਨੁਮਾਨਤ ਮਿਤੀ | 20 ਅਕਤੂਬਰ 2024 |
| 8. | ਅੰਤਰਿਮ ਰੈਜ਼ੂਲੂਸ਼ਨ ਪ੍ਰੋਫੈਸ਼ਨਲ ਵਜੋਂ ਦੀਵਾਲੀਆਪਣ ਪ੍ਰੋਫੈਸ਼ਨਲ ਐਕਟਿੰਗ ਦਾ ਨਾਂਅ ਅਤੇ ਰਜਿਟ੍ਰੇਸ਼ਨ ਨੰਬਰ | ਅਨੁਜ ਮਹੇਸ਼ਵਰੀ<br>Reg No.- IBBI/IPA-001/IP-P00577/2017-2018/11018 |
| 9. | ਬੋਰਡ 'ਚ ਰਜਿਸਟਰਡ ਅੰਤਰਿਮ ਰੈਜ਼ੂਲੂਸ਼ਨ ਪ੍ਰੋਫੈਸ਼ਨਲ ਦਾ ਪਤਾ ਅਤੇ ਈਮੇਲ | 201, ਹਰਸ਼ ਭਵਨ, 64-65, ਨਹਿਰੂ ਪਲੇਸ, ਨਵੀਂ ਦਿੱਲੀ-110019, ਈ-ਮੇਲ ਆਈ ਡੀ :anuj@vksa.in |
| 10. | ਅੰਤਰਿਮ ਰੈਜ਼ੂਲੂਸ਼ਨ ਪ੍ਰੋਫੈਸ਼ਨਲ ਕੋਲ ਪੱਤਰ ਵਿਹਾਰ ਪਤਾ ਅਤੇ ਈਮੇਲ : | 201, ਹਰਸ਼ ਭਵਨ, 64-65, ਨਹਿਰੂ ਪਲੇਸ, ਨਵੀਂ ਦਿੱਲੀ-110019, ਈ-ਮੇਲ ਆਈ ਡੀ :anuj@vksa.in |
| 11. | ਦਾਅਵੇ ਪੇਸ਼ ਕਰਨ ਦੀ ਅੰਤਰਿਮ ਮਿਤੀ | 7 ਮਈ 2024 |
| 12. | ਅੰਤਰਿਮ ਰੈਜ਼ੂਲੂਸ਼ਨ ਪ੍ਰੋਫੈਸ਼ਨਲ ਦੁਆਰਾ ਸੈਕਸ਼ਨ 21 ਦੇ ਸਬ-ਸੈਕਸ਼ਨ (6ਏ) ਤਹਿਤ ਕਲਾਜ਼, ਲੈਣਦਾਰਾਂ ਦੀਆਂ ਸ਼੍ਰੇਣੀਆਂ ਜੇਕਰ ਕੋਈ ਹਨ : | ਵਰਤਮਾਨ 'ਚ ਲਾਗੂ ਨਹੀਂ |
| 13. | ਇੱਕ ਸ਼੍ਰੇਣੀ ਵਿੱਚ ਲੈਣਦਾਰਾਂ ਦੇ ਅਧਿਕਾਰਤ ਪ੍ਰਤੀਨਿਧੀ ਵਜੋਂ ਕੰਮ ਕਰਨ ਲਈ ਪਛਾਣੇ ਗਏ ਦੀਵਾਲੀਆ ਪ੍ਰੋਫੈਸ਼ਨਲ ਦੇ ਨਾਂਅ (ਹਰੇਕ ਸ਼੍ਰੇਣੀ ਲਈ ਤਿੰਨ ਨਾਂਅ) | ਵਰਤਮਾਨ 'ਚ ਲਾਗੂ ਨਹੀਂ |
| 14. | ਸੰਬੰਧਤ ਫਾਰਮ ਅਤੇ (ਬੀ) ਅਧਿਕਾਰਤ ਪ੍ਰਤੀਨਿਧੀਆਂ ਦੇ ਵੇਰਵੇ | (ਏ) Web link : https://ibbi.gov.in/home/downloads<br>ਭੌਤਿਕ ਪਤਾ : ਉਹੀ ਜੋ ਉਪਰ 10ਵੇਂ ਨੰਬਰ 'ਤੇ ਵਰਣਿਤ ਹੈ<br>(ਬੀ) ਲਾਗੂ ਨਹੀਂ |

ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ, ਨਵੀਂ ਦਿੱਲੀ ਬੈਂਚ (ਕੋਰਟ-IV) ਨਵੀਂ ਦਿੱਲੀ ਨੇ ਮੈਸਰਜ਼ ਭਾਟੀਆ ਹਾਇਰ ਪ੍ਰਚੇਜ਼ ਪ੍ਰਾਈਵੇਟ ਲਿਮਟਿਡ ਦੇ 23 ਅਪ੍ਰੈਲ 2024 ਨੂੰ ਕਾਰਪੋਰੇਟ ਦੀਵਾਲੀਆਪਣ ਰੈਜ਼ੂਲੂਸ਼ਨ ਪ੍ਰਕਿਰਿਆ ਨੂੰ ਸ਼ੁਰੂ ਕਰਨ ਦਾ ਹੁਕਮ ਦਿੱਤਾ ਹੈ।

ਮੈਸਰਜ਼ ਭਾਟੀਆ ਹਾਇਰ ਪ੍ਰਚੇਜ਼ ਪ੍ਰਾਈਵੇਟ ਲਿਮਟਿਡ ਦੇ ਲੈਣਦਾਰ ਨੂੰ ਇੰਦਰਾਜ਼ ਨੰ. 10 'ਚ ਵਰਣਿਤ ਪਤੇ 'ਤੇ ਅੰਤਰਿਮ ਰੈਜ਼ੂਲੂਸ਼ਨ ਪ੍ਰੋਫੈਸ਼ਨਲ ਕੋਲ ਸਬੂਤ ਨਾਲ ਆਪਣੇ ਦਾਅਵੇ 7 ਮਈ 2024 ਨੂੰ ਜਾਂ ਇਸ ਤੋਂ ਪਹਿਲਾਂ ਸਬੂਤਾਂ ਸਹਿਤ ਪੇਸ਼ ਕਰਨ ਲਈ ਕਿਹਾ ਹੈ।

ਵਿੱਤੀ ਲੈਣਦਾਰ ਕੇਵਲ ਇਲੈਕਟ੍ਰਾਨਿਕ ਸਾਧਨਾਂ ਰਾਹੀਂ ਹੀ ਸਬੂਤਾਂ ਸਹਿਤ ਆਪਣੇ ਦਾਅਵੇ ਪੇਸ਼ ਕਰ ਸਕਦੇ ਹਨ। ਹੋਰ ਸਾਰੇ ਲੈਣਦਾਰ ਆਪਣੇ ਦਾਅਵੇ ਸਬੂਤਾਂ ਸਮੇਤ ਨਿੱਜੀ, ਡਾਕ ਜਾਂ ਇਲੈਕਟ੍ਰਿਕ ਸਾਧਨਾਂ ਰਾਹੀਂ ਪੇਸ਼ ਕਰਨਗੇ।

ਵਿੱਤੀ ਲੈਣਦਾਰ ਇੱਕ ਸ਼੍ਰੇਣੀ ਨਾਲ ਸੰਬੰਧਤ, ਜੋ ਇੰਦਰਾਜ਼ ਨੰ. 12 ਵਿਰੁੱਧ ਸੂਚੀਬੱਧ ਕੀਤਾ ਗਿਆ ਹੈ, ਇੰਦਰਾਜ਼ ਨੰ. 13 ਵਿਰੁੱਧ ਸੂਚੀਬੱਧ ਤਿੰਨ ਦੀਵਾਲੀਆਪਣ ਪ੍ਰੋਫੈਸ਼ਨਲਾਂ ਵਿੱਚੋਂ ਅਧਿਕਾਰਤ ਪ੍ਰਤੀਨਿਧੀ ਦੀ ਆਪਣੀ ਚੋਣ ਦਰਸਾਏਗਾ ਤਾਂ ਜੋ ਫਾਰਮ ਸੀ ਏ 'ਚ (ਵਿਸ਼ੇਸ਼ ਸ਼੍ਰੇਣੀ) ਵਜੋਂ ਕੰਮ ਕੀਤਾ ਜਾ ਸਕੇ।

ਝੂਠੇ ਜਾਂ ਗੁੰਮਰਾਹਕੁੰਨ ਸਬੂਤ ਪੇਸ਼ ਕਰਨ 'ਤੇ ਜ਼ੁਰਮਾਨਾ ਲਗਾਇਆ ਜਾਵੇਗਾ।

ਮਿਤੀ : 25.04.2024
ਸਥਾਨ : ਨਵੀਂ ਦਿੱਲੀ

ਸਹੀ/-
ਅਨੁਜ ਮਹੇਸ਼ਵਰੀ
(ਅੰਤਰਿਮ ਰੈਜ਼ੂਲੂਸ਼ਨ ਪ੍ਰੋਫੈਸ਼ਨਲ)
ਰਜਿ : ਨੰ. ਆਈ ਬੀ ਬੀ ਆਈ/ਆਈ ਪੀ ਏ-001/ਆਈ ਪੀ-ਪੀ-00577/2017-2018/11018


# ਮਿਸ਼ਨ ਸਮਰੱਥ ਸੰਬੰਧੀ ਸਕੂਲ ਮੁਖੀਆਂ ਤੇ ਅਧਿਆਪਕਾਂ ਨਾਲ ਮੀਟਿੰਗ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਫ਼ਿਰੋਜ਼ਪੁਰ ਸੰਜੀਵ ਗੌਤਮ, ਉਪ ਜ਼ਿਲ੍ਹਾ ਸਿੱਖਿਆ(ਸੈ. ਸਿ) ਅਫਸਰ ਪ੍ਰਗਟ ਸਿੰਘ ਬਰਾੜ ਅਤੇ ਡੀਆਰਸੀ ਸੁਮਿਤ ਗਲਹੋਤਰਾ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਖਾਈ ਫੇਮੇ ਕੀ ਅਤੇ ਸ਼ਹੀਦ ਸੁਖਵਿੰਦਰ ਸਿੰਘ ਸਕੂਲ ਆਫ ਐਮੀਨੈਂਸ ਮੱਲਾਂਵਾਲਾ ਖਾਸ ਵਿਖੇ ਵਿਜ਼ਿਟ ਕੀਤੀ ਗਈ।ਇਸ ਦੌਰਾਨ ਉਨ੍ਹਾਂ ਨੇ ਬੇਸਲਾਈਨ ਡਾਟਾ, ਗਰੁੱਪਿੰਗ, ਪੱਧਰ ਅਨੁਸਾਰ ਟਾਈਮ ਟੇਬਲ ਤੇ ਪੱਧਰ ਅਨੁਸਾਰ ਭਾਰਤ ਵਿੱਚ ਕਰਾਈਆਂ ਜਾ ਰਹੀਆਂ ਗਤੀਵਿਧੀਆਂ ਨੂੰ ਮੋਨੀਟਰ ਕੀਤਾ ਅਤੇ ਸਬੰਧਤ ਸਕੂਲ ਮੁਖੀ ਅਤੇ ਅਧਿਆਪਕਾਂ ਨਾਲ ਮਿਸ਼ਨ ਸਮਰੱਥ ਸਬੰਧੀ ਮੀਟਿੰਗ ਕੀਤੀ, ਜਿਸ ਵਿੱਚ ਉਨ੍ਹਾਂ ਨੇ ਸਕੂਲ ਮੁਖੀ ਅਤੇ ਅਧਿਆਪਕਾਂ ਨਾਲ ਵਿਚਾਰ ਕਰਦੇ ਹੋਏ ਦੱਸਿਆ ਕਿ ਮਿਸ਼ਨ ਸਮਰੱਥ ਦਾ ਮੁੱਖ ਮੰਤਵ ਵਿਦਿਆਰਥੀਆਂ ਨੂੰ ਵਿਭਾਗ ਵੱਲੋਂ ਪੰਜਾਬੀ ਵਿਸ਼ੇ,ਅੰਗਰੇਜ਼ੀ ਵਿਸ਼ੇ ਅਤੇ ਗਣਿਤ ਵਿਸ਼ੇ ਦੇ ਨਿਰਧਾਰਤ ਟੀਚਿਆਂ ਤੱਕ ਲੈ ਕੇ ਜਾਣਾ ਹੈ।ਟਾਈਮ ਟੇਬਲ ਦੇ ਸਬੰਧ ਵਿੱਚ ਬੋਲਦਿਆਂ ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਨੂੰ ਪੱਧਰ ਵਾਈਜ ਜਮਾਤਾਂ ਵਿੱਚ ਬਿਠਾ ਕੇ ਪੜ੍ਹਾਉਣ ਦਾ ਕਾਰਨ ਵੀ ਮਿਸ਼ਨ ਸਮਰੱਥ ਦੇ ਟੀਚਿਆਂ ਨੂੰ ਪ੍ਰਾਪਤ ਕਰਨਾ ਹੈ। ਜੇਕਰ ਵਿਦਿਆਰਥੀ ਪੱਧਰ ਵਾਇਜ ਜਮਾਤਾਂ ਵਿੱਚ ਬੈਠੇ ਹੋਣਗੇ ਤਾਂ ਉਨ੍ਹਾਂ ਨੂੰ ਉਨ੍ਹਾਂ ਦੇ ਸਬੰਧਤ ਪੱਧਰ ਅਨੁਸਾਰ ਗਤੀਵਿਧੀਆਂ ਕਰਾ ਕੇ ਉਨ੍ਹਾਂ ਦਾ ਪੱਧਰ ਨਿਰਧਾਰਤ ਸਮੇਂ ਵਿੱਚ ਉੱਚਾ ਚੁੱਕਿਆ ਜਾ ਸਕਦਾ ਹੈ।ਵਿਦਿਆਰਥੀਆਂ ਦੀ ਗਰੁੱਪਿੰਗ ਅਤੇ ਪੱਧਰਾਂ ਦੇ ਸੈਕਸ਼ਨ ਬਣਾਉਣ ਦੇ ਸਬੰਧ ਵਿੱਚ ਉਨ੍ਹਾਂ ਦੱਸਿਆ ਕਿ ਮਿਸ਼ਨ ਸਮਰੱਥ ਫੇਜ-1 ਵਿੱਚ ਟੈਸਟਿੰਗ ਦੌਰਾਨ ਪਾਇਆ ਗਿਆ ਕਿ ਜਿਹੜੇ ਵਿਦਿਆਰਥੀ ਪੰਜਾਬੀ ਵਿਸ਼ੇ ਵਿੱਚ ਕਮਜ਼ੋਰ ਸਨ, ਲਗਭਗ ਉਹ ਵਿਦਿਆਰਥੀ ਹੀ ਗਣਿਤ ਵਿਸ਼ੇ ਵਿਚੋਂ ਕਮਜ਼ੋਰ ਸਨ, ਇਸ ਕਰਕੇ ਮਿਸ਼ਨ ਸਮਰੱਥ ਫੇਜ-2 ਵਿੱਚ ਵਿਭਾਗ ਵੱਲੋਂ ਇਹ ਵਿਚਾਰ ਕੀਤਾ ਜਾ ਚੁੱਕਿਆ ਹੈ ਕਿ ਵਿਦਿਆਰਥੀਆਂ ਦੀ ਗਰੁਪਿੰਗ ਪੰਜਾਬੀ ਵਿਸ਼ੇ ਜਾਂ ਗਣਿਤ ਵਿਸ਼ੇ ਕਿਸੇ ਇੱਕ ਦੇ ਪੱਧਰਾਂ ਅਨੁਸਾਰ ਕੀਤੀ ਜਾ ਸਕਦੀ ਹੈ।

ਪੜ੍ਹਨ-ਪੜ੍ਹਾਉਣ ਸਮੱਗਰੀ ਦੇ ਸਬੰਧ ਵਿੱਚ ਉਨ੍ਹਾਂ ਨੇ ਦੱਸਿਆ ਕਿ ਵਿਭਾਗ ਵੱਲੋਂ ਰੋਜ਼ਾਨਾ ਸਬੰਧਤ ਵਿਸ਼ਿਆਂ ਦੀਆਂ ਗਤੀਵਿਧੀਆਂ ਦੀਆਂ ਸਾਫਟ ਕਾਪੀਆਂ ਟੀਚਿਆਂ ਨੂੰ ਮੁੱਖ ਰੱਖਦੇ ਹੋਏ ਪੀਡੀਐਫਜ਼ ਦੇ ਰੂਪ ਵਿੱਚ ਸਬੰਧਤ ਸਕੂਲ ਮੁੱਖੀਆਂ ਨਾਲ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ। ਟੈਸਟਿੰਗ ਦੇ ਅਗਲੇ ਪੜ੍ਹਾਵਾਂ ਦੇ ਸਬੰਧ ਵਿੱਚ ਬੋਲਦਿਆਂ ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਨੂੰ ਇਸ ਤਰੀਕੇ ਨਾਲ ਪੜ੍ਹਾਇਆ ਜਾਣਾ ਚਾਹੀਦਾ ਹੈ ਕਿ ਮਿਡ ਲਾਈਨ ਦੀ ਟੈਸਟਿੰਗ ਤੇ ਐਂਡ ਲਾਈਨ ਦੀ ਟੈਸਟਿੰਗ ਦੌਰਾਨ ਉਨ੍ਹਾਂ ਨੇ ਨਿਰਧਾਰਤ ਟੀਚਿਆਂ ਨੂੰ ਪ੍ਰਾਪਤ ਕਰ ਲਿਆ ਹੋਵੇਗਾ।ਮੀਟਿੰਗ ਵਿੱਚ ਪ੍ਰਿੰਸੀਪਲ ਸਤਿੰਦਰਜੀਤ ਕੌਰ, ਪ੍ਰਿੰਸੀਪਲ ਸੰਜੀਵ ਟੰਡਨ, ਲੈਕਚਰਾਰ ਤੇ ਸਮੂਹ ਅਧਿਆਪਕ ਸ਼ਾਮਲ ਸਨ।

# ਲੋਕ ਫਤਵਾ ਵਿਰੁੱਧ ਹੁੰਦਾ ਦੇਖ ਚੰਗੇ ਸਿਆਸਤਦਾਨ ਗੁੰਮਰਾਹਕੁੰਨ ਪ੍ਰਚਾਰ ਨਹੀ ਕਰਦੇ : ਮਾਨ



**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਉੱਤਰੀ ਤੇ ਦੱਖਣੀ ਭਾਰਤ ਦੇ ਸੂਬਿਆਂ ਵਿੱਚ ਹੋਈਆਂ ਪਾਰਲੀਮੈਂਟ ਚੋਣਾਂ ਜਿਨ੍ਹਾਂ ਵਿਚ 120 ਪਾਰਲੀਮੈਂਟ ਚੋਣ ਹਲਕਿਆਂ ਦੀਆਂ ਵੋਟਾਂ ਪੈ ਚੁੱਕੀਆ ਹਨ ਤੇ ਜੋ ਉਥੇ ਰਿਪੋਰਟਾਂ ਸ੍ਰੀ ਮੋਦੀ ਹਕੂਮਤ ਵਿਰੁੱਧ ਵੋਟਰਾਂ ਵੱਲੋ ਵੱਡੀ ਗਿਣਤੀ ਵਿਚ ਭੁਗਤਣ ਅਤੇ ਸ੍ਰੀ ਮੋਦੀ-ਸ਼ਾਹ ਦੀ ਜੋੜੀ ਵੱਡੀ ਹਾਰ ਵੱਲ ਜਾਣ ਦੀਆਂ ਖ਼ਬਰਾਂ ਆ ਰਹੀਆ ਹਨ, ਤਦ ਵੀ ਇਨ੍ਹਾਂ ਜਾਬਰ ਹੁਕਮਰਾਨਾਂ ਵੱਲੋਂ ਜੋ ਬੁਖਲਾਹਟ ਵਿਚ ਆ ਕੇ ਵੱਡੇ-ਵੱਡੇ ਝੂਠੇ ਦਾਅਵੇ ਅਤੇ ਫੜ੍ਹਾਂ ਮਾਰੀਆਂ ਜਾ ਰਹੀਆਂ ਹਨ, ਇਹ ਇਕ ਅੱਛੇ ਸਿਆਸਤਦਾਨ ਵਾਲੇ ਅਮਲ ਨਹੀਂ ਹਨ।ਜਦੋਂਕਿ ਇੱਕ ਅੱਛੇ ਸਿਆਸਤਦਾਨ ਦੀ ਇਹ ਖੂਬੀ ਹੁੰਦੀ ਹੈ ਕਿ ਜਦੋਂ ਲੋਕ ਫ਼ਤਵਾ ਉਨ੍ਹਾਂ ਦੇ ਕੰਮਾਂ ਦੇ ਉਲਟ ਆਉਣ ਲੱਗ ਪਵੇ ਤਾਂ ਉਸ ਸੱਚ ਨੂੰ ਪ੍ਰਵਾਨ ਕਰਨ ਦਾ ਇੱਕ ਅੱਛੇ ਸਿਆਸਤਦਾਨ ਵਿੱਚ ਹੌਸਲਾ ਹੋਣਾ ਚਾਹੀਦਾ ਹੈ ਨਾ ਕਿ ਬੁਖਲਾਹਟ ਵਿਚ ਆ ਕੇ ਹੋਰ ਵੀ ਵੱਡੀਆਂ ਗੁਸਤਾਖੀਆਂ ਤੇ ਬਿਆਨਬਾਜ਼ੀ ਕਰਨ ਲੱਗ ਪੈਣ, ਜੋ ਸਿਆਸਤਦਾਨ ਅਸਲੀਅਤ ਤੋ ਮੂੰਹ ਮੋੜ ਕੇ ਕੋਈ ਅਮਲ ਕਰਦਾ ਹੈ ਤਾਂ ਨਤੀਜੇ ਹੋਰ ਵੀ ਭੈੜੇ ਨਿਕਲਣਗੇ।ਇਸ ਲਈ ਮੌਜੂਦਾ ਸੈਂਟਰ ਦੇ ਜਾਬਰ ਸਿਆਸਤਦਾਨਾਂ ਨੂੰ ਚਾਹੀਦਾ ਹੈ ਕਿ ਉਹ ਕੰਧ ਉਤੇ ਲਿਖੇ ਨੂੰ ਪੜ੍ਹ ਵੀ ਲੈਣ ਅਤੇ ਪ੍ਰਵਾਨ ਵੀ ਕਰਨ, ਫਿਰ ਹੀ ਇਕ ਅੱਛੇ ਇਖਲਾਕ ਵਾਲੀ ਸਿਆਸਤ ਅਤੇ ਮੁਲਕ ਨਿਵਾਸੀਆ ਦੇ ਹੱਕ ਵਿਚ ਅਮਲ ਹੋ ਸਕਣਗੇ।ਜੇਕਰ ਉਹ ਬੁਖਲਾਹਟ ਵਿੱਚ ਆ ਕੇ ਝੂਠੀ ਬਿਆਨਬਾਜੀ ਰਾਹੀ ਗੁੰਮਰਾਹਕੁੰਨ ਪ੍ਰਚਾਰ ਕਰਨਗੇ ਤਾਂ ਮੁਲਕ ਨਿਵਾਸੀਆਂ ਦਾ ਪਹਿਲੋਂ ਹੀ ਉਨ੍ਹਾਂ ਤੋਂ ਟੁੱਟ ਚੁੱਕਿਆ ਵਿਸ਼ਵਾਸ ਹੋਰ ਵੀ ਨਿਘਾਰ ਵੱਲ ਚਲਿਆ ਜਾਵੇਗਾ।ਇਸ ਲਈ ਉਸਾਰੂ ਸਿਆਸਤ ਨੂੰ ਹੀ ਬਲ ਦੇਣਾ ਚਾਹੀਦਾ ਹੈ ਨਾ ਕਿ ਝੂਠੀ ਤੇ ਗੁੰਮਰਾਹਕੁੰਨ ਸਿਆਸਤ। ਸਿਮਰਨਜੀਤ ਸਿੰਘ ਮਾਨ ਐਮ.ਪੀ ਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਯੂ.ਐਨ, ਅਮਨੈਸਟੀ ਇੰਟਰਨੈਸ਼ਨਲ, ਏਸੀਆ ਵਾਚ ਹਿਊਮਨਰਾਈਟਸ, ਯੂ.ਐਸ. ਕਮਿਸ਼ਨ ਓਨ ਇੰਟਰਨੈਸ਼ਨਲ ਰੀਲੀਜੀਅਸ ਫਰੀਡਮ, ਫ਼ਰਾਂਸ ਦੇ ਪੋਪ, ਆਰਚ ਬਿਸ਼ਪ ਆਫ ਕੈਂਟਾਬਰੀ ਪੋਪ ਤੇ ਮਨੁੱਖੀ ਅਧਿਕਾਰਾਂ ਤੇ ਕੌਮਾਂਤਰੀ ਇਨਸਾਫ਼ ਲਈ ਕੰਮ ਕਰ ਰਹੇ ਸਮੁੱਚੇ ਸੰਗਠਨਾਂ ਵੱਲੋਂ ਇੰਡੀਆਂ ਦੀਆਂ ਪਾਰਲੀਮੈਂਟ ਚੋਣਾਂ ਵਿਚ ਆਪਣੇ ਅਬਜਰਬਰ ਅਜੇ ਤੱਕ ਨਾ ਭੇਜਣ ਉਤੇ ਦੁੱਖ ਜ਼ਾਹਰ ਕਰਦੇ ਹੋਏ ਅਤੇ ਹੁਕਮਰਾਨਾਂ ਵੱਲੋ ਬੁਖਲਾਹਟ ਵਿਚ ਆ ਕੇ ਹੋਰ ਵੱਡੀਆ ਗੁਸਤਾਖੀਆਂ ਕਰਨ ਅਤੇ ਨਿਵਾਸੀਆਂ ਨੂੰ ਗੁੰਮਰਾਹ ਕਰਨ ਦੇ ਹੋ ਰਹੇ ਅਮਲਾਂ ਤੇ ਅਫਸੋਸ ਜ਼ਾਹਰ ਕਰਦੇ ਹੋਏ ਪ੍ਰਗਟ ਕੀਤੇ।

ਉਨ੍ਹਾਂ ਕਿਹਾ ਕਿ ਕੌਮਾਂਤਰੀ ਵੱਡੇ ਪ੍ਰਭਾਵ ਦੇ ਬਾਵਜੂਦ ਜਦੋਂ ਇੰਡੀਆ ਦੇ ਗ੍ਰਹਿ ਵਜੀਰ ਸ੍ਰੀ ਅਮਿਤ ਸ਼ਾਹ, ਵਿਦੇਸ਼ ਵਜੀਰ ਸ੍ਰੀ ਜੈਸੰਕਰ, ਕੌਮੀ ਸੁਰੱਖਿਆ ਸਲਾਹਕਾਰ ਸ੍ਰੀ ਅਜੀਤ ਡੋਵਾਲ, ਆਈ.ਬੀ, ਰਾਅ, ਮਿਲਟਰੀ ਇੰਨਟੈਲੀਜੈਂਸ ਵੱਲੋਂ ਸਾਂਝੇ ਤੌਰ 'ਤੇ ਸਾਜ਼ਿਸ਼ ਕਰਦੇ ਹੋਏ ਕੈਨੇਡਾ ਵਿਚ ਹਰਦੀਪ ਸਿੰਘ ਨਿੱਝਰ, ਰਿਪੁਦਮਨ ਸਿੰਘ ਮਲਿਕ, ਸੁਖਦੂਲ ਸਿੰਘ, ਅਵਤਾਰ ਸਿੰਘ ਖੰਡਾ ਬਰਤਾਨੀਆ, ਪਰਮਜੀਤ ਸਿੰਘ ਪੰਜਵੜ ਅਤੇ ਲਖਬੀਰ ਸਿੰਘ ਰੋਡੇ ਪਾਕਿਸਤਾਨ, ਦੀਪ ਸਿੰਘ ਸਿੱਧੂ ਹਰਿਆਣਾ ਤੇ ਸੁਭਦੀਪ ਸਿੰਘ ਸਿੱਧੂ ਮੂਸੇਵਾਲਾ ਪੰਜਾਬ ਸਿੱਖਾਂ ਨੂੰ ਨਿਸ਼ਾਨਾਂ ਬਣਾਕੇ ਕਤਲ ਕੀਤੇ ਗਏ ਹਨ ਤਾਂ ਅਜਿਹੀ ਜਾਬਰ ਹਕੂਮਤ ਤੋਂ ਕਿਸ ਤਰ੍ਹਾਂ ਆਸ ਕੀਤੀ ਜਾ ਸਕਦੀ ਹੈ ਕਿ ਇਥੇ ਨਿਰਪੱਖ ਚੋਣਾਂ ਕਰਾਉਣ ਵਿਚ ਸਹਿਯੋਗ ਕਰਨਗੇ ?

# ਗੁਰਦੁਆਰਾ ਸਾਹਿਬ ਦੀ ਕਣਕ ਨੂੰ ਸ਼ਰਾਰਤੀ ਅਨਸਰ ਨੇ ਲਾਈ ਅੱਗ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਇਤਿਹਾਸਕ ਤਪ ਅਸਥਾਨ ਬਾਬਾ ਸ੍ਰੀ ਚੰਦ ਜੀ ਟਾਹਲੀ ਸਾਹਿਬ ਦੇ ਗੁਰਦੁਆਰਾ ਸਾਹਿਬ ਜੋ ਕਿ ਡੇਰਾ ਬਾਬਾ ਨਾਨਕ ਤੋਂ ਫਤਿਹਗੜ੍ਹ ਚੂੜੀਆਂ ਰੋਡ ਪਿੰਡ ਖੋਦੇਬੇਟ ਅਤੇ ਪਿੰਡ ਰੱਤਾ ਦੇ ਨਜ਼ਦੀਕ ਸਥਿਤ ਹੈ, ਇਸ ਇਤਿਹਾਸਕ ਗੁਰਦੁਆਰਾ ਸਾਹਿਬ ਦੀ ਕਰੀਬ 8 ਏਕੜ ਖੜ੍ਹੀ ਫਸਲ ਨੂੰ ਕਿਸੇ ਸ਼ਰਾਰਤੀ ਅਨਸਰ ਵੱਲੋਂ ਅੱਗ ਲਗਾ ਦਿੱਤੀ ਗਈ।ਗਨੀਮਤ ਇਹ ਰਹੀ ਕਿ ਇਸ ਰੋਡ ਤੋਂ ਗੁਜ਼ਰ ਰਹੇ ਇੱਕ ਕਿਸਾਨ ਵੱਲੋਂ ਉਸ ਸ਼ਰਾਰਤੀ ਅਨਸਰ ਨੂੰ ਅੱਗ ਲਾਉਂਦੇ ਵੇਖ ਲਿਆ ਤਾਂ ਉਸ ਵੱਲੋਂ ਤੁਰੰਤ ਬਾਬਾ ਸ੍ਰੀ ਚੰਦ ਜੀ ਦੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਗੁਰਮੁਖ ਸਿੰਘ ਨੂੰ ਜਾਣਕਾਰੀ ਦਿੱਤੀ। ਜਿਨ੍ਹਾਂ ਵੱਲੋਂ ਸੰਗਤਾਂ ਅਤੇ ਆਸ ਪਾਸ ਦੇ ਕਿਸਾਨਾਂ ਦੀ ਮਦਦ ਨਾਲ ਇਸ ਅੱਗ 'ਤੇ ਕਾਬੂ ਪਾਇਆ ਗਿਆ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਗੁਰਮੁਖ ਸਿੰਘ ਅਤੇ ਮੌਕੇ 'ਤੇ ਚਸ਼ਮਦੀਦ ਗੁੱਜਰ ਸਿੰਘ ਨੇ ਦੱਸਿਆ ਕਿ ਇਕ ਵਿਅਕਤੀ ਵੱਲੋਂ ਰੋਡ ਉੱਤੇ ਆਪਣੀ ਗੱਡੀ ਖੜ੍ਹਾ ਕੇ ਮੈਂਟ ਨੂੰ ਅੱਗ ਲਗਾ ਕੇ ਖੜ੍ਹੀ ਕਣਕ ਦੀ ਫਸਲ ਵਿੱਚ ਸੁੱਟ ਕੇ ਆਪ ਮੌਕੇ ਤੋਂ ਆਪਣੀ ਗੱਡੀ ਲੈ ਕੇ ਫਰਾਰ ਹੋ ਗਿਆ।

ਬਾਬਾ ਗੁਰਮੁਖ ਸਿੰਘ ਅਤੇ ਆਸ ਪਾਸ ਦੇ ਕਿਸਾਨਾਂ ਨੇ ਕਿਹਾ ਕਿ ਅਗਰ ਮੌਕੇ 'ਤੇ ਜੇ ਅੱਗ 'ਤੇ ਕਾਬੂ ਨਾ ਪਾਇਆ ਜਾਂਦਾ ਤਾਂ ਆਸ ਪਾਸ ਅਨੇਕਾਂ ਪਿੰਡਾਂ ਦੀ ਖੜ੍ਹੀ ਫਸਲ ਸੜ ਕੇ ਸਵਾਹ ਹੋ ਜਾਣੀ ਸੀ।ਇਸ ਸਬੰਧ ਵਿੱਚ ਬਾਬਾ ਗੁਰਮੁਖ ਸਿੰਘ ਵੱਲੋਂ ਉਕਤ ਵਿਅਕਤੀ ਖਿਲਾਫ ਪੁਲਸ ਥਾਣਾ ਡੇਰਾ ਬਾਬਾ ਨਾਨਕ ਵਿਖੇ ਰਿਪੋਰਟ ਦਰਜ ਕਰਵਾਈ ਗਈ ਹੈ।

# ਨਿਊ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਖਡੂਰ ਸਾਹਿਬ ਦੀ ਮੀਟਿੰਗ



ਝਬਾਲ (ਹਰਜਿੰਦਰ ਸਿੰਘ ਸੋਨੀ)-ਨਿਊ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਰਜਿ 100 ਜ਼ਿਲ੍ਹਾ ਤਰਨ ਤਾਰਨ ਦੇ ਬਲਾਕ ਖਡੂਰ ਸਾਹਿਬ ਦੀ ਤੀਸਰੀ ਮਹੀਨਾਵਾਰ ਮੀਟਿੰਗ ਗੁਰਪੁਰ ਵਿਖੇ ਹੋਈ। ਮੀਟਿੰਗ ਦੀ ਪ੍ਰਧਾਨਗੀ ਬਲਾਕ ਪ੍ਰਧਾਨ ਡਾ ਜਸਬੀਰ ਸਿੰਘ ਲਾਡਾਂ ਨੇ ਕਰਦਿਆਂ ਪਹੁੰਚੇ ਹੋਏ ਸਾਰੇ ਸਾਥੀਆਂ ਦਾ ਧੰਨਵਾਦ ਕਰਦੇ ਹੋਏ ਜੀ ਆਇਆਂ ਕਿਹਾ। ਬਲਾਕ ਪ੍ਰਧਾਨ ਡਾ. ਲਾਡਾਂ ਨੇ ਸਾਰੇ ਡਾ ਸਾਥੀਆਂ ਨੂੰ ਹਰ ਮਹੀਨੇ ਦੀ ਮੀਟਿੰਗ ਵਿੱਚ ਹਾਜ਼ਰ ਹੋਣ, ਬਕਾਇਆ ਫੀਸਾਂ ਜਮ੍ਹਾਂ ਕਰਵਾਉਣ, ਸਾਫ ਸੁਥਰੀ ਪ੍ਰੈਕਟਿਸ ਕਰਨ ਅਤੇ ਕਲੀਨਿਕਾਂ ਦੀ ਸਫਾਈ ਰੱਖਣ ਦੀ ਅਪੀਲ ਕੀਤੀ।ਡਾ. ਲਾਡਾਂ ਨੇ ਨਿਊ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਰਜਿ 100 ਨੂੰ ਵੱਧ ਤੋਂ ਵੱਧ ਸਹਿਯੋਗ ਦੇ ਕੇ ਮਜ਼ਬੂਤ ਕਰਨ ਦੀ ਵਚਨਬੱਧਤਾ ਨੂੰ ਦੁਹਰਾਇਆ। ਉਹ 295 ਦਾ ਸਾਥ ਛੱਡ ਕੇ ਨਿਊ ਮੈਡੀਕਲ 100 ਦਾ ਪੱਲਾ ਫੜਨਾ ਪਿਆ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਨਵੀਂ ਬਣੀ ਜਥੇਬੰਦੀ ਨਿਊ ਮੈਡੀਕਲ 100 ਵਿੱਚ ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਬੇਨਿਯਮੀਆਂ ਅਤੇ ਗਲਤ ਅਸੂਲਾਂ ਲਈ ਕੋਈ ਥਾਂ ਨਹੀਂ ਹੈ, ਇਹ ਇੱਕ ਇਮਾਨਦਾਰ ਪਾਰਟੀ ਹੈ ਅਤੇ ਅਸੂਲਪ੍ਰਸਤ ਜਥੇਬੰਦੀ ਹੈ। ਜਿਸ ਕਾਰਨ ਅਸੀਂ 295 ਦਾ ਸਾਥ ਛੱਡ ਕੇ ਰਜਿ 100 ਦਾ ਸਾਥ ਦਿੱਤਾ ਅਤੇ ਸੂਬਾ ਪ੍ਰਧਾਨ ਡਾ. ਤੇਜਿੰਦਰ ਸਿੰਘ ਢਿੱਲੋਂ ਦੀ ਅਗਵਾਈ ਨੂੰ ਕਬੂਲਿਆ ਹੈ। ਅੱਜ ਦੀ ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਡਾ. ਅਮਰਜੀਤ ਸਿੰਘ ਤੁੜ, ਡਾ. ਹਰਜੀਤ ਸਿੰਘ ਢੋਟੀਆਂ, ਡਾ. ਤੇਜਿੰਦਰ ਸਿੰਘ ਢੋਟੀਆਂ, ਡਾ. ਕਸ਼ਮੀਰ ਸਿੰਘ ਕੰਗ੍ਹਿਆਲਾ, ਡਾ. ਹਰਦੀਪ ਸਿੰਘ ਰਟੋਲ, ਡਾ. ਗੁਰਭੇਜ ਸਿੰਘ ਬਹੜੇ ਆਦਿ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਡਾਕਟਰ ਸਾਥੀਆਂ ਨੇ ਭਾਗ ਲਿਆ।

## ਕਲਾਸਵਾਲਾ ਖਾਲਸਾ ਸਕੂਲ 'ਚ ਮਲੇਰੀਆ ਜਾਗਰੂਕਤਾ ਦਿਵਸ ਮਨਾਇਆ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਕਲਾਸਵਾਲਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਵਿਖੇ ਮਲੇਰੀਆ ਦਿਵਸ ਮਨਾਇਆ ਗਿਆ। ਜਿਸ ਵਿੱਚ ਗਿਆਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਹਿੱਸਾ ਲੈਂਦੇ ਹੋਏ ਬੜੇ ਵਧੀਆ ਤਰੀਕੇ ਨਾਲ ਇਸ ਬਿਮਾਰੀ ਦੇ ਕਾਰਨ, ਲੱਛਣ ਅਤੇ ਉਪਾਅ ਉੱਪਰ ਚਾਨਣਾ ਪਾਇਆ। ਬੱਚਿਆਂ ਨੇ ਇਸ ਬਿਮਾਰੀ ਤੋਂ ਬਚਣ ਲਈ ਬਹੁਤ ਸਾਰੇ ਘਰੇਲੂ ਉਪਾਅ ਵੀ ਦੱਸੇ ਜਿਨਾਂ ਨਾਲ ਬਿਨਾਂ ਕਿਸੇ ਖਰਚ ਜਾਂ ਪ੍ਰੇਸ਼ਾਨੀ ਦੇ ਬਚਿਆ ਜਾ ਸਕਦਾ ਹੈ। ਗਿਆਰ੍ਹਵੀਂ ਜਮਾਤ ਦੀ ਸਿਮਰਨਪ੍ਰੀਤ ਕੌਰ, ਜਾਨਵੀ, ਕੋਮਲ ਅਤੇ ਸਾਕਸ਼ੀ ਨੇ ਬੜੇ ਹੀ ਸਿੱਖਿਆਦਾਇਕ ਭਾਸ਼ਣ ਰਾਹੀਂ ਬੱਚਿਆਂ ਨੂੰ ਇਸ ਦਿਵਸ ਬਾਰੇ ਉਜਾਗਰ ਕੀਤਾ। ਇਸ ਮੌਕੇ ਸਕੂਲ ਪ੍ਰਿੰਸੀਪਲ ਸ਼ਾਲਿਨੀ ਦੱਤਾ ਨੇ ਬੱਚਿਆਂ ਨੂੰ ਅਜਿਹੇ ਦਿਵਸ ਨੂੰ ਮਨਾਉਣ ਦੀ ਮਹੱਤਤਾ ਬਾਰੇ ਅਤੇ ਇਸ ਦੀ ਰੋਕਥਾਮ ਬਾਰੇ ਨੂੰ ਜਾਗਰੂਕ ਕੀਤਾ। ਇਸ ਮੌਕੇ ਸਕੂਲ ਉੱਪ ਪ੍ਰਿੰਸੀਪਲ ਪਰਮਿੰਦਰ ਕੌਰ, ਹੈੱਡਮਾਸਟਰ ਪਰਮਜੀਤ ਸਿੰਘ, ਸ਼ਰਨਬੀਰ ਕੌਰ, ਹਰਦੀਪ ਸਿੰਘ, ਧਿਆਨ ਸਿੰਘ ਅਤੇ ਸਮੂਹ ਸਕੂਲ ਸਟਾਫ ਹਾਜ਼ਰ ਸੀ।

# ਗੁਰਦਿਆਲ ਸਿੰਘ ਦੀ ਸ਼ਾਨਦਾਰ ਜਿੱਤ ਹੋਵੇਗੀ : ਮਾੜੀਮੇਘਾ



ਭਿੱਖੀਵਿੰਡ-ਸੀ ਪੀ ਆਈ ਤੇ ਸੀ ਪੀ ਆਈ ਐਮ ਵੱਲੋਂ ਪਾਰਲੀਮੈਂਟ ਹਲਕਾ ਖਡੂਰ ਸਾਹਿਬ ਤੋਂ ਸਾਂਝੇ ਉਮੀਦਵਾਰ ਗੁਰਦਿਆਲ ਸਿੰਘ ਖਡੂਰ ਸਾਹਿਬ ਦੇ ਹੱਕ ਵਿੱਚ ਜ਼ੋਰਦਾਰ ਮੁਹਿੰਮ ਚਲਾਉਣ ਲਈ ਸੀ ਪੀ ਆਈ ਬਲਾਕ ਭਿੱਖੀਵਿੰਡ ਦੀ ਮੀਟਿੰਗ ਸੁਖਦੇਵ ਸਿੰਘ ਕਾਲੇ ਦੀ ਪ੍ਰਧਾਨਗੀ ਹੇਠ ਭਿੱਖੀਵਿੰਡ ਵਿਖੇ ਹੋਈ। ਮੀਟਿੰਗ ਵਿੱਚ ਸ਼ੋਕ ਮਤੇ ਦੌਰਾਨ ਸੀ ਪੀ ਆਈ ਭਿੱਖੀਵਿੰਡ ਬਲਾਕ ਦੇ ਸਕੱਤਰ ਨਰਿੰਦਰ ਸਿੰਘ ਅਲਗੋਂ ਦੇ ਬਾਪ ਦੀ ਹੋਈ ਮੌਤ 'ਤੇ ਮੌਨ ਧਾਰ ਕੇ ਸ਼ਰਧਾਂਜਲੀ ਅਰਪਿਤ ਕੀਤੀ ਗਈ। ਸੰਬੋਧਨ ਕਰਦਿਆਂ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਸੀ ਪੀ ਆਈ ਐਮ ਦੇ ਜ਼ਿਲ੍ਹਾ ਤਰਨ ਤਾਰਨ ਦੇ ਸਕੱਤਰ ਮੇਜਰ ਸਿੰਘ ਦਾਰਾਪੁਰ ਨਾਲ ਵੀ ਗੱਲ ਹੋ ਗਈ ਹੈ, ਉਹ ਵੀ ਉਮੀਦਵਾਰ ਦਾ ਪੂਰਨ ਸਹਿਯੋਗ ਕਰ ਰਹੇ ਹਨ। ਮਾੜੀਮੇਘਾ ਨੇ ਕਿਹਾ ਕਿ ਕਮਿਊਨਿਸਟ ਪਹਿਲਾਂ ਵੀ ਵਲਟੋਹਾ ਹਲਕੇ ਤੋਂ ਵਿਧਾਨ ਸਭਾ ਵਿੱਚ ਸੀ ਪੀ ਆਈ ਨੁਮਾਇੰਦਗੀ ਕਰ ਚੁੱਕੀ ਹੈ। ਸ਼ਹੀਦ ਕਾਮਰੇਡ ਅਰਜਨ ਸਿੰਘ ਮਸਤਾਨਾ ਸੀ ਪੀ ਆਈ ਦੇ ਐਮ ਐਲ ਏ ਬਣੇ ਸਨ। ਇਹ ਇਲਾਕਾ ਸੀ ਪੀ ਆਈ ਦਾ ਗੜ੍ਹ ਰਿਹਾ ਹੈ, ਇਸ ਲਈ ਗੁਰਦਿਆਲ ਸਿੰਘ ਨੂੰ ਇਸ ਇਲਾਕੇ 'ਚੋਂ ਵੱਡੀ ਚੜ੍ਹਤ ਮਿਲੇਗੀ। ਮਾੜੀਮੇਘਾ ਨੇ ਕਿਹਾ ਕਿ ਕਮਿਊਨਿਸਟ ਹੀ ਪਾਰਲੀਮੈਂਟ ਵਿੱਚ ਲੋਕਾਂ ਦੇ ਹੱਕਾਂ ਦੀ ਆਵਾਜ਼ ਲਾਮਬੰਦ ਕਰ ਸਕਦੇ ਹਨ। ਕਮਿਊਨਿਸਟਾਂ ਨੇ ਹੀ ਕਾਂਗਰਸ ਸਰਕਾਰ ਵੇਲੇ 2004 ਵਿੱਚ ਨਰੇਗਾ ਕਾਨੂੰਨ ਬਣਵਾਇਆ ਸੀ ਅਤੇ ਕਾਮਰੇਡ ਸੱਤਪਾਲ ਡਾਂਗ ਨੇ ਮੰਤਰੀ ਹੁੰਦਿਆਂ ਪੰਜਾਬ ਵਿੱਚ ਫ਼ਸਲਾਂ ਖ਼ਰੀਦਣ ਲਈ ਐਮ ਐਸ ਪੀ ਲਾਗੂ ਕਰਕੇ ਕਿਸਾਨਾਂ ਨੂੰ ਵਪਾਰੀਆਂ ਦੀ ਲੁੱਟ ਤੋਂ ਬਚਾਇਆ ਸੀ। ਜੇ ਗੁਰਦਿਆਲ ਸਿੰਘ ਪਾਰਲੀਮੈਂਟ ਵਿੱਚ ਪਹੁੰਚ ਗਿਆ ਤਾਂ ਉਹ ਇੰਡੀਆ ਗੱਠਜੋੜ ਅਧੀਨ ਬਣੀ ਕੇਂਦਰੀ ਸਰਕਾਰ ਤੋਂ ਐਮ ਐਸ ਪੀ ਤੇ ਸਾਰੀਆਂ ਫ਼ਸਲਾਂ ਦੀ ਖਰੀਦ ਕਰਵਾਏਗਾ। ਨਰੇਗਾ ਕੰਮ ਸਾਲ ਵਿੱਚ 200 ਦਿਨ ਅਤੇ ਦਿਹਾੜੀ 1000 ਕਰਵਾਉਣ ਲਈ ਪਾਰਲੀਮੈਂਟ ਅੰਦਰ ਜੱਦੋ-ਜਹਿਦ ਕਰੇਗਾ। ਨੌਜਵਾਨਾਂ ਦੇ ਤੇ ਵਿਦਿਆਰਥੀਆਂ ਦੀ ਮੁਫ਼ਤ ਪੜ੍ਹਾਈ ਲਈ ਆਵਾਜ਼ ਲਾਮਬੰਦ ਕਰੇਗਾ। ਇਸ ਲਈ ਗੁਰਦਿਆਲ ਸਿੰਘ ਦੇ ਚੋਣ ਨਿਸ਼ਾਨ ਦਾਤਰੀ ਸਿੱਟੇ ਵਾਲਾ ਬਟਨ ਦਬਾ ਕੇ ਉਸ ਨੂੰ ਜਿਤਾਓ। ਭਿੱਖੀਵਿੰਡ ਇਲਾਕੇ ਦੀ ਚੋਣ ਮੁਹਿੰਮ ਦਾ ਖ਼ਜ਼ਾਨਚੀ ਸੁਖਦੇਵ ਸਿੰਘ ਕਾਲੇ ਨੂੰ ਬਣਾਇਆ ਗਿਆ।ਮੀਟਿੰਗ ਵਿੱਚ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਪੂਰਨ ਸਿੰਘ ਮਾੜੀਮੇਘਾ, ਟਰੇਡ ਯੂਨੀਅਨ ਆਗੂ ਬਲਦੇਵ ਰਾਜ ਭਿੱਖੀਵਿੰਡ, ਨਰੇਗਾ ਯੂਨੀਅਨ ਆਗੂ ਟਹਿਲ ਸਿੰਘ ਲੱਧੂ, ਰਛਪਾਲ ਸਿੰਘ ਤੇ ਜੈਮਲ ਸਿੰਘ ਬਾਠ, ਪਾਲ ਸਿੰਘ ਭਿੱਖੀਵਿੰਡ, ਰਸਾਲ ਸਿੰਘ ਪਹੂਵਿੰਡ, ਵਿਰਸਾ ਸਿੰਘ ਭਲਵਾਨ ਤੇ ਬੀਬੀ ਵੀਰੋ ਸਾਂਡਪੁਰਾ ਹਾਜ਼ਰ ਸਨ।

## ਕੁਦਰਤੀ ਭੋਜਨ ਜੋ ਇਮਿਊਨਿਟੀ ਦਾ ਸਮਰਥਨ ਕਰਦੇ

ਲੁਧਿਆਣਾ : ਜਿਵੇਂ-ਜਿਵੇਂ ਮੌਸਮ ਬਦਲਦੇ ਹਨ, ਤੁਹਾਡੇ ਇਮਿਊਨ ਸਿਸਟਮ ਨੂੰ ਮਜ਼ਬੂਤ ਕਰਨ ਅਤੇ ਚੋਟੀ ਦੇ ਆਕਾਰ ਵਿੱਚ ਰਹਿਣ ਲਈ ਇੱਕ ਸਿਹਤਮੰਦ, ਸੰਤੁਲਿਤ ਖੁਰਾਕ 'ਤੇ ਧਿਆਨ ਕੇਂਦਰਿਤ ਕਰਨਾ ਮਹੱਤਵਪੂਰਨ ਹੈ। ਸੀਲਾ ਕ੍ਰਿਸ਼ਨਾਸਵਾਮੀ ਦੁਆਰਾ ਪੋਸ਼ਣ ਅਤੇ ਤੰਦਰੁਸਤੀ ਸਲਾਹਕਾਰ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਕੁਦਰਤੀ ਭੋਜਨ ਜਿਵੇਂ ਬਦਾਮ, ਮੌਸਮੀ ਫਲ ਅਤੇ ਸਬਜ਼ੀਆਂ ਨੂੰ ਆਪਣੇ ਰੋਜ਼ਾਨਾ ਦੇ ਭੋਜਨ ਵਿੱਚ ਸ਼ਾਮਲ ਕਰਨਾ ਤੁਹਾਡੇ ਸਰੀਰ ਨੂੰ ਬਿਮਾਰੀਆਂ ਨਾਲ ਲੜਨ ਲਈ ਲੋੜੀਂਦਾ ਵਾਧੂ ਹੁਲਾਰਾ ਪ੍ਰਦਾਨ ਕਰ ਸਕਦਾ ਹੈ।

ਕੁਦਰਤੀ ਭੋਜਨ ਤੁਹਾਡੀ ਇਮਿਊਨਿਟੀ ਦਾ ਸਮਰਥਨ ਕਰ ਸਕਦੇ ਹਨ ਅਤੇ ਮੌਸਮੀ ਫਲੂ ਅਤੇ ਬਿਮਾਰੀ ਨੂੰ ਦੂਰ ਰੱਖਣ ਵਿੱਚ ਮਦਦ ਕਰ ਸਕਦੇ ਹਨ। ਬਦਾਮ ਸਿਰਫ ਸੁਆਦੀ ਨਹੀਂ ਹੁੰਦੇ ਉਨ੍ਹਾਂ ਵਿੱਚ ਵਿਟਾਮਿਨ ਈ ਜ਼ਿੰਕ, ਫੋਲੇਟ ਅਤੇ ਆਇਰਨ, ਪੋਸ਼ਕ ਤੱਤ ਹੁੰਦੇ ਹਨ ਜੋ ਇਮਿਊਨ ਫੰਕਸ਼ਨ ਲਈ ਮਹੱਤਵਪੂਰਨ ਹੁੰਦੇ ਹਨ। ਖੱਟੇ ਫਲ, ਲਸਣ, ਪੱਤੇਦਾਰ ਸਾਗ ਸਰੀਰ ਦੀ ਇਮਿਊਨਿਟੀ ਲਈ ਬਹੁਤ ਲਾਭਦਾਇਕ ਹਨ।

# ਸੀ ਐਚ ਸੀ ਝਬਾਲ 'ਚ ਮਲੇਰੀਆ ਵਿਰੋਧੀ ਦਿਵਸ ਮਨਾਇਆ



ਸਰਾਏ ਅਮਾਨਤ ਖਾਂ ( ਮੱਖਣ ਮਨੋਜ)- ਸਿਵਲ ਸਰਜਨ ਡਾ. ਕਮਲਪਾਲ ਸਿੱਧੂ, ਜ਼ਿਲ੍ਹਾ ਐਪੀਡੀਮੋਲੋਜਿਸਟ ਡਾ . ਸਿਮਰਨ ਕੌਰ, ਡਾ. ਅਮਨਦੀਪ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਐਸ ਐਮ ਓ ਝਬਾਲ ਡਾ. ਰਾਜੂ ਚੌਹਾਨ ਦੀ ਅਗਵਾਈ ਹੇਠ ਸੀ ਐਚ ਸੀ ਝਬਾਲ ਵਿਖੇ ਵਿਸ਼ਵ ਮਲੇਰੀਆ ਵਿਰੋਧੀ ਦਿਵਸ ਮੌਕੇ ਸੈਮੀਨਾਰ ਕੀਤਾ ਗਿਆ । ਡਾ. ਰਾਜੂ ਚੌਹਾਨ ਨੇ ਦੱਸਿਆ ਕਿ ਮਲੇਰੀਏ ਤੋਂ ਬਚਾਅ ਲਈ ਲੋਕਾਂ ਨੂੰ ਜਾਗਰੂਕ ਕਰਨ ਲਈ 25 ਅਪ੍ਰੈਲ ਨੂੰ ਹਰ ਸਾਲ ਵਿਸ਼ਵ ਮਲੇਰੀਆ ਦਿਵਸ ਮਨਾਇਆ ਜਾਂਦਾ ਹੈ । ਵਿਸ਼ਵ ਪੱਧਰ 'ਤੇ ਮਲੇਰੀਏ ਨਾਲ ਹਰ ਸਾਲ ਕਈ ਮੌਤਾਂ ਹੋ ਜਾਂਦੀਆਂ ਹਨ । ਨਾਈਜੀਰੀਆ, ਸਹਾਰਾ, ਅਫਰੀਕਾ, ਤਨਜਾਨੀਆ, ਜੁਗਾਂਡਾ, ਇੰਡੋਨੇਸ਼ੀਆਂ, ਮੀਆਂਮਾਰ ਆਦਿ ਦੇਸ਼ ਮਲੇਰੀਏ ਤੋਂ ਪ੍ਰਭਾਵਿਤ ਹਨ । ਹੈਲਥ ਸੁਪਰਵਾਈਜ਼ਰ ਰਾਮ ਰਛਪਾਲ ਧਵਨ ਅਤੇ ਗੁਰਵਿੰਦਰ ਸਿੰਘ ਭੋਜੀਆਂ ਨੇ ਦੱਸਿਆ ਮਲੇਰੀਆ ਬੁਖਾਰ ਮਾਦਾ ਐਨਾਫਲੀਜ਼ ਮੱਛਰ ਦੇ ਕੱਟਣ ਨਾਲ ਫੈਲਦਾ ਹੈ, ਇਸ ਮੱਛਰ ਦੀ ਪੈਦਾਇਸ ਖੜ੍ਹੇ ਪਾਣੀ ਵਿਚ ਹੁੰਦੀ ਹੈ। ਸਾਨੂੰ ਆਲੇ ਦੁਆਲੇ ਪਾਣੀ ਖੜ੍ਹਾ ਨਹੀਂ ਹੋਣ ਦੇਣਾ ਚਾਹੀਦਾ, ਛੱਪੜਾਂ ਜਾਂ ਵੱਡੇ ਟੋਇਆਂ ਵਿੱਚ ਖੜ੍ਹੇ ਪਾਣੀ ਵਿਚ ਕਾਲਾ ਸੜਿਆ ਤੇਲ ਪਾ ਕੇ ਮੱਛਰਾਂ ਦੀ ਪੈਦਾਵਾਰ ਨੂੰ ਰੋਕਿਆ ਜਾ ਸਕਦਾ ਹੈ। ਡੇਂਗੂ ਬੁਖਾਰ ਦਾ ਮੱਛਰ ਕੂਲਰਾਂ, ਫਰਿੱਜਾਂ ਦੀ ਪਿਛਲੀ ਟਰੇਅ, ਫੁਲਦਾਨਾਂ, ਟੁੱਟੇ ਫੁੱਟੇ ਬਰਤਨਾਂ ਵਿਚ ਪਏ ਪਾਣੀ ਵਿਚ ਪੈਦਾ ਹੁੰਦਾ ਹੈ। ਹਰ ਹਫਤੇ ਕੂਲਰਾਂ ਜ਼ਰੂਰ ਸਾਫ ਕਰਨੇ ਚਾਹੀਦੇ ਹਨ। ਮਲੇਰੀਏ ਤੇ ਡੇਂਗੂ ਬੁਖਾਰ ਦਾ ਟੈਸਟ ਤੇ ਇਲਾਜ ਸਾਰੇ ਸਰਕਾਰੀ ਹਸਪਤਾਲਾਂ ਵਿਚ ਮੁਫਤ ਹੁੰਦਾ ਹੈ। ਉਨਾਂ ਕਿਹਾ ਕਿ ਪੂਰੀਆਂ ਬਾਹਾਂ ਵਾਲੇ ਕੱਪੜੇ ਪਾ ਕੇ, ਮੱਛਰ ਭਜਾਉਣ ਵਾਲੀਆਂ ਕਰੀਮਾਂ, ਜਾਲੀਦਾਰ ਦਰਵਾਜ਼ੇ ਜਾਂ ਰਾਤ ਵੇਲੇ ਮੱਛਰਦਾਨੀ ਲਗਾ ਕੇ ਅਤੇ ਛੋਟੀਆਂ-ਛੋਟੀਆਂ ਸਾਵਧਾਨੀਆਂ ਵਰਤ ਕੇ ਬਹੁਤ ਸਾਰੀਆਂ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਇਸ ਮੌਕੇ ਡਾ ਸ਼ੈਲਜਾ, ਅਮਨਦੀਪ ਸਿੰਘ, ਵਿਕਰਮ ਸਿੰਘ , ਇੰਦਰਜੀਤ ਕੌਰ, ਅਮਨਪ੍ਰੀਤ ਕੌਰ, ਡਾ. ਸੁਪ੍ਰੀਤ ਕੌਰ, ਜੁਗਰਾਜ ਸਿੰਘ , ਸੰਤੋਖ ਸਿੰਘ, ਸੁਨੀਲ ਕੁਮਾਰ, ਗੁਰਮੀਤ ਸਿੰਘ, ਆਸ਼ਾ ਵਰਕਰ ਅਤੇ ਪਿੰਡ ਦੇ ਲੋਕ ਮੌਜੂਦ ਸਨ।

## ਬਾਬਾ ਬਲਬੀਰ ਸਿੰਘ ਵੱਲੋਂ ਸ਼ਾਰਟ ਸਰਕਟ ਘਟਨਾਵਾਂ ਦੇ ਬਚਾਓ ਲਈ ਨਿਹੰਗ ਸਿੰਘ ਛਾਉਣੀਆਂ ਦੇ ਪ੍ਰਬੰਧਕਾਂ ਨੂੰ ਆਦੇਸ਼



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਗਰਮ ਰੁੱਤ ਸਬੰਧੀ ਅਪਣਾ ਸ਼ੰਕਾ ਜ਼ਾਹਰ ਕਰਦਿਆਂ ਕਿਹਾ ਕਿ ਗਰਮੀ ਦੀ ਰੁੱਤ ਹੋਣ ਕਾਰਨ ਮੌਸਮ ਅਪਣੇ ਮਿਜਾਜ਼ ਵਿਗਾੜ ਰਿਹਾ ਹੈ। ਤਾਪਮਾਨ ਬਹੁਤ ਤੇਜ਼ੀ ਨਾਲ ਵਧ ਰਿਹਾ ਹੈ, ਤੇਜ਼ ਲੂ, ਗਰਮ ਹਵਾਵਾਂ, ਮੀਂਹ, ਹਨੇਰੀਆਂ ਅਤੇ ਝੱਖੜਾਂ ਕਾਰਨ ਬਿਜਲੀ ਦੀਆਂ ਤਾਰਾਂ ਨਾਲ ਅਣਕਿਆਸਿਆ ਨੁਕਸਾਨ ਹੋ ਜਾਂਦਾ ਹੈ, ਤੋਂ ਬਚਣ ਲਈ ਸਬੰਧਤ ਮਹਿਕਮਾ ਅਤੇ ਲੋਕ ਜਾਗਰੂਕ ਹੋਣ। ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਚੱਕਰਵਰਤੀ ਨਿਹੰਗ ਸਿੰਘਾਂ ਦੇ ਮੁਖੀ ਸਿੰਘ ਸਾਹਿਬ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਇਕ ਵਿਸ਼ੇਸ਼ ਆਦੇਸ਼ ਜਾਰੀ ਕਰ ਕੇ ਸਮੂਹ ਨਿਹੰਗ ਸਿੰਘਾਂ ਦੀਆਂ ਛਾਉਣੀਆਂ ਦੇ ਸਮੂਹ ਸੇਵਾਦਾਰਾਂ ਨੂੰ ਜਿਥੇ ਗੁਰਦਆਰਾ ਸਾਹਿਬਾਨ ਵਿਚ ਗੁਰੂ ਸਾਹਿਬ ਦਾ ਪ੍ਰਕਾਸ਼ ਅਸਥਾਨ ਅਤੇ ਸੁਖਆਸਨ ਅਸਥਾਨ ਹੈ, ਵੱਲ ਸਭ ਪ੍ਰਬੰਧਕਾਂ ਨੂੰ ਵਿਸ਼ੇਸ਼ ਤੌਰ 'ਤੇ ਚੌਕਸੀ ਨਾਲ ਧਿਆਨ ਦੇਣ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਅਕਸਰ ਵਧੇ ਤਾਪਮਾਨ ਕਾਰਨ ਬਿਜਲੀ ਦੀਆਂ ਤਾਰਾਂ ਪਿਘਲ ਜਾਂਦੀਆਂ ਹਨ ਤੇ ਸ਼ਾਟ ਹੋ ਕੇ ਸਮੁੱਚੇ ਗੁਰੂ ਘਰ ਦਾ ਨੁਕਸਾਨ ਕਰ ਦਿੰਦੀਆਂ ਹਨ, ਜਿਥੇ ਸਾਰੇ ਜ਼ਿੰਮੇਵਾਰ ਵਿਅਕਤੀ ਸਰਕਟ ਸ਼ਾਟ ਦਾ ਬਹਾਨਾ ਬਣਾ ਕੇ ਆਪਣੇ ਆਪ ਨੂੰ ਬਰੀ ਕਰ ਲੈਂਦੇ ਹਨ।

# ਵਿਸ਼ਵ ਮਲੇਰੀਆ ਵਿਰੋਧੀ ਦਿਵਸ ਮਨਾਇਆ



**ਵੇਰਕਾ, (ਹਰਬਿੰਦਰ ਸਿੰਘ)** ਸਿਵਲ ਸਰਜਨ ਅੰਮ੍ਰਿਤਸਰ ਡਾ. ਵਿਜੇ ਕੁਮਾਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਜ਼ਿਲ੍ਹਾ ਐਪੀਡੋਮੋਲਿਸਟ ਡਾ. ਹਰਜੋਤ ਕੌਰ, ਐਸ.ਐਮ.ਓ ਡਾ. ਰਾਜ ਕੁਮਾਰ ਵੇਰਕਾ ਦੀ ਅਗਵਾਈ ਹੇਠ ਕੋਟ ਮਿੱਤ ਸਿੰਘ ਅੰਮ੍ਰਿਤਸਰ ਵਿਖੇ ਮਲੇਰੀਆ ਜਾਗਰੂਕਤਾ ਕੈਂਪ ਲਗਾਇਆ ਗਿਆ। ਜਿਸ ਵਿੱਚ ਕੁਲਦੀਪ ਸਿੰਘ ਹੈਲਥ ਇੰਸਪੈਕਟਰ ਵੱਲੋਂ ਹਾਜ਼ਰੀਨ ਨੂੰ ਮਲੇਰੀਆ ਤੋਂ ਬਚਾਅ ਸਬੰਧੀ ਭਰਪੂਰ ਜਾਣਕਾਰੀ ਦਿੱਤੀ ਗਈ। ਕੈਂਪ ਦੌਰਾਨ ਲੋਕਾਂ ਨੂੰ ਮਲੇਰੀਆ ਬੁਖਾਰ ਤੇ ਲੱਛਣ ਜਿਵੇਂ ਠੰਢ ਅਤੇ ਕਾਂਬੇ ਨਾਲ ਬੁਖਾਰ ਚੜ੍ਹਨਾ, ਸਿਰਦਰਦ, ਥਕਾਵਟ ਆਦਿ ਮਲੇਰੀਆ ਬੁਖਾਰ ਤੋਂ ਬਚਾ ਦੇ ਤਰੀਕਿਆਂ ਸਬੰਧੀ ਦੱਸਿਆ ਗਿਆ। ਲੋਕਾਂ ਨੂੰ ਸਹੀ ਖਾਣ ਪੀਣ ਸਬੰਧੀ ਪੌਸ਼ਟਿਕ ਖੁਰਾਕ ਅਤੇ ਹੱਥ ਧੋਣ ਦੇ ਤਰੀਕਿਆਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਕੁਲਦੀਪ ਸਿੰਘ ਹੈਲਥ ਇੰਸਪੈਕਟਰ, ਗੁਰਚਰਨ ਸਿੰਘ, ਸਤਨਾਮ ਸਿੰਘ, ਕੁਲਦੀਪ ਸਿੰਘ, ਪਰਮਜੀਤ ਸਿੰਘ (ਸਾਰੇ ਮਲਟੀਪਰਪਜ਼ ਹੈਲਥ ਵਰਕਰ) ਅਦਿ ਵੀ ਹਾਜ਼ਰ ਸਨ।

## ਧਾਰਮਿਕ ਪ੍ਰੀਖਿਆਂ 'ਚੋਂ ਅੱਵਲ ਆਏ ਵਿਦਿਆਰਥੀਆਂ ਦਾ ਸਨਮਾਨ

ਮਜੀਠਾ (ਸੋਇਮ ਆਨੰਦ)-ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਦੇ ਸਰਕਲ ਕੱਥੂਨੰਗਲ ਵੱਲੋ ਹਰ ਸਾਲ ਕਰਵਾਈ ਜਾਂਦੀ ਧਾਰਮਿਕ ਪ੍ਰੀਖਿਆਂ ਵਿੱਚ ਸੇਂਟ ਸੋਲਜਰ ਇਲੀਟ ਕੌਨਵੈਂਟ ਸਕੂਲ ਸੋਹੀਆਂ ਕਲਾਂ ਰੋਡ ਮਜੀਠਾ ਦੇ ਦੋ ਜਮਾਤਾਂ ਦੇ ਕਰੀਬ 60 ਬੱਚਿਆਂ ਨੇ ਭਾਗ ਲਿਆ ।ਸਾਰੇ ਬੱਚੇ ਚੰਗੀਆਂ ਪੁਜ਼ੀਸ਼ਨਾਂ ਲੈ ਕੇ ਪਾਸ ਹੋਏ।ਇਸ ਮੌਕੇ ਸਕੂਲ ਚੇਅਰਮੈਨ ਜਸਪਿੰਦਰ ਸਿੰਘ ਕਾਹਲੋਂ ਨੇ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਗੁਰਬਾਣੀ, ਸਿੱਖ ਇਤਿਹਾਸ, ਰਹਿਤ ਮਰਿਯਾਦਾ ਦਾ ਗਿਆਨ ਅਜੋਕੇ ਸਮਾਜ ਲਈ ਨਵੀਂ ਸੇਧ ਦਿੰਦਾ ਹੈ।ਮੁੱਖ ਪ੍ਰਬੰਧਕ ਹਰਜਿੰਦਰਪਾਲ ਕੌਰ ਅਤੇ ਡਾਇਰੈਕਟਰ ਪ੍ਰਿੰ. ਅਮਨਦੀਪ ਕੌਰ ਥਿੰਦ ਨੇ ਸਿੱਖ ਇਤਿਹਾਸ ਅਤੇ ਕੁਰਬਾਨੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਪਾਸ ਹੋਏ ਵਿਦਿਆਰਥੀਆਂ ਨੂੰ ਪ੍ਰਮਾਣ ਪੱਤਰ ਦਿੱਤੇ ।ਬੱਚਿਆਂ ਨੂੰ ਸਨਮਾਨਿਤ ਕਰਨ ਮੌਕੇ ਚੇਅਰਮੈਨ ਜਸਪਿੰਦਰ ਸਿੰਘ ਕਾਹਲੋਂ, ਡਾਇਰੈਕਟਰ ਪ੍ਰਿੰ. ਅਮਨਦੀਪ ਕੌਰ, ਮੁੱਖ ਪ੍ਰਬੰਧਕ ਹਰਜਿੰਦਰਪਾਲ ਕੌਰ, ਪ੍ਰਿੰ. ਲਕਸ਼ਿਤਾ ਵਰਮਾ, ਵਾਇਸ ਪ੍ਰਿੰ. ਪੋਪਿੰਦਰ ਬਿਸ਼ਨੋਈ ਅਤੇ ਰਾਮ ਸਰੂਪ ਹਾਜ਼ਰ ਸਨ।



## ਰੰਗੋਲੀ ਰਾਹੀਂ ਦਿੱਤਾ ਜਾ ਰਿਹੈ 'ਚੋਣ ਸੁਨੇਹਾ'

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)—ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਘਣਸ਼ਾਮ ਥੋਰੀ ਦੀ ਯੋਗ ਅਗਵਾਈ ਅਤੇ ਚੇਅਰਪਰਸਨ ਸਵੀਪ-ਕਮ-ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਨਿਕਾਸ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤੇ ਅਗਾਮੀ ਲੋਕਸਭਾ ਚੋਣਾਂ-2024 ਵਿੱਚ ਆਮ ਲੋਕਾਂ ਵੋਟ ਪਾਉਣ ਲਈ ਪ੍ਰੇਰਿਤ ਕਰਨ ਲਈ ਸ਼ਹਿਰ ਦੀਆਂ ਮੁੱਖ ਥਾਵਾਂ ਤੇ ਸਵੀਪ ਰੰਗੋਲੀਆਂ ਬਣਵਾਈਆਂ ਜਾ ਰਹੀਆਂ ਹਨ।ਇਸੇ ਲੜੀ ਵਜੋਂ ਕਿਲ੍ਹਾ ਗੋਬਿੰਦਗੜ੍ਹ, ਦੁਰਗਿਆਣਾ ਮੰਦਰ ਦੇ ਬਾਹਰ, ਕੰਪਨੀ ਬਾਗ ਅਤੇ ਆਨੰਦ ਪਾਰਕ ਵਿਖੇ ਸਵੀਪ ਰੰਗੋਲੀ ਬਣਾਈ ਗਈ ਜਿਸਨੂੰ ਆਮ ਲੋਕਾਂ ਵਲੋਂ ਕਾਫ਼ੀ ਪਸੰਦ ਕੀਤਾ ਜਾ ਰਿਹਾ ਹੈ।ਇਨ੍ਹਾਂ ਰੰਗੋਲੀਆਂ ਨੂੰ ਬਣਾਉਣ ਵਾਲੀ ਟੀਮ ਦੇ ਇੰਚਾਰਜ ਸੰਜੇ ਕੁਮਾਰ ਨੇ ਦੱਸਿਆ ਕਿ ਵੋਟ ਹਰ ਨਾਗਰਿਕ ਦਾ ਹੱਕ ਹੈ ਅਤੇ ਜ਼ਿਲ੍ਹਾ ਪ੍ਰਸਾਸ਼ਨ ਵਲੋਂ ਇਸ ਸਬੰਧੀ ਵੱਡੇ ਪੱਧਰ ਤੇ ਸਵੀਪ ਗਤਵਿਧੀਆਂ ਕਰਵਾਈਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਉਹ ਆਪਣੇ ਰੰਗੋਲੀ ਆਰਟ ਰਾਹੀਂ ਲੋਕਾਂ ਤੱਕ ਚੋਣ ਸੁਨੇਹਾ ਪਹੁੰਚਾ ਰਹੇ ਹਨ।ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਹੁਣ ਤੱਕ ਹਵਾਈ ਅੱਡੇ, ਹੈਰੀਟੇਜ ਸਟਰੀਟ, ਅਟਾਰੀ ਬਾਰਡਰ, ਜਲ੍ਹਿਆਂਵਾਲਾ ਬਾਗ ਵਿਖੇ ਵੀ ਰੰਗੋਲੀ ਬਣਾਈ ਜਾ ਚੁੱਕੀ ਹੈ।ਇਸ ਮੌਕੇ ਟੀਮ ਦੇ ਹੋਰ ਮੈਂਬਰ ਸਰਬਜੀਤ ਸਿੰਘ, ਚਰਨਜੀਤ ਸਿੰਘ, ਯੋਗਪਾਲ, ਜਗਦੀਪਕ ਸਿੰਘ, ਗੁਰਬਖ਼ਸ਼ ਸਿੰਘ ਅਤੇ ਜਗਜੀਤ ਸਿੰਘ ਵੀ ਹਾਜ਼ਰ ਸਨ ।




## ਡੀ ਸੀ ਵੱਲੋਂ ਅਧਿਕਾਰੀਆਂ ਨੂੰ 15 ਜੂਨ ਤੋਂ ਪਹਿਲਾਂ ਹੜ੍ਹ ਰੋਕੂ ਪ੍ਰਬੰਧਾਂ ਨੂੰ ਮੁਕੰਮਲ ਕਰਨ ਦੇ ਨਿਰਦੇਸ਼




ਗੁਰਦਾਸਪੁਰ, (ਜਨਕ ਮਹਾਜਨ, ਦਿਨੇਸ਼ ਕੁਮਾਰ) - ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ 15 ਜੂਨ ਤੋਂ ਪਹਿਲਾਂ-ਪਹਿਲਾਂ ਆਪਣੇ ਨਾਲ ਸਬੰਧਿਤ ਹੜ੍ਹ ਰੋਕੂ ਪ੍ਰਬੰਧਾਂ ਨੂੰ ਮੁਕੰਮਲ ਕਰ ਲੈਣ ਤਾਂ ਜੋ ਆਉਣ ਵਾਲੇ ਬਰਸਾਤੀ ਸੀਜ਼ਨ ਦੌਰਾਨ ਹੜ੍ਹਾਂ ਦੇ ਸੰਭਾਵੀ ਖ਼ਤਰੇ ਨੂੰ ਟਾਲਿਆ ਜਾ ਸਕੇ। ਡਿਪਟੀ ਕਮਿਸ਼ਨਰ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫ਼ਰੰਸ ਹਾਲ ਵਿਖੇ ਹੜ੍ਹਾਂ ਤੋਂ ਬਚਾਅ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਜਾਣ ਵਾਲੇ ਪ੍ਰਬੰਧਾਂ ਅਤੇ ਤਿਆਰੀਆਂ ਦਾ ਰੀਵਿਊ ਕਰ ਰਹੇ ਸਨ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਡਰੇਨਜ਼ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਵਿੱਚ ਪੈਂਦੇ ਸੇਮ ਨਾਲਿਆਂ ਨੂੰ ਸਾਫ਼ ਕਰਨ ਦੇ ਨਾਲ ਨਾਲਿਆਂ ਦੇ ਪੁਲ ਅਤੇ ਪੁਲੀਆਂ ਨੂੰ ਵੀ ਸਾਫ਼ ਕੀਤਾ ਜਾਵੇ ਤਾਂ ਜੋ ਪਾਣੀ ਦੀ ਨਿਕਾਸੀ ਵਿੱਚ ਕੋਈ ਰੋਕ ਨਾ ਆਵੇ। ਉਨ੍ਹਾਂ ਕਿਹਾ ਕਿ ਦਰਿਆ ਬਿਆਸ ਅਤੇ ਰਾਵੀ ਦੇ ਧੁੱਸੀ ਬੰਨ੍ਹ ਦੀ ਮਜ਼ਬੂਤੀ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਇਸ ਸਬੰਧੀ ਐਕਸੀਅਨ ਡਰੇਨਜ਼ ਨੇ ਦੱਸਿਆ ਕਿ ਦਰਿਆ ਬਿਆਸ ਦੇ ਧੁੱਸੀ ਬੰਨ੍ਹ ਨੂੰ 3 ਤੋਂ 4 ਫੁੱਟ ਉੱਚਾ ਕਰਨ ਸਬੰਧੀ ਪ੍ਰੋਜੈਕਟ ਮਨਜ਼ੂਰੀ ਲਈ ਪੰਜਾਬ ਸਰਕਾਰ ਨੂੰ ਭੇਜਿਆ ਗਿਆ ਹੈ ਅਤੇ ਉਮੀਦ ਹੈ ਕਿ ਇਹ ਪ੍ਰੋਜੈਕਟ ਜਲਦ ਹੀ ਪਾਸ ਹੋ ਜਾਵੇਗਾ ਜਿਸ ਉਪਰੰਤ ਬਰਸਾਤੀ ਸੀਜ਼ਨ ਤੋਂ ਪਹਿਲਾਂ ਧੁੱਸੀ ਬੰਨ੍ਹ ਨੂੰ ਮਜ਼ਬੂਤ ਤੇ ਉੱਚਾ ਕਰ ਦਿੱਤਾ ਜਾਵੇਗਾ। ਇਸਦੇ ਨਾਲ ਹੀ ਉਨ੍ਹਾਂ ਨੇ ਪਿੰਡਾਂ ਦੇ ਛੱਪੜਾਂ ਨੂੰ ਵੀ ਸਮਾਂ ਰਹਿੰਦਿਆਂ ਸਾਫ਼ ਕਰਨ ਦੇ ਆਦੇਸ਼ ਦਿੱਤੇ।

## ਕਿਸਾਨਾਂ ਤੇ ਮਜ਼ਦੂਰਾਂ 'ਤੇ ਲਾਠੀਚਾਰਜ ਤੇ ਗ੍ਰਿਫਤਾਰ ਕਰਨ ਦੀ ਸਖਤ ਸ਼ਬਦਾਂ 'ਚ ਨਿੰਦਾ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ) ਜਮਹੂਰੀ ਕਿਸਾਨ ਸਭਾ ਦੀ ਹੰਗਾਮੀ ਮੀਟਿੰਗ ਜਿਲ੍ਹਾ ਪ੍ਰਧਾਨ ਮਨਜੀਤ ਸਿੰਘ ਬੱਗੂ ਦੇ ਗ੍ਰਹਿ ਵਿਖੇ ਹੋਈ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਰੇਸ਼ਮ ਸਿੰਘ ਫੇਲੋਕੇ ਅਤੇ ਸੁਲੱਖਣ ਸਿੰਘ ਤੁੜ ਨੇ ਕਿਹਾ ਕਿ ਬੀ ਜੇ ਪੀ ਉਮੀਦਵਾਰ ਦਾ ਸ਼ਾਂਤ ਮਈ ਫਰੀਦਕੋਟ ਵਿਖੇ ਵਿਰੋਧ ਕਰ ਰਹੇ ਕਿਸਾਨਾਂ ਤੇ ਮਜਦੂਰਾ ਤੇ ਲਾਠੀਚਾਰਜ 'ਤੇ ਗ੍ਰਿਫਤਾਰ ਕਰਨ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ ਉਨ੍ਹਾਂ ਨੇ ਕਿਹਾ ਕਿ ਗ੍ਰਿਫਤਾਰ ਕੀਤੇ ਗਏ ਕਿਸਾਨਾ ਤੇ ਮਜ਼ਦੂਰਾ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਅੱਗੇ ਤੋਂ ਸ਼ਾਂਤ ਮਈ ਵਿਰੋਧ ਜਾਰੀ ਰਹੇਗਾ। ਖਡੂਰ ਸਾਹਿਬ ਹਲਕੇ ਵਿੱਚ ਵੀ ਬੀ ਜੇ ਪੀ ਦਾ ਵਿਰੋਧ ਜਾਰੀ ਰਹੇਗਾ। ਇਸ ਮੌਕੇ ਜੰਗ ਬਹਾਦਰ ਸਿੰਘ ਤੁੜ, ਬਲਵਿੰਦਰ ਸਿੰਘ ਫੇਲੋਕੇ, ਬਲਵਿੰਦਰ ਸਿੰਘ ਦਿੱਲੀ, ਮੁਖਵਿੰਦਰ ਸਿੰਘ, ਕਸ਼ਮੀਰ ਸਿੰਘ ਫੇਲੋਕੇ, ਝਿਰਮਲ ਸਿੰਘ ਬਾਣੀਆਂ ਤੇ ਹੋਰ ਬਹੁਤ ਸਾਰੇ ਆਗੂ ਹਾਜ਼ਰ ਸਨ।



# 23 ਵਾਂ ਰਾਸ਼ਟਰੀ ਰੰਗਮੰਚ ਉਤਸਵ 2024



ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਦੀ ਅਗਵਾਈ 'ਚ ਮੰਚ-ਰੰਗਮੰਚ ਅੰਮ੍ਰਿਤਸਰ ਵੱਲੋਂ ਅਤੇ ਵਿਰਸਾ ਵਿਹਾਰ ਸੁਸਾਇਟੀ ਦੇ ਸਹਿਯੋਗ ਨਾਲ ਜਾਰੀ 23 ਵੇਂ ਨੈਸ਼ਨਲ ਥੀਏਟਰ ਫੈਸਟੀਵਲ ਦੇ ਚੌਥੇ ਦਿਨ ਅਦਾਕਾਰ ਮੰਚ ਮੋਹਾਲੀ ਦੀ ਟੀਮ ਵੱਲੋਂ ਪ੍ਰਸਿੱਧ ਨਾਟਕਕਾਰ ਡਾ. ਸਾਹਿਬ ਸਿੰਘ ਦੀ ਨਿਰਦੇਸ਼ਨਾ ਹੇਠ ਨਾਟਕ 'ਸੰਦੂਕੜੀ ਖੋਲ੍ਹ ਨਰੈਣਿਆ' ਦਾ ਮੰਚਨ ਵਿਰਸਾ ਵਿਹਾਰ ਦੇ ਕਰਤਾਰ ਸਿੰਘ ਦੁੱਗਲ ਆਡੀਟੋਰੀਅਮ 'ਚ ਕੀਤਾ ਗਿਆ। ਇਹ ਨਾਟਕ ਇੱਕ ਅਧਿਆਪਕ ਦੀਆਂ ਯਾਦਾਂ ਨਾਲ ਜੁੜਿਆ ਹੈ। ਅਧਿਆਪਕ ਰਿਟਾਇਰ ਹੋ ਚੁੱਕਾ ਹੈ ਪਰ ਹਰ ਸਾਲ ਆਪਣੇ ਸਕੂਲ 'ਚ ਗੇੜਾ ਮਾਰਦਾ ਹੈ । ਉਹ ਆਪਣੀ ਸੰਦੂਕੜੀ ਚੋਂ ਵਿਦਿਆਰਥੀਆਂ ਦੀ ਕੋਈ ਨਾ ਕੋਈ ਨਿਸ਼ਾਨੀ ਕੱਢਦਾ ਹੈ ਤੇ ਉਸ ਵਿਦਿਆਰਥੀ ਦੀ ਕਹਾਣੀ ਸ਼ੁਰੂ ਹੋ ਜਾਂਦੀ ਹੈ। ਉਸ ਦਾ ਇੱਕ ਵਿਦਿਆਰਥੀ ਨੇਕਾ ਹੈ ਜੋ ਕੈਨੇਡਾ ਜਾਂਦਾ ਹੈ ਪਰ ਥੋੜ੍ਹੇ ਮਹੀਨਿਆਂ ਵਿੱਚ ਹੀ ਦਿਲ ਦੇ ਦੌਰੇ ਕਾਰਨ ਮਰ ਜਾਂਦਾ ਹੈ। ਨਾਟਕ ਨੇਕੇ ਦੀ ਸਕੂਲੀ ਜ਼ਿੰਦਗੀ, ਕਾਲਜ ਜ਼ਿੰਦਗੀ ਅਤੇ ਖੇਤੀ ਕਰਨ ਦੇ ਸੀਨ ਦਿਖਾਉਂਦਾ ਹੈ। ਮਰਨ ਤੋਂ ਪਹਿਲਾਂ ਨੇਕਾ ਮਾਫੀ ਮੰਗਦਾ ਹੈ ਕਿ ਉਹਨੇ ਨਾ ਪੜ੍ਹਾਈ ਵੱਲ ਧਿਆਨ ਦਿੱਤਾ ਤੇ ਨਾ ਕੰਮ ਵੱਲ, ਏਸੇ ਲਈ ਕੈਨੇਡਾ ਵਿੱਚ ਕਾਮਯਾਬ ਨਾ ਹੋ ਸਕਿਆ। ਇਸ ਨਾਟਕ ਵਿੱਚ ਪੰਜਾਬੀ ਗੀਤ, ਪਰੰਪਰਕ ਸੰਗੀਤ, ਸ਼ਬਦ ਗਾਇਣ ਸ਼ਾਮਲ ਕੀਤਾ ਗਿਆ ਹੈ । ਇਸ ਇਕ ਪਾਤਰੀ ਨਾਟਕ ਦੇ ਅਦਾਕਾਰ ਡਾ. ਸਾਹਿਬ ਸਿੰਘ ਨੇ ਬਾਕਮਾਲ ਅਦਾਕਾਰੀ ਪੇਸ਼ ਕੀਤੀ। ਇਸ ਮੌਕੇ ਕੇਵਲ ਧਾਲੀਵਾਲ, ਕੁਲਬੀਰ ਸੂਰੀ, ਅਰਵਿੰਦਰ ਕੌਰ ਧਾਲੀਵਾਲ, ਪਵਨਦੀਪ, ਡਾ. ਦਰਸ਼ਨਦੀਪ, ਰਮੇਸ਼ ਯਾਦਵ, ਭੁਪਿੰਦਰ ਸਿੰਘ ਸੰਧੂ, ਸੁਮੀਤ ਸਿੰਘ ਸਮੇਤ ਆਦਿ ਨਾਟ ਪ੍ਰੇਮੀ ਹਾਜ਼ਰ ਸਨ।

# ਜੋਸ਼ੀ ਦੇ ਹੱਕ 'ਚ ਮੀਟਿੰਗਾਂ ਦਾ ਦੌਰ ਜਾਰੀ



ਮੱਤੇਵਾਲ (ਦਵਿੰਦਰ ਸਿੰਘ ਤਰਸਿੱਕਾ)-ਆੜ੍ਹਤੀ ਐਸੋਸੀਏਸਨ ਅੰਮ੍ਰਿਤਸਰ ਦੇ ਮੀਤ ਪ੍ਰਧਾਨ ਲਾਭ ਸਿੰਘ ਬੱਗਾ ਦੀ ਅਗਵਾਈ ਹੇਠ ਸੀਨੀਅਰ ਅਕਾਲੀ ਆਗੂਆਂ ਦੀ ਮੀਟਿੰਗਾਂ ਦਾ ਦੌਰ ਜਾਰੀ ਹੈ ਜਿਸ ਤਹਿਤ ਕਸਬਾ ਟਾਹਲੀ ਸਾਹਿਬ ਅਤੇ ਕਸਬਾ ਮੱਤੇਵਾਲ ਦੇ ਪਿੰਡਾਂ ਵਿੱਚੋਂ ਉਨ੍ਹਾਂ ਵੱਲੋਂ ਸੀਨੀਅਰ ਅਕਾਲੀ ਆਗੂਆਂ ਨਾਲ ਮੀਟਿੰਗਾਂ ਕਰਕੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਲਈ ਦਿਨ-ਰਾਤ ਇੱਕ ਕਰਨ ਲਈ ਆਗੂਆਂ ਨੂੰ ਪ੍ਰੇਰਿਆ। ਉਨ੍ਹਾਂ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਦੀ ਅਗਵਾਈ ਹੇਠ ਇਲਾਕੇ ਦੇ ਪਿੰਡਾਂ ਵਿੱਚ ਘਰ-ਘਰ ਪਹੁੰਚ ਕਰਕੇ ਜੋਸ਼ੀ ਦੇ ਲਈ ਵੋਟਾਂ ਮੰਗੀਆਂ ਜਾਣਗੀਆਂ ਅਤੇ ਉਨ੍ਹਾਂ ਨੂੰ ਭਾਰੀ ਬਹੁਮਤ ਨਾਲ ਜਿਤਾ ਕੇ ਪਾਰਲੀਮੈਂਟ ਵਿੱਚ ਭੇਜਿਆ ਜਾਵੇਗਾ। ਇਸ ਮੌਕੇ ਸਾਬਕਾ ਸਰਪੰਚ ਮਕਤੂਲ ਸਿੰਘ ਬੱਗਾ, ਬਾਬਾ ਨਰਿੰਦਰ ਸਿੰਘ, ਚਤਰ ਸਿੰਘ ਬੱਗਾ, ਕਰਮ ਸਿੰਘ, ਕਰਮ ਸਿੰਘ, ਮਲਕੀਤ ਸਿੰਘ, ਬਾਬਾ ਜੋਗਾ ਸਿੰਘ, ਨੰਬਰਦਾਰ ਗੁਰਪ੍ਰੀਤ ਸਿੰਘ, ਗੁਰਜਿੰਦਰ ਸਿੰਘ, ਬਾਬਾ ਬਲਜੀਤ ਸਿੰਘ, ਗੁਰਜੰਤ ਸਿੰਘ ਆਗੂ ਵੀ ਹਾਜ਼ਰ ਸਨ।

# ਨਿਯਮਾਂ ਦੀ ਉਲੰਘਣਾ ਕਰਨ ਵਾਲੇ 12 ਹੋਰ ਸਕੂਲ ਵਾਹਨਾਂ ਦੇ ਕੱਟੇ ਚਲਾਨ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਸੈਕਟਰੀ ਆਰ ਟੀ ਏ ਅਰਸ਼ਦੀਪ ਸਿੰਘ ਲੁਬਾਣਾ ਨੇ ਅੱਜ ਆਪਣੀਆਂ ਟੀਮਾਂ ਨਾਲ ਸਕੂਲ ਵਾਹਨਾਂ ਦੀ ਜਾਂਚ ਕਰਦੇ ਹੋਏ ਸਪੱਸ਼ਟ ਕੀਤਾ ਕਿ ਜ਼ਿਲ੍ਹੇ ਵਿੱਚ ਸੇਫ਼ ਸਕੂਲ ਵਾਹਨ ਪਾਲਿਸੀ ਦੀ ਪਾਲਣਾ ਹਰ ਹਾਲ ਯਕੀਨੀ ਬਣਾਈ ਜਾਵੇਗੀ ਅਤੇ ਬੱਚਿਆਂ ਦੀ ਜਾਨ-ਮਾਲ ਦੀ ਰਾਖੀ ਲਈ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਬਰਦਾਸ਼ਤ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਲਈ ਸਕੂਲ ਚਲਾ ਰਹੀਆਂ ਸੰਸਥਾਵਾਂ ਤੇ ਪ੍ਰਿੰਸੀਪਲ ਨਿੱਜੀ ਤੌਰ ਉਤੇ ਧਿਆਨ ਦੇਣ, ਕਿਉਂਕਿ ਰੱਬ ਨਾ ਕਰੇ ਜੇਕਰ ਕੋਈ ਹਾਦਸਾ ਸਕੂਲ ਵਾਹਨ ਨਾਲ ਵਾਪਰ ਜਾਂਦਾ ਹੈ ਤਾਂ ਇਸ ਨਿਯਮ ਤਹਿਤ ਉਸ ਦੀ ਸਿੱਧੀ ਜ਼ਿੰਮੇਵਾਰੀ ਸਕੂਲ ਪ੍ਰਿੰਸੀਪਲ ਦੀ ਮੰਨੀ ਜਾਂਦੀ ਹੈ ਅਤੇ ਕੇਸ ਡਰਾਈਵਰ ਦੇ ਨਾਲ-ਨਾਲ ਸਕੂਲ ਪ੍ਰਿੰਸੀਪਲ ਉਤੇ ਵੀ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਅਸੀਂ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਸਕੂਲ ਵਾਹਨਾਂ ਤੇ ਵੈਨ ਚਾਲਕਾਂ ਨੂੰ ਬਖ਼ਸ਼ਾਂਗੇ ਨਹੀਂ। ਉਨ੍ਹਾਂ ਦੱਸਿਆ ਕਿ ਸਾਡੇ ਐਸ ਡੀ ਐਮ ਸਾਹਿਬਾਨ ਸੇਫ ਸਕੂਲ ਵਾਹਨ ਪਾਲਿਸੀ ਸਬੰਧੀ ਵੱਖ-ਵੱਖ ਸਕੂਲਾਂ, ਸਿੱਖਿਆ ਸੰਸਥਾਵਾਂ ਦੇ ਪ੍ਰਿੰਸੀਪਲਾਂ ਨਾਲ ਮੀਟਿੰਗਾਂ ਕਰ ਚੁੱਕੇ ਹਨ। ਉਨ੍ਹਾ ਕਿਹਾ ਕਿ ਸਕੂਲਾਂ ਦੇ ਪ੍ਰਿੰਸੀਪਲ ਅਤੇ ਸਕੂਲ ਵੈਨ/ਬੱਸਾਂ ਦੇ ਚਾਲਕ ਇਹ ਪੂਰਨ ਤੌਰ 'ਤੇ ਯਕੀਨੀ ਬਣਾਉਣ ਕਿ ਸਕੂਲ ਵਾਹਨ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਨਿਰਧਾਰਤ ਮਾਪਦੰਡ ਪੂਰੇ ਕਰਦੇ ਹੋਣ। ਉਨ੍ਹਾਂ ਕਿਹਾ ਕਿ ਸਕੂਲ ਵੈਨਾਂ/ਬੱਸਾਂ ਵਿੱਚ ਸੀ.ਸੀ.ਟੀ.ਵੀ ਕੈਮਰਾ, ਦੋਵਾਂ ਪਾਸਿਆਂ 'ਤੇ ਖਿੜਕੀ ਉਪਰ ਲੋਹੇ ਦੀ ਗਰਿੱਲ ਲੱਗੀ ਹੋਵੇ, ਫਸਟ ਏਡ ਬਾਕਸ, ਲੜਕੀਆਂ ਲਈ ਮਹਿਲਾ ਅਟੈਂਡੈਂਟ, ਡਰਾਈਵਰ ਕੋਲ ਹੈਵੀ ਡਰਾਇਵਿੰਗ ਲਾਇਸੰਸ ਅਤੇ ਵਾਹਨ ਵਿੱਚ ਸਪੀਡ ਗਵਰਨ ਲੱਗਾ ਹੋਵੇ। ਸਕੂਲ ਵਾਹਨ ਦਾ ਰੰਗ ਪੀਲਾ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਵੀ ਸਕੂਲ ਵਾਹਨਾਂ ਦੇ ਕਾਗਜ਼ਾਂ ਵਿੱਚ ਕੋਈ ਕਮੀ ਹੈ ਉਨ੍ਹਾਂ ਦੇ ਡਰਾਈਵਰ ਇਕ ਹਫ਼ਤੇ ਦੇ ਅੰਦਰ-ਅੰਦਰ ਸਾਰੇ ਕਾਗਜ਼ ਵੀ ਪੂਰੇ ਕਰਨ ਤਾਂ ਜੋ ਉਨ੍ਹਾਂ ਨੂੰ ਕਿਸੇ ਵੀ ਪ੍ਰਕਾਰ ਦੀ ਸਮੱਸਿਆਵਾਂ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਸਕੂਲ ਬੱਸ ਦੇ ਰੁਕਣ 'ਤੇ ਹੀ ਬੱਚਿਆਂ ਨੂੰ ਚੜ੍ਹਾਇਆ ਅਤੇ ਉਤਾਰਿਆ ਜਾਵੇ। ਵੈਨਾਂ ਦੀ ਰਫਤਾਰ ਨਿਰਧਾਰਤ ਰਫਤਾਰ ਤੋਂ ਵੱਧ ਨਹੀਂ ਹੋਣੀ ਚਾਹੀਦੀ। ਉਨ੍ਹਾਂ ਬੱਚਿਆਂ ਦੇ ਮਾਪਿਆਂ ਅਤੇ ਸਕੂਲ ਪ੍ਰਬੰਧਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੀ ਪੱਧਰ 'ਤੇ ਵੀ ਸਕੂਲੀ ਵਾਹਨਾਂ ਦੀ ਚੈਕਿੰਗ ਕਰਦੇ ਰਹਿਣ।

## ਕਈ ਪਰਵਾਰ ਕਾਂਗਰਸ ਛੱਡ ਕੇ 'ਆਪ' 'ਚ ਸ਼ਾਮਲ



ਦੀਨਾਨਗਰ (ਸੰਜੀਵ )-ਲੋਕ ਸਭਾ ਚੋਣਾਂ ਦੇ ਚੱਲ ਰਹੇ ਪ੍ਰਚਾਰ ਦੌਰਾਨ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਦੀ ਚੋਣ ਮੁਹਿੰਮ ਨੂੰ ਵਿਧਾਨਸਭਾ ਹਲਕਾ ਦੀਨਾਨਗਰ ਅੰਦਰ ਉਸ ਵੇਲੇ ਵੱਡਾ ਬਲ ਮਿਲਿਆ ਜਦੋਂ ਪਿੰਡ ਲੰਗੇ ਨਾਲ ਸਬੰਧਤ ਕਈ ਪਰਵਾਰਾਂ ਨੇ ਕਾਂਗਰਸ ਪਾਰਟੀ ਦਾ ਹੱਥ ਛੱਡ ਕੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਮਨਵਿੰਦਰ ਸਿੰਘ ਗੋਰਾ ਕੱਤੋਵਾਲ ਦੀ ਦੇਖ ਰੇਖ ਹੇਠ ਹੋਈ ਮੀਟਿੰਗ ਦੌਰਾਨ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਜਤਿੰਦਰ ਕੁਮਾਰ, ਮੈਂਬਰ ਪੰਚਾਇਤ ਨੀਤੂ ਸ਼ਰਮਾ ਮੈਂਬਰ ਪੰਚਾਇਤ ਅਤੇ ਜੋਧਰਾਜ ਮੈਂਬਰ ਪੰਚਾਇਤ ਦਾ ਇਲਾਵਾ ਦਲੀਪ ਚੰਦ, ਵਿਜੇ ਸ਼ਰਮਾ ਬੀਨਾ ਦੇਵੀ, ਸੁੱਖਾਂ ਦੇਵੀ, ਮਨੋਹਰ ਲਾਲ, ਸਰਦਾਰੀ ਲਾਲ, ਸਾਬੀ ਅਤੇ ਸਾਜਨ ਦੇ ਨਾਂਅ ਮੁੱਖ ਤੌਰ 'ਤੇ ਸ਼ਾਮਲ ਹਨ।ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਦਾ ਸਵਾਗਤ ਕਰਦਿਆਂ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਦੇ ਲੋਕਾਂ ਦੀ ਪਹਿਲੀ ਪਸੰਦੀਦਾ ਪਾਰਟੀ ਬਣ ਚੁੱਕੀ ਹੈ, ਪੰਜਾਬ ਦੇ ਲੋਕ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸਰਕਾਰ ਦੀਆਂ ਨੀਤੀਆਂ ਤੋਂ ਖੁਸ਼ ਹਨ। ਜਿਸ ਕਾਰਨ ਲੋਕ ਵੱਖ ਵੱਖ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ।

## ਦਰਸੋਪੁਰ 'ਚ ਖੁੱਲ੍ਹਾ ਮੁਫਤ ਟਿਊਸ਼ਨ ਸੈਂਟਰ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਸਰਵ ਸਾਂਝ ਸਿੱਖਿਆ ਸੰਸਥਾ ਦਰਸੋਪੁਰ ਵੱਲੋਂ ਪਿੰਡ ਦਰਸੋਪੁਰ, ਬਲਾਕ ਨਰੋਟ ਜੈਮਲ ਸਿੰਘ ਵਿੱਚ 22 ਅਪ੍ਰੈਲ ਤੋਂ ਪੰਜਵੀਂ ਤੋਂ ਅੱਠਵੀਂ ਜਮਾਤ ਤੱਕ ਦੇ ਬੱਚਿਆਂ ਲਈ ਫ੍ਰੀ ਟਿਊਸ਼ਨ ਸੈਂਟਰ ਖੋਲ੍ਹਿਆ ਗਿਆ ਹੈ। ਇਸ ਸਬੰਧੀ ਸੰਸਥਾ ਦੇ ਪ੍ਰਧਾਨ ਜਰਨੈਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿੱਖਿਆ ਨਾਲ ਹੀ ਦੇਸ਼ ਤੇ ਸਮਾਜ ਨੂੰ ਅੱਗੇ ਵਧਾਇਆ ਜਾ ਸਕਦਾ ਹੈ। ਉਨ੍ਹਾਂ ਬੱਚਿਆਂ ਨੂੰ ਸਿੱਖਿਆ ਸਬੰਧੀ ਜਾਗਰੂਕ ਕੀਤਾ ਅਤੇ ਬੱਚਿਆਂ ਨੂੰ ਸਿੱਖਿਆ ਦੇ ਮਹੱਤਵ ਬਾਰੇ ਜਾਣੂ ਕਰਵਾਉਣ ਦੇ ਨਾਲ ਹੀ ਬੱਚਿਆਂ ਦੇ ਮਾਪਿਆਂ ਨੂੰ ਦੱਸਿਆ ਕਿ ਇਸ ਟਿਊਸ਼ਨ ਸੈਂਟਰ ਵਿੱਚ ਬੱਚਿਆਂ ਨੂੰ ਫ੍ਰੀ ਪੜ੍ਹਾਇਆ ਜਾਵੇਗਾ। ਬੱਚਿਆਂ ਨੂੰ ਨਵੋਦਿਆ ਅਤੇ ਮੈਰੀਟੋਰੀਅਸ ਸਕੂਲ ਵਿੱਚ ਦਾਖਲੇ ਦੀ ਵੀ ਤਿਆਰੀ ਕਰਵਾਈ ਜਾਵੇਗੀ। ਇਸ ਮੌਕੇ ਸੰਸਥਾ ਦੇ ਜਨਰਲ ਸਕੱਤਰ ਸ਼ਾਮ ਲਾਲ, ਲਖਵੀਰ ਸਿੰਘ ਖਜਾਨਚੀ, ਮਦਨ ਲਾਲ, ਜਤਿੰਦਰ ਸਿੰਘ, ਮੁਕੇਸ਼ ਸਿੰਘ ਮੌਜੂਦ ਸਨ।



# ਬਾਬਾ ਕਰਨ ਦਾਸ ਦੀ ਯਾਦ 'ਚ 37ਵੇਂ ਸਾਲਾਨਾ ਫੁੱਟਬਾਲ ਮੁਕਾਬਲੇ ਕਰਵਾਏ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**—ਜਗਦੇਵ ਖੁਰਦ ਵਿਖੇ ਸ਼ਾਹੀਨ ਸਪੋਰਟਸ ਕਲੱਬ ਵੱਲੋਂ ਕਰਵਾਏ ਗਏ 37ਵੇਂ ਸਾਲਾਨਾ ਬ੍ਰਹਮ ਗਿਆਨੀ ਬਾਬਾ ਕਰਨ ਦਾਸ ਜੀ ਯਾਦਗਾਰੀ ਓਪਨ ਫੁੱਟਬਾਲ ਖੇਡ ਮੁਕਾਬਲਿਆਂ ਦੌਰਾਨ ਲਾਲਪੁਰਾ ਫੁੱਟਬਾਲ ਟੀਮ ਨੇ ਆਪਣੀ ਵਿਰੋਧੀ ਜਗਦੇਵ ਖੁਰਦ ਦੀ ਟੀਮ ਨੂੰ ਫਸਵੇਂ ਮੁਕਾਬਲੇ 'ਚ ਚਿੱਤ ਕਰਕੇ ਜੇਤੂ ਝੰਡੀ ਗੱਡੀ ਜਦੋਂਕਿ ਫਾਈਨਲ ਮੈਚ ਵਿਚ ਪੁੱਜਣ ਲਈ 24 ਟੀਮਾਂ ਦੇ ਬੜੇ ਰੋਮਾਂਚਕ ਤੇ ਦਿਲਚਸਪ ਮੁਕਾਬਲੇ ਹੋਏ ਜਿਨ੍ਹਾਂ ਦਾ ਗਰਾਊਂਡ 'ਚ ਮੌਜੂਦ ਖੇਡ ਪ੍ਰੇਮੀਆਂ ਵੱਲੋਂ ਖੂਬ ਆਨੰਦ ਮਾਣਿਆ ਗਿਆ।ਰੈਫਰੀ ਰਛਪਾਲ ਸਿੰਘ ਨੇ ਨਿਆਂ ਪੱਖੀ ਸ਼ੈਲੀ ਦਾ ਪ੍ਰਦਰਸ਼ਨ ਕੀਤਾ ਅਤੇ ਕੋਚ ਚੰਨ ਦੀਆਂ ਵੀ ਖੂਬ ਤਾਰੀਫਾਂ ਹੋਈਆਂ।ਜੇਤੂ ਟੀਮਾਂ 'ਚ ਇਨਾਮ ਵੰਡਣ ਲਈ ਕਰਵਾਏ ਗਏ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਕਲੱਬ ਦੇ ਫਾਊਂਡਰ ਪ੍ਰਧਾਨ, ਉਘੇ ਖੇਡ ਪ੍ਰਮੋਟਰ ਤੇ ਸਮਾਜ ਸੇਵੀ ਪ੍ਰਿੰ. ਸਰਬਜੋਤ ਸਿੰਘ ਗਿੱਲ, ਪਿੰਡ ਦੇ ਸਰਪੰਚ ਮਾਸਟਰ ਬਲਵਿੰਦਰ ਸਿੰਘ ਗਿੱਲ, ਸਾਬਕਾ ਸਰਪੰਚ ਮਨਜੀਤ ਸਿੰਘ ਤੇ ਨਹਿਰੂ ਯੁਵਾ ਕੇਂਦਰ ਦੇ ਰਹੇ ਸੂਬਾਈ ਕੋਆਰਡੀਨੇਟਰ ਬਿਕਰਮਜੀਤ ਸਿੰਘ ਗਿੱਲ ਨੇ ਆਪਣੇ-ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਖੇਡਾਂ ਨੂੰ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਉਨ੍ਹਾਂ ਹੀ ਮਹੱਤਵਪੂਰਣ ਕਰਾਰ ਦਿੱਤਾ, ਜਿਨਾ ਕਿ ਮਨੁੱਖ ਨੂੰ ਜਿਊਂਦਾ ਰਹਿਣ ਲਈ ਖੁਰਾਕ ਜ਼ਰੂਰੀ ਹੈ।ਉਨ੍ਹਾਂ ਨੇ ਜੇਤੂ ਟੀਮਾਂ 'ਚ ਨਕਦ ਇਨਾਮ ਤੇ ਯਾਦਗਾਰੀ ਚਿੰਨ੍ਹ ਵੀ ਤਕਸੀਮ ਕੀਤੇ।ਇਨਾਮ ਵੰਡ ਸਮਾਗਮ 'ਚ ਮਾਸਟਰ ਰਛਪਾਲ ਸਿੰਘ, ਜਸਪਾਲ ਸਿੰਘ, ਗੁਰਪ੍ਰੀਤ ਸਿੰਘ ਲਾਡੀ, ਜੋਗਿੰਦਰ ਸਿੰਘ, ਰਜਿੰਦਰ ਸਿੰਘ, ਪ੍ਰਿਤਪਾਲ ਸਿੰਘ, ਜਸਜੀਤ ਸਿੰਘ, ਹਰਕਰਨ ਸਿੰਘ, ਲਾਲਾ, ਸਾਹਿਬ ਮਸੀਹ ਆਦਿ ਖੇਡ ਪ੍ਰਮੋਟਰ ਵਿਸ਼ੇਸ਼ ਮਹਿਮਾਨਾਂ ਵਜੋਂ ਮੌਜੂਦ ਸਨ।

# ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੇ ਧਾਰੀਵਾਲ 'ਚ ਚੋਣ ਦਫਤਰ ਦਾ ਉਦਘਾਟਨ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵਲੋਂ ਆਪਣੀ ਚੋਣ ਮੁਹਿੰਮ ਨੂੰ ਤੇਜ਼ ਕਰਦਿਆਂ ਵਿਧਾਨ ਸਭਾ ਹਲਕਾ ਕਾਦੀਆਂ ਦੇ ਸ਼ਹਿਰ ਧਾਰੀਵਾਲ ਵਿੱਚ ਬਟਾਲਾ ਰੋਡ 'ਤੇ ਸਥਿਤ ਕੇਜੇ ਹਸਪਤਾਲ ਧਾਰੀਵਾਲ ਨੇੜੇ ਕੇਜੇ ਕੰਪਲੈਕਸ ਵਿੱਚ ਪਾਰਟੀ ਦਾ ਚੋਣ ਦਫ਼ਤਰ ਦਾ ਖੋਲ੍ਹਿਆ ਗਿਆ। ਜਿਸ ਦਾ ਉਦਘਾਟਨ 'ਆਪ' ਪਾਰਟੀ ਦੇ ਉਮੀਦਵਾਰ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਜਰਨਲ ਸਕੱਤਰ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਅਤੇ ਸੀਨੀਅਰ ਆਗੂ ਡਾਕਟਰ ਕਮਲਜੀਤ ਸਿੰਘ ਕੇਜੇ ਨੇ ਸਾਂਝੇ ਤੌਰ 'ਤੇ ਰੀਬਨ ਕੱਟ ਕੇ ਕੀਤਾ। ਇਸ ਮੌਕੇ ਉਮੀਦਵਾਰ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾ ਅਤੇ ਡਾਕਟਰ ਕਮਲਜੀਤ ਸਿੰਘ ਕੇਜੇ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਆਪਣੇ ਦੋ ਸਾਲ ਦੇ ਕਾਰਜਕਾਲ ਦੌਰਾਨ ਕੀਤੇ ਗਏ ਕੰਮਾਂ ਅਤੇ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਤੋਂ ਪੰਜਾਬ ਦੇ ਲੋਕ ਸੰਤੁਸ਼ਟ ਹਨ ਅਤੇ 13 ਜ਼ੀਰੋ ਨਾਲ ਪੰਜਾਬ 'ਚ ਆਮ ਆਦਮੀ ਪਾਰਟੀ ਹੂੰਝਾ ਫੇਰ ਜਿੱਤ ਪ੍ਰਾਪਤ ਕਰੇਗੀ। ਉਮੀਦਵਾਰ ਸ਼ੈਰੀ ਕਲਸੀ ਨੇ ਸੰਬੋਧਨ ਕਰਦਿਆਂ ਕਿਹਾ ਗੁਰਦਾਸਪੁਰ ਲੋਕ ਸਭਾ ਹਲਕੇ ਅੰਦਰ ਬਹੁਤ ਸਾਰੇ ਮੁੱਦੇ ਲੋਕ ਸਭਾ ਵਿੱਚ ਉਭਾਰਨ ਵਾਲੇ ਹਨ, ਜਿਨ੍ਹਾਂ ਵੱਲ ਪਿਛਲੇ ਸਮੇਂ ਦੇ ਐਮ ਪੀਜ਼ ਵਲੋਂ ਕੋਈ ਤਵੱਜੋਂ ਨਹੀਂ ਦਿੱਤੀ। ਹੈਰਾਨੀ ਦੀ ਗੱਲ ਹੈ ਕਿ ਇੱਥੋਂ ਸਮੇਂ ਸਮੇਂ ਤੇ ਜਿਤਾ ਕੇ ਭੇਜੇ ਕਿਸੇ ਵੀ ਸੰਸਦ ਮੈਂਬਰ ਨੇ ਪਾਰਟੀਮੈਂਟ ਵਿੱਚ ਇੱਥੋਂ ਦੇ ਮੁੱਦਿਆਂ ਦੀ ਕੋਈ ਗੱਲ ਹੀ ਨਹੀਂ ਕੀਤੀ। ਡਾਕਟਰ ਕੇ ਜੇ ਨੇ ਸਮੂਹ ਪਾਰਟੀ ਆਗੂਆਂ ਤੇ ਵਰਕਰਾਂ ਅਤੇ ਹੋਰ ਸਮੱਰਥਕਾਂ ਦਾ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੂੰ ਵੱਡੀ ਲੀਡ ਨਾਲ ਜਿਤਾਉਣ ਲਈ ਆਪਣੇ ਪੱਧਰ ਚੋਣ ਪ੍ਰਚਾਰ ਕਰਨ ਲਈ ਧੰਨਵਾਦ ਕੀਤਾ। ਚੇਅਰਮੈਨ ਜਗਰੂਪ ਸੇਖਵਾਂ ਨੇ ਕਿਹਾ ਲੋਕਾਂ ਨੇ ਬੜੇ ਵਿਸ਼ਵਾਸ਼ ਨਾਲ ਸੰਨੀ ਦਿਓਲ ਨੂੰ ਇੱਥੋਂ ਜਿਤਾ ਕੇ ਐਮ ਪੀ ਬਣਾ ਕੇ ਭੇਜਿਆ, ਪਰ ਉਸਨੇ ਪੰਜ ਸਾਲਾਂ ਵਿੱਚ ਹਲਕੇ ਦੀ ਕੋਈ ਸਾਰ ਨਹੀਂ ਲਈ। ਚੇਅਰਮੈਨ ਜਗਰੂਪ ਸੇਖਵਾਂ ਨੇ ਕਿਹਾ ਮੈਨੂੰ ਪੂਰਾ ਯਕੀਨ ਹੈ ਕਿ ਗੁਰਦਾਸਪੁਰ ਲੋਕ ਸਭਾ ਦੇ ਲੋਕ ਇਸ ਵਾਰ ਆਮ ਆਦਮੀ ਪਾਰਟੀ ਦੇ ਨੌਜਵਾਨ ਉਮੀਦਵਾਰ ਸ਼ੈਰੀ ਕਲਸੀ ਨੂੰ ਵੱਡੀ ਲੀਡ ਨਾਲ ਜਿਤਾ ਕੇ ਪਾਰਲੀਮੈਂਟ ਭੇਜਣਗੇ। ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀ ਲੋਕ ਪੱਖੀ ਨੀਤੀਆਂ ਅਤੇ ਕਰਵਾਏ ਕੰਮਾਂ ਤੋਂ ਸੰਤੁਸਤ ਹਨ ਅਤੇ ਇਸ ਵਾਰ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਫੱਤਵਾ ਦੇਣਗੇ।

## ਨਵੋਦਿਆ ਟੈਸਟ ਪਾਸ ਵਿਦਿਆਰਥਣਾਂ ਦਾ ਵਿਸ਼ੇਸ਼ ਸਨਮਾਨ

ਧਾਰੀਵਾਲ/ਕਾਹਨੂੰਵਾਨ (ਮਨਦੀਪ ਸਿੰਘ ਵਿੱਕੀ)-ਜਵਾਹਰ ਨਵੋਦਿਆ ਵਿਦਿਆਲਿਆ ਦਬੂਰੀ (ਜ਼ਿਲ੍ਹਾ ਗੁਰਦਾਸਪੁਰ) ਵੱਲੋਂ ਸਾਲ 2024-25 ਦੇ ਵਾਸਤੇ ਲਏ ਗਏ ਦਾਖਲਾ ਟੈਸਟ ਵਿੱਚ ਸਰਕਾਰੀ ਕੰਨਿਆ ਪ੍ਰਾਇਮਰੀ ਸਕੂਲ ਕਾਹਨੂੰਵਾਨ (ਬਲਾਕ ਕਾਹਨੂੰਵਾਨ -2) ਦੀਆਂ ਤਿੰਨ ਵਿਦਿਆਰਥਣਾਂ ਨੇ ਜਵਾਹਰ ਨਵੋਦਿਆ ਵਿਦਿਆਲਿਆ ਦਾ ਦਾਖਲਾ ਟੈਸਟ ਪਾਸ ਕਰਕੇ ਆਪਣੇ ਅਧਿਆਪਕਾਂ, ਸਕੂਲ ਅਤੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ ਹੈ। ਇਸ ਸਬੰਧੀ ਸਕੂਲ ਮੁਖੀ ਸੀਮਾ ਨੇ ਦੱਸਿਆ ਕਿ ਸਕੂਲ ਦੇ ਅਧਿਆਪਕਾਂ ਵੱਲੋਂ ਬੱਚਿਆਂ ਨੂੰ ਕਰਵਾਈ ਸਖਤ ਮਿਹਨਤ ਸਦਕਾ ਤਮੰਨਾ, ਹਰਸਿਮਰਤ ਅਤੇ ਅਰੂਹੀ ਪ੍ਰੀਤ ਨੇ ਨਵੋਦਿਆ ਵਿਦਿਆਲਿਆ ਦੀ ਦਾਖਲਾ ਪ੍ਰੀਖਿਆ ਪਾਸ ਕੀਤੀ ਹੈ। ਇਨ੍ਹਾਂ ਦੇ ਸਨਮਾਨ ਲਈ ਸਕੂਲ ਵਿੱਚ ਵਿਸ਼ੇਸ਼ ਸਨਮਾਨ ਸਮਾਰੋਹ ਕਰਵਾਇਆ ਗਿਆ।



ਤਮੰਨਾ, ਹਰਸਿਮਰਤ ਅਤੇ ਅਰੂਹੀ ਪ੍ਰੀਤ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਵਿਦਿਆਰਥਣਾਂ ਦੀ ਸ਼ਾਨਦਾਰ ਪ੍ਰਾਪਤੀ 'ਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਲਖਵਿੰਦਰ ਸਿੰਘ ਸੇਖੋਂ ਨੇ ਖੁਸ਼ੀ ਪ੍ਰਗਟ ਕਰਦਿਆਂ ਬੱਚੀਆਂ ਤੇ ਉਨ੍ਹਾਂ ਦੇ ਮਾਪਿਆਂ ਅਤੇ ਸਕੂਲ ਦੇ ਅਧਿਆਪਕਾਂ ਨੂੰ ਵਧਾਈ ਦਿੱਤੀ ਤੇ ਇਨ੍ਹਾਂ ਵਿਦਿਆਰਥਣਾਂ ਦੇ ਚੰਗੇ ਭਵਿੱਖ ਲਈ ਸ਼ੁੱਭ ਇੱਛਾਵਾਂ ਦਿੱਤੀਆਂ। ਇਸ ਮੌਕੇ ਮੈਡਮ ਰਵਿੰਦਰ ਕੌਰ, ਮੈਡਮ ਰਮਨਦੀਪ ਕੌਰ, ਮੈਡਮ ਗੁਰਜੀਤ ਕੌਰ, ਅਧਿਆਪਕ ਮੁਖਬੀਰ ਸਿੰਘ ਹਾਜ਼ਰ ਸਨ।

# ਚੋਰੀ ਤੇ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਕਰਨ ਵਾਲੇ 2 ਗ੍ਰਿਫ਼ਤਾਰ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**-ਟਾਂਡਾ ਪੁਲਸ ਨੇ 2 ਵਿਅਕਤੀਆਂ ਨੂੰ ਨਸ਼ੇ ਵਾਲੀਆਂ ਗੋਲੀਆਂ ਅਤੇ ਅਸਲੇ ਸਮੇਤ ਗ੍ਰਿਫ਼ਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਡੀ ਐੱਸ ਪੀ ਹਰਜੀਤ ਸਿੰਘ ਰੰਧਾਵਾ ਅਤੇ ਥਾਣਾ ਮੁਖੀ ਟਾਂਡਾ ਐੱਸ ਆਈ ਰਮਨ ਕੁਮਾਰ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਮੁਖੀ ਸੁਰਿੰਦਰ ਲਾਂਬਾ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਨਸ਼ੇ ਅਤੇ ਮਾੜੇ ਅਨਸਰਾਂ ਖਿਲਾਫ ਵਿੱਢੀ ਮੁਹਿੰਮ ਤਹਿਤ ਐੱਸ ਆਈ ਲਖਵੀਰ ਸਿੰਘ ਦੀ ਟੀਮ ਨੇ ਸਫਲਤਾ ਹਾਸਲ ਕੀਤੀ ਹੈ।ਡੀ ਐੱਸ ਪੀ ਰੰਧਾਵਾ ਨੇ ਦੱਸਿਆ ਕਿ ਕਾਬੂ ਆਏ ਮੁਲਜ਼ਮਾਂ ਦੀ ਪਛਾਣ ਰਾਜਾ ਵਰਮਾ ਉਰਫ ਲਾਲਾ ਵਾਸੀ ਪਚਪੜਵਾ (ਬਲਰਾਮਪੁਰ) ਉੱਤਰ ਪ੍ਰਦੇਸ਼ ਹਾਲ ਵਾਸੀ ਇੰਦਰਨਗਰ ਜਗੀਰਪੁਰ ਰੋਡ ਲੁਧਿਆਣਾ ਅਤੇ ਸੰਜੇ ਕੁਮਾਰ ਵਾਸੀ ਉਧਮਾਣੇ (ਸੁਲਤਾਨਪੁਰ) ਉੱਤਰ ਪ੍ਰਦੇਸ਼ ਹਾਲ ਵਾਸੀ ਨਿਊ ਅਮਰਜੀਤ ਕਾਲੋਨੀ ਲੁਧਿਆਣਾ ਦੇ ਰੂਪ ਵਿਚ ਹੋਈ ਹੈ।ਉਨ੍ਹਾਂ ਦੱਸਿਆ ਕਿ ਜਦੋਂ ਪੁਲਸ ਟੀਮ ਟਾਂਡਾ-ਸ੍ਰੀ ਹਰਗੋਬਿੰਦਪੁਰ ਰੋਡ 'ਤੇ ਪਿੰਡ ਗਿੱਲ ਨਜ਼ਦੀਕ ਨਾਕਾਬੰਦੀ ਕਰ ਕੇ ਚੈਕਿੰਗ ਕਰ ਰਹੀ ਸੀ ਤਾਂ ਕਿਸੇ ਮੁਖਬਰ ਨੇ ਸੂਚਨਾ ਦਿੱਤੀ ਕਿ ਉਕਤ ਮੁਲਜ਼ਮ, ਜੋ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚ ਹਥਿਆਰ ਸਮੇਤ ਲੁੱਟਾਂ ਖੋਹਾਂ ਕਰਦੇ ਸਨ।ਨਾਕਾਬੰਦੀ ਦੌਰਾਨ ਜਦੋਂ ਪੁਲਸ ਟੀਮ ਨੇ ਮੋਟਰਸਾਈਕਲ ਸਵਾਰ ਇਨ੍ਹਾਂ ਵਿਅਕਤੀਆਂ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਉਹ ਭੱਜਣ ਲੱਗੇ।ਜਿਸ ਤੋਂ ਬਾਅਦ ਪੁਲਸ ਟੀਮ ਨੇ ਉਨ੍ਹਾਂ ਨੂੰ ਕਾਬੂ ਕਰ ਲਿਆ।ਤਲਾਸ਼ੀ ਲੈਣ 'ਤੇ ਉਨ੍ਹਾਂ ਦੇ ਕਬਜ਼ੇ ਵਿਚੋਂ 570 ਨਸ਼ੇ ਵਾਲੀਆਂ ਗੋਲੀਆਂ, 32 ਬੋਰ ਦਾ ਰਿਵਾਲਵਰ, 5 ਜ਼ਿੰਦਾ ਰੌਂਦ ਅਤੇ 2 ਮਿਸਫਾਇਰ ਰੌਂਦ ਬਰਾਮਦ ਕੀਤੇ।ਇਨ੍ਹਾਂ ਮੁਲਜ਼ਮਾਂ ਦੇ ਖਿਲਾਫ ਵੱਖ-ਵੱਖ ਜ਼ਿਲ੍ਹਿਆਂ ਵਿਚ ਚੋਰੀ ਦੇ ਅਨੇਕਾਂ ਮਾਮਲੇ ਦਰਜ ਹਨ ਮੁੱਢਲੀ ਪੁੱਛਗਿੱਛ ਦੌਰਾਨ ਇਨ੍ਹਾਂ ਟਾਂਡਾ, ਗੜ੍ਹਦੀਵਾਲਾ ਅਤੇ ਫ਼ਿਲੌਰ ਇਲਾਕੇ ਵਿਚ ਚੋਰੀ ਦੀਆਂ ਵਾਰਦਾਤਾਂ ਕਬੂਲੀਆਂ ਹਨ। ਜਿਨ੍ਹਾਂ ਵਿਚ ਪਿੰਡ ਬਾਬਕ ਦੇ ਇਕ ਘਰ ਵਿਚ 27 ਅਕਤੂਬਰ 2023 ਨੂੰ ਚੋਰੀ ਕਰਨ, 14 ਮਾਰਚ 2024 ਨੂੰ ਪਿੰਡ ਚੌਹਾਨ ਵਿਚ ਚੋਰੀ ਕਰਨ, 23 ਮਾਰਚ ਨੂੰ ਪਿੰਡ ਖੁਣਖੁਣ ਕਲਾਂ ਵਿਚ, 12 ਅਪ੍ਰੈਲ ਨੂੰ ਪਿੰਡ ਦਰੀਆ ਵਿਚ, 12 ਅਪ੍ਰੈਲ ਨੂੰ ਪਿੰਡ ਚੱਕੋਵਾਲ ਵਿਚ ਦੋ ਵਾਰਦਾਤਾਂ, ਪਿੰਡ ਤਲਵੰਡੀ ਕਾਨੂੰਗੋ ਅਤੇ ਪਿੰਡ ਕਾਲਕਟ ਵਿਚ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਸੀ। ਇਨ੍ਹਾਂ ਮੁਲਜ਼ਮਾਂ ਕੋਲੋਂ ਜੋ ਪਿਸਟਲ ਬਰਾਮਦ ਹੋਇਆ ਹੈ ਉਹ ਮੋਗਾ ਜ਼ਿਲਾ ਦੇ ਕਿਸੇ ਪਿੰਡ ਵਿਚੋਂ ਚੋਰੀ ਕੀਤਾ ਸੀ।ਡੀ. ਐੱਸ. ਪੀ. ਨੇ ਦੱਸਿਆ ਕਿ ਇਨ੍ਹਾਂ ਮੁਲਜ਼ਮਾਂ ਦਾ ਇਕ ਹੋਰ ਸਾਥੀ ਵੀ ਹੈ ਜਿਸ ਦੀ ਭਾਲ ਕੀਤੀ ਜਾ ਰਹੀ ਹੈ। ਜਿਸ ਦੇ ਨਾਲ ਮਿਲਕੇ ਇਹ ਤਿੰਨੇ ਪਹਿਲਾਂ ਪਿੰਡਾਂ ਵਿਚ ਘੁੰਮ ਕੇ ਉਨ੍ਹਾਂ ਘਰਾਂ ਦੀ ਪਛਾਣ ਕਰਦੇ ਸਨ।ਜਿਨ੍ਹਾਂ ਦੇ ਘਰ ਦੇ ਬਾਹਰ ਤਾਲੇ ਲੱਗੇ ਹੁੰਦੇ ਸਨ, ਇਹ ਉਨ੍ਹਾਂ ਘਰਾਂ ਵਿਚ ਵੜ ਕੇ 10-15 ਮਿੰਟਾਂ ਵਿਚ ਹੀ ਚੋਰੀ ਕਰ ਕੇ ਫਰਾਰ ਹੋ ਜਾਂਦੇ ਸਨ।

# ਪੀ ਐੱਚ ਸੀ ਚੱਕੋਵਾਲ ਵਿਖੇ ਵਿਸ਼ਵ ਮਲੇਰੀਆ ਦਿਵਸ ਮਨਾਇਆ



**ਬੁਲੋਵਾਲ (ਵਿਰਦੀ)** ਸੰਸਾਰ ਅੰਦਰ 25 ਅਪ੍ਰੈਲ ਨੂੰ ਅੰਤਰਰਾਸ਼ਟਰੀ ਮਲੇਰੀਆ ਦਿਵਸ ਦੇ ਤੌਰ ਤੇ ਮਨਾਇਆ ਜਾਂਦਾ ਹੈ। ਪੂਰੇ ਵਿਸ਼ਵ ਵਾਂਗ ਹੀ ਭਾਰਤ ਦੇਸ਼ ਅਤੇ ਪੰਜਾਬ ਪ੍ਰਾਂਤ ਅੰਦਰ ਵੀ ਇਸ ਦਿਵਸ ਨੂੰ ਮਨਾਇਆ ਗਿਆ ਹੈ ਅਤੇ ਇਸ ਸੰਬੰਧੀ ਵੱਖ-ਵੱਖ ਸਥਾਨਾਂ ਤੇ ਮਲੇਰੀਆ ਜਾਗਰੂਕਤਾ ਕੈਂਪ ਲਗਾਏ ਗਏ ਹਨ। ਸੀਨੀਅਰ ਮੈਡੀਕਲ ਅਫਸਰ ਡਾ. ਬਲਦੇਵ ਸਿੰਘ ਦੇ ਦਿਸ਼ਾ ਨਿਰਦੇਸ਼ਾ ਤਹਿਤ ਮੁੱਢਲਾ ਸਿਹਤ ਕੇਂਦਰ ਚੱਕੋਵਾਲ ਵਿਖੇ ਵੀ ਆਮ ਆਦਮੀ ਕਲੀਨਿਕ ਦੇ ਇੰਚਾਰਜ ਡਾ. ਨਵਕਰਨ ਸਿੰਘ ਦੀ ਅਗਵਾਈ ਹੇਠ ਵਿਸ਼ਵ ਮਲੇਰੀਆ ਦਿਵਸ ਮਨਾਇਆ ਗਿਆ। ਇਸ ਮੌਕੇ ਸੰਬੋਧਨ ਕਰਦਿਆ ਹੈਲਥ ਇੰਸਪੈਕਟਰ ਗੁਰਦੇਵ ਸਿੰਘ ਨੇ ਦਸਿਆ ਕਿ ਵਿਸ਼ਵ ਮਲੇਰੀਆ ਦਿਵਸ ਅਫਰੀਕਾ ਮਲੇਰੀਆ ਦਿਵਸ ਨੂੰ ਮਨਾਉਣ ਲਈ ਅਫਰੀਕਾ ਮਹਾਂਦੀਪ ਵਿੱਚ ਕੀਤੇ ਜਾ ਰਹੇ ਯਤਨਾਂ ਵਿੱਚੋਂ ਨਿੱਕਲਿਆ ਹੈ ਅਤੇ ਵਿਸ਼ਵ ਸਿਹਤ ਸੰਗਠਨ ਵੱਲੋਂ ਅਧਿਕਾਰਤ 11 ਗਲੋਬਲ ਜਨਤਕ ਸਿਹਤ ਮੁਹਿੰਮਾਂ 'ਚੋਂ ਇਹ ਇਕ ਅਹਿਮ ਦਿਨ ਹੈ।

ਦਿਲਬਾਗ ਸਿੰਘ ਨੇ ਸੰਬੋਧਨ ਕਰਦਿਆ ਮਲੇਰੀਆ ਤੋਂ ਬਚਾਅ ਸੰਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਡਾ. ਕਲਿਪ, ਫਾਰਮੇਸੀ ਅਫਸਰ ਇੰਦਰਜੀਤ ਵਿਰਦੀ, ਸੰਜੀਵ ਧਰਵਾਲ, ਸਤਵੀਰ ਸਿੰਘ, ਗੁਰਦੀਪ ਕੌਰ ਵੀ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਵੱਲੋਂ ਫਿਲੌਰ ਵਿਖੇ ਕਣਕ ਦੀ ਖਰੀਦ ਦਾ ਲਿਆ ਜਾਇਜ਼ਾ

**ਫਿਲੌਰ (ਨਿਕਲ)** ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਫਿਲੌਰ ਦਾਣਾ ਮੰਡੀ ਵਿਖੇ ਕਣਕ ਦੀ ਖਰੀਦ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਖਰੀਦੀ ਗਈ ਕਣਕ ਦੀ ਚੁਕਾਈ ਵਿੱਚ ਤੇਜ਼ੀ ਲਿਆਂਦੀ ਜਾਵੇ ਤਾਂ ਜੋ ਕਿਸਾਨਾਂ ਨੂੰ ਫਸਲ ਮੰਡੀ ਵਿੱਚ ਲਿਆਉਣ ਵਿੱਚ ਕਿਸੇ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।ਉਨ੍ਹਾਂ ਐਸ ਡੀ ਐਮ ਫਿਲੌਰ ਅਮਨਪਾਲ ਸਿੰਘ, ਖਰੀਦ ਏਜੰਸੀਆਂ ਦੇ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਅਗਲੇ ਇੱਕ-ਦੋ ਦਿਨਾਂ ਵਿੱਚ ਕਣਕ ਦੀ ਰੋਜ਼ਾਨਾ ਆਮਦ ਵਿੱਚ ਕਾਫ਼ੀ ਤੇਜ਼ੀ ਆਉਣ ਦੀ ਸੰਭਾਵਨਾ ਹੈ ਜਿਸ ਕਰਕੇ ਚੁਕਾਈ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ।ਡਿਪਟੀ ਕਮਿਸ਼ਨਰ ਵਲੋਂ ਮੰਡੀ ਵਿੱਚ ਕਿਸਾਨਾਂ ਤੇ ਆੜ੍ਹਤੀਆਂ ਨਾਲ ਵੀ ਗੱਲਬਾਤ ਕਰਕੇ ਉਨ੍ਹਾਂ ਨੂੰ ਦਰਪੇਸ਼ ਦਿੱਕਤਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਣਕ ਦੀ ਸੁਚਾਰੂ ਤਰੀਕੇ ਨਾਲ ਖਰੀਦ ਲਈ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ।ਡਾ . ਅਗਰਵਾਲ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਚਾਲੂ ਸੀਜ਼ਨ ਦੌਰਾਨ ਕਣਕ ਦੀ ਖਰੀਦ ਦਾ ਟੀਚਾ 5.17 ਲੱਖ ਮੀਟਰਕ ਟਨ ਹੈ ਜਿਸ ਵਿੱਚੋਂ ਬੀਤੇ ਕੱਲ੍ਹ ਤੱਕ 1,57,157 ਮੀਟਰਕ ਟਨ ਦੀ ਖਰੀਦ ਕੀਤੀ ਜਾ ਚੁੱਕੀ ਹੈ।



# ਪੰਜਾਬ ਸਰਕਾਰ ਆਪਣੇ ਗਰੁੱਪ-ਡੀ ਮੁਲਾਜ਼ਮਾਂ ਨੂੰ ਕਣਕ ਖਰੀਦਣ ਲਈ ਸੂਦ ਰਹਿਤ ਕਰਜ਼ਾ ਜਲਦੀ ਦੇਵੇ : ਰਾਣਵਾਂ

**ਚੰਡੀਗੜ੍ਹ (ਗੁਰਜੀਤ ਬਿੱਲਾ)** ਦੀ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ ਦੇ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਐਕਟਿੰਗ ਪ੍ਰਧਾਨ ਜਸਵਿੰਦਰ ਪਾਲ ਉੱਘੀ, ਸਕੱਤਰ ਜਨਰਲ ਰਣਜੀਤ ਸਿੰਘ ਰਾਣਵਾਂ, ਵਿੱਤ ਸਕੱਤਰ ਚੰਦਨ ਸਿੰਘ, ਮੁੱਖ ਸਲਾਹਕਾਰ ਕਰਤਾਰ ਸਿੰਘ ਪਾਲ ਅਤੇ ਚੰਡੀਗੜ੍ਹ ਯੂਨਿਟ ਦੇ ਪ੍ਰਧਾਨ ਕ੍ਰਿਸ਼ਨ ਪ੍ਰਸਾਦਿ, ਵਾਈਸ ਪ੍ਰਧਾਨ ਪਵਨ ਗੋਡਿਯਾਲ ਅਤੇ ਪ੍ਰੇਮ ਚੰਦ ਮੋਹਾਲੀ ਨੇ ਦੱਸਿਆ ਕਿ ਯੂਨੀਅਨ ਵੱਲੋਂ ਪੰਜਾਬ ਸਰਕਾਰ ਨੂੰ ਇੱਕ ਪੱਤਰ ਲਿਖ ਕੇ ਮੰਗ ਕੀਤੀ ਗਈ ਹੈ ਕਿ ਪੰਜਾਬ ਦੇ ਸਰਕਾਰੀ, ਅਰਧ-ਸਰਕਾਰੀ ਵਿਭਾਗਾਂ ਵਿੱਚ ਕੰਮ ਕਰਦੇ ਗਰੁਪ-ਡੀ ਮੁਲਾਜ਼ਮਾਂ, ਦਿਹਾੜੀਦਾਰ ਅਤੇ ਠੇਕਾ ਕਰਮੀਆਂ ਨੂੰ ਹਰ ਸਾਲ ਦੀ ਤਰ੍ਹਾਂ ਪਰਵਾਰਾਂ ਲਈ ਖਾਣ ਵਾਸਤੇ ਕਣਕ ਖਰੀਦਣ ਵਾਸਤੇ ਘੱਟੋ-ਘੱਟ 16200/ਰੁਪੈ ਸੂਦ ਰਹਿਤ ਕਰਜ਼ਾ ਜਲਦੀ ਦਿੱਤਾ ਜਾਵੇ ਤਾਂ ਕਿ ਚਲਦੀਆਂ ਮੰਡੀਆਂ ਵਿੱਚੋਂ ਸਮੇਂ ਸਿਰ ਕਣਕ ਖਰੀਦੀ ਜਾ ਸਕੇ।ਸੂਬਾਈ ਆਗੂਆਂ ਲੁਬਾਣਾ, ਰਾਣਵਾਂ ਅਤੇ ਉੱਘੀ ਨੇ ਕਿਹਾ ਕਿ ਇਹ ਇਸ ਲਈ ਵੀ ਜਰੂਰੀ ਹੈ ਕਿ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਨੂੰ ਨਾ ਹੀ ਤਨਖਾਹ ਰਵੀਜ਼ਨ ਦਾ ਸਾਢੇ ਪੰਜ ਸਾਲ ਦਾ ਬਕਾਇਆ ਦਿੱਤਾ ਗਿਆ ਹੈ ਅਤੇ ਨਾ ਹੀ ਡੀਏ ਦਾ ਪਿਛਲਾ ਬਕਾਇਆ ਦਿੱਤਾ ਗਿਆ ਹੈ ਪੰਜਾਬ ਦੇ ਮੁਲਾਜ਼ਮ 12% ਡੀਏ ਕੇਂਦਰੀ ਮੁਲਾਜ਼ਮਾਂ ਅਤੇ ਕਈ ਹੋਰ ਸਟੇਟਾਂ ਤੋਂ ਘੱਟ ਪ੍ਰਾਪਤ ਕਰ ਰਹੇ ਹਨ, ਮਹਿੰਗਾਈ ਅੰਬਰ ਸੋਹ ਰਹੀ ਹੈ।ਆਗੂਆਂ ਕਿਹਾ ਕਿ ਕਰਜ਼ਾ ਪ੍ਰਾਪਤ ਕਰਨ ਵਾਲਾ ਹਰ ਮੁਲਾਜ਼ਮ ਇਹ ਰਕਮ ਕਰਜ਼ਾ ਵਿੱਤੀ ਸਾਲ 2024-25 ਦੌਰਾਨ ਬਰਾਬਰ 8 ਕਿਸਤਾਂ ਵਿੱਚ ਮੋੜਨ ਲਈ ਪਾਬੰਦ ਹੋਵੇਗਾ।

# ਵਿਧਾਇਕ ਰਾਜਾ ਨੇ ਕਣਕ ਦੇ ਖਰੀਦ ਪ੍ਰਬੰਧਾਂ ਦਾ ਕੀਤਾ ਨਿਰੀਖਣ



**ਟਾਂਡਾ ਉੜਮੁੜ, ( ਜਸਵਿੰਦਰ ਸੰਧੂ, ਉਂਕਾਰ ਸਿੰਘ)**- ਪੰਜਾਬ ਮੰਡੀ ਬੋਰਡ ਅਧੀਨ ਆਉਂਦੀ ਮਾਰਕੀਟ ਕਮੇਟੀ ਟਾਂਡਾ ਦੀ ਪ੍ਰਮੁੱਖ ਦਾਣਾ ਮੰਡੀ ਟਾਂਡਾ ਵਿਖੇ ਹਾੜੀ ਦੀ ਪ੍ਰਮੁੱਖ ਫਸਲ ਕਣਕ ਦੀ ਖਰੀਦ ਪ੍ਰਬੰਧਾਂ ਦਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਨਿਰੀਖਣ ਕੀਤਾ ਅਤੇ ਉੱਥੇ ਮੌਜੂਦ ਕਿਸਾਨਾਂ, ਆੜਤੀਆਂ ਅਤੇ ਮਜ਼ਦੂਰਾਂ ਦੀਆਂ ਸਮੱਸਿਆਵਾਂ ਸੁਣੀਆਂ।ਇਸ ਮੌਕੇ ਮੰਡੀ ਸੁਪਰਵਾਈਜ਼ਰ ਅਮਰਜੀਤ ਸਿੰਘ ਜੋਨੀ ਨੇ ਦੱਸਿਆ ਕਿ ਡਿਪਟੀ ਡੀ ਐਮ ਓ ਕੰਮ ਸੈਕਟਰੀ ਮਾਰਕੀਟ ਕਮੇਟੀ ਟਾਂਡਾ ਬਿਕਰਮਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਬੀਤੇ ਦਿਨਾਂ ਤੋਂ ਆਰੰਭ ਹੋਈ ਕਣਕ ਦੀ ਖਰੀਦ ਹੁਣ ਜੋਰਾਂ 'ਤੇ ਚੱਲ ਰਹੀ ਹੈ ਅਤੇ ਕਿਸਾਨਾਂ ਆੜਤੀਆਂ ਤੇ ਮਜ਼ਦੂਰਾਂ ਨੂੰ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰੇ ਕਰਨਾ ਪਵੇ। ਇਸ ਵਾਸਤੇ ਮਾਰਕੀਟ ਕਮੇਟੀ ਵੱਲੋਂ ਪਹਿਲਾਂ ਤੋਂ ਹੀ ਪ੍ਰਬੰਧ ਕੀਤੇ ਗਏ ਹਨ। ਉਹਨਾਂ ਹੋਰ ਦੱਸਿਆ ਕਿ ਕਣਕ ਦੀ ਖਰੀਦ ਦੇ ਇਸ ਸੀਜ਼ਨ ਦੌਰਾਨ ਮਾਰਕਫੈਡ ਅਤੇ ਪਨਗਰੇਨ ਖਰੀਦ ਏਜੰਸੀ ਵੱਲੋਂ ਕਣਕ ਦੀ ਖਰੀਦ ਕੀਤੀ ਜਾ ਰਹੀ।ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਦਾਣਾ ਮੰਡੀ ਟਾਂਡਾ ਵਿੱਚ ਹੁਣ ਤੱਕ 20,156 ਕੁਇੰਟਲ, ਮਿਆਣੀ ਮੰਡੀ ਵਿੱਚ 1744 ਕੁਇੰਟਲ, ਜਲਾਲਪੁਰ ਮੰਡੀ ਵਿੱਚ 1256 ਕੁਇੰਟਲ, ਨੱਥੂਪੁਰ ਮੰਡੀ ਵਿੱਚ 4418 ਕੁਇੰਟਲ, ਖੋਖਰ ਮੰਡੀ ਵਿੱਚ 15397 ਕੁਇੰਟਲ, ਕੰਧਾਲਾ ਜੱਟਾਂ ਮੰਡੀ ਵਿੱਚ 1402 ਕੁਇੰਟਲ ਅਤੇ ਕੰਧਾਂਲਾ ਸ਼ੇਖਾ ਮੰਡੀ ਵਿੱਚ ਕਣਕ ਦੀ ਖਰੀਦ ਅੱਜ ਆਰੰਭ ਕੀਤੀ ਗਈ ਹੈ।

# ਬੇਰੁਜ਼ਗਾਰ ਨੌਜਵਾਨਾਂ ਲਈ ਵਰਦਾਨ ਸਾਬਿਤ ਹੋ ਰਿਹਾ ਗੁਰੂ ਨਾਨਕ ਮਿਸ਼ਨ ਕੋਚਿੰਗ ਸੈਂਟਰ

**ਨਵਾਂਸ਼ਹਿਰ, (ਮਨੋਜ ਲਾਡੀ)** - ਜੂਨ ਮਹੀਨੇ 'ਚ ਹੋਣ ਜਾ ਰਹੀ ਪੁਲਸ ਭਰਤੀ ਪ੍ਰੀਖਿਆ ਲਈ ਗੁਰੂ ਨਾਨਕ ਮਿਸ਼ਨ ਸੇਵਾ ਸੋਸਾਇਟੀ ਨਵਾਂਸ਼ਹਿਰ ਵੱਲੋਂ ਸਥਾਨਕ ਖਾਲਸਾ ਸਕੂਲ 'ਚ ਚਲਾਏ ਜਾ ਰਹੇ ਗੁਰੂ ਨਾਨਕ ਮਿਸ਼ਨ ਕੋਚਿੰਗ ਸੈਂਟਰ ਬੇਰੋਜ਼ਗਾਰ ਨੌਜਵਾਨਾਂ ਲਈ ਵਰਦਾਨ ਬਣ ਰਿਹਾ ਹੈ।ਵੱਖ-ਵੱਖ ਪਿੰਡਾਂ ਦੇ ਸਿਖਿਆਰਥੀ ਜਿਥੇ ਪ੍ਰੀਖਿਆ ਦੀ ਤਿਆਰੀ ਲਈ ਟ੍ਰੇਨਿੰਗ ਹਾਸਲ ਕਰ ਰਹੇ ਹਨ, ਉਥੇ ਪ੍ਰੀਖਿਆ ਦੇਣ ਦੇ ਪੈਟਰਨ ਬਾਰੇ ਜਾਣਕਾਰੀ ਹਾਸਲ ਕਰ ਕੇ ਉਨ੍ਹਾਂ ਦਾ ਮਨੋਬਲ ਵੀ ਵੱਧ ਰਿਹਾ ਹੈ।

ਸੋਸਾਇਟੀ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਨੇ ਦੱਸਿਆ ਕਿ ਬੱਚੇ ਸਕੂਲੀ ਪੜ੍ਹਾਈ ਦੌਰਾਨ ਕੁਝ ਵਿਸ਼ਿਆਂ 'ਚ ਵਿੱਦਿਆ ਤਾਂ ਪ੍ਰਾਪਤ ਕਰਦੇ ਹਨ ਪਰ ਉਨ੍ਹਾਂ ਨੂੰ ਪ੍ਰੀਖਿਆ ਦੇ ਤੌਰ ਤਰੀਕਿਆਂ ਬਾਰੇ ਅਤੇ ਖਾਸ ਕਰ ਕੇ ਜਨਰਲ ਨਾਲਜ ਅਤੇ ਕਰੰਟ ਅਫੇਅਰ ਬਾਰੇ ਪੂਰਨ ਜਾਣਕਾਰੀ ਦੀ ਕਮੀ ਹੋਣ ਕਾਰਨ ਉਹ ਹੁਸ਼ਿਆਰ ਹੋਣ ਦੇ ਬਾਵਜੂਦ ਕੰਪੀਟੀਸ਼ਨ ਪਾਸ ਕਰਨ ਤੋਂ ਅਸਮਰੱਥ ਹੋ ਜਾਂਦੇ ਹਨ ਪਰ ਇੱਥੇ ਕੋਚਿੰਗ ਮਿਲਣ ਨਾਲ ਜਿਥੇ ਉਨ੍ਹਾਂ ਦੀ ਪ੍ਰੀਖਿਆ ਲਈ ਤਿਆਰੀ ਹੋ ਰਹੇ ਹਨ। ਨੌਜਵਾਨਾਂ ਨੇ ਦੱਸਿਆ ਕਿ ਨਵਾਂਸ਼ਹਿਰ 'ਚ ਪਹਿਲਾਂ ਅਜਿਹੀ ਨਿਸ਼ਕਾਮ ਕੋਚਿੰਗ ਦਾ ਪ੍ਰਬੰਧ ਨਾ ਹੋਣਾ ਅਤੇ ਬਾਹਰ ਜਾ ਕੇ ਕੋਚਿੰਗ ਦੇ ਖਰਚੇ ਪਹੁੰਚ ਤੋਂ ਬਾਹਰ ਹੋਣ ਕਰ ਕੇ ਇਸ ਤਰ੍ਹਾਂ ਦੀ ਤਿਆਰੀ ਕਰ ਪਾਉਣ ਸੰਭਵ ਨਹੀਂ ਸੀ ਪਰ ਹੁਣ ਨਿਸ਼ਕਾਮ ਸੇਵਾ ਦਾ ਲਾਭ ਉਠਾ ਕੇ ਉਹ ਰੋਜ਼ਗਾਰ ਪ੍ਰਾਪਤ ਕਰਨ ਦੇ ਸਮਰੱਥ ਬਣ ਸਕਦੇ ਹਨ।

# ਪ.ਸ.ਸ.ਫ. ਵਲੋਂ ਮੁੱਖ ਚੋਣ ਅਫਸਰ ਪੰਜਾਬ ਨਾਲ ਕੀਤੀ ਮੁਲਾਕਾਤ

**ਚੰਡੀਗੜ੍ਹ, (ਗੁਰਜੀਤ ਬਿੱਲਾ)** ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (ਪ.ਸ.ਸ.ਫ) ਦੇ ਇੱਕ ਵਫਦ ਵਲੋਂ ਜੱਥੇਬੰਦੀ ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ ਦੀ ਅਗਵਾਈ ਹੇਠ ਮੁੱਖ ਚੋਣ ਅਫਸਰ ਪੰਜਾਬ ਸਿਬਿਨ ਸੀ ਨਾਲ ਉਹਨਾਂ ਦੇ ਦਫਤਰ ਚੰਡੀਗੜ੍ਹ ਵਿਖੇ



ਮੁਲਾਕਾਤ ਕੀਤੀ ਗਈ। ਲਿਖਤੀ ਮੰਗ ਪੱਤਰ ਰਾਹੀਂ ਮੰਗ ਕੀਤੀ ਗਈ ਕਿ ਮੁਲਾਜ਼ਮਾਂ ਦੀਆਂ ਚੋਣ ਡਿਊਟੀਆਂ ਉਹਨਾਂ ਦੀ ਰਿਹਾਇਸ਼ ਦੇ ਨਜ਼ਦੀਕ ਲਗਾਈਆਂ ਜਾਣ, ਕਪਲ ਕੇਸ ਹੋਣ ਦੀ ਸੂਰਤ ਵਿੱਚ, 2 ਸਾਲ ਤੋਂ ਛੋਟੇ ਬੱਚੇ ਵਾਲੀਆਂ ਅਤੇ ਗਰਭਵਤੀ ਮਹਿਲਾਵਾਂ ਮੁਲਾਜ਼ਮ ਨੂੰ ਚੋਣ ਡਿਊਟੀ ਤੋਂ ਛੋਟ ਦਿੱਤਾ ਜਾਵੇ, ਵੋਟਾਂ ਦੇ ਸਾਰੇ ਪ੍ਰਬੰਧ (ਜਿਵੇਂ ਕਿ ਚੋਣ ਸਮਗਰੀ ਦੇਣ ਅਤੇ ਜਮ੍ਹਾਂ ਕਰਵਾਉਣ) ਸੁਚਾਰੂ ਅਤੇ ਸਰਲ ਢੰਗ ਨਾਲ ਕੀਤੇ ਜਾਣ ਤਾਂ ਜੋ ਮੁਲਾਜ਼ਮ ਖੱਜਲ-ਖੁਆਰੀ ਤੋਂ ਬਚ ਸਕਣ। ਮੰਗਾਂ ਸੰਬੰਧੀ ਮੁੱਖ ਚੋਣ ਅਫਸਰ ਵਲੋਂ ਦੱਸਿਆ ਗਿਆ ਕਿ ਬਹੁਤ ਸਾਰੀਆਂ ਹਿਦਾਇਤਾਂ ਪਹਿਲਾਂ ਹੀ ਜਾਰੀ ਕਰ ਦਿੱਤੀਆਂ ਗਈਆਂ ਹਨ ਅਤੇ ਬਕੀ ਮੰਗਾਂ ਸੰਬੰਧੀ ਵੀ ਪੱਤਰ ਜਾਰੀ ਕਰ ਦਿੱਤਾ ਜਾਵੇਗਾ। ਇਸ ਵਫਦ ਵਿੱਚ ਗੁਰਬਿੰਦਰ ਸਿੰਘ ਸਸਕੌਰ, ਇੰਦਰਜੀਤ ਵਿਰਦੀ, ਕਮਲਜੀਤ ਕੌਰ, ਕਮਲੇਸ਼ ਰਾਣੀ, ਬਲਵਿੰਦਰ ਕੌਰ, ਜਸਵਿੰਦਰ ਕੌਰ ਟਾਹਲੀ ਵੀ ਹਾਜ਼ਰ ਸਨ।

# ਕਿਉਵੇਜ਼ਾ ਵੀਜ਼ਾ ਸਲਇਉਸ਼ਨ ਨੂਰਮਹਿਲ ਵੱਲੋਂ ਵਿਸ਼ੇਸ਼ ਸਕੀਮ



ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ )- ਸਥਾਨਕ ਸ਼ਹਿਰ ਨੂਰਮਹਿਲ ਦਾ ਨਾਮਵਰ ਪੀ,ਟੀ,ਈ ਸਪੋਕਿੰਨ, ਆਈਲੈਟਸ ਸੈਂਟਰ ਕਿਉਵੇਜ਼ਾ ਵੀਜ਼ਾ ਸਲਇਉਸ਼ਨ ਨਕੋਦਰ ਰੋਡ ਨੇੜੇ ਤਹਿਸੀਲ ਕੰਪਲੈਕਸ ਨੂਰਮਹਿਲ ਚ ਮਈ ਮਹੀਨੇ ਤੱਕ ਭਾਰੀ ਡਿਸਕਾਉਂਟ ਦਿੱਤਾ ਜਾ ਰਿਹਾ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਉਵੇਜ਼ਾ ਵੀਜ਼ਾ ਸਲਇਉਸ਼ਨ ਦੇ ਐਮ,ਡੀ ਹਰਮੇਸ਼ ਸਿੰਘ ਨੇ ਦੱਸਿਆ ਕਿ ਮਈ ਮਹੀਨੇ ਲਈ ਵਿਸ਼ੇਸ਼ ਆਫਰ ਦਿੱਤੀ ਜਾ ਰਹੀ ਹੈ ਜਿਵੇਂ ਅਗਰ ਆਈਲੈਂਟਸ ਦਾ ਵਿਦਿਆਰਥੀ ਆਪਣੇ ਨਾਲ ਕੋਈ ਹੋਰ ਵਿਦਿਆਰਥੀ ਲੈਕੇ ਆਉਂਦਾ ਹੈ ਤਾਂ ਉਸ ਲਈ 10% ਪੈਸੇ ਮਾਫ ਹੋਣਗੇ, ਅਗਰ ਕੋਈ ਵਿਦਿਆਰਥੀ ਵਧੀਆ ਬੈਂਡ ਲੈਕੇ ਆਉਂਦਾ ਹੈ ਤਾਂ ਉਸ ਲਈ 15 ਦਿਨਾਂ ਲਈ ਕੰਪਿਊਟਰ ਕਲਾਸ ਦੀ ਫੀਸ ਨਹੀਂ ਲਈ ਜਾਵੇਗੀ। ਉਨ੍ਹਾਂ ਕਿਹਾ ਕੀ ਇੱਥੇ ਬਦੇਸ਼ ਜਾਣ ਦੇ ਸ਼ੌਕੀਨ ਲੋਕਾਂ ਨੂੰ ਕਿਸੇ ਪ੍ਰਕਾਰ ਦੀ ਧੋਖਾਧੜੀ ਤੋਂ ਬਚਾਅ ਕੇ ਸਹੀ ਤਰੀਕੇ ਵਿਦੇਸ਼ ਜਾਣ ਬਾਰੇ ਸਮਝਾਇਆ ਅਤੇ ਜਾਗਰੂਕ ਕੀਤਾ ਜਾਂਦਾ ਹੈ । ਕਿਉਵੇਜ਼ਾ ਵੀਜ਼ਾ ਸਲਇਉਸ਼ਨ ਦੇ ਐਮ,ਡੀ ਹਰਮੇਸ਼ ਸਿੰਘ ਨੇ ਕਿਹਾ ਕਿ ਇਸੇ ਤਰ੍ਹਾਂ ਵਿਜ਼ਟਰ , ਸਟੱਡੀ ਅਤੇ ਸਪਾਊਸ ਵੀਜੇ ਵਾਲੀਆਂ ਨੂੰ ਵੀ ਹਰ ਤਰ੍ਹਾਂ ਦੇ ਵਿਦੇਸ਼ੀ ਨਿਯਮਾਂ/ ਕਾਨੂੰਨਾਂ ਪ੍ਰਤੀ ਜਾਗਰੂਕ ਕਰਨ ਤੋਂ ਬਾਅਦ ਹੀ ਉਹਨਾਂ ਦੀ ਫਾਈਲ ਮੁਕੰਮਲ ਕੀਤੀ ਜਾਂਦੀ ਹੈ, ਹਰਮੇਸ਼ ਸਿੰਘ ਨੇ ਦੱਸਿਆ ਕਿ ਸਾਡੇ ਵਲੋਂ ਕਨੇਡਾ ਤੋਂ ਇਲਾਵਾ ਆਸਟ੍ਰੇਲੀਆ, ਨਿਊਜ਼ੀਲੈਂਡ, ਯੂਕੇ, ਯੂ,ਐੱਸ,ਏ ਅਤੇ ਯੂਰਪੀਅਨ ਦੇਸ਼ਾਂ ਵਿੱਚ ਵੀ ਹਰ ਤਰ੍ਹਾਂ ਦੇ ਵੀਜ਼ੇ ਲਗਵਾਉਣ ਦਾ ਪੂਰਾ ਪ੍ਰਬੰਧ ਹੈ।

## ਵਿਸ਼ਵ ਧਰਤੀ ਦਿਵਸ ਮੌਕੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ

**ਕਰਤਾਰਪੁਰ (ਹਰਮੇਸ਼ ਦੱਤ)** ਮਹਿੰਦਰਾ ਪਬਲਿਕ ਸੀਨੀਅਰ ਸਕੈਂਡਰੀ ਸਕੂਲ ਦਿਆਲਪੁਰ ਜਿਲ੍ਹਾ ਕਪੂਰਥਲਾ ਵਿਖੇ ਈਕੋ ਕਲੱਬ ਵੱਲੋ ਵਿਸ਼ਵ ਧਰਤੀ ਦਿਵਸ ਮੌਕੇ ਪੋਸਟਰ ਮੈਕਿੰਗ ਮੁਕਾਬਲੇ ਕਰਵਾਏ ਗਏ ਜਿਸ ਵਿੱਚ 6 ਵੀ ਤੋਂ 12 ਵੀ ਕਲਾਸ ਦੇ ਵਿਦਿਆਰਥੀਆ ਨੇ ਭਾਗ ਲਿਆ ਅਤੇ



ਧਰਤੀ ਮਾਂ ਨੂੰ ਬਚਾਉਣ ਦਾ ਸਦੇਸ਼ ਦੇਣ ਲਈ ਵਿਦਿਆਰਥੀਆ ਨੇ ਵਧੀਆ ਪੋਸਟਰ ਬਣਾਏ ਇਨ੍ਹਾ ਮੁਕਾਬਲਿਆ 'ਚੋਂ ਗੁਰਲੀਨ ਕੌਰ, ਸ਼ਰਨਪ੍ਰੀਤ ਕੌਰ, ਸਿਮਰਨਪ੍ਰੀਤ ਕੌਰ, ਹਰਮੀਤ ਕੌਰ, ਇਹਨਾਂ ਵਿਦਿਆਰਥੀਆਂ ਨੇ ਮੁਕਾਬਲੇ 'ਚੋ ਪਹਿਲਾਂ ਸਥਾਨ ਪ੍ਰਾਪਤ ਕੀਤਾ ਅਤੇ ਗੁਰਜੋਤ ਸਿੰਘ, ਯੁਵਰਾਜ ਸਿੰਘ, ਜਸਲੀਨ ਕੌਰ, ਰਾਧਿਕਾ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਮੰਨਤ, ਕੋਮਲਪ੍ਰੀਤ ਕੌਰ, ਪਲਕ, ਸਨਾ, ਤੀਸਰਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਸਕੂਲ ਸਚਾਲਕ ਮੈਡਮ ਮਹਿੰਦਰ ਕੋਰ,ਪਰਮਜੀਤ ਕੋਰ,ਈਕੋ ਕਲੱਬ ਦੀ ਮੇਬਰ ਪਰਮਜੀਤ ਕੋਰ ਕਾਹਲੋ, ਸ਼ਿਵਾਨੀ, ਅੰਜਲੀ, ਕੰਚਨ ਸ਼ਰਮਾ, ਦਲਵਿੰਦਰ ਕੌਰ, ਰਜਨੀ ਜੋਸ਼ੀ, ਅਨੂ, ਮਿਨਾਕਸ਼ੀ, ਜਸਪ੍ਰੀਤ ਕੌਰ, ਹਰਜਿੰਦਰ ਕੌਰ, ਰਾਜ ਕਮਾਰ ਅਤੇ ਵਿਦਿਆਰਥੀ ਹਾਜ਼ਰ ਸਨ।

## ਇਨਸਾਨੀ ਸਦਭਾਵਨਾ ਨੂੰ ਜਗਾਉਣ ਲਈ ਪਿੰਗਲਵਾੜੇ ਦਾ ਦੌਰਾ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਸਥਾਨਕ ਪੀ ਟੀ ਐਮ ਕਾਲਜ ਭੰਡਾਲਾ ਰੋਡ ਨੂਰਮਹਿਲ ਦੇ ਵਿਦਿਆਰਥੀਆਂ ਨੇ ਪਿੰਗਲਵਾੜਾ ਜਲੰਧਰ ਦਾ ਦੌਰਾ ਯੂਥ ਸਰਵਿਸਜ਼ ਦੇ ਇੰਚਾਰਜ ਪ੍ਰੋ ਮਰਜੀਨਾ ਲਾਖਾ ਅਤੇ ਪ੍ਰੋ ਸੀਮਾ ਦੀ ਨਿਗਰਾਨੀ ਹੇਠ ਦੌਰਾ ਕੀਤਾ। ਇਹ ਦੌਰਾ ਆਈ ਕਿਊ ਏ ਸੀ ਦੀ ਹਿਦਾਇਤਾਂ ਅਨੁਸਾਰ ਕਰਵਾਇਆ ਗਿਆ। ਕਾਲਜ ਦੇ ਨਿਰਦੇਸ਼ਕ ਪ੍ਰੋਫ਼ ਆਰ ਕੇ ਜੈਨ ਨੇ ਦੱਸਿਆ ਕਿ ਇਹ ਪ੍ਰੋਗਰਾਮ ਵਿਦਿਆਰਥੀਆਂ ਵਿੱਚ ਇਨਸਾਨੀ ਸਹਾਨੂਭੂਤੀ ਅਤੇ ਦਯਾ ਜਗਾ ਕੇ ਚੰਗਾ ਇਨਸਾਨ ਬਣਾਉਣ ਦੇ ਉਦੇਸ਼ ਨਾਲ ਕਰਵਾਇਆ ਗਿਆ ਸੀ ਜਿਸ ਵਿੱਚ ਸਫਲਤਾ ਹਾਸਿਲ ਹੋਈ। ਵਿਦਿਆਰਥੀ ਉਸ ਜਗ੍ਹਾ ਜਾ ਕੇ ਬੜੇ ਪ੍ਰਭਾਵਤ ਹੋਏ ਅਤੇ ਆਪਣੀ ਪੋਕਟ ਮਨੀ ਵਿੱਚੋਂ ਸਹਾਇਤਾ ਵੀ ਕੀਤੀ।

## ਹੈਰੋਇਨ ਸਣੇ ਇੱਕ ਗ੍ਰਿਫ਼ਤਾਰ

**ਨਵਾਂਸ਼ਹਿਰ (ਮਨੋਜ ਲਾਡੀ)** ਥਾਣਾ ਕਾਠਗੜ੍ਹ ਦੀ ਪੁਲਸ ਨੇ 5 ਗ੍ਰਾਮ ਹੈਰੋਈਨ ਸਣੇ 1 ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਐੱਸ ਆਈ ਪੂਰਨ ਸਿੰਘ ਨੇ ਦੱਸਿਆ ਕਿ ਐੱਸ ਐੱਸ ਪੀ ਡਾ. ਮਹਿਤਾਬ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹੇ ਭਰ ਵਿਚ ਨਸ਼ਾ ਸਮੱਗਲਰਾਂ ਦੇ ਖਿਲਾਫ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਦੇ ਤਹਿਤ ਉਨ੍ਹਾਂ ਦੀ ਪੁਲਸ ਪਾਰਟੀ ਦੌਰਾਨੇ ਗਸ਼ਤ ਸ਼ੱਕੀ ਪੁਰਸ਼ਾਂ ਤੇ ਵਾਹਨਾਂ ਦੀ ਭਾਲ ਵਿਚ ਮੇਨ ਰੋਡ 'ਤੇ ਕਾਠਗੜ੍ਹ ਤੋਂ ਬਲਾਚੌਰ ਵੱਲ ਜਾ ਰਹੀ ਸੀ ਕਿ ਪਿੰਡ ਸੁਧਾ ਮਾਜਰਾ ਦੇ ਨਜ਼ਦੀਕ ਦੂਜੇ ਪਾਸੇ ਤੋਂ ਆ ਰਿਹਾ ਇਕ ਨੌਜਵਾਨ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਗਿਆ ਅਤੇ ਆਪਣੀ ਪੈਂਟ ਦੀ ਜੇਬ 'ਚੋਂ ਮੋਮੀ ਲਿਫਾਫਾ ਕੱਢ ਕੇ ਘਾਹ ਫੂਸ ਵਿਚ ਸੁੱਟ ਦਿੱਤਾ।ਪੁਲਸ ਮੁਲਾਜ਼ਮਾਂ ਦੀ ਮਦਦ ਨਾਲ ਉਕਤ ਨੌਜਵਾਨ ਨੂੰ ਕਾਬੂ ਕਰ ਕੇ ਜਦੋਂ ਸੁੱਟੇ ਗਏ ਮੋਮੀ ਲਿਫਾਫੇ ਦੀ ਮੋਮੀ ਲਿਫਾਫੇ ਦੀ ਜਾਂਚ ਕੀਤੀ ਤਾਂ ਉਸ 'ਚੋਂ 5 ਗ੍ਰਾਮ ਹੈਰੋਈਨ ਬਰਾਮਦ ਹੋਈ।ਗ੍ਰਿਫਤਾਰ ਨੌਜਵਾਨ ਦੀ ਪਛਾਣ ਵਿਪਨ ਕੁਮਾਰ ਵਾਸੀ ਪਿੰਡ ਕੰਗਨਾ ਬੇਟ ਦੇ ਤੌਰ 'ਤੇ ਹੋਈ ਹੈ। ਐੱਸ ਆਈ ਪੂਰਨ ਸਿੰਘ ਨੇ ਦੱਸਿਆ ਗ੍ਰਿਫਤਾਰ ਨੌਜਵਾਨ ਖਿਲਾਫ ਥਾਮਾ ਕਾਠਗੜ੍ਹ ਵਿਖੇ ਮਾਮਲਾ ਦਰਜ ਕਰ ਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਖ਼ੂਨਦਾਨ ਕੈਂਪ 'ਚ 296 ਯੂਨਿਟ ਖ਼ੂਨਦਾਨ

**ਚੰਡੀਗੜ੍ਹ, (ਕ੍ਰਿਸ਼ਨ ਗਰਗ)** ਸਤਿਗੁਰੂ ਮਾਤਾ ਸੁਦੀਕਸ਼ਾ ਮਹਾਰਾਜ ਅਤੇ ਨਿਰੰਕਾਰੀ ਰਾਜਪਿਤਾ ਦੇ ਆਸ਼ੀਰਵਾਦ ਨਾਲ ਸੈਕਟਰ 30-ਏ ਸਥਿਤ ਸੰਤ ਨਿਰੰਕਾਰੀ ਸਤਿਸੰਗ ਭਵਨ ਵਿੱਚ 'ਮਾਨਵ ਏਕਤਾ ਦਿਵਸ' ਮਨਾਇਆ ਗਿਆ।ਇਸ ਮੌਕੇ ਹਰ ਸਾਲ ਦੀ ਤਰ੍ਹਾਂ ਸੰਤ ਨਿਰੰਕਾਰੀ ਮਿਸ਼ਨ ਦੀ ਸਮਾਜ ਸੇਵੀ ਸੰਸਥਾ ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਇੱਥੇ ਖ਼ੂਨਦਾਨ ਕੈਂਪ ਲਗਾਇਆ ਗਿਆ ਜਿਸ ਵਿੱਚ ਅਨੇਕਾਂ ਔਰਤਾਂ ਸਮੇਤ ਸ਼ਰਧਾਲੂਆਂ ਨੇ ਸਵੈ-ਇੱਛਾ ਨਾਲ 296 ਯੂਨਿਟ ਖ਼ੂਨਦਾਨ ਕੀਤਾ।ਇਸ ਮੌਕੇ ਜ਼ੋਨਲ ਇੰਚਾਰਜ ਓ ਪੀ ਨਿਰੰਕਾਰੀ ਨੇ ਇੱਥੇ ਮੌਜੂਦ ਸੈਂਕੜੇ ਖ਼ੂਨਦਾਨੀਆਂ ਦੇ ਹੌਂਸਲੇ ਨੂੰ ਦੇਖਦਿਆਂ ਉਨ੍ਹਾਂ ਦੀ ਸ਼ਲਾਘਾ ਕੀਤੀ। ਨਿਰੰਕਾਰੀ ਨੇ ਕਿਹਾ ਕਿ ਸਵੈ-ਇੱਛਾ ਨਾਲ ਖ਼ੂਨਦਾਨ ਕਰਨਾ ਮਾਨਵਤਾ ਦਿਵਸ ਨੂੰ ਸਾਰਥਿਕ ਰੂਪ ਦੇਣ ਦੀ ਪ੍ਰਤੱਖ ਉਦਾਹਰਣ ਹੈ ਕਿਉਂਕਿ ਇਹ ਖ਼ੂਨਦਾਨ ਸਿਰਫ ਉਹੀ ਵਿਅਕਤੀ ਕਰ ਸਕਦਾ ਹੈ ਜਿਸ ਵਿੱਚ ਇਨਸਾਨ ਹੋਣ ਦਾ ਜਜ਼ਬਾ ਹੋਵੇ।

# ਮਲੇਰੀਆ ਬੁਖ਼ਾਰ ਬਾਰੇ ਜਾਣਕਾਰੀ ਰੱਖਣਾ ਜ਼ਰੂਰੀ : ਸਿਵਲ ਸਰਜਨ



**ਮੋਹਾਲੀ, (ਕ੍ਰਿਸ਼ਨ ਗਰਗ, ਗੁਰਜੀਤ ਬਿੱਲਾ)**- ਜ਼ਿਲ੍ਹੇ ਦੀਆਂ ਸਰਕਾਰੀ ਸਿਹਤ ਸੰਸਥਾਵਾਂ ਵਿਚ ਵਿਸ਼ਵ ਮਲੇਰੀਆ ਦਿਵਸ ਮਨਾਇਆ ਗਿਆ।ਸਿਹਤ ਕਾਮਿਆਂ ਨੇ ਸਕੂਲਾਂ ਵਿਚ ਰੈਲੀਆਂ, ਸਵਾਲ-ਜਵਾਬ ਮੁਕਾਬਲਿਆਂ ਅਤੇ ਵੱਖ-ਵੱਖ ਜਾਗਰੂਕਤਾ ਸਮਾਗਮਾਂ ਰਾਹੀਂ ਇਹ ਦਿਨ ਮਨਾਇਆ। ਸਿਵਲ ਸਰਜਨ ਡਾ. ਦਵਿੰਦਰ ਕੁਮਾਰ ਪੁਰੀ ਨੇ ਮਲੇਰੀਆ ਰੋਕਥਾਮ ਪੋਸਟਰ ਜਾਰੀ ਕਰਦਿਆਂ ਲੋਕਾਂ ਨੂੰ ਮਲੇਰੀਆ ਦੇ ਕਾਰਨਾਂ, ਲੱਛਣਾਂ, ਬਚਾਅ ਅਤੇ ਇਲਾਜ ਬਾਰੇ ਜਾਣਕਾਰੀ ਰੱਖਣ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਹਰ ਸਾਲ ਦੁਨੀਆਂ ਭਰ ਵਿਚ ਮਨਾਏ ਜਾਣ ਵਾਲੇ ਇਸ ਦਿਨ ਦੀ ਅਹਿਮੀਅਤ ਬਾਰੇ ਜਾਣਨਾ ਬਹੁਤ ਜ਼ਰੂਰੀ ਹੈ।ਇਸ ਵਾਰ ਇਹ ਦਿਨ 'ਲਿੰਗ, ਸਿਹਤ ਬਰਾਬਰੀ, ਮਨੁੱਖੀ ਅਧਿਕਾਰ' ਵਿਸ਼ੇ 'ਤੇ ਮਨਾਇਆ ਜਾ ਰਿਹਾ ਹੈ।ਉਨ੍ਹਾਂ ਆਖਿਆ ਕਿ ਸਰਕਾਰ ਨੇ 2030 ਤਕ ਮਲੇਰੀਆ ਦਾ ਮੁਕੰਮਲ ਖ਼ਾਤਮਾ ਕਰਨ ਦਾ ਟੀਚਾ ਮਿੱਥਿਆ ਹੋਇਆ ਹੈ, ਜਿਸ ਦੀ ਪ੍ਰਾਪਤੀ ਲਈ ਸਿਹਤ ਵਿਭਾਗ ਪੂਰੀ ਤਰ੍ਹਾਂ ਸਰਗਰਮ ਹੈ ਅਤੇ ਲੋਕਾਂ ਨੂੰ ਵੀ ਸਿਹਤ ਵਿਭਾਗ ਦਾ ਸਾਥ ਦੇਣਾ ਚਾਹੀਦਾ ਹੈ। ਸਿਵਲ ਸਰਜਨ ਨੇ ਆਖਿਆ ਕਿ ਮਲੇਰੀਆ ਬੁਖ਼ਾਰ ਦੇ ਲੱਛਣ ਦਿਸਣ 'ਤੇ ਤੁਰੰਤ ਨੇੜਲੇ ਸਿਹਤ ਕੇਂਦਰ ਵਿਚ ਜਾ ਕੇ ਜਾਂਚ ਕਰਵਾਈ ਜਾਵੇ। ਸਰਕਾਰੀ ਸਿਹਤ ਸੰਸਥਾਵਾਂ ਵਿਚ ਮਲੇਰੀਆ ਦੀ ਜਾਂਚ ਅਤੇ ਇਲਾਜ ਬਿਲਕੁਲ ਮੁਫ਼ਤ ਹੁੰਦਾ ਹੈ।

# ਤਲਵੰਡੀ ਚੌਧਰੀਆਂ ਦੇ ਕਾਂਗਰਸੀ ਪਰਵਾਰ 'ਆਪ' 'ਚ ਸ਼ਾਮਲ

**ਸੁਲਤਾਨਪੁਰ ਲੋਧੀ, (ਰਾਜਬੀਰ ਸਿੰਘ)** ਆਮ ਆਦਮੀ ਪਾਰਟੀ ਵੱਲੋਂ ਪੰਜਾਬ 'ਚ ਕੀਤੇ ਵਿਕਾਸ ਕਾਰਜ, ਨੌਜਵਾਨਾਂ ਨੂੰ ਰੁਜ਼ਗਾਰ, ਬੁਢਾਪਾ, ਵਿਧਵਾ, ਅੰਗਹੀਣ ਪੈਨਸ਼ਨਾਂ ਵਿਚ ਵਾਧਾ, ਲੋੜਵੰਦਾਂ ਨੂੰ ਮੁਫਤ ਕਣਕ, ਸ਼ਗਨ ਸਕੀਮ, ਲੋਕਾਂ ਦੀ ਸਿਹਤ ਨੂੰ ਬਿਹਤਰ ਰੱਖਣ ਲਈ ਮਹੁੱਲਾ ਕਲੀਨਿਕ, ਸਰਕਾਰੀ ਸਕੂਲਾਂ ਵਿਚ ਮਿਆਰੀ ਸਿੱਖਿਆ ਅਤੇ ਵਧੀਆ ਇਮਾਰਤਾਂ ਬਣਵਾਉਣਾ, ਪੂਰੇ ਪੰਜਾਬ ਨੂੰ ਬਿਜਲੀ ਮੁਫਤ, ਸਰਕਾਰ ਤੁਹਾਡੇ ਦੁਆਰ ਆਦਿ ਸਕੀਮਾਂ ਤੋਂ ਪ੍ਰਭਾਵਿਤ ਹੋ ਕੇ ਸੂਬੇ ਦੇ ਲੋਕ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਵੱਡਾ ਮਾਣ ਦੇ ਰਹੇ ਹਨ। ਲੋਕ ਸਭਾ ਚੋਣਾਂ ਐਲਾਨ ਹੋਣ ਤੋਂ ਪਹਿਲਾਂ ਵੀ ਪੰਜਾਬ ਦੀ ਜਨਤਾ ਆਮ ਆਦਮੀ ਪਾਰਟੀ ਵੱਲੋਂ ਕੀਤੇ ਜਾ ਰਹੇ ਕੰਮਾਂ ਤੋਂ ਬੇਹੱਦ ਖੁਸ਼ ਸਨ। ਅਗਾਮੀ ਲੋਕ ਸਭਾ ਚੋਣਾਂ ਵਿਚ ਲੋਕ ਕੇਂਦਰ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਦੇਖਣਾ ਚਾਹੁੰਦੇ ਹਨ। ਇਸ ਲਈ ਪੰਜਾਬ ਵਾਸੀ ਆਪ ਦੇ ਪਰਿਵਾਰਕ ਮੈਂਬਰ ਬਣਾ ਪਾਰਟੀ ਨੂੰ ਸਤਿਕਾਰ ਦੇ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਸੁਲਤਾਨਪੁਰ ਲੋਧੀ ਦੇ ਹਲਕਾ ਇੰਚਾਰਜ ਅਰਜੁਨ ਅਵਾਰਡੀ ਸੱਜਣ ਸਿੰਘ ਚੀਮਾ ਨੇ ਆਰਵ ਟ੍ਰਾਂਸਪੋਰਟ ਯੂ.ਐੱਸ.ਏ ਤਲਵੰਡੀ ਚੌਧਰੀਆਂ ਦੇ ਦੋ ਪਰਵਾਰਾਂ ਨੂੰ ਆਪ ਵਿਚ ਸ਼ਾਮਲ ਕਰਦੇ ਸਮੇਂ ਕਹੇ।

ਉਨ੍ਹਾਂ ਆਖਿਆ ਕਿ ਭਾਜਪਾ ਪਾਰਟੀ ਸੰਵਿਧਾਨ ਬਦਲਣ ਦੀਆਂ ਗੱਲਾਂ ਕਰ ਰਹੀ ਹੈ। ਡਾਕਟਰ ਭੀਮ ਰਾਓ ਅੰਬੇਡਕਰ ਦੁਆਰਾ ਲਿਖਿਆ ਸਵਿੰਧਾਨ ਨੂੰ ਬਚਾਉਣਾ ਹੈ ਤਾਂ ਭਾਜਪਾ ਪਾਰਟੀ ਨੂੰ ਆਪਣਾ ਕੀਮਤੀ ਵੋਟ ਨਾ ਪਾ ਕੇ ਮੂੰਹ ਤੋੜ ਜੁਵਾਬ ਦੇਣਾ ਚਾਹੀਦਾ ਹੈ। ਪਿਛਲੇ ਲੰਮੇ ਸਮੇਂ ਤੋਂ ਮੋਦੀ ਦੀ ਸਰਕਾਰ ਕਿਸਾਨਾਂ, ਮਜਦੂਰਾਂ, ਮੁਲਾਜ਼ਮਾਂ ਅਤੇ ਛੋਟੇ ਕਾਰੋਬਾਰੀਆਂ ਨੂੰ ਪ੍ਰੇਸ਼ਾਨ ਕਰਦੀ ਆ ਰਹੀ ਹੈ। ਇਸ ਵਾਰ ਕਮਲ ਦੇ ਫੁੱਲ ਵਾਲੀ ਪਾਰਟੀ ਨੂੰ ਚਲਦਾ ਕਰਨਾ ਭਾਰਤ ਦੇ ਵਾਸੀਆਂ ਦਾ ਫਰਜ਼ ਬਣਦਾ ਹੈ। ਦੇਸ਼ ਅੰਦਰ ਜੋ ਹੋ ਰਹੀ ਲੁੱਟ ਮਾਰ, ਗੁੰਡਾਗਰਦੀ ਅਤੇ ਧਰਮ ਦੇ ਨਾਂਅ 'ਤੇ ਵੰਡੇ ਜਾਂਦੇ ਲੋਕਾਂ ਦਾ ਸੋਸ਼ਣ ਬੰਦ ਹੋਵੇ। ਤਲਵੰਡੀ ਚੌਧਰੀਆਂ ਦੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਪਰਿਵਾਰਾਂ ਦੇ ਮੈਂਬਰ ਰਣਜੀਤ ਸਿੰਘ ਨੰਢਾ, ਮਾ.ਗੁਰਦੀਪ ਸਿੰਘ ਅਤੇ ਮਲਕੀਤ ਸਿੰਘ ਨੰਢਾ ਨੇ ਸਾਂਝੇ ਤੌਰ ਤੇ ਆਖਿਆ ਕਿ ਲੋਕ ਸਭਾ ਚੋਣਾਂ ਵਿਚ ਪਾਰਟੀ ਦੇ ਉਮੀਦਵਾਰ ਨੂੰ ਜ਼ਿਤਾਉਣ ਲਈ ਦਿਨ ਰਾਤ ਮਿਹਨਤ ਕਰਾਂਗੇ ਅਤੇ ਵੱਡੀ ਲੀਡ ਵਿਚ ਵੋਟਾਂ ਪਵਾ ਕੇ ਲੋਕ ਸਭਾ ਵਿਚ ਭੇਜਾਂਗੇ ਤਾਂ ਜੋ ਭਾਰਤ ਦੇ ਲੋਕ ਹਿੱਤਾਂ ਦੀ ਗੱਲ ਕਰ ਸਕਣ।



# ਇਕ-ਇਕ ਵੋਟ ਮਹੱਤਵਪੂਰਨ : ਅਗਰਵਾਲ

**ਚੰਡੀਗੜ੍ਹ, (ਕ੍ਰਿਸ਼ਨ ਗਰਗ)** ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਅਨੁਰਾਗ ਅਗਰਵਾਲ ਨੇ ਕਿਹਾ ਕਿ ਲੋਕਤੰਤਰ ਦੀ ਖੁਸ਼ਹਾਲ ਵਿਰਾਸਤ ਵਿਚ ਬਦਲਾਅ ਦੇ ਸੂਤਰਧਾਰ ਦੇਸ਼ ਦੇ ਨਾਗਰਿਕ ਹਨ। ਦੇਸ਼ ਦੇ ਨਾਗਰਿਕਾਂ ਵੱਲੋਂ ਪਾਇਆ ਗਿਆ ਹਰੇਕ ਵੋਟ ਸਿਰਫ ਉਂਗਲੀ ਜਾਂ ਵੋਟ ਪੱਤਰ 'ਤੇ ਇਕ ਨਿਸ਼ਾਨ ਨਹੀਂ ਹੈ, ਸਗੋ ਬਿਹਤਰ ਕੱਲ ਲਈ ਆਸ ਦੀ ਨਵੀਂ ਕਿਰਣ ਹੈ।

ਉਨ੍ਹਾਂ ਨੇ ਕਿਹਾ ਕਿ ਭਾਂਰਤ ਦੇਸ਼ ਦੇ 18ਵੇਂ ਲੋਕਸਭਾ ਆਮ ਚੋਣ ਤਹਿਤ ਹਰਿਆਣਾ ਸੂਬੇ ਵਿਚ 25 ਮਈ ਨੂੰ ਚੋਣ ਹੋਣੀ ਹੈ ।ਭਾਰਤ ਵਿਚ ਵੋਟਰ ਜਾਗਰੂਕਤਾ ਮੁਹਿੰਮ ਚੋਣ ਦਾ ਗ੍ਰਾਫ ਵਧਾਉਣ ਵਿਚ ਇਕ ਮਹਤੱਵਪੂਰਨ ਭੂਮਿਕਾ ਨਿਭਾਉਂਦੇ ਹਨ।ਵੋਟਰ ਜਾਗਰੂਕਤਾ ਮੁਹਿੰਮ ਨਾਗਰਿਕਾਂ ਦੇ ਵਿਚ ਸਰਗਰਮ ਨਾਗਰਿਕਤਾ ਅਤੇ ਲੋਕਤਾਂਤਰਿਕ ਭਾਗੀਦਾਰੀ ਦੀ ਵਿਰਾਸਤ ਨੂੰ ਪ੍ਰੋਤਸਾਹਨ ਦੇਣ ਲਈ ਤੇਜੀ ਨਾਲ ਕੰਮ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ ਪ੍ਰਸ਼ਾਸਨ ਵੋਟਰ ਜਾਗਰੁਕਤਾ ਨੂੰ ਪ੍ਰੋਤਸਾਹਨ ਦੇਣ ਅਤੇ ਚੋਣਾਵੀ ਪ੍ਰਕ੍ਰਿਆ ਵਿਚ ਭਾਗੀਦਾਰੀ ਨੂੰ ਪ੍ਰੋਤਸਾਹਿਤ ਕਰਨ ਲਈ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਸਰਗਰਮ ਤੇ ਪ੍ਰਭਾਵੀ ਰੂਪ ਨਾਲ ਆਪਣੀ ਜਿੰਮੇਵਾਰੀ ਨੂੰ ਨਿਭਾ ਰਹੇ ਹਨ।

# ਬਿਜਲੀ ਦੇ ਬਿੱਲ ਜ਼ੀਰੋ ਆਉਣਾ ਆਪ ਸਰਕਾਰ ਦੀ ਵੱਡੀ ਪ੍ਰਾਪਤੀ : ਡਾ. ਰਾਜ ਕੁਮਾਰ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- 'ਕਈ ਸਰਕਾਰਾਂ ਆਈਆਂ 'ਤੇ ਗਈਆਂ, ਪਰ ਜੋ ਕੰਮ ਆਪ ਸਰਕਾਰ ਨੇ ਕਰ ਵਿਖਾਇਆ ਹੈ ਉਹ ਪਿਛਲੀਆਂ ਸਰਕਾਰਾਂ ਤਾਂ ਉਸ ਦੇ ਨੇੜੇ-ਤੇੜੇ ਵੀ ਨਹੀਂ ਪੁੱਜੀਆਂ। ਬਿਜਲੀ ਦੇ ਬਿਲ ਜ਼ੀਰੋ ਹੀ ਨਹੀਂ ਸਗੋਂ ਮਾਈਨਸ 'ਚ ਆਉਣ ਦਾ ਪੰਜਾਬ ਦੇ ਲੋਕਾਂ ਨੇ ਕਦੀ ਸੁਫਨਾ ਵੀ ਨਹੀਂ ਵੇਖਿਆ ਸੀ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਡਾ. ਰਾਜ ਕੁਮਾਰ ਚੱਬੇਵਾਲ ਦੇ ਨੇ ਹੁਸ਼ਿਆਰਪੁਰ ਲੋਕ ਸਭਾ ਹਲਕੇ ਦੇ ਪਿੰਡ ਜਨੌਂੜੀ ਵਿਖੇ ਜਨਤਾ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਡਾ. ਰਾਜ ਨੇ ਕਿਹਾ ਕਿ ਇਸੇ ਤਰ੍ਹਾਂ ਜਨਤਾ ਨੂੰ ਬਿਹਤਰ ਸੁਵਿਧਾਵਾਂ ਦੇਣ ਦਾ ਟੀਚਾ ਆਮ ਆਦਮੀ ਪਾਰਟੀ ਦਾ ਹੈ ਅਤੇ ਉਹ ਖੁਦ ਵੀ ਹਮੇਸ਼ਾ ਆਪਣੇ ਹਲਕਾ ਵਾਸੀਆਂ ਦੀ ਸੁਵਿਧਾ ਲਈ ਹਰ ਕੋਸ਼ਿਸ਼ ਕਰਦੇ ਹਨ ਅਤੇ ਅੱਗੇ ਵੀ ਕਰਦੇ ਰਹਿਣਗੇ।

ਇਸ ਮੌਕੇ ਤੇ ਵਿਧਾਇਕ ਸ਼ਾਮ ਚੌਰਾਸੀ ਡਾ. ਰਵਜੋਤ ਸਿੰਘ ਨੇ ਵੀ ਲੋਕਾਂ ਨੂੰ ਅਪੀਲ ਕੀਤੀ ਕਿ ਡਾ. ਰਾਜ ਦੇ ਕੰਮਾਂ ਕਰਕੇ ਉਹ ਚੱਬੇਵਾਲ ਅਤੇ ਹੁਸ਼ਿਆਰਪੁਰ ਵਿਚ ਜਾਣੇ ਜਾਂਦੇ ਹਨ ਅਤੇ ਲੋਕ ਸਭ ਹਲਕਾ ਹੁਸ਼ਿਆਰਪੁਰ ਦੇ ਨਿਵਾਸੀ ਵੀ ਡਾ. ਰਾਜ ਨੂੰ ਜ਼ਰੂਰ ਸੇਵਾ ਦਾ ਮੌਕਾ ਬਖਸ਼ਣਗੇ। ਇਸ ਮੌਕੇ 'ਤੇ ਕਾਲਾ ਪੰਡਿਤ ਹਨੂਮਾਨ ਮੰਦਿਰ, ਆਪ ਉਪ ਪ੍ਰਧਾਨ ਸੋਹਣ ਲਾਲ, ਸਰਪੰਚ ਜਨੌਂੜੀ ਸੁਲਿੰਦਰ ਸਿੰਘ, ਨੰਦ ਕਿਸ਼ੋਰ ਸ਼ਰਮਾ ਬਲਾਕ ਪ੍ਰਧਾਨ, ਸਰਪੰਚ ਪਿੰਡ ਸ਼ਮੇੜੀ ਪੱਤੀ ਅਮਰਦੀਪ ਸਿੰਘ, ਸਰਵਜੀਤ ਸਿੰਘ ਟਾਹਲੀ ਮੁਹੱਲਾ ਜਨੌਂੜੀ ਤੋਂ ਇਲਾਵਾ ਇਲਾਕਾ ਨਿਵਾਸੀ ਮੌਜੂਦ ਸਨ।

# ਸਿਲਵਰ ਓਕ ਸਕੂਲ ਵਿਖੇ ਬੱਚਿਆਂ ਦੇ ਹੈਲਥ ਸੰਬੰਧੀ ਮੈਡੀਕਲ ਚੈੱਕਅਪ ਕੈਂਪ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸਕੂਲ ਸ਼ਾਹਬਾਜਪੁਰ ਵਿਖੇ ਸਿਹਤ ਜਾਗਰੂਕਤਾ ਅਤੇ ਬੱਚਿਆਂ ਦੀ ਸਿਹਤ ਪੱਖੋਂ ਜਾਂਚ ਕਰਨ ਦੇ ਲਈ ਮੈਡੀਕਲ ਜਾਂਚ ਕੈਂਪ ਲਗਾਇਆ ਗਿਆ।ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮੁਨੀਸ਼ਾ ਸੰਗਰ ਦੀ ਅਗਵਾਈ ਦੇ ਵਿੱਚ ਇਸ ਮੈਡੀਕਲ ਜਾਂਚ ਕੈਂਪ ਦੀ ਸ਼ੁਰੂਆਤ ਹੋਈ।ਸਕੂਲ ਦੇ ਕੋਆਰਡੀਨੇਟਰ ਅਮਰਜੀਤ ਕੌਰ ਸੈਣੀ, ਜਗਬੰਧੰਨ ਸਿੰਘ ਅਤੇ ਵਿਸ਼ਾਲੀ ਸ਼ਰਮਾ ਦੀ ਦੇਖ ਰੇਖ ਹੇਠ ਡਾਕਟਰਾਂ ਦੀ ਟੀਮ ਦੁਆਰਾ ਬੱਚਿਆਂ ਦੀ ਮੈਡੀਕਲ ਜਾਂਚ ਕੀਤੀ ਗਈ।ਇਸ ਮੈਡੀਕਲ ਕੈਂਪ ਬਾਰੇ ਜਾਣਕਾਰੀ ਦਿੰਦੇ ਹੋਏ ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਦੱਸਿਆ ਕਿ ਸਕੂਲ ਦੇ ਵਿਦਿਆਰਥੀਆਂ ਦਾ ਮੈਡੀਕਲ ਚੈੱਕਅਪ ਵੇਵਜ਼ ਹਸਪਤਾਲ ਟਾਂਡਾ ਦੀ ਟੀਮ ਵੱਲੋਂ ਕੀਤਾ ਗਿਆ।ਵੇਵਜ਼ ਹਸਪਤਾਲ ਟਾਂਡਾ ਦੇ ਸਰਪ੍ਰਸਤ ਡਾਕਟਰ ਲਵਪ੍ਰੀਤ ਸਿੰਘ ਪਾਬਲਾ ਦੀ ਅਗਵਾਈ ਦੇ ਵਿੱਚ ਉਹਨਾਂ ਦੀ ਸਮੁੱਚੀ ਮੈਡੀਕਲ ਟੀਮ ਡਾਕਟਰ ਨਵਨੀਤ ਕੌਰ (ਮੈਡੀਕਲ ਅਫਸਰ), ਸਟਾਫ਼ ਨਰਸ ਹਰਮਨ ਕੌਰ ਅਤੇ ਹੋਰ ਮੈਂਬਰਾਂ ਨਾਲ ਸਕੂਲ ਦੇ ਵਿੱਚ ਹਾਜ਼ਰ ਰਹੀ। ਉਹਨਾਂ ਨੇ ਵਿਦਿਆਰਥੀਆਂ ਦੀ ਹਰ ਪੱਖ ਤੋਂ ਚੰਗੀ ਤਰਾਂ ਮੈਡੀਕਲ ਜਾਂਚ ਕੀਤੀ। ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਡਾਕਟਰ ਲਵਪ੍ਰੀਤ ਸਿੰਘ ਪਾਬਲਾ ਦੀ ਸਮੁੱਚੀ ਮੈਡੀਕਲ ਟੀਮ ਦਾ ਧੰਨਵਾਦ ਕੀਤਾ। ਇਸ ਮੌਕੇ ਮੈਨੇਜਰ ਗਜਿੰਦਰ ਪਾਲ ਸਿੰਘ ਅਤੇ ਤਰਨ ਸੈਣੀ , ਬਿਕਰਮਜੀਤ ਸਿੰਘ ਭੇਲਾ, ਸੰਜੀਵ ਕੁਮਾਰ ਸ਼ਰਮਾ, ਰਮਨਪ੍ਰੀਤ, ਬਲਜੀਤ ਕੌਰ, ਪਰਮਜੀਤ ਕੌਰ, ਚੇਤਨਾ, ਈਸ਼ਾ, ਅਮਨ, ਮਨਦੀਪ, ਅਰਚਣਾ, ਗੁਰਪ੍ਰੀਤ, ਰਾਜਵੀਰ ਕੌਰ, ਰਾਜਵਿੰਦਰ, ਗੁਰਦੇਵ ਸਿੰਘ, ਹਰਜੀਤ ਸਿੰਘ ਤੇ ਬਾਕੀ ਸਟਾਫ ਮੈਂਬਰ ਮੌਜੂਦ ਸਨ।




# ਸਿੱਖ ਮਿਸ਼ਨ ਅਕੈਡਮੀ ਦਾ ਦਸਵੀਂ ਦਾ ਨਤੀਜਾ 100 ਫੀਸਦੀ



**ਸੁਲਤਾਨਪੁਰ ਲੋਧੀ, ( ਹਨੀ )** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਦਸਵੀਂ ਜਮਾਤ ਦੇ ਨਤੀਜੇ 'ਚ ਸਿੱਖ ਮਿਸ਼ਨ ਅਕੈਡਮੀ ਸੁਲਤਾਨਪੁਰ ਲੋਧੀ ਦਾ ਨਤੀਜਾ 100 ਫੀਸਦੀ ਰਿਹਾ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਐਮ ਡੀ ਸੁਖਦੇਵ ਸਿੰਘ ਖਾਲਸਾ ਅਤੇ ਪ੍ਰਿੰਸੀਪਲ ਇੰਦਰਜੀਤ ਕੌਰ ਖਾਲਸਾ ਨੇ ਦੱਸਿਆ ਕਿ ਸਲਾਨਾ ਪ੍ਰੀਖਿਆ 'ਚ ਕੁੱਲ 24 ਵਿਦਿਆਰਥੀ ਬੈਠੇ ਅਤੇ ਸਾਰੇ ਹੀ ਵਿਦਿਆਰਥੀਆਂ ਦਾ ਵਧੀਆ ਅੰਕਾਂ ਨਾਲ ਪਾਸ ਹੋਣਾ, ਅਦਾਰੇ ਅਤੇ ਸਟਾਫ਼ ਮੈਂਬਰਾਂ ਲਈ ਮਾਨ ਵਾਲੀ ਗੱਲ ਹੈ।ਉਨ੍ਹਾਂ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਸਕੂਲ ਦਾ ਹੋਣਹਾਰ ਵਿਦਿਆਰਥੀ ਅਮਨਪ੍ਰੀਤ ਸਿੰਘ ਪੁੱਤਰ ਸੁਖਵਿੰਦਰ ਸਿੰਘ 650 ਅੰਕਾਂ ਵਿਚੋਂ 520 ਅੰਕ ਹਾਸਲ ਕਰਕੇ ਪਹਿਲੇ ਸਥਾਨ 'ਤੇ ਰਿਹਾ।ਜਦਕਿ ਜਸ਼ਨਪ੍ਰੀਤ ਸਿੰਘ ਪੁੱਤਰ ਨਿਰਵੈਰ ਸਿੰਘ 510 ਅੰਕਾਂ ਨਾਲ ਦੂਜੇ ਅਤੇ ਨਵਜੋਤ ਸਿੰਘ ਪੁੱਤਰ ਸਤਨਾਮ ਸਿੰਘ 499 ਅੰਕਾਂ ਨਾਲ ਤੀਜੇ ਸਥਾਨ 'ਤੇ ਰਿਹਾ।ਇਸ ਦੌਰਾਨ ਦਸਵੀਂ ਜਮਾਤ ਦੇ ਹੋਣਹਾਰ ਵਿਦਿਆਰਥੀਆਂ ਨੂੰ ਉਚੇਚੇ ਤੌਰ 'ਤੇ ਸਨਮਾਨਿਤ ਕੀਤਾ ਗਿਆ।ਐਮ ਡੀ ਸੁਖਦੇਵ ਸਿੰਘ ਖਾਲਸਾ ਅਤੇ ਪ੍ਰਿੰਸੀਪਲ ਇੰਦਰਜੀਤ ਕੌਰ ਖਾਲਸਾ ਨੇ ਹੋਣਹਾਰ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਸਟਾਫ਼ ਮੈਂਬਰਾਂ ਨੂੰ ਵਧਾਈ ਦਿੱਤੀ।ਇਸ ਮੌਕੇ ਮੈਡਮ ਦਲਜੀਤ ਕੌਰ, ਕਮਲਜੀਤ ਕੌਰ, ਪਰਮਜੀਤ ਕੌਰ, ਕੁਲਦੀਪ ਕੌਰ, ਜਗਰੂਪ ਕੌਰ, ਪਵਨਪ੍ਰੀਤ ਕੌਰ, ਜਸਪ੍ਰੀਤ ਕੌਰ ਆਦਿ ਸਟਾਫ਼ ਮੈਂਬਰ ਹਾਜ਼ਰ ਸਨ।

# ਰਿਆਤ-ਬਾਹਰਾ 'ਵਰਸਿਟੀ ਵਿਖੇ ਕਰਵਾਇਆ ਵਿਗਿਆਨ ਮੇਲਾ

**ਮੋਹਾਲੀ (ਗੁਰਜੀਤ ਬਿੱਲਾ)** ਇੰਸਟੀਚਿਊਟ ਆਫ ਟ੍ਰਾਂਸਲੇਸ਼ਨਲ ਹੈਲਥ ਸਾਇੰਸ ਅਤੇ ਰਿਆਤ ਬਾਹਰਾ ਯੂਨੀਵਰਸਿਟੀ ਦੇ ਲਾਈਫ ਸਾਇੰਸਜ਼ ਵਿਭਾਗ ਵੱਲੋਂ ਸਾਂਝੇ ਤੌਰ 'ਤੇ ਇੱਕ ਵਿਗਿਆਨ ਮੇਲਾ 'ਸਾਇੰਸ ਬ੍ਰੇਨੀਏਕਸ ' ਆਯੋਜਿਤ ਕੀਤਾ ਗਿਆ। ਇਸ ਮੌਕੇ ਸਟਾਰਟਅੱਪ ਡਿਸਪਲੇਅ, ਪ੍ਰੋਜੈਕਟ ਡਿਸਪਲੇਅ, ਕੋਲਾਜ ਮੇਕਿੰਗ ਅਤੇ ਪੋਸਟਰ ਮੇਕਿੰਗ ਫੋਟੋਗ੍ਰਾਫੀ, ਸਾਇੰਸ ਮਾਡਲ ਅਤੇ ਹੈਲਥੀ ਫੂਡ ਮੁਕਾਬਲੇ ਸਮੇਤ ਵੱਖ-ਵੱਖ ਮੁਕਾਬਲੇ ਕਰਵਾਏ ਗਏ।ਇਨਾਮ ਵੰਡ ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਵਾਈਸ-ਚਾਂਸਲਰ ਡਾ: ਪਰਵਿੰਦਰ ਸਿੰਘ ਨੇ ਸਾਇੰਸ ਬ੍ਰੇਨੀਏਕਸ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।ਵਿਦਿਆਰਥੀ ਭਲਾਈ ਡੀਨ, ਡਾ: ਸਿਮਰਜੀਤ ਕੌਰ ਨੇ ਪਤਵੰਤਿਆਂ ਅਤੇ ਭਾਗ ਲੈਣ ਵਾਲਿਆਂ ਦਾ ਸਵਾਗਤ ਕੀਤਾ ਅਤੇ ਆਪਣੇ ਹੁਨਰ ਦਾ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ।ਜੋਤੀ ਗੜ੍ਹੇਵਾਲ, ਸੰਸਥਾਪਕ ਅਤੇ ਡਾਇਰੈਕਟਰ, ਆਈ ਟੀ ਐਚ ਐਸ ਨੇ ਦੱਸਿਆ ਕਿ ਸਾਇੰਸ ਬ੍ਰੇਨੀਏਕਸ ਦੇ ਆਯੋਜਨ ਦਾ ਉਦੇਸ਼ ਵਿਦਿਆਰਥੀਆਂ ਨੂੰ ਵੱਖ-ਵੱਖ ਗਤੀਵਿਧੀਆਂ ਵਿੱਚ ਸ਼ਾਮਲ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਨਾ ਜੋ ਉਹਨਾਂ ਦੇ ਹੁਨਰ ਅਤੇ ਯੋਗਤਾਵਾਂ ਨੂੰ ਵਧਾਉਂਦੇ ਹਨ।ਡਾ: ਕੁਮਾਰ ਅਭਿਰਾਮ ਝਾਅ, ਮੁੱਖ ਵਿਗਿਆਨੀ, ਜੀ ਆਈ ਓ ਐਸ ਟੀ ਏ ਆਰ, ਯੂ.ਐਸ.ਏ., ਪ੍ਰੋਫੈਸਰ ਏ.ਕੇ. ਸਿਨਹਾ, ਮਾਨਵ ਵਿਗਿਆਨ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਅਤੇ ਡਾ: ਇੰਦੂ ਸ਼ਰਮਾ, ਜ਼ੂਲੋਜੀ ਵਿਭਾਗ, ਪੰਜਾਬ ਯੂਨੀਵਰਸਿਟੀ, ਜਿਊਰੀ ਮੈਂਬਰ ਸਨ। ਡਾ: ਨੀਨਾ ਮਹਿਤਾ, ਡਾ: ਮਨੋਜ ਬਾਲੀ, ਡਾ: ਸੋਨੀਆ ਵੱਟਾ ਨੇ ਵੀ ਮੁਕਾਬਲਿਆਂ ਦੀ ਜੱਜਮੈਂਟ ਕੀਤੀ। ਡਾ: ਪੁਲਕੇਸ਼ ਪੁਰਕੈਤ ਨੇ ਸਾਇੰਸ ਬ੍ਰੇਨੀਏਕਸ ਦੀ ਮਹੱਤਤਾ ਨੂੰ ਉਜਾਗਰ ਕੀਤਾ ਅਤੇ ਧੰਨਵਾਦ ਕੀਤਾ।ਸਾਇੰਸ ਮਾਡਲ ਮੁਕਾਬਲੇ ਵਿੱਚ ਪਹਿਲਾ ਇਨਾਮ ਮਾਧਵ ਆਹੂਜਾ ਨੇ, ਦੂਜਾ ਇਨਾਮ ਰੁਦਰਾਕਸ਼ ਮੋਂਗਾ ਅਤੇ ਪ੍ਰਿਆ ਠਾਕੁਰ ਨੇ ਅਤੇ ਤੀਜਾ ਇਨਾਮ ਮਲੀਹਾ ਨੇ ਜਿੱਤਿਆ।ਫੋਟੋਗ੍ਰਾਫੀ ਮੁਕਾਬਲੇ ਵਿੱਚ ਪਹਿਲਾ ਇਨਾਮ ਅਰਸ਼ਪ੍ਰੀਤ ਕੌਰ, ਦੂਜਾ ਇਨਾਮ ਅਨਮੋਲ ਚੌਧਰੀ ਅਤੇ ਤੀਜਾ ਇਨਾਮ ਮੁਹੰਮਦ ਯੂਸਫ਼ ਡਾਰ ਨੇ ਹਾਸਲ ਕੀਤਾ।ਪੋਸਟਰ ਮੇਕਿੰਗ ਵਿੱਚ ਪਹਿਲਾ ਇਨਾਮ ਅਮਰਜੋਤ ਕੌਰ, ਦੂਜਾ ਇਨਾਮ ਗੁਰਪ੍ਰੀਤ ਕੌਰ ਅਤੇ ਤੀਜਾ ਇਨਾਮ ਮੇਘਾ ਵਰਮਾ ਨੇ ਜਿੱਤਿਆ।ਕੋਲਾਜ ਮੇਕਿੰਗ ਵਿੱਚ ਚੇਸਟਾ ਨੇ ਪਹਿਲਾ ਇਨਾਮ, ਨਿਧੀ ਨੇ ਦੂਜਾ ਅਤੇ ਅਫਸ਼ਾਨ ਨੇ ਤੀਜਾ ਇਨਾਮ ਜਿੱਤਿਆ।ਇਸ ਸਮਾਗਮ ਦੇ ਵੱਖ-ਵੱਖ ਮੁਕਾਬਲਿਆਂ ਦੇ ਜੇਤੂਆਂ ਨੂੰ ਸਨਮਾਨਿਤ ਵੀ ਕੀਤਾ ਗਿਆ।

